ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ

ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ

ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ



ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Thursday, 3 July, 2025) ਪਟਿਆਲਾ ਵੀਰਵਾਰ, 3 ਜੁਲਾਈ, 2025, 19 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 182 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com


## ਸ਼ੇਖ ਹਸੀਨਾ ਨੂੰ ਅਦਾਲਤੀ ਹੱਤਕ ਮਾਮਲੇ 'ਚ ਛੇ ਮਹੀਨੇ ਜੇਲ੍ਹ ਦੀ ਸਜ਼ਾ

ਢਾਕਾ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਕੌਮਾਂਤਰੀ ਅਪਰਾਧ ਟ੍ਰਿਬਿਊਨਲ ਨੇ ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ (72) ਨੂੰ ਅਦਾਲਤੀ ਹੱਤਕ ਮਾਮਲੇ 'ਚ ਅੱਜ ਛੇ ਮਹੀਨੇ ਦੀ ਜੇਲ੍ਹ ਦੀ ਸਜ਼ਾ ਸੁਣਾਈ ਹੈ।ਇਕ ਅਖ਼ਬਾਰ ਦੀ ਖ਼ਬਰ ਅਨੁਸਾਰ ਜਸਟਿਸ ਮੁਹੰਮਦ ਗੁਲਾਮ ਮੁਰਤਜ਼ਾ ਮਜੂਮਦਾਰ ਦੀ ਅਗਵਾਈ ਹੇਠਲੇ ਕੌਮਾਂਤਰੀ ਅਪਰਾਧ ਟ੍ਰਿਬਿਊਨਲ-1 ਦੇ ਤਿੰਨ ਮੈਂਬਰੀ ਬੈਂਚ ਨੇ ਅਹੁਦੇ ਤੋਂ ਹਟਾਈ ਅਵਾਮੀ ਲੀਗ ਦੀ ਆਗੂ ਨਾਲ ਸਬੰਧਤ ਲੀਕ ਹੋਈ ਫ਼ੋਨ 'ਤੇ (ਬਾਕੀ ਸਫ਼ਾ 2 'ਤੇ)

# ਪੰਜਾਬ 'ਚ 6 ਜੁਲਾਈ ਤੱਕ ਭਾਰੀ ਮੀਂਹ ਦੀ ਭਵਿੱਖਬਾਣੀ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 2 ਜੁਲਾਈ : ਪੰਜਾਬ ਵਿਚ ਮਾਨਸੂਨ ਪੂਰੀ ਤਰ੍ਹਾਂ ਸਰਗਰਮ ਹੋ ਚੁੱਕਾ ਹੈ। ਹਰ ਰੋਜ਼ ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਬਾਰਿਸ਼ ਹੋ ਰਹੀ ਹੈ। ਇਸ ਨਾਲ ਤਾਪਮਾਨ ਵਿਚ ਲਗਾਤਾਰ ਗਿਰਾਵਟ ਆਈ ਹੈ ਅਤੇ ਲੋਕਾਂ ਨੂੰ ਗਰਮੀ ਤੋਂ ਕਾਫ਼ੀ ਰਾਹਤ ਮਿਲੀ ਹੈ। ਸੂਬੇ ਵਿਚ ਵੱਧ ਤੋਂ ਵੱਧ ਤਾਪਮਾਨ 35.2 ਡਿਗਰੀ ਰਹਿ ਗਿਆ ਹੈ। ਕਈ ਜ਼ਿਲ੍ਹਿਆਂ ਵਿਚ ਤਾਂ ਵੱਧ ਤੋਂ ਵੱਧ ਤਾਪਮਾਨ ਵੀ 30 ਡਿਗਰੀ ਤੋਂ ਹੇਠਾਂ ਆ ਗਿਆ ਹੈ, ਜੋਕਿ ਪਹਿਲਾਂ 47 ਡਿਗਰੀ ਤੋਂ ਵੀ ਪਾਰ ਹੋ ਗਿਆ ਸੀ। ਭਾਰਤੀ ਮੌਸਮ ਵਿਗਿਆਨ ਕੇਂਦਰ ਵੱਲੋਂ ਇਸ ਪੂਰੇ ਹਫ਼ਤੇ ਸੂਬੇ ਵਿਚ ਭਾਰਿਸ਼ ਦੀ ਭਵਿੱਖਬਾਣੀ ਕੀਤੀ ਗਈ ਹੈ। ਇਸ ਤਹਿਤ ਅੱਜ ਵੀ ਸੂਬੇ ਭਰ ਵਿਚ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। ਮੌਸਮ ਵਿਭਾਗ ਵੱਲੋਂ ਤਾਜ਼ਾ ਜਾਣਕਾਰੀ ਮੁਤਾਬਕ ਅੱਜ ਤੋਂ ਲੈ ਕੇ 6 ਜੁਲਾਈ ਤੱਕ ਦੀ ਵੱਡੀ ਭਵਿੱਖਬਾਣੀ ਕੀਤੀ ਗਈ ਹੈ। ਇਸ ਦੇ ਨਾਲ ਹੀ 5 ਜ਼ਿਲ੍ਹਿਆਂ ਵਿਚ ਮੀਂਹ ਦੇ ਨਾਲ-ਨਾਲ ਹਨੇਰੀ ਅਤੇ ਅਸਮਾਨੀ ਬਿਜਲੀ ਡਿੱਗਣ ਸਬੰਧੀ ਚਿਤਾਵਨੀ ਵੀ ਜਾਰੀ ਕੀਤੀ ਗਈ ਹੈ। ਵਿਭਾਗ ਵੱਲੋਂ ਅੱਜ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਹੁਸ਼ਿਆਰਪੁਰ ਅਤੇ ਰੂਪਨਗਰ ਵਿਚ ਯੈਲੋ ਅਲਰਟ ਜਾਰੀ ਕੀਤਾ ਹੈ। ਇਸੇ ਤਰ੍ਹਾਂ ਆਉਣ ਵਾਲੇ 3-4 ਦਿਨ ਬਾਰਿਸ਼ ਦੀ ਸੰਭਾਵਨਾ ਜਤਾਈ ਗਈ ਹੈ। 5 ਜੁਲਾਈ ਨੂੰ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਮੋਹਾਲੀ, ਫਤਿਹਗੜ੍ਹ ਸਾਹਿਬ ਵਿਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਇਸੇ ਤਰ੍ਹਾਂ 6 ਜੁਲਾਈ ਨੂੰ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ ਵਿਚ ਭਾਰੀ ਮੀਂਹ ਦਾ ਔਰੇਂਜ ਅਲਰਟ ਅਤੇ ਨਵਾਂਸ਼ਹਿਰ, ਰੂਪਨਗਰ, ਮੋਹਾਲੀ, ਫਤਿਹਗੜ੍ਹ ਸਾਹਿਬ ਵਿਚ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ।

## ਦੇਸ਼ ਦੇ ਕਈ ਹਿੱਸਿਆਂ 'ਚ ਹਨ੍ਹੇਰੀ-ਤੂਫ਼ਾਨ ਨਾਲ ਪਵੇਗਾ ਭਾਰੀ ਮੀਂਹ

ਨਵੀਂ ਦਿੱਲੀ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਜੁਲਾਈ ਦਾ ਮਹੀਨਾ ਚੜ੍ਹ ਗਿਆ ਹੈ ਅਤੇ ਦੇਸ਼ ਦੇ ਕਈ ਸੂਬਿਆਂ 'ਚ ਗਰਮੀ ਇਕ ਵਾਰ ਫਿਰ ਤੋਂ ਵੱਧ ਗਈ ਹੈ। ਹਾਲਾਂਕਿ ਜੂਨ ਮਹੀਨੇ ਵਿਚ ਮੀਂਹ ਕਾਰਨ ਲੋਕਾਂ ਨੂੰ ਗਰਮੀ ਤੋਂ ਥੋੜ੍ਹੀ ਰਾਹਤ ਮਿਲੀ ਸੀ। ਹਾਲਾਂਕਿ ਮੌਸਮ ਵਿਭਾਗ (ਆਈ.ਐਮ.ਡੀ) ਵਲੋਂ ਜੁਲਾਈ ਮਹੀਨੇ ਵੀ ਹਨ੍ਹੇਰੀ-ਤੂਫ਼ਾਨ ਅਤੇ ਮੀਂਹ ਪੈਣ ਦੀ ਭਵਿੱਖਬਾਣੀ ਕੀਤੀ ਗਈ ਹੈ। ਰਾਸ਼ਟਰੀ ਰਾਜਧਾਨੀ ਦਿੱਲੀ 'ਚ ਮੌਸਮ ਨੇ ਇਕ ਵਾਰ ਫਿਰ ਬਦਲਾਅ ਦੇ ਸੰਕੇਤ ਦਿੱਤੇ ਹਨ। ਭਾਰਤੀ ਮੌਸਮ ਵਿਭਾਗ (ਆਈ.ਐਮ.ਡੀ) ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਆਉਣ ਵਾਲੇ ਕੁਝ ਘੰਟਿਆਂ 'ਚ ਦਿੱਲੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਹਨ੍ਹੇਰੀ- ਤੂਫ਼ਾਨ ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ (ਬਾਕੀ ਸਫ਼ਾ 2 'ਤੇ)

## ਮੋਦੀ ਪੰਜ ਦੇਸ਼ਾਂ ਦੇ ਦੌਰੇ ਦੇ ਪਹਿਲੇ ਪੜਾਅ ਦੌਰਾਨ ਘਾਨਾ ਪੁੱਜੇ

ਅਕਰਾ (ਘਾਨਾ), 2 ਜੁਲਾਈ (ਚੜ੍ਹਦੀਕਲਾ ਬਿਊਰੋ) : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜ ਮੁਲਕੀ ਦੌਰੇ ਦੇ ਪਹਿਲੇ ਪੜਾਅ ਤਹਿਤ ਦੋ ਰੋਜ਼ਾ ਦੌਰੇ 'ਤੇ ਅੱਜ ਘਾਨਾ ਪਹੁੰਚ ਗਏ ਹਨ, ਜਿੱਥੇ ਉਹ ਅਫਰੀਕੀ ਮੁਲਕ ਦੇ ਉੱਚ ਆਗੂਆਂ ਨਾਲ ਗੱਲਬਾਤ ਅਤੇ ਮਜ਼ਬੂਤ ਦੁਵੱਲੀ ਭਾਈਵਾਲੀ ਦੀ ਨਜ਼ਰਸਾਨੀ ਕਰਨਗੇ। ਪ੍ਰਧਾਨ ਮੰਤਰੀ ਦੇ ਮੋਦੀ ਜੋ ਘਾਨਾ ਦੇ ਰਾਸ਼ਟਰਪਤੀ ਜੋਹਨ ਦਰਾਮਾਨੀ ਮਹਾਮਾ ਦੇ ਸੱਦੇ 'ਤੇ ਇੱਥੇ ਪਹੁੰਚੇ ਹਨ, ਨੂੰ ਕੋਟੋਕਾ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ ਸਮੇਂ ਗਾਰਡ ਆਫ਼ ਆਨਰ ਦਿੱਤਾ ਗਿਆ। ਇਹ ਪ੍ਰਧਾਨ ਮੰਤਰੀ ਮੋਦੀ ਦਾ ਘਾਨਾ ਦਾ ਪਹਿਲਾ ਦੁਵੱਲਾ ਅਤੇ ਤਿੰਨ ਦਹਾਕਿਆਂ 'ਚ ਕਿਸੇ ਭਾਰਤੀ ਪ੍ਰਧਾਨ ਮੰਤਰੀ ਦਾ ਘਾਨਾ ਦਾ ਪਹਿਲਾ ਦੌਰ ਹੈ।ਵਿਦੇਸ਼ ਦੌਰੇ ਲਈ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਮੋਦੀ ਨੇ ਇਕ ਬਿਆਨ ਵਿਚ ਕਿਹਾ, "ਇਕੱਠੇ ਮਿਲ ਕੇ, ਅਸੀਂ ਇੱਕ ਹੋਰ ਸ਼ਾਂਤੀਪੂਰਨ, ਬਰਾਬਰੀ ਵਾਲੇ, ਨਿਆਂਪੂਰਨ, ਜਮਹੂਰੀ ਅਤੇ ਸੰਤੁਲਿਤ ਬਹੁ-ਧਰੁਵੀ ਆਲਮੀ ਵਿਵਸਥਾ ਲਈ ਯਤਨਸ਼ੀਲ ਹਾਂ।"ਹਫ਼ਤੇ ਦੀ ਯਾਤਰਾ ਦੌਰਾਨ, ਪ੍ਰਧਾਨ ਮੰਤਰੀ ਘਾਨਾ, ਤ੍ਰਿਨੀਦਾਦ ਅਤੇ ਟੋਬੈਗੋ, ਅਰਜਨਟੀਨਾ, ਬ੍ਰਾਜ਼ੀਲ ਅਤੇ ਨਾਮੀਬੀਆ ਦਾ ਦੌਰਾ ਕਰਨਗੇ। (ਬਾਕੀ ਸਫ਼ਾ 2 'ਤੇ)

### ਆਮਦਨ ਤੋਂ ਵੱਧ ਜਾਇਦਾਦ ਦਾ ਮਾਮਲਾ

# ਮੋਹਾਲੀ ਦੀ ਅਦਾਲਤ ਵੱਲੋਂ ਬਿਕਰਮ ਸਿੰਘ ਮਜੀਠੀਆ ਦੇ ਰਿਮਾਂਡ 'ਚ 4 ਦਿਨ ਦਾ ਵਾਧਾ

## ਸਰਕਾਰੀ ਵਕੀਲ ਨੇ ਕਿਹਾ- ਜਾਂਚ 'ਚ ਨਹੀਂ ਕਰ ਰਹੇ ਸਹਿਯੋਗ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 2 ਜੁਲਾਈ : ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਗ੍ਰਿਫ਼ਤਾਰ ਸੀਨੀਅਰ ਅਕਾਲੀ ਨੇਤਾ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ 7 ਦਿਨਾਂ ਦਾ ਰਿਮਾਂਡ ਖਤਮ ਹੋਣ ਤੋਂ ਬਾਅਦ ਮੋਹਾਲੀ ਕੋਰਟ 'ਚ ਪੇਸ਼ ਕੀਤਾ ਗਿਆ। ਅਦਾਲਤ ਨੇ ਮਜੀਠੀਆ ਦਾ ਵਿਜੀਲੈਂਸ ਰਿਮਾਂਡ ਚਾਰ ਦਿਨ ਹੋਰ ਵਧਾ ਦਿੱਤਾ ਹੈ। ਵਿਜੀਲੈਂਸ ਨੇ ਮਜੀਠੀਆ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਹੋਣ ਸਬੰਧੀ ਸਬੂਤ ਹੋਣ ਦਾ ਦਾਅਵਾ ਕੀਤਾ ਹੈ। ਸਰਕਾਰੀ ਵਕੀਲ ਨੇ ਕਿਹਾ ਕਿ ਮਜੀਠੀਆ ਦੀਆਂ ਦਿੱਲੀ, ਸ਼ਿਮਲਾ ਅਤੇ ਗੋਰਖਪੁਰ 'ਚ ਜਾਇਦਾਦਾਂ ਹਨ,ਜਿਨ੍ਹਾਂ ਦੀ ਜਾਂਚ ਕਰਨ ਦੀ ਲੋੜ ਹੈ। ਇਨ੍ਹਾਂ ਵਿੱਚੋਂ ਕੁਝ ਜਾਇਦਾਦਾਂ ਉਨ੍ਹਾਂ ਦੇ ਪਿਤਾ ਦੇ ਨਾਂ 'ਤੇ ਸਨ, ਜੋ ਮਜੀਠੀਆ ਦੇ ਮੰਤਰੀ ਬਣਨ ਤੋਂ ਬਾਅਦ ਵੇਚ ਦਿੱਤੀਆਂ ਗਈਆਂ ਸਨ। ਮੋਹਾਲੀ ਅਦਾਲਤ 'ਚ ਵਿਜੀਲੈਂਸ ਵੱਲੋਂ ਸਰਕਾਰੀ ਵਕੀਲ ਨੇ ਦਲੀਲ ਦਿੱਤੀ ਕਿ (ਬਾਕੀ ਸਫ਼ਾ 2 'ਤੇ)

## ਐਮਰਜੈਂਸੀ ਦੇ ਦਿਨਾਂ ਨਾਲੋਂ ਵੀ ਮਾੜੇ ਹਾਲਾਤ: ਸੁਖਬੀਰ ਸਿੰਘ ਬਾਦਲ

ਚੰਡੀਗੜ੍ਹ/ ਮੋਹਾਲੀ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਫਿਰਕੂ ਤੌਰ 'ਤੇ ਪ੍ਰੇਰਿਤ ਸਿੱਖ ਵਿਰੋਧੀ ਆਗੂ ਅਰਵਿੰਦ ਕੇਜਰੀਵਾਲ ਨੇ ਅੱਜ ਪੁਲਿਸ ਦੀ ਦੁਰਵਰਤੋਂ ਕਰ ਕੇ ਅਕਾਲੀ ਵਰਕਰਾਂ ਸਮੇਤ ਸਿੱਖਾਂ ਨੂੰ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਵਿਖੇ ਗੁਰੂ ਘਰਾਂ ਦੇ ਦਰਸ਼ਨਾਂ ਤੋਂ ਰੋਕ ਕੇ ਵੱਡੀ ਬੇਅਦਬੀ ਕੀਤੀ ਹੈ। ਇਸ ਤੋਂ ਪਹਿਲਾਂ ਬਾਦਲ ਨੇ ਸੀਨੀਅਰ ਅਕਾਲੀ (ਬਾਕੀ ਸਫ਼ਾ 2 'ਤੇ)

## ਅਮਰਨਾਥ ਯਾਤਰਾ ਲਈ 5892 ਸ਼ਰਧਾਲੂਆਂ ਦਾ ਪਹਿਲਾ ਜਥਾ ਰਵਾਨਾ



ਜੰਮੂ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਅੱਜ ਸਵੇਰੇ ਪੰਜ ਵਜੇ ਦੇ ਕਰੀਬ ਅਮਰਨਾਥ ਯਾਤਰਾ ਲਈ ਪਹਿਲੇ ਜਥੇ ਨੂੰ ਰਵਾਨਾ ਕੀਤਾ। ਇਸ ਜਥੇ ਵਿਚ 5880 ਤੋਂ ਵੱਧ ਸ਼ਰਧਾਲੂ ਸ਼ਾਮਲ ਹਨ। ਜਥਾ ਸਖ਼ਤ ਸੁਰੱਖਿਆ ਪਹਿਰੇ ਹੇਠ ਸਾਲਾਨਾ ਯਾਤਰਾ ਲਈ ਰਵਾਨਾ ਹੋਇਆ। 3,880 ਮੀਟਰ ਉੱਚੇ ਇਸ ਧਾਰਮਿਕ ਸਥਾਨ ਦੀ (ਬਾਕੀ ਸਫ਼ਾ 2 'ਤੇ)

# ਪੰਜਾਬ ਮੰਤਰੀ ਮੰਡਲ 'ਚ ਵਾਧਾ ਅੱਜ

## ਸੰਜੀਵ ਅਰੋੜਾ ਕੈਬਨਿਟ ਮੰਤਰੀ ਵਜੋਂ ਲੈਣਗੇ ਹਲਫ਼

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 2 ਜੁਲਾਈ : ਪੰਜਾਬ ਸਰਕਾਰ ਵੱਲੋਂ ਵੀਰਵਾਰ (3 ਜੁਲਾਈ) ਨੂੰ ਮੰਤਰੀ ਮੰਡਲ ਵਿੱਚ ਵਿਸਥਾਰ ਕੀਤਾ ਜਾਵੇਗਾ। ਇਸ ਦੌਰਾਨ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਵੀਰਵਾਰ ਦੁਪਹਿਰ 1 ਵਜੇ ਪੰਜਾਬ ਰਾਜ ਭਵਨ ਵਿਚ ਮੰਤਰੀ ਵਜੋਂ ਸਹੁੰ ਚੁੱਕਣਗੇ। ਪਿਛਲੇ ਹਫ਼ਤੇ ਵਿਧਾਇਕ ਚੁਣੇ ਜਾਣ ਤੋਂ ਬਾਅਦ ਹੀ ਉਨ੍ਹਾਂ ਦਾ ਮੰਤਰੀ ਮੰਡਲ ਵਿੱਚ ਸ਼ਾਮਲ ਹੋਣਾ ਤੈਅ ਸੀ। ਮੁੱਖ ਮੰਤਰੀ ਦਫ਼ਤਰ ਵੱਲੋਂ ਸੂਬੇ ਦੇ ਰਾਜਪਾਲ ਕੋਲੋਂ ਭਲਕੇ ਲਈ ਸਮੇਂ ਦੀ ਮੰਗ ਕੀਤੀ ਗਈ ਹੈ। ਜਿਸ ਤੋਂ ਬਾਅਦ ਦੁਪਹਿਰ 1 ਵਜੇ ਇਸ ਸਬੰਧੀ ਸਮਾਗਮ ਰੱਖਿਆ ਗਿਆ। ਜ਼ਿਕਰਯੋਗ ਹੈ ਕਿ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜ਼ਿਮਨੀ ਚੋਣਾਂ ਵਿੱਚ ਪ੍ਰਚਾਰ ਦੌਰਾਨ ਅਰੋੜਾ ਨੂੰ ਮੰਤਰੀ ਬਨਾਉਣ ਦਾ ਐਲਾਨ ਕੀਤਾ ਸੀ। ਜਦੋਂ ਕਿ ਪਿਛਲੇ ਹਫ਼ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪੁਸ਼ਟੀ ਕੀਤੀ ਸੀ ਕਿ ਉਹ ਅਰੋੜਾ ਨੂੰ ਆਪਣੀ ਕੈਬਨਿਟ ਵਿੱਚ ਲਿਆ ਰਹੇ ਹਨ। ਗੌਰਤਲਬ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਮੰਤਰੀ ਮੰਡਲ ਵਿੱਚ ਸੱਤਵੀਂ ਵਾਰ ਵਿਸਥਾਰ ਹੋ ਰਿਹਾ ਹੈ।

## ਅਰੋੜਾ ਨੇ ਰਾਜ ਸਭਾ ਤੋਂ ਦਿੱਤਾ ਅਸਤੀਫ਼ਾ

ਨਵੀਂ ਦਿੱਲੀ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਲੁਧਿਆਣਾ ਪੱਛਮੀ ਵਿਧਾਨ ਸਭਾ ਉਪ ਚੋਣਾਂ ਵਿਚ ਹੁਣੇ ਜਿਹੇ ਮਿਲੀ ਜਿੱਤ ਦੇ ਬਾਅਦ ਸਾਂਸਦ ਸੰਜੀਵ ਅਰੋੜਾ ਨੇ ਅਧਿਕਾਰਕ ਤੌਰ ਤੋਂ ਰਾਜ ਸਭਾ ਤੋਂ ਅਸਤੀਫਾ ਦਿੱਤਾ ਹੈ। ਉਨ੍ਹਾਂ ਨੇ ਅੱਜ ਨਵੀਂ ਦਿੱਲੀ ਵਿਚ ਉਪ ਰਾਸ਼ਟਰਪਤੀ ਰਿਹਾਇਸ਼ ਵਿਚ ਰਾਜ ਸਭਾ ਦੇ ਚੇਅਰਮੈਨ ਜਗਦੀਪ ਧਨਖੜ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਆਪਣਾ ਅਸਤੀਫਾ ਸੌਂਪਿਆ। ਉਨ੍ਹਾਂ ਨੇ ਸੰਵਿਧਾਨਕ ਵਿਵਸਥਾਵਾਂ ਦਾ ਹਵਾਲਾ ਦਿੱਤਾ ਜੋ ਚੋਣ ਨਤੀਜਿਆਂ ਸਬੰਧੀ 24 ਜੂਨ, 2025 ਦੀ ਰਾਜ ਸਭਾ ਅਧਿਸੂਚਨਾ ਦੇ 14 ਦਿਨਾਂ ਦੇ ਅੰਦਰ ਸੰਸਦ ਤੇ ਰਾਜ ਵਿਧਾਨ ਮੰਡਲ ਦੋਵਾਂ ਵਿਚ (ਬਾਕੀ ਸਫ਼ਾ 2 'ਤੇ)

## 'ਆਪ' ਆਗੂ ਦੇ ਨਾਜਾਇਜ਼ ਕਬਜ਼ੇ 'ਤੇ ਚੱਲਿਆ ਪੀਲਾ ਪੰਜਾ

ਫਰੀਦਕੋਟ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਇੱਥੇ ਕੋਟਕਪੂਰਾ-ਫਰੀਦਕੋਟ ਸੜਕ 'ਤੇ ਸ਼ਾਹੀ ਹਵੇਲੀ ਦੇ ਬਾਹਰ ਆਮ ਆਦਮੀ ਪਾਰਟੀ ਦੇ ਆਗੂ ਅਰਸ਼ ਸੱਚਰ ਵੱਲੋਂ ਕਰੋੜਾਂ ਦੀ ਜਾਇਦਾਦ 'ਤੇ ਕੀਤੇ ਨਜਾਇਜ਼ ਕਬਜ਼ੇ 'ਤੇ ਅੱਜ ਜ਼ਿਲ੍ਹਾ ਪ੍ਰਸ਼ਾਸਨ ਨੇ ਪੀਲਾ ਪੰਜਾ ਚਲਾਇਆ ਹੈ। ਸ਼ਾਹੀ ਹਵੇਲੀ ਦੇ ਬਾਹਰ ਗਰੀਨ ਜ਼ੋਨ ਲਈ ਛੱਡੀ ਥਾਂ ਉੱਪਰ ਹੋਏ ਨਜਾਇਜ਼ ਕਬਜ਼ੇ ਨੂੰ ਅੱਜ ਪ੍ਰਸ਼ਾਸਨ ਨੇ ਭਾਰੀ ਸੁਰੱਖਿਆ ਤਹਿਤ ਹਟਾ ਦਿੱਤਾ। ਆਮ ਆਦਮੀ ਪਾਰਟੀ ਦੇ ਆਗੂ ਅਰਸ਼ ਸੱਚਰ ਦਾ ਪਿਛਲੇ ਲੰਮੇ ਸਮੇਂ ਤੋਂ (ਬਾਕੀ ਸਫ਼ਾ 2 'ਤੇ)

## ਢੱਡਰੀਆਂਵਾਲੇ ਨਾਲ ਜੁੜੇ ਮਾਮਲੇ 'ਚ ਹਾਈ ਕੋਰਟ ਵੱਲੋਂ ਪੁਲਿਸ ਨੂੰ ਰਿਪੋਰਟ 'ਤੇ ਪੱਖ ਪੇਸ਼ ਕਰਨ ਦੇ ਹੁਕਮ

### ਪਟਿਆਲਾ 'ਚ ਕੁੜੀ ਨਾਲ ਬਲਾਤਕਾਰ ਤੇ ਕਤਲ ਦੇ ਲੱਗੇ ਸਨ ਦੋਸ਼

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 2 ਜੁਲਾਈ :ਰਣਜੀਤ ਸਿੰਘ ਢੱਡਰੀਆਂਵਾਲੇ ਨਾਲ ਸਬੰਧਤ ਬਲਾਤਕਾਰ ਮਾਮਲੇ ਦੀ ਸੁਣਵਾਈ ਮੁੜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਹੋਈ। ਪੀੜਤ ਦੇ ਭਰਾ ਵੱਲੋਂ ਦਾਇਰ ਪਟੀਸ਼ਨ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਉਸਦੀ ਭੈਣ ਨਾਲ 2012 ਵਿੱਚ ਡੇਰੇ ਵਿੱਚ ਬਲਾਤਕਾਰ ਹੋਇਆ ਸੀ, ਜਿਸ 'ਤੇ ਲੰਬੇ ਸਮੇਂ ਤੱਕ ਕੋਈ ਐਫਆਈਆਰ ਦਰਜ ਨਹੀਂ ਕੀਤੀ ਗਈ। ਹਾਈ ਕੋਰਟ ਦੇ ਹੁਕਮਾਂ 'ਤੇ ਪਿਛਲੇ ਸਾਲ ਐਫ.ਆਈ.ਆਰ. ਦਰਜ ਕੀਤੀ ਗਈ ਸੀ। 19 ਦਸੰਬਰ, 2024 ਨੂੰ, ਹਾਈ ਕੋਰਟ ਨੇ ਪੰਜਾਬ ਪੁਲਿਸ ਨੂੰ ਇਸ ਮਾਮਲੇ ਦੀ ਜਾਂਚ ਪੂਰੀ ਕਰਨ ਅਤੇ ਮੈਜਿਸਟ੍ਰੇਟ ਨੂੰ (ਬਾਕੀ ਸਫ਼ਾ 2 'ਤੇ)

### ਸੰਸਦ ਦੀ ਸੁਰੱਖਿਆ 'ਚ ਸੰਨ੍ਹ ਦਾ ਮਾਮਲਾ

## ਹਾਈ ਕੋਰਟ ਵੱਲੋਂ ਮੁਲਜ਼ਮ ਨੀਲਮ ਆਜ਼ਾਦ ਤੇ ਮਹੇਸ਼ ਕੁਮਾਵਤ ਨੂੰ ਜ਼ਮਾਨਤ

ਨਵੀਂ ਦਿੱਲੀ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਦਿੱਲੀ ਹਾਈ ਕੋਰਟ ਨੇ ਦਸੰਬਰ 2023 ਵਿਚ ਸੰਸਦ ਦੀ ਸੁਰੱਖਿਆ 'ਚ ਸੰਨ੍ਹ ਨਾਲ ਸਬੰਧਤ ਕੇਸ ਵਿਚ ਦੋ ਮੁਲਜ਼ਮਾਂ ਨੂੰ ਜ਼ਮਾਨਤ ਦੇ ਦਿੱਤੀ ਹੈ। ਜਸਟਿਸ ਸੁਬਰਾਮਨੀਅਮ ਪ੍ਰਸਾਦ ਤੇ ਜਸਟਿਸ ਹਰੀਸ਼ ਵੈਦਿਆਨਾਥਨ ਸ਼ੰਕਰ ਦੇ ਬੈਂਚ ਨੇ ਨੀਲਮ ਆਜ਼ਾਦ ਤੇ ਮਹੇਸ਼ ਕੁਮਾਵਤ ਨੂੰ 50-50 ਹਜ਼ਾਰ ਦਾ ਨਿੱਜੀ (ਬਾਕੀ ਸਫ਼ਾ 2 'ਤੇ)

## ਛੱਤੀਸਗੜ੍ਹ 'ਚ ਆਈ.ਈ.ਡੀ. ਧਮਾਕੇ ਦੌਰਾਨ ਇੱਕ ਗੰਭੀਰ ਜ਼ਖਮੀ

ਬੀਜਾਪੁਰ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿੱਚ ਨਕਸਲੀਆਂ ਵੱਲੋਂ ਲਗਾਇਆ ਗਿਆ ਪ੍ਰੈਸ਼ਰ ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈ.ਈ.ਡੀ.) ਫਟਣ ਨਾਲ ਇੱਕ 32 ਸਾਲਾ ਪਿੰਡ ਵਾਸੀ ਗੰਭੀਰ ਜ਼ਖਮੀ ਹੋ ਗਿਆ। ਪੁਲਿਸ ਨੇ ਬੁੱਧਵਾਰ ਨੂੰ ਦੱਸਿਆ ਇਹ ਘਟਨਾ ਮੰਗਲਵਾਰ ਸ਼ਾਮ ਨੂੰ ਵਾਪਰੀ ਜਦੋਂ ਪੀੜਤ ਵਿਸ਼ਾਲ ਗੋਟੇ ਹੇਮਲਾ ਮਸ਼ਰੂਮ ਜੰਗਲੀ ਉਪਜ ਇਕੱਠੀ ਕਰਨ ਲਈ ਜੰਗਲ ਵਿੱਚ ਗਿਆ ਸੀ। ਵਿਅਕਤੀ ਨੇ ਅਣਜਾਣੇ ਵਿੱਚ ਪ੍ਰੈਸ਼ਰ ਆਈ.ਈ.ਡੀ. 'ਤੇ ਪੈਰ ਰੱਖਿਆ, ਜੋ ਫਟ ਗਿਆ।ਅਧਿਕਾਰੀ ਨੇ ਕਿਹਾ ਕਿ ਵਿਸ਼ਾਲ ਦੀਆਂ ਲੱਤਾਂ ਅਤੇ ਚਿਹਰੇ 'ਤੇ ਗੰਭੀਰ ਸੱਟਾਂ ਲੱਗੀਆਂ ਅਤੇ ਉਸਨੂੰ ਜਗਦਲਪੁਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਮਾਓਵਾਦੀ ਅਕਸਰ ਸੁਰੱਖਿਆ ਕਰਮਚਾਰੀਆਂ ਨੂੰ ਨਿਸ਼ਾਨਾ ਬਣਾਉਣ ਲਈ ਮਿੱਟੀ ਦੀਆਂ ਪਟੜੀਆਂ 'ਤੇ ਆਈ.ਈ.ਡੀ.ਲਗਾਉਂਦੇ ਹਨ।

## ਅੰਤ੍ਰਿੰਗ ਕਮੇਟੀ ਦੀ ਇਕੱਤਰਤਾ 'ਚ ਗਿ. ਰਘਬੀਰ ਸਿੰਘ ਖ਼ਿਲਾਫ਼ ਫ਼ੈਸਲਾ ਲੈਣ ਦੀਆਂ ਤਿਆਰੀਆਂ

ਬਬਲੂ ਮਹਾਜਨ

================



ਅੰਮ੍ਰਿਤਸਰ, 2 ਜੁਲਾਈ :ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ 9 ਜੂਨ ਨੂੰ ਸ਼੍ਰੋਮਣੀ ਕਮੇਟੀ ਦੇ ਖਿਲਾਫ ਹਾਈ ਕੋਰਟ ਵਿਚ ਆਪਣੇ ਅਹੁਦੇ ਨੂੰ ਸੁਰੱਖਿਅਤ ਕਰਨ ਲਈ ਕੀਤੇ ਕੇਸ ਨੂੰ ਸੋਮਵਾਰ ਵਾਪਸ ਲੈ ਲਿਆ ਹੈ। ਇਸ ਫੈਸਲੇ ਨੇ ਸਿੰਘ ਸਾਹਿਬਾਨ ਦੀ ਪਦਵੀ ਤੇ ਸੰਸਥਾ ਦੀ ਬਦਨਾਮੀ ਕੀਤੀ ਹੈ, ਜਿਸ ਕਾਰਨ ਗਿਆਨੀ ਰਘਬੀਰ ਸਿੰਘ ਦੀਆਂ ਸੇਵਾਵਾਂ ਨੂੰ ਅੰਤ੍ਰਿੰਗ ਕਮੇਟੀ ਦੀ ਇੱਕਤਰਤਾ ਵਿਚ ਬਦਲਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਚਰਚਾ ਹੈ ਕਿ ਗਿਆਨੀ ਰਘਬੀਰ ਸਿੰਘ ਪਾਸੋਂ ਧਰਮ ਪ੍ਰਚਾਰ ਕਮੇਟੀ ਵਿੱਚ ਜਾ ਕਿਸੇ ਹੋਰ ਗੁਰਦੁਆਰਾ ਸਾਹਿਬ ਵਿਖੇ ਸੇਵਾਵਾਂ ਲੈਣ ਬਾਰੇ ਵੀ ਮੁਲਾਂਕਣ ਕੀਤਾ ਜਾ ਰਿਹਾ ਹੈ।ਸ਼੍ਰੋਮਣੀ ਕਮੇਟੀ ਦੇ ਖਿਲਾਫ ਹਾਈ ਕੋਰਟ ਵਿਚ ਕੇਸ ਦਾਇਰ ਕਰਕੇ ਆਪਣੇ ਅਹੁਦੇ ਨੂੰ ਸੁਰੱਖਿਅਤ ਕਰਨ ਲਈ ਕੀਤੇ ਯਤਨ ਵਿਚ ਗਿਆਨੀ ਰਘਬੀਰ ਸਿੰਘ ਬਿਲਕੁਲ ਅਸਫਲ ਰਹੇ। ਇਸ ਘਟਨਾਕ੍ਰਮ ਵਿਚ ਹੋਈ ਸਤਿਕਾਰਤ ਪਦਵੀਂ ਤੇ ਸੰਸਥਾ ਦੀ ਬਦਨਾਮੀ ਕਾਰਨ ਸਿੱਖ ਸੰਸਥਵਾਂ ਦੇ ਮੁੱਖੀਆਂ ਤੋਂ ਇਲਾਵਾ ਵੱਡੇ ਪੱਧਰ 'ਤੇ ਬੁੱਧੀਜੀਵੀਆਂ ਨੇ ਵੀ ਸ਼੍ਰੋਮਣੀ ਕਮੇਟੀ ਨੂੰ ਗਿਆਨੀ ਰਘਬੀਰ ਸਿੰਘ ਦੀ ਇਸ ਕਾਰਵਾਈ ਨੂੰ ਗਲਤ ਦੱਸਦਿਆ ਬਣਦੀ ਕਾਰਵਾਈ ਦੀ ਗੱਲ ਕਹੀ ਹੈ। ਚਰਚਾ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਆਉਣ ਵਾਲੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਗਿਆਨੀ ਰਘਬੀਰ ਸਿੰਘ ਦੇ ਤਜਰਬੇ ਅਤੇ ਕਾਬਲੀਅਤ ਨੂੰ (ਬਾਕੀ ਸਫ਼ਾ 2 'ਤੇ)

## ਕਿਸਾਨਾਂ ਦੀ ਮਦਦ ਲਈ ਕੋਈ ਕਦਮ ਨਹੀਂ ਚੁੱਕ ਰਹੀ ਸਰਕਾਰ: ਰਾਹੁਲ ਗਾਂਧੀ

ਨਵੀਂ ਦਿੱਲੀ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਅੱਜ ਸਰਕਾਰ 'ਤੇ ਦੋਸ਼ ਲਾਇਆ ਕਿ ਉਹ ਡੀਏਪੀ ਤੇ ਯੂਰੀਆ ਵਰਗੀਆਂ ਜ਼ਰੂਰੀ ਖਾਦਾਂ ਦੀ ਤੋਟ ਨਾਲ ਜੂਝ ਰਹੇ ਕਿਸਾਨਾਂ ਦੀ ਮਦਦ ਲਈ ਕੋਈ ਵੀ ਕਦਮ ਨਹੀਂ ਚੁੱਕ ਰਹੀ ਹੈ ਕਿਉਂਕਿ ਚੀਨ ਨੇ ਵਿਸ਼ੇਸ਼ ਖਾਦ ਦੀ "ਸਪਲਾਈ ਰੋਕ" ਦਿੱਤੀ ਹੈ। ਰਾਹੁਲ ਗਾਂਧੀ ਨੇ ਆਖਿਆ ਕਿ ਇੱਕ ਪਾਸੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਖਾਦ ਦੀਆਂ ਥੈਲੀਆਂ ਨਾਲ ਫੋਟੋਆਂ ਖਿਚਵਾ ਰਹੇ ਹਨ ਅਤੇ ਦੂਜੇ ਪਾਸੇ ਕਿ ਕਿਸਾਨ 'ਮੇਡ ਇਨ ਚਾਈਨਾ' ਉੱਤੇ ਨਿਰਭਰ ਹੋ ਗਏ ਹਨ। ਉਨ੍ਹਾਂ ਨੇ ਫੇਸਬੁੱਕ ਉੱਤੇ ਹਿੰਦੀ ਵਿੱਚ ਪੋਸਟ ਕੀਤਾ, "ਭਾਰਤ ਇੱਕ ਖੇਤੀਬਾੜੀ ਵਾਲਾ ਮੁਲਕ ਹੈ ਅਤੇ ਕਿਸਾਨ ਸਾਡੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਹਨ। ਪਰ ਇਹ ਰੀੜ੍ਹ ਵਿਦੇਸ਼ ਨਿਰਭਰਤਾ ਕਾਰਨ ਝੁਕ ਰਹੀ ਹੈ। ਭਾਰਤ ਵਿਸ਼ੇਸ਼ ਖਾਦ ਦਾ 80 ਫ਼ੀਸਦੀ ਚੀਨ ਤੋਂ ਮੰਗਵਾਉਂਦਾ ਹੈ ਅਤੇ ਹੁਣ ਚੀਨ ਨੇ (ਬਾਕੀ ਸਫ਼ਾ 2 'ਤੇ)

# ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਰਹੀ ਬੇਸਿੱਟਾ ਤੇ ਪ੍ਰੈਸ ਨਾਲ ਗੱਲ ਕਰਨ ਤੋਂ ਵੀ ਕੰਨੀ ਕਤਰਾਉਂਦੇ ਨਜ਼ਰ ਆਏ ਜਥੇ. ਗੜਗੱਜ

ਬਬਲੂ ਮਹਾਜਨ

================



ਅੰਮ੍ਰਿਤਸਰ, 2 ਜੁਲਾਈ : ਅੱਜ ਸਕੱਤਰੇਤ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਹੋਈ, ਜਿਸ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਰਾਜਦੀਪ ਸਿੰਘ, ਸ੍ਰੀ ਅਕਾਲ ਤਖਤ ਸਾਹਿਬ ਦੇ ਗ੍ਰੰਥੀ ਭਾਈ ਗੁਰਬਖਸ਼ੀਸ਼ ਸਿੰਘ ਤੇ ਪੰਜ ਪਿਆਰਾ ਭਾਈ ਸੁਰਿੰਦਰ ਸਿੰਘ ਸ਼ਾਮਲ ਹੋਏ। ਦੁਪਹਿਰ ਢਾਈ ਵਜੇ ਤੱਕ ਚੱਲੀ ਇਸ ਮੀਟਿੰਗ ਵਿਚ ਲਗਦਾ ਹੈ ਕਿ ਕੋਈ ਵੀ ਸਿੱਟਾ ਨਹੀਂ ਨਿਕਲਿਆ ਕਿਉਂਕਿ ਮੀਟਿੰਗ ਤੋਂ ਬਾਅਦ ਜਥੇਦਾਰ ਗੜਗੱਜ ਵੱਲੋਂ ਮੀਡੀਆ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਤੋਂ ਬਾਅਦ ਦਫਤਰ ਸਕੱਤਰੇਤ ਵੱਲੋਂ ਪ੍ਰੈਸ ਨੋਟ ਜਾਰੀ ਕੀਤਾ ਜਾਂਦਾ ਹੈ ਕਿ ਮੀਟਿੰਗ ਵਿੱਚ ਕਿਸ ਮੁੱਦਿਆਂ 'ਤੇ ਵਿਚਾਰ ਚਰਚਾ ਹੋਈ ਪ੍ਰੰਤੂ ਇਸ ਵਾਰ ਪ੍ਰੈਸ ਨੋਟ ਦੀ ਬਜਾਏ ਮੀਡੀਆ ਨੂੰ ਜ਼ਾਬਤੇ ਵਿੱਚ ਰਹਿ ਕੇ ਬਗੈਰ ਸੱਦੇ ਤੋਂ ਕੋਈ ਵੀ ਸਵਾਲ ਪੁੱਛਣ ਤੋਂ ਮਨਾ ਕੀਤਾ ਗਿਆ। ਸ਼ਾਇਦ ਜਥੇਦਾਰ ਗੜਗੱਜ ਦੇ ਮੀਡੀਆ ਸਲਾਹਕਾਰ ਅਤੇ ਦਫਤਰ ਇੰਚਾਰਜ ਇਹ ਗੱਲ ਭੁੱਲ ਗਏ ਹਨ ਕਿ ਸੰਗਤ ਦੀ ਨਜ਼ਰ ਇਸ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਵੱਲ ਹੈ। ਜਿਸ ਤਰ੍ਹਾਂ ਪਟਨਾ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਿੰਘ ਸਾਹਿਬਾਨ ਵਿੱਚ ਆਪਸੀ ਦੂਰੀਆਂ ਵੱਧ ਰਹੀਆਂ ਹਨ ਕਿਤੇ ਨਾ ਕਿਤੇ ਪੰਥ ਨੂੰ ਦੁਫਾੜ ਕਰਨ ਵਾਲੀ ਗੱਲ ਹੈ।

ਜ਼ਿਕਰਯੋਗ ਹੈ ਕਿ ਅੱਜ ਸਿਰਫ ਇਕੱਤਰਤਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਹੀਂ ਹੋਈ ਬਲਕਿ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਜਥੇਦਾਰ ਭਾਈ ਬਲਦੇਵ ਸਿੰਘ, ਵਧੀਕ ਮੁੱਖ ਗ੍ਰੰਥੀ ਭਾਈ ਗੁਰਦਿਆਲ (ਬਾਕੀ ਸਫ਼ਾ 2 'ਤੇ)

## ਓਡੀਸ਼ਾ 'ਚ ਗ਼ੈਰਕਾਨੂੰਨੀ ਮੈਗਨੀਜ਼ ਕੱਢਣ ਮੌਕੇ ਢਿੱਗਾਂ ਡਿੱਗਣ ਕਾਰਨ 3 ਮਰੇ

ਕਿਓਂਝਰ, 2 ਜੁਲਾਈ (ਚੜ੍ਹਦੀਕਲਾ ਬਿਊਰੋ) : ਓਡੀਸ਼ਾ ਦੇ ਕਿਓਂਝਰ ਜ਼ਿਲ੍ਹੇ ਵਿੱਚ ਇੱਕ ਖਾਨ ਤੋਂ ਗੈਰ-ਕਾਨੂੰਨੀ ਤੌਰ 'ਤੇ ਮੈਗਨੀਜ਼ ਕੱਢਣ ਦੌਰਾਨ ਭਾਰੀ ਮੀਂਹ ਕਾਰਨ ਢਿੱਗਾਂ ਡਿੱਗਣ ਨਾਲ ਘੱਟੋ-ਘੱਟ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ। ਪੁਲਿਸ ਨੇ ਬੁੱਧਵਾਰ ਨੂੰ ਕਿਹਾ ਕਿਹਾ ਕਿ ਇਹ ਘਟਨਾ ਜੋੜਾ ਪੁਲਿਸ ਸੀਮਾ ਦੇ ਅਧੀਨ ਬਿਚਕੁੰਡੀ ਦਲਪਹਾਰ ਨੇੜੇ ਇੱਕ ਮੈਗਨੀਜ਼ ਖਾਨ ਵਿੱਚ ਵਾਪਰੀ, ਜਦੋਂ ਕੁਝ ਲੋਕ ਗੈਰ-ਕਾਨੂੰਨੀ ਤੌਰ 'ਤੇ ਖਣਿਜ ਕੱਢ ਰਹੇ ਸਨ।

ਪੱਛਮੀ ਰੇਂਜ ਦੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ਬ੍ਰਿਜੇਸ਼ ਕੁਮਾਰ ਰਾਏ ਨੇ ਘਟਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ, ਇੱਕ ਲਾਸ਼ ਸਵੇਰੇ 2 ਵਜੇ ਦੇ ਕਰੀਬ ਅਤੇ ਦੋ ਹੋਰ ਲਾਸ਼ਾਂ ਸਵੇਰੇ ਬਰਾਮਦ ਕੀਤੀਆਂ ਗਈਆਂ। ਸਾਰੀਆਂ ਲਾਸ਼ਾਂ ਨੂੰ ਟਾਟਾ ਹਸਪਤਾਲ ਭੇਜ ਦਿੱਤਾ ਗਿਆ ਹੈ।" ਪੁਲਿਸ ਨੇ ਕਿਹਾ ਕਿ ਬੈਤਰਨੀ ਰਿਜ਼ਰਵ ਫੋਰੈਸਟ (ਬਾਕੀ ਸਫ਼ਾ 2 'ਤੇ)


ਅੱਜ ਹੀ ਆਪਣੇ ਪਿਆਰਿਆਂ ਨੂੰ ਨਾਮਜ਼ਦ ਕਰੋ, ਉਨ੍ਹਾਂ ਦੇ ਕੱਲ੍ਹ ਨੂੰ ਸੁਰੱਖਿਅਤ ਕਰੋ



ਨਾਮਜ਼ਦਗੀ ਇਹ ਯਕੀਨੀ ਬਣਾਉਂਦੀ ਹੈ ਕਿ ਤੁਹਾਡੇ ਪਿਆਰਿਆਂ ਨੂੰ ਤੁਹਾਡੀ ਮੌਤ ਤੋਂ ਬਾਅਦ, ਬਿਨਾਂ ਕਿਸੇ ਮੁਸ਼ਕਲ ਦੇ, ਤੁਹਾਡੀ ਵਿੱਤੀ ਸੰਪਤੀਆਂ ਪ੍ਰਾਪਤ ਹੋਣ

- ਆਪਣੇ ਬੈਂਕ ਖਾਤੇ, ਲਾਕਰ ਅਤੇ ਹੋਰ ਵਿੱਤੀ ਸੰਪਤੀਆਂ ਲਈ ਆਪਣੀ ਨਾਮਜ਼ਦਗੀ ਰਜਿਸਟਰ ਕਰੋ
- ਨਾਮਜ਼ਦਗੀ ਦੇ ਵੇਰਵਿਆਂ ਦੀ ਬੈਂਕ ਨਾਲ ਜਾਂਚ ਕੀਤੀ ਜਾ ਸਕਦੀ ਹੈ

ਆਰਬੀਆਈ ਕਹਿੰਦਾ ਹੈ... ਜਾਣਕਾਰ ਬਣੋ, ਸਚੇਤ ਰਹੋ !

ਹੋਰ ਵੇਰਵਿਆਂ ਲਈ, https://rbikehtahai.rbi.org.in/nf 'ਤੇ ਜਾਓ
ਫੀਡਬੈਕ ਲਈ, rbikehtahai@rbi.org.in 'ਤੇ ਲਿਖੋ

ਜਨ-ਹਿਤ ਵਿੱਚ ਜਾਰੀਕਰਤਾ
ਭਾਰਤੀ ਰਿਜ਼ਰਵ ਬੈਂਕ
RESERVE BANK OF INDIA
www.rbi.org.in

### ਸਰਕਾਰ ਨੇ ਆਈ.ਸੀ.ਐਮ.ਆਰ. ਤੇ ਏਮਜ਼ ਵੱਲੋਂ ਮਿਲ ਕੇ ਕੀਤੇ ਅਧਿਐਨ ਦੇ ਹਵਾਲੇ ਨਾਲ ਕੀਤਾ ਦਾਅਵਾ

# 'ਕੋਵਿਡ ਟੀਕਾਕਰਨ ਅਤੇ ਦਿਲ ਦੇ ਦੌਰੇ ਕਾਰਨ ਹੋਣ ਵਾਲੀਆਂ ਮੌਤਾਂ ਦਾ ਕੋਈ ਆਪਸੀ ਸਬੰਧ ਨਹੀਂ'

ਨਵੀਂ ਦਿੱਲੀ, 2 ਜੁਲਾਈ (ਚ.ਨ.ਸ.): ਕਰਨਾਟਕ ਦੇ ਮੁੱਖ ਮੰਤਰੀ ਸਿੱਧਾਰਮੱਈਆ ਵੱਲੋਂ ਹਸਨ ਜ਼ਿਲ੍ਹੇ ਵਿੱਚ ਦਿਲ ਦੇ ਦੌਰੇ ਕਾਰਨ ਹੋਣ ਵਾਲੀਆਂ ਮੌਤਾਂ ਨੂੰ ਕੋਵਿਡ-ਰੋਕੂ ਟੀਕਿਆਂ ਨਾਲ ਜੋੜਨ ਤੋਂ ਬਾਅਦ, ਕੇਂਦਰੀ ਸਿਹਤ ਮੰਤਰਾਲੇ ਨੇ ਅੱਜ ਕਿਹਾ ਕਿ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ਆਈ.ਸੀ.ਐਮ. ਆਰ.) ਅਤੇ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਵੱਲੋਂ ਕੀਤੇ ਗਏ ਵਿਆਪਕ ਅਧਿਐਨਾਂ ਤੋਂ ਸਪੱਸ਼ਟ ਹੈ ਕਿ ਐਂਟੀ-ਕੋਵਿਡ ਟੀਕਿਆਂ ਅਤੇ ਦਿਲ ਦੇ ਦੌਰੇ ਕਰਕੇ ਅਚਾਨਕ ਹੋਣ ਵਾਲੀਆਂ ਮੌਤਾਂ ਵਿਚਕਾਰ ਕੋਈ ਸਬੰਧ ਨਹੀਂ ਹੈ।

ਸਿੱਧਾਰਮੱਈਆ ਨੇ ਮੰਗਲਵਾਰ ਨੂੰ ਕਿਹਾ ਸੀ ਕਿ ਕੋਵਿਡ ਟੀਕੇ ਨੂੰ 'ਕਾਹਲੀ ਵਿਚ ਮਨਜ਼ੂਰੀ ਦੇਣਾ ਤੇ ਲੋਕਾਂ ਨੂੰ ਲਾਉਣਾ' ਵੀ ਇਨ੍ਹਾਂ ਮੌਤਾਂ ਦਾ ਇਕ ਕਾਰਨ ਹੋ ਸਕਦਾ ਹੈ। ਉਨ੍ਹਾਂ ਸਾਰੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਛਾਤੀ ਵਿਚ ਦਰਦ ਜਾਂ ਸਾਹ ਲੈਣ ਵਿਚ ਤਕਲੀਫ਼ ਹੋਵੇ ਤਾਂ ਉਹ ਫੌਰੀ ਸਿਹਤ ਕੇਂਦਰ ਵਿਚ ਜਾਂਚ ਕਰਵਾਉਣ ਤੇ ਇਸ ਨੂੰ ਨਜ਼ਰਅੰਦਾਜ਼ ਨਾ ਕਰਨ। ਮੰਤਰਾਲੇ ਨੇ ਕਿਹਾ ਕਿ ਦੇਸ਼ ਦੀਆਂ ਕਈ ਏਜੰਸੀਆਂ ਜ਼ਰੀਏ ਅਚਾਨਕ ਤੇ ਅਸਪੱਸ਼ਟ ਕਾਰਨਾਂ ਕਰਕੇ ਹੋਈਆਂ ਮੌਤਾਂ ਦੀ ਜਾਂਚ ਕੀਤੀ ਗਈ ਹੈ।ਇਨ੍ਹਾਂ ਅਧਿਐਨਾਂ ਤੋਂ ਇਹ ਸਾਬਤ ਹੋ ਗਿਆ ਕਿ ਕੋਵਿਡ 19 ਟੀਕਾਕਰਨ ਤੇ ਚਾਣਚੱਕ ਹੋਣ ਵਾਲੀਆਂ ਮੌਤਾਂ ਵਿਚ ਕੋਈ ਸਿੱਧਾ ਸਬੰਧ ਨਹੀਂ ਹੈ।




ਮੰਤਰਾਲੇ ਨੇ ਕਿਹਾ ਕਿ ਆਈ.ਸੀ.ਐਮ.ਆਰ. ਅਤੇ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਐਨ.ਸੀ.ਡੀ.ਸੀ.) ਵੱਲੋਂ ਕੀਤੇ ਗਏ ਅਧਿਐਨ ਇਸ ਗੱਲ ਦੀ ਪੁਸ਼ਟੀ ਕਰਦੇ ਹਨ, ਕਿ ਕੋਵਿਡ-19 ਟੀਕੇ ਭਾਰਤ ਵਿੱਚ ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹਨ ਅਤੇ ਉਨ੍ਹਾਂ ਦੇ ਗੰਭੀਰ ਮਾੜੇ ਪ੍ਰਭਾਵਾਂ ਦੇ ਮਾਮਲੇ ਬਹੁਤ ਘੱਟ ਹਨ।

ਮੰਤਰਾਲੇ ਨੇ ਬਿਆਨ ਵਿੱਚ ਕਿਹਾ ਕਿ ਅਚਾਨਕ ਦਿਲ ਦਾ ਦੌਰਾ ਪੈਣ ਪਿੱਛੇ ਕਈ ਕਾਰਨ ਹੋ ਸਕਦੇ ਹਨ। ਜਿਵੇਂ ਕਿ ਜੈਨੇਟਿਕ ਕਾਰਨ, ਜੀਵਨ ਸ਼ੈਲੀ, ਪਹਿਲਾਂ ਤੋਂ ਮੌਜੂਦ ਬਿਮਾਰੀਆਂ ਅਤੇ ਕੋਵਿਡ ਤੋਂ ਬਾਅਦ ਦੀਆਂ ਪੇਚੀਦਗੀਆਂ।ਆਈ.ਸੀ.ਐਮ.ਆਰ. ਅਤੇ ਐਨ.ਸੀ.ਡੀ.ਸੀ. ਖਾਸ ਕਰਕੇ 18 ਤੋਂ 45 ਸਾਲ ਦੀ ਉਮਰ ਦੇ ਬਾਲਗਾਂ ਵਿੱਚ ਅਚਾਨਕ ਅਤੇ ਅਸਪਸ਼ਟ ਮੌਤਾਂ ਦੇ ਕਾਰਨਾਂ ਨੂੰ ਸਮਝਣ ਲਈ ਇਕੱਠੇ ਕੰਮ ਕਰ ਰਹੇ ਹਨ। ਇਸ ਉਦੇਸ਼ ਲਈ ਦੋ ਪੂਰਕ ਅਧਿਐਨ ਕੀਤੇ ਗਏ ਸਨ, ਜਿਨ੍ਹਾਂ ਵਿੱਚ ਵੱਖ-ਵੱਖ ਖੋਜ ਤਰੀਕਿਆਂ ਦੀ ਵਰਤੋਂ ਕੀਤੀ ਗਈ ਸੀ।

ਇੱਕ ਅਧਿਐਨ ਪਿਛਲਾ ਡੇਟਾ (ਪਿਛਲੇ ਰਿਕਾਰਡ) 'ਤੇ ਅਧਾਰਤ ਸੀ, ਜਦੋਂ ਕਿ ਦੂਜਾ ਅਸਲ-ਸਮੇਂ ਦੀ ਜਾਂਚ 'ਤੇ ਕੇਂਦਰਿਤ ਸੀ। ਮੰਤਰਾਲੇ ਨੇ ਕਿਹਾ ਕਿ ਇਹ ਅਧਿਐਨ ਮਈ ਅਤੇ ਅਗਸਤ 2023 ਦੇ ਵਿਚਕਾਰ ਦੇਸ਼ ਦੇ 19 ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸਥਿਤ 47 ਤੀਜੇ ਦਰਜੇ ਦੇ ਹਸਪਤਾਲਾਂ ਵਿੱਚ ਕੀਤਾ ਗਿਆ ਸੀ। ਇਸ ਅਧਿਐਨ ਵਿੱਚ ਉਹ ਵਿਅਕਤੀ ਸ਼ਾਮਲ ਸਨ। ਜੋ ਪੂਰੀ ਤਰ੍ਹਾਂ ਤੰਦਰੁਸਤ ਦਿਖਾਈ ਦਿੰਦੇ ਸਨ, ਪਰ ਅਕਤੂਬਰ 2021 ਅਤੇ ਮਾਰਚ 2023 ਦੇ ਵਿਚਕਾਰ ਅਚਾਨਕ ਮਰ ਗਏ। ਲੱਭਤਾਂ ਨੇ ਸਪੱਸ਼ਟ ਕੀਤਾ ਹੈ ਕਿ ਕੋਵਿਡ-19 ਟੀਕਾਕਰਨ ਨੌਜਵਾਨ ਬਾਲਗਾਂ ਵਿੱਚ ਅਚਾਨਕ ਮੌਤ ਦੇ ਜੋਖਮ ਨੂੰ ਨਹੀਂ ਵਧਾਉਂਦਾ।

ਦੂਜੇ ਅਧਿਐਨ ਦਾ ਸਿਰਲੇਖ 'ਨੌਜਵਾਨਾਂ ਵਿੱਚ ਅਚਾਨਕ ਮੌਤ ਦੇ ਕਾਰਨਾਂ ਦੀ ਪਛਾਣ ਕਰਨਾ' ਹੈ। ਇਹ ਅਧਿਐਨ ਵਰਤਮਾਨ ਵਿੱਚ ਏਮਜ਼, ਨਵੀਂ ਦਿੱਲੀ ਵੱਲੋਂ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ ਦੇ ਸਹਿਯੋਗ ਅਤੇ ਫੰਡਿੰਗ ਨਾਲ ਕੀਤਾ ਜਾ ਰਿਹਾ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਅਧਿਐਨ ਦਾ ਉਦੇਸ਼ ਨੌਜਵਾਨਾਂ ਦੀ ਅਚਾਨਕ ਮੌਤ ਦੇ ਆਮ ਕਾਰਨਾਂ ਦੀ ਪਛਾਣ ਕਰਨਾ ਹੈ। ਇਸ ਅਧਿਐਨ ਦੇ ਸ਼ੁਰੂਆਤੀ ਅੰਕੜਿਆਂ ਦੀ ਸਮੀਖਿਆ ਤੋਂ ਪਤਾ ਚੱਲਦਾ ਹੈ ਕਿ ਦਿਲ ਦਾ ਦੌਰਾ ਇਸ ਉਮਰ ਵਰਗ ਵਿੱਚ ਅਚਾਨਕ ਮੌਤ ਦਾ ਪ੍ਰਮੁੱਖ ਕਾਰਨ ਬਣਿਆ ਹੋਇਆ ਹੈ। ਇਹ ਅਧਿਐਨ ਦਰਸਾਉਂਦਾ ਹੈ ਕਿ ਭਾਰਤ ਵਿੱਚ ਨੌਜਵਾਨਾਂ 'ਚ ਅਚਾਨਕ ਮੌਤ ਦੇ ਕਾਰਨਾਂ ਦੇ ਰੁਝਾਨ ਵਿੱਚ ਕੋਈ ਵੱਡਾ ਬਦਲਾਅ ਨਹੀਂ ਦੇਖਿਆ ਗਿਆ ਹੈ। ਜ਼ਿਆਦਾਤਰ ਮਾਮਲਿਆਂ ਵਿੱਚ ਜੈਨੇਟਿਕ ਪਰਿਵਰਤਨ ਨੂੰ ਸੰਭਾਵਿਤ ਕਾਰਨ ਵਜੋਂ ਪਛਾਣਿਆ ਗਿਆ ਹੈ। ਅਧਿਐਨ ਪੂਰਾ ਹੋਣ ਤੋਂ ਬਾਅਦ ਅੰਤਿਮ ਲੱਭਤਾਂ ਸਾਂਝੀਆਂ ਕੀਤੀਆਂ ਜਾਣਗੀਆਂ।ਇਨ੍ਹਾਂ ਦੋ ਅਧਿਐਨਾਂ ਨੇ ਭਾਰਤ ਵਿੱਚ 18 ਤੋਂ 45 ਸਾਲ ਦੀ ਉਮਰ ਦੇ ਨੌਜਵਾਨਾਂ ਵਿੱਚ ਅਚਾਨਕ ਮੌਤ ਦੇ ਕਾਰਨਾਂ ਦੀ ਇੱਕ ਬਿਹਤਰ ਅਤੇ ਵਿਆਪਕ ਤਸਵੀਰ ਪੇਸ਼ ਕੀਤੀ ਹੈ। ਸਿਹਤ ਮੰਤਰਾਲੇ ਨੇ ਕਿਹਾ ਕਿ ਬਿਨਾਂ ਕਿਸੇ ਠੋਸ ਸਬੂਤ ਦੇ ਖ਼ਦਸ਼ਿਆਂ 'ਤੇ ਆਧਾਰਿਤ ਦਾਅਵੇ ਨਾ ਸਿਰਫ਼ ਗੁੰਮਰਾਹਕੁੰਨ ਹਨ ਬਲਕਿ ਟੀਕਿਆਂ ਵਿੱਚ ਲੋਕਾਂ ਦੇ ਵਿਸ਼ਵਾਸ ਨੂੰ ਵੀ ਕਮਜ਼ੋਰ ਕਰ ਸਕਦੇ ਹਨ, ਜਦੋਂ ਕਿ ਇਨ੍ਹਾਂ ਟੀਕਿਆਂ ਨੇ ਕੋਵਿਡ-19 ਮਹਾਮਾਰੀ ਦੌਰਾਨ ਲੱਖਾਂ ਜਾਨਾਂ ਬਚਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬੇਬੁਨਿਆਦ ਦਾਅਵਿਆਂ ਨਾਲ ਦੇਸ਼ ਵਿੱਚ ਟੀਕਾਕਰਨ ਕਰਵਾਉਣ ਨੂੰ ਲੈ ਕੇ ਝਿਜਕ ਨੂੰ ਵਧ ਸਕਦੀ ਹੈ, ਜੋ ਜਨਤਕ ਸਿਹਤ ਲਈ ਗੰਭੀਰ ਖ਼ਤਰਾ ਪੈਦਾ ਕਰ ਸਕਦੇ ਹਨ।

# 'ਕੁਆਡ' ਵੱਲੋਂ ਪਹਿਲਗਾਮ ਹਮਲੇ ਦੀ ਨਿਖੇਧੀ; ਪਾਕਿ ਨੂੰ ਸਾਜ਼ਿਸ਼ਘਾੜਿਆਂ ਖ਼ਿਲਾਫ਼ ਕਾਰਵਾਈ ਲਈ ਕਿਹਾ



ਨਵੀਂ ਦਿੱਲੀ, 2 ਜੁਲਾਈ (ਚ.ਨ.ਸ.): ਪਾਕਿਸਤਾਨ ਵੱਲੋਂ ਦਰਪੇਸ਼ ਅੱਤਵਾਦ ਕਰਕੇ ਭਾਰਤ ਵੱਲੋਂ ਪਾਏ ਜਾ ਰਹੇ ਦਬਾਅ ਦਰਮਿਆਨ ਚਾਰ ਮੁਲਕੀ ਸਮੂਹ 'ਕੁਆਡ' ਨੇ ਪਹਿਲਗਾਮ ਦਹਿਸ਼ਤੀ ਹਮਲੇ ਦੀ ਨਿਖੇਧੀ ਕੀਤੀ ਹੈ। ਸਮੂਹ ਨੇ ਪਾਕਿਸਤਾਨ ਦਾ ਨਾਮ ਲਏ ਬਗ਼ੈਰ ਉਸ ਨੂੰ ਇਸ 'ਨਿੰਦਣਯੋਗ' ਕਾਰੇ ਦੇ ਅਪਰਾਧੀਆਂ, ਸਾਜ਼ਿਸ਼ ਘਾੜਿਆਂ ਤੇ ਵਿੱਤੀ ਮੱਦਦ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਲਈ ਕਿਹਾ ਹੈ। 'ਕੁਆਡ' ਦੇ ਵਿਦੇਸ਼ ਮੰਤਰੀਆਂ ਨੇ ਮੰਗਲਵਾਰ ਨੂੰ ਵਾਸ਼ਿੰਗਟਨ ਡੀਸੀ ਵਿਚ ਮੁਲਾਕਾਤ ਕਰਕੇ ਇਕ ਸਾਂਝਾ ਬਿਆਨ ਜਾਰੀ ਕੀਤਾ, ਜਿਸ ਵਿਚ ਅੱਤਵਾਦ ਤੇ ਅਪ੍ਰੈਲ ਮਹੀਨੇ ਪਹਿਲਗਾਮ ਵਿਚ ਹੋਏ ਦਹਿਸ਼ਤੀ ਹਮਲੇ ਦਾ ਵੀ ਜ਼ਿਕਰ ਸੀ। ਕੁਆਡ ਵਿਚ ਭਾਰਤ ਤੋਂ ਇਲਾਵਾ ਅਮਰੀਕਾ, ਜਾਪਾਨ ਤੇ ਆਸਟਰੇਲੀਆ ਸ਼ਾਮਲ ਹਨ। ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਆਪਣੀ ਵੈੱਬਸਾਈਟ 'ਤੇ ਪੋਸਟ ਕੀਤੇ ਗਏ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ "(ਅਸੀਂ) ਅੱਤਵਾਦ ਅਤੇ ਹਿੰਸਕ ਕੱਟੜਵਾਦ ਦੇ ਸਾਰੇ ਰੂਪਾਂ ਅਤੇ ਪ੍ਰਗਟਾਵੇ, ਜਿਸ ਵਿੱਚ ਸਰਹੱਦ ਪਾਰੋਂ ਅਤਿਵਾਦ ਵੀ ਸ਼ਾਮਲ ਹੈ, ਦੀ ਸਪੱਸ਼ਟ ਤੌਰ 'ਤੇ ਨਿੰਦਾ ਕਰਦੇ ਹਾਂ, ਅਤੇ ਅੱਤਵਾਦ ਖਿਲਾਫ਼ ਸਹਿਯੋਗ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦੇ ਹਾਂ।" ਬਿਆਨ ਵਿਚ ਕਿਹਾ ਗਿਆ, "ਅਸੀਂ 22 ਅਪ੍ਰੈਲ, 2025 ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਦਹਿਸ਼ਤੀ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ, ਜਿਸ ਵਿੱਚ 25 ਭਾਰਤੀ ਨਾਗਰਿਕ ਅਤੇ ਇੱਕ ਨੇਪਾਲੀ ਨਾਗਰਿਕ ਦੀ ਮੌਤ ਹੋ ਗਈ ਸੀ, ਜਦੋਂ ਕਿ ਕਈ ਹੋਰ ਜ਼ਖਮੀ ਹੋ ਗਏ ਸਨ।"

ਭਾਰਤ ਨੇ ਪਾਕਿਸਤਾਨ ਉੱਤੇ ਇਸ ਹਮਲੇ ਲਈ ਸਹਾਇਤਾ, ਉਕਸਾਉਣ, ਵਿੱਤ ਪੋਸ਼ਣ ਅਤੇ ਲੌਜਿਸਟਿਕਲ ਸਹਾਇਤਾ ਪ੍ਰਦਾਨ ਕਰਨ ਦਾ ਦੋਸ਼ ਲਗਾਇਆ ਹੈ। 'ਕੁਆਡ' ਨੇ ਆਪਣੇ ਬਿਆਨ ਵਿੱਚ ਭਾਵੇਂ ਪਾਕਿਸਤਾਨ ਦਾ ਨਾਮ ਨਹੀਂ ਲਿਆ, ਪਰ ਇਹ ਸਪੱਸ਼ਟ ਕਰ ਦਿੱਤਾ ਕਿ ਉਹ ਕਿੱਥੇ ਇਸ਼ਾਰਾ ਕਰ ਰਿਹਾ ਸੀ। ਬਿਆਨ ਵਿੱਚ 'ਸਰਹੱਦ ਪਾਰੋਂ' ਅਤਿਵਾਦ ਸ਼ਬਦਾਂ ਦੀ ਵਰਤੋਂ ਕੀਤੀ ਗਈ ਅਤੇ ਇਸ ਤੋਂ ਬਾਅਦ ਪਹਿਲਗਾਮ ਹਮਲੇ ਦੀ ਨਿੰਦਾ ਕੀਤੀ ਗਈ। ਬਿਆਨ ਵਿਚ ਇਹ ਵੀ ਕਿਹਾ ਗਿਆ ਕਿ 'ਇਸ ਨਿੰਦਣਯੋਗ ਕਾਰਵਾਈ ਦੇ ਦੋਸ਼ੀਆਂ, ਸਾਜ਼ਿਸ਼ਘਾੜਿਆਂ ਅਤੇ ਵਿੱਤੀ ਮਦਦ ਕਰਨ ਵਾਲਿਆਂ ਨੂੰ ਬਿਨਾਂ ਕਿਸੇ ਦੇਰੀ ਦੇ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ।"

ਬਿਆਨ ਵਿੱਚ ਕਿਹਾ ਗਿਆ ਹੈ ਕਿ 'ਕੁਆਡ' ਨੇ ਸਾਰੇ ਸੰਯੁਕਤ ਰਾਸ਼ਟਰ ਮੈਂਬਰ ਮੁਲਕਾਂ ਨੂੰ, ਕੌਮਾਂਤਰੀ ਕਾਨੂੰਨ ਅਤੇ ਸਬੰਧਤ ਯੂਐੱਨਐੱਸਸੀਆਰ ਦੇ ਅਧੀਨ ਆਪਣੀਆਂ ਜ਼ਿੰਮੇਵਾਰੀਆਂ ਅਨੁਸਾਰ, ਇਸ ਸਬੰਧ ਵਿੱਚ ਸਾਰੇ ਸਬੰਧਤ ਅਧਿਕਾਰੀਆਂ ਨਾਲ ਸਰਗਰਮੀ ਨਾਲ ਸਹਿਯੋਗ ਕਰਨ ਦੀ ਅਪੀਲ ਕੀਤੀ। ਪਾਕਿਸਤਾਨ ਇੱਕ ਸੰਯੁਕਤ ਰਾਸ਼ਟਰ ਰਾਜ ਹੈ ਅਤੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਗੈਰ-ਸਥਾਈ ਮੈਂਬਰ ਵਜੋਂ ਇਸ ਮਹੀਨੇ ਨਿਸ਼ਚਿਤ ਮਿਆਦ ਲਈ ਯੂਐੱਨਐੱਸਸੀ ਦੀ ਅਗਵਾਈ ਕਰ ਰਿਹਾ ਹੈ।

ਇਸ ਸਮਾਗਮ ਵਿੱਚ ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ, ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ, ਉਨ੍ਹਾਂ ਦੇ ਆਸਟਰੇਲਿਆਈ ਅਤੇ ਜਾਪਾਨੀ ਹਮਰੁਤਬਾ ਕ੍ਰਮਵਾਰ ਪੈਨੀ ਵੋਂਗ ਅਤੇ ਤਾਕੇਸ਼ੀ ਇਵਾਯਾ ਮੌਜੂਦ ਸਨ। 'ਕੁਆਡ' ਦੇ ਵਿਦੇਸ਼ ਮੰਤਰੀ ਸਮੂਹ ਦੇ ਏਜੰਡੇ ਦੀ ਅਗਵਾਈ ਕਰਦੇ ਹਨ ਅਤੇ ਸਮੂਹ ਵੱਲੋਂ ਸਾਲ ਵਿਚ ਇਕ ਵਾਰ ਸੰਮੇਲਨ ਕਰਵਾਇਆ ਜਾਂਦਾ ਹੈ ਜਿਸ ਵਿੱਚ ਸਰਕਾਰ ਦੇ ਮੁਖੀ- ਅਮਰੀਕੀ ਰਾਸ਼ਟਰਪਤੀ ਅਤੇ ਭਾਰਤ, ਜਾਪਾਨ ਅਤੇ ਆਸਟਰੇਲੀਆ ਦੇ ਪ੍ਰਧਾਨ ਮੰਤਰੀ ਸ਼ਾਮਲ ਹੁੰਦੇ ਹਨ।

# ਪਹਿਲੇ ਸਫ਼ੇ ਦੀ ਬਾਕੀ

## ਸ਼ੇਖ ਹਸੀਨਾ ਨੂੰ ਅਦਾਲਤੀ ਹੱਤਕ

ਗੱਲਬਾਤ ਦੇ ਅੰਸ਼ ਦੀ ਸਮੀਖਿਆ ਤੋਂ ਬਾਅਦ ਇਹ ਹੁਕਮ ਪਾਸ ਕੀਤਾ। ਫੋਨ 'ਤੇ ਗੱਲਬਾਤ ਦੇ ਅੰਸ਼ ਪਿਛਲੇ ਸਾਲ ਸੋਸ਼ਲ ਮੀਡੀਆ 'ਤੇ ਪ੍ਰਸਾਰਿਤ ਹੋਏ ਸਨ। ਪਿਛਲੇ ਸਾਲ ਅਗਸਤ 'ਚ ਅਹੁਦਾ ਛੱਡਣ ਤੋਂ ਬਾਅਦ ਇਹ ਪਹਿਲੀ ਵਾਰ ਹੈ ਜਦੋਂ ਸ਼ੇਖ ਹਸੀਨਾ ਨੂੰ ਕਿਸੇ ਮਾਮਲੇ 'ਚ ਸਜ਼ਾ ਸੁਣਾਈ ਗਈ ਹੈ। ਆਡੀਓ ਕਲਿੱਪ ਵਿੱਚ ਹਸੀਨਾ ਨੂੰ ਗੋਵਿੰਦਗੰਜ ਉਪ ਜ਼ਿਲ੍ਹਾ ਦੇ ਸਾਬਕਾ ਪ੍ਰਧਾਨ ਤੇ ਪਾਬੰਦੀਸ਼ੁਦਾ ਬੰਗਲਾਦੇਸ਼ ਵਿਦਿਆਰਥੀ ਲੀਗ (ਬੀ.ਸੀ.ਐੱਲ.) ਦੇ ਆਗੂ ਸ਼ਕੀਲ ਅਕੰਦ ਬੁਲਬੁਲ ਨੂੰ ਕਥਿਤ ਤੌਰ 'ਤੇ ਇਹ ਕਹਿੰਦਿਆਂ ਸੁਣਿਆ ਜਾ ਸਕਦਾ ਹੈ। 'ਮੇਰੇ ਖ਼ਿਲਾਫ਼ 227 ਕੇਸ ਦਰਜ ਹਨ। ਇਸ ਲਈ ਮੈਨੂੰ 227 ਲੋਕਾਂ ਨੂੰ ਮਾਰਨ ਦਾ ਲਾਇਸੈਂਸ ਮਿਲ ਗਿਆ ਹੈ। ਟ੍ਰਿਬਿਊਨਲ ਨੇ ਬਿਆਨ ਨੂੰ ਹੱਤਕ ਭਰਿਆ ਤੇ ਅਦਾਲਤ ਨੂੰ ਕਮਜ਼ੋਰ ਕਰਨ ਦੀ ਸਿੱਧੀ ਕੋਸ਼ਿਸ਼ ਮੰਨਿਆ ਹੈ।

## ਦੇਸ਼ ਦੇ ਕਈ ਹਿੱਸਿਆਂ 'ਚ ਹਨੇਰੀ-ਤੂਫ਼ਾਨ

ਵਿਭਾਗ ਨੇ ਦਿੱਲੀ-ਐਨ.ਸੀ.ਆਰ ਖੇਤਰ ਲਈ 'ਯੈਲੋ ਅਲਰਟ' ਜਾਰੀ ਕੀਤਾ ਹੈ, ਜਿਸ ਵਿਚ ਲੋਕਾਂ ਨੂੰ ਬਿਨਾਂ ਲੋੜ ਘਰ ਤੋਂ ਬਾਹਰ ਨਾ ਨਿੱਕਲਣ ਅਤੇ ਸਾਵਧਾਨ ਰਹਿਣ ਦੀ ਹਦਾਇਤ ਦਿੱਤੀ ਗਈ ਹੈ।

ਆਈ.ਐਮ.ਡੀ ਮੁਤਾਬਕ ਹਵਾ ਦੀ ਰਫ਼ਤਾਰ 40 ਤੋਂ 60 ਕਿਲੋਮੀਟਰ ਪ੍ਰਤੀ ਘੰਟਾ ਤੱਕ ਪਹੁੰਚ ਸਕਦੀ ਹੈ। ਇਸ ਨਾਲ ਵਿਜ਼ੀਬਿਲਿਟੀ ਘਟਣ ਅਤੇ ਆਵਾਜਾਈ ਵਿਚ ਰੁਕਾਵਟ ਆਉਣ ਦੀ ਵੀ ਸੰਭਾਵਨਾ ਹੈ। ਇਸ ਤੋਂ ਇਲਾਵਾ ਕੁਝ ਹਿੱਸਿਆਂ ਵਿਚ ਬਿਜਲੀ ਚਮਕਣ ਅਤੇ ਹਲਕੇ ਤੋਂ ਦਰਮਿਆਨਾ ਮੀਂਹ ਪੈ ਸਕਦਾ ਹੈ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਮੌਸਮੀ ਹਾਲਾਤ ਮੌਨਸੂਨ ਦੀ ਸਰਗਰਮੀ ਕਾਰਨ ਵਾਪਰ ਰਹੇ ਹਨ। ਦਿੱਲੀ ਦੇ ਕੁਝ ਹਿੱਸਿਆਂ ਵਿਚ ਪਿਛਲੇ ਦਿਨ ਵੀ ਹਲਕੀ ਬੂੰਦਾਬਾਂਦੀ ਹੋਈ ਸੀ, ਜਿਸ ਨਾਲ ਤਾਪਮਾਨ ਵਿਚ ਕੁਝ ਘਟਿਆ ਸੀ। ਮੌਸਮ ਵਿਭਾਗ ਨੇ ਅਗਲੇ 2-3 ਦਿਨਾਂ ਲਈ ਵੀ ਮੀਂਹ ਹੋਣ ਦੀ ਭਵਿੱਖਬਾਣੀ ਕੀਤੀ ਹੈ, ਜੋ ਦਿੱਲੀ ਦੇ ਲੋਕਾਂ ਨੂੰ ਗਰਮੀ ਤੋਂ ਥੋੜ੍ਹੀ ਰਾਹਤ ਦੇ ਸਕਦਾ ਹੈ।

## ਮੋਦੀ ਪੰਜ ਦੇਸ਼ਾਂ ਦੇ ਦੌਰੇ ਦੇ ਪਹਿਲੇ ਪੜਾਅ

ਇਸ ਫੇਰੀ ਦਾ ਪਹਿਲਾ ਪੜਾਅ ਘਾਨਾ ਹੋਵੇਗਾ। ਸ੍ਰੀ ਮੋਦੀ ਨੇ ਕਿਹਾ ਕਿ ਉਹ ਰਾਸ਼ਟਰਪਤੀ ਜੌਨ ਡਰਾਮਾਨੀ ਮਹਾਮਾ ਦੇ ਸੱਦੇ 'ਤੇ ਉੱਥੇ ਹੋਣਗੇ।ਘਾਨਾ ਮਗਰੋਂ ਪ੍ਰਧਾਨ ਮੰਤਰੀ ਟ੍ਰਿਨੀਦਾਦ ਤੇ ਟੋਬੈਗੋ ਜਾਣਗੇ। ਇੱਕ ਅਜਿਹਾ ਦੇਸ਼ ਜਿਸ ਨਾਲ ਭਾਰਤ ਦਾ ਇਤਿਹਾਸਕ, ਸੱਭਿਆਚਾਰਕ ਅਤੇ ਲੋਕਾਂ ਨਾਲ ਡੂੰਘਾ ਸਬੰਧ ਹੈ। ਮੋਦੀ ਰਾਸ਼ਟਰਪਤੀ ਕ੍ਰਿਸਟੀਨ ਕਾਰਲਾ ਕਾਂਗਾਲੂ ਨਾਲ ਮੁਲਾਕਾਤ ਕਰਨਗੇ, ਜੋ ਇਸ ਸਾਲ ਦੇ ਪ੍ਰਵਾਸੀ ਭਾਰਤੀ ਦਿਵਸ ਵਿੱਚ ਮੁੱਖ ਮਹਿਮਾਨ ਸਨ।

ਸ੍ਰੀ ਮੋਦੀ ਪ੍ਰਧਾਨ ਮੰਤਰੀ ਕਮਲਾ ਪ੍ਰਸਾਦ-ਬਿਸੇਸਰ ਨਾਲ ਮੁਲਾਕਾਤ ਕਰਨਗੇ, ਜਿਨ੍ਹਾਂ ਨੇ ਹਾਲ ਹੀ ਵਿੱਚ ਦੂਜੇ ਕਾਰਜਕਾਲ ਲਈ ਅਹੁਦਾ ਸੰਭਾਲਿਆ ਹੈ। ਇਸ ਮਗਰੋਂ 6 ਤੇ 7 ਜੁਲਾਈ ਨੂੰ ਪ੍ਰਧਾਨ ਮੰਤਰੀ ਬ੍ਰਾਜ਼ੀਲ ਦੇ ਰੀਓ ਡੀ ਜਨੇਰੋ ਵਿਚ ਬ੍ਰਿਕਸ ਸੰਮੇਲਨ ਵਿਚ ਸ਼ਿਰਕਤ ਕਰਨਗੇ।

## ਮੋਹਾਲੀ ਦੀ ਅਦਾਲਤ ਵੱਲੋਂ ਬਿਕਰਮ ਸਿੰਘ ਮਜੀਠੀਆ

ਮਜੀਠੀਆ ਜਾਂਚ ਵਿਚ ਸਹਿਯੋਗ ਨਹੀਂ ਕਰ ਰਹੇ ਹਨ। ਉਨ੍ਹਾਂ ਹੋਰ ਸੂਬਿਆਂ 'ਚ ਵੀ ਲਿਜਾਣਾ ਪਵੇਗਾ। ਇਸ ਲਈ ਉਨ੍ਹਾਂ ਦਾ ਰਿਮਾਂਡ ਵਧਾਇਆ ਜਾਣਾ ਚਾਹੀਦਾ ਹੈ। ਅਦਾਲਤ ਨੇ ਬਿਊਰੋ ਦੀ ਮੰਗ ਨੂੰ ਸਵੀਕਾਰ ਕਰਦੇ ਹੋਏ ਚਾਰ ਦਿਨ ਹੋਰ ਰਿਮਾਂਡ ਵਧਾ ਦਿੱਤਾ। ਇਸ ਤੋਂ ਪਹਿਲਾਂ, ਅਦਾਲਤੀ ਸੁਣਵਾਈ ਦੌਰਾਨ ਮਾਹੌਲ ਤਣਾਅਪੂਰਨ ਹੋ ਗਿਆ ਸੀ। ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਸੁਖਬੀਰ ਬਾਦਲ ਆਪਣੇ ਸਮਰਥਕਾਂ ਨਾਲ ਮਜੀਠੀਆ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਨ ਲਈ ਮੋਹਾਲੀ ਪਹੁੰਚ ਗਏ। ਹਾਲਾਂਕਿ ਉਨ੍ਹਾਂ ਅਦਾਲਤ ਵੱਲ ਆਉਂਦਿਆਂ ਦੇਖ ਕੇ ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਤੇ ਦੋ ਘੰਟੇ ਬਾਅਦ ਛੱਡ ਵੀ ਦਿੱਤਾ। ਜਦਕਿ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਐਡਵੋਕੇਟ ਅਰਸ਼ਦੀਪ ਕਲੇਰ ਨੇ ਸਰਕਾਰੀ ਖਿਲਾਫ਼ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਕਿ ਮਜੀਠੀਆ ਕਦੀ ਗੋਰਖਪੁਰ ਗਏ ਹੀ ਨਹੀਂ। ਜ਼ਿਕਰਯੋਗ ਹੈ ਕਿ ਮਜੀਠੀਆ ਨੂੰ 25 ਜੂਨ ਨੂੰ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਨੇ ਪਹਿਲਾਂ 26 ਜੂਨ ਨੂੰ 7 ਦਿਨਾਂ ਦਾ ਵਿਜੀਲੈਂਸ ਰਿਮਾਂਡ ਦਿੱਤਾ ਸੀ ਜੋ 2 ਜੁਲਾਈ ਨੂੰ ਖਤਮ ਹੋ ਗਿਆ ਤੇ ਅੱਜ ਉਨ੍ਹਾਂ ਨੂੰ ਮੁੜ ਅਦਾਲਤ 'ਚ ਪੇਸ਼ ਕੀਤਾ ਗਿਆ। ਬਿਕਰਮ ਸਿੰਘ ਮਜੀਠੀਆ ਨੂੰ ਹੁਣ ਐਤਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

## ਐਮਰਜੈਂਸੀ ਦੇ ਦਿਨਾਂ ਨਾਲੋਂ ਵੀ ਮਾੜੇ ਹਾਲਾਤ:

ਆਗੂ ਬਿਕਰਮ ਸਿੰਘ ਮਜੀਠੀਆ ਦੀ ਝੂਠੇ ਕੇਸ ਵਿਚ ਗ੍ਰਿਫਤਾਰੀ ਵਿਰੁੱਧ ਅਕਾਲੀ ਵਰਕਰਾਂ ਦੇ ਨਾਲ ਰਲ ਕੇ ਆਪਣੀ ਗ੍ਰਿਫਤਾਰੀ ਦਿੱਤੀ। ਉਹਨਾਂ ਕਿਹਾ ਕਿ ਇਹ ਕੇਸ ਹੋਰ ਕੁਝ ਨਹੀਂ ਬੱਸ ਕੇਜਰੀਵਾਲ ਦੀ ਪੰਜਾਬੀਆਂ ਖਿਲਾਫ ਨਫਰਤ ਦਾ ਪ੍ਰਤੀਕ ਹੈ ਤੇ ਇਹ ਉਹਨਾਂ ਦੀ ਪੰਜਾਬੀ ਨੂੰ ਲੁੱਟਣ ਦੀ ਲਾਲਸਾ ਦਾ ਝਲਕਾਰਾ ਹੈ। ਅਕਾਲੀ ਦਲ ਦੇ ਪ੍ਰਧਾਨ ਨੂੰ ਗੁਰਦੁਆਰਾ ਅੰਬ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਪੰਜਾਬ ਪੁਲਿਸ ਦੀਆਂ ਟੁਕੜੀਆਂ ਨੇ ਰੋਕਿਆ, ਜਿੱਥੇ ਉਹਨਾਂ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਗ੍ਰਿਫਤਾਰ ਕਰਨ ਵਿਰੁੱਧ ਅਕਾਲੀਆਂ ਦੇ ਇਕੱਠ ਨੂੰ ਸੰਬੋਧਨ ਕਰਨਾ ਸੀ। ਵੱਡੀ ਗਿਣਤੀ ਵਿਚ ਸ਼ਾਂਤਮਈ ਅਕਾਲੀ ਵਰਕਰਾਂ ਨੂੰ ਭਾਰੀ ਪੁਲਿਸ ਫੋਰਸ ਨੇ ਹਿਰਾਸਤ ਵਿਚ ਲੈ ਲਿਆ ਤੇ ਉਹਨਾਂ ਨੂੰ ਗੁਰਦੁਆਰਾ ਅੰਬ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਰੋਕਿਆ ਅਤੇ ਗੁਰਦੁਆਰਾ ਸਾਹਿਬ ਵਿਚ ਇਕੱਠ ਕਰਨ ਤੋਂ ਵੀ ਰੋਕਿਆ। ਬਾਦਲ ਨੇ ਕਿਹਾ ਕਿ ਆਪ ਸਰਕਾਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਇੰਨਾ ਡਰ ਸਤਾ ਰਿਹਾ ਹੈ ਕਿ ਇਸ ਨੇ ਅਕਾਲੀ ਵਰਕਰਾਂ ਖਿਲਾਫ ਸੂਬੇ ਭਰ ਵਿਚ ਨਜ਼ਰਬੰਦੀ ਤੇ ਘਰ ਵਿਚ ਕੈਦ ਕਰਨ ਦੀ ਮੁਹਿੰਮ ਚਲਾਈ, ਜਿਸ ਤਹਿਤ ਹਜ਼ਾਰਾਂ ਅਕਾਲੀ ਆਗੂਆਂ ਨੂੰ ਉਹਨਾਂ ਦੀ ਰਿਹਾਇਸ਼ 'ਤੇ ਹੀ ਕੈਦ ਕਰ ਲਿਆ ਗਿਆ। ਮਾਝਾ ਤੋਂ ਅਕਾਲੀ ਆਗੂਆਂ ਨੂੰ ਬਿਆਸ ਦਾ ਪੁੱਲ ਪਾਰ ਕਰਨ ਵੇਲੇ 'ਤੇ ਨਾਕਿਆਂ 'ਤੇ ਰੋਕ ਲਿਆ ਗਿਆ ਤੇ ਉਹਨਾਂ ਨੂੰ ਮੁਹਾਲੀ ਆਉਣ ਤੋਂ ਰੋਕਿਆ ਗਿਆ। ਉਹਨਾਂ ਕਿਹਾ ਕਿ ਪੰਜਾਬ ਵਿਚ ਜੋ ਕੁਝ ਵੀ ਵਾਪਰ ਰਿਹਾ ਹੈ, ਉਹ ਗੈਰ ਪੰਜਾਬੀ ਅਰਵਿੰਦ ਕੇਜਰੀਵਾਲ ਦੇ ਹੁਕਮਾਂ 'ਤੇ ਵਾਪਰ ਰਿਹਾ ਹੈ। ਉਹਨਾਂ ਕਿਹਾ ਕਿ ਪੁਲਿਸ ਕੇਸ ਸਿਰਫ ਮੁਖੌਟਾ ਹਨ। ਉਹਨਾਂ ਕਿਹਾ ਕਿ ਅਸਲ ਵਿਚ ਕੇਜਰੀਵਾਲ ਪੰਜਾਬੀਆਂ ਨਾਲ ਨਫਰਤ ਕਰਦੇ ਹਨ। ਉਹਨਾਂ ਕਿਹਾ ਕਿ ਅਸੀਂ ਸਿੱਖਾਂ, ਪੰਜਾਬੀਆਂ ਤੇ ਅਕਾਲੀਆਂ ਵਜੋਂ ਇਹ ਚੁਣੌਤੀ ਸਵੀਕਾਰ ਕਰਦੇ ਹਾਂ। ਅਸੀਂ ਦਿੱਲੀ ਦੇ ਫਿਰਕੂ ਲੋਕਾਂ ਵੱਲੋਂ ਪੰਜਾਬ 'ਤੇ ਹੁਕਮ ਚਲਾਉਣ ਦੀ ਆਗਿਆ ਨਹੀਂ ਦੇਵਾਂਗੇ। ਉਹਨਾਂ ਕਿਹਾ ਕਿ ਕੇਜਰੀਵਾਲ ਤੇ ਉਹਨਾਂ ਦੇ ਗਿਰੋਹ ਨੇ ਆਪਣੇ ਤਾਨਾਸ਼ਾਹੀ ਰੰਗ ਵਿਖਾਏ ਹਨ, ਤੇ ਐਮਰਜੰਸੀ ਦੇ ਮਾੜੇ ਦਿਨ ਚੇਤੇ ਕਰਵਾ ਦਿੱਤੇ ਹਨ। ਉਹਨਾਂ ਕਿਹਾ ਕਿ ਐਮਰਜੰਸੀ ਵੇਲੇ ਵਾਂਗੂ ਹੁਣ ਵੀ ਪੰਜਾਬੀ ਤੇ ਖਾਸ ਤੌਰ 'ਤੇ ਅਕਾਲੀ ਨਿਸ਼ਾਨੇ 'ਤੇ ਹਨ। ਬਾਦਲ ਨੇ ਹੋਰ ਕਿਹਾ ਕਿ ਕੇਜਰੀਵਾਲ ਹੁਣ ਦਮਨਕਾਰੀ ਨੀਤੀ ਤਿਆਗਣੀ ਪੈ ਰਹੀ ਹੈ। ਕਿਉਂਕਿ ਉਸਦੀ ਪੰਜਾਬ ਦੀ ਲੁੱਟ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਦੀ ਨੀਤੀ ਮੂਧੇ ਮੂੰਹ ਡਿੱਗ ਰਹੀ ਹੈ। ਉਹਨਾਂ ਕਿਹਾ ਕਿ ਇਹ ਅਲੋਕਪ੍ਰਿਅ ਤੇ ਜੜ੍ਹਾਂ ਵਿਹੂਣਾ ਨੇਤਾ ਦਮਨਕਾਰੀ ਤੇ ਸਿਆਸੀ ਬਦਲਾਖੋਰੀ ਦੀਆਂ ਨੀਤੀਆਂ ਅਪਣਾ ਰਿਹਾ ਹੈ। ਉਹਨਾਂ ਨੇ ਸ਼ਾਂਤਮਈ ਅਕਾਲੀਆਂ 'ਤੇ ਪੁਲਿਸ ਜ਼ਬਰ ਨੂੰ ਐਮਰਜੰਸੀ ਨਾਲੋਂ ਤੇ ਜੈਤੋਂ ਦੇ ਮੋਰਚੇ ਨਾਲੋਂ ਵੀ ਮਾੜਾ ਕਰਾਰ ਦਿੰਦਿਆਂ ਕਿਹਾ ਕਿ ਉਸ ਵੇਲੇ ਵੀ ਸਿੱਖਾਂ ਨੂੰ ਗੁਰਧਾਮਾਂ ਦੇ ਦਰਸ਼ਨਾਂ ਤੋਂ ਨਹੀਂ ਰੋਕਿਆ ਗਿਆ ਸੀ, ਜਿਵੇਂ ਅੱਜ ਅਕਾਲੀ ਵਰਕਰਾਂ ਤੇ ਉਹਨਾਂ ਨੂੰ ਗੁਰਦੁਆਰਾ ਅੰਬ ਸਾਹਿਬ ਦੇ ਦਰਸ਼ਨਾਂ ਤੋਂ ਰੋਕਿਆ ਗਿਆ ਹੈ। ਬਾਦਲ ਨੇ ਕਿਹਾ ਕਿ ਮੈਂ ਨਿੱਜੀ ਤੌਰ 'ਤੇ ਆਪਣੇ ਖਿਲਾਫ ਦਮਨਕਾਰੀ ਨੀਤੀ ਦੀ ਪਰਵਾਹ ਨਹੀਂ ਕਰਦਾ। ਕਿਉਂਕਿ ਦਮਨ ਖਿਲਾਫ ਲੜਨਾ ਮੇਰੇ ਖੂਨ ਵਿਚ ਹੈ। ਪਰ ਮੈਂ ਸਰਕਾਰ ਨੂੰ ਸ਼ਾਂਤਮਈ ਅਕਾਲੀ ਵਰਕਰਾਂ ਖਿਲਾਫ ਦਮਨਕਾਰੀ ਨੀਤੀਆਂ ਅਪਣਾਉਣ ਖਿਲਾਫ ਚੇਤਾਵਨੀ ਦਿੰਦਾ ਹਾਂ। ਬਾਦਲ ਨੇ ਅੱਜ ਦੇ ਘਟਨਾਕ੍ਰਮ ਨੂੰ ਲੋਕਤੰਤਰ ਦਾ ਚਿੱਟੇ ਦਿਨ ਕਤਲ ਕਰਾਰ ਦਿੱਤਾ ਅਤੇ ਪੁੱਛਿਆ ਕਿ ਅੱਜ ਮਨੁੱਖੀ ਅਧਿਕਾਰਾਂ ਦੇ ਰਾਖੇ ਕਿੱਥੇ ਹਨ ? ਉਹਨਾਂ ਕਿਹਾ ਕਿ ਉਹ ਗੈਰ ਪੰਜਾਬੀਆਂ ਵੱਲੋਂ ਚਲਾਈ ਜਾ ਰਹੀ ਇਸ ਸਰਕਾਰ ਵੱਲੋਂ ਪੰਜਾਬੀਆਂ ਨੂੰ ਦਿੱਤੀ ਚੁਣੌਤੀ ਨੂੰ ਪ੍ਰਵਾਨ ਕਰਦੇ ਹਨ ਅਤੇ ਅਸੀਂ ਇਸ ਲੜਾਈ ਨੂੰ ਨਤੀਜੇ ਤੱਕ ਲੈ ਕੇ ਜਾਵਾਂਗੇ। ਉਹਨਾਂ ਕਿਹਾ ਕਿ ਅਕਾਲੀ ਦਲ ਨਾ ਸਿਰਫ ਸੂਬੇ ਦੇ ਸਰੋਤਾਂ ਦੇ ਲੁੱਟ ਦਾ ਵਿਰੋਧ ਕਰੇਗਾ ਬਲਕਿ ਸਾਡੇ ਲੋਕ ਆਪ ਦੇ ਇਸ ਤਾਨਾਸ਼ਾਹੀ ਰਵੱਈਏ ਦਾ ਵੀ ਵਿਰੋਧ ਕਰਨਗੇ, ਜਿਸ ਕਾਰਨ ਪੰਜਾਬ ਕੰਗਾਲ ਹੋ ਗਿਆ ਹੈ ਅਤੇ ਸੂਬੇ ਵਿਚ ਸਾਰੇ ਵਿਕਾਸ ਕਾਰਜ ਠੱਪ ਹੋ ਗਏ ਹਨ। ਬਾਦਲ ਨੇ ਕਿਹਾ ਕਿ ਅਜਿਹੇ ਤਾਨਾਸ਼ਾਹੀ ਹੁਕਮਾਂ ਦਾ ਠੋਕਵਾਂ ਵਿਰੋਧ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਅਸੀਂ ਪੰਜਾਬੀਆਂ ਨੂੰ ਅਪੀਲ ਕਰਦੇ ਹਾਂ ਕਿ ਪੰਜਾਬ ਨੂੰ ਆਮ ਆਦਮੀ ਪਾਰਟੀ ਦੇ ਚੁੰਗਲ ਵਿੱਚੋਂ ਬਚਾਉਣ ਵਾਸਤੇ ਇਕਜੁੱਟ ਹੋਣ ਦੀ ਜ਼ਰੂਰਤ ਹੈ। ਬਾਦਲ ਨੇ ਮੁੜ ਦੁਹਰਾਇਆ ਕਿ ਇਸ ਸਰਕਾਰ ਦੀ ਲੁੱਟ, ਕੁਸ਼ਾਸ਼ਨ ਤੇ ਬਦਲਾਖੋਰੀ ਦੇ ਖਿਲਾਫ ਉਹਨਾਂ ਦੀ ਪਾਰਟੀ ਦੀ ਮੁਹਿੰਮ ਤੇਜ਼ ਹੋਵੇਗੀ। ਆਪ ਸਰਕਾਰ ਵੱਲੋਂ 40 ਹਜ਼ਾਰ ਏਕੜ ਜ਼ਮੀਨ 'ਤੇ ਕਬਜ਼ਾ ਕਰਨ ਖਿਲਾਫ 15 ਜੁਲਾਈ ਤੋਂ ਮੁਹਿੰਮ 15 ਜੁਲਾਈ ਤੋਂ ਲੁਧਿਆਣਾ ਤੋਂ ਸ਼ੁਰੂ ਕੀਤੀ ਜਾਵੇਗੀ।

## ਹਾਈ ਕੋਰਟ ਵੱਲੋਂ ਮੁਲਜ਼ਮ ਨੀਲਮ ਆਜ਼ਾਦ ਤੇ ਮਹੇਸ਼

ਮੁਚੱਲਕਾ ਤੇ ਇੰਨੀ ਹੀ ਰਕਮ ਦੀਆਂ ਦੋ ਜ਼ਾਮਨੀਆਂ ਭਰਨ ਲਈ ਕਿਹਾ ਹੈ। ਜੱਜ ਨੇ ਦੋਵਾਂ ਨੂੰ ਕਿਸੇ ਵੀ ਮੀਡੀਆ ਆਊਟਲੈੱਟ ਨੂੰ ਇੰਟਰਵਿਊ ਦੇਣ ਜਾਂ ਇਸ ਘਟਨਾ ਬਾਰੇ ਸੋਸ਼ਲ ਮੀਡੀਆ 'ਤੇ ਕਿਸੇ ਤਰ੍ਹਾਂ ਦੀ ਪੋਸਟ ਪਾਉਣ ਤੋਂ ਵਰਜਿਆ ਹੈ। ਮੁਲਜ਼ਮਾਂ ਨੇ ਜ਼ਮਾਨਤ ਅਰਜ਼ੀ ਰੱਦ ਕਰਨ ਦੇ ਟਰਾਇਲ ਕੋਰਟ ਦੇ ਹੁਕਮਾਂ ਨੂੰ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ।ਸੰਸਦ 'ਤੇ 2001 ਵਿਚ ਹੋਏ ਦਹਿਸ਼ਤੀ ਹਮਲੇ ਦੀ ਬਰਸੀ ਮੌਕੇ ਇੱਕ ਵੱਡੀ ਸੁਰੱਖਿਆ ਉਲੰਘਣਾ ਵਿੱਚ ਮੁਲਜ਼ਮ ਸਾਗਰ ਸ਼ਰਮਾ ਅਤੇ ਮਨੋਰੰਜਨ ਡੀ ਨੇ ਸਿਫ਼ਰ ਕਾਲ ਦੌਰਾਨ ਜਨਤਕ ਗੈਲਰੀ ਤੋਂ ਲੋਕ ਸਭਾ ਚੈਂਬਰ ਵਿੱਚ ਕਥਿਤ ਤੌਰ 'ਤੇ ਛਾਲ ਮਾਰ ਦਿੱਤੀ। ਉਨ੍ਹਾਂ ਕੁਝ ਸੰਸਦ ਮੈਂਬਰਾਂ ਵੱਲੋਂ ਕਾਬੂ ਕੀਤੇ ਜਾਣ ਤੋਂ ਪਹਿਲਾਂ ਕੈਨਿਸਟਰਾਂ ਤੋਂ ਪੀਲੀ ਗੈਸ ਛੱਡੀ ਅਤੇ ਨਾਅਰੇਬਾਜ਼ੀ ਵੀ ਕੀਤੀ। ਠੀਕ ਉਸੇ ਵੇਲੇ ਦੋ ਹੋਰ ਮੁਲਜ਼ਮਾਂ- ਅਮੋਲ ਸ਼ਿੰਦੇ ਅਤੇ ਆਜ਼ਾਦ- ਨੇ ਸੰਸਦੀ ਕੰਪਲੈਕਸ ਦੇ ਬਾਹਰ 'ਤਾਨਾਸ਼ਾਹੀ ਨਹੀਂ ਚਲੇਗੀ' ਦੇ ਨਾਅਰੇ ਲਗਾਉਂਦੇ ਹੋਏ ਡੱਬਿਆਂ ਤੋਂ ਰੰਗਦਾਰ ਧੂੰਆਂ ਛੱਡਿਆ ਸੀ।

## ਢੱਡਰੀਆਂਵਾਲੇ ਨਾਲ ਜੁੜੇ ਮਾਮਲੇ 'ਚ ਹਾਈ ਕੋਰਟ

ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਸਨ। ਅਦਾਲਤ ਨੇ ਇਹ ਵੀ ਕਿਹਾ ਸੀ ਕਿ ਜੇਕਰ ਮੈਜਿਸਟ੍ਰੇਟ ਜਾਂਚ ਰਿਪੋਰਟ ਤੋਂ ਸੰਤੁਸ਼ਟ ਨਹੀਂ ਹੈ, ਤਾਂ ਇਸ ਨੂੰ ਹਾਈ ਕੋਰਟ ਨੂੰ ਭੇਜਿਆ ਜਾਵੇ। ਹੁਣ ਮੈਜਿਸਟ੍ਰੇਟ ਨੇ ਪੰਜਾਬ ਪੁਲਿਸ ਦੀ ਕਲੋਜ਼ਰ ਰਿਪੋਰਟ ਨਾਲ ਅਸਹਿਮਤੀ ਜਤਾਈ ਅਤੇ ਇਸਨੂੰ ਹਾਈ ਕੋਰਟ ਨੂੰ ਭੇਜ ਦਿੱਤਾ। ਅੱਜ ਹੋਈ ਸੁਣਵਾਈ ਵਿੱਚ, ਹਾਈ ਕੋਰਟ ਨੇ ਪਟੀਸ਼ਨਕਰਤਾ ਦੇ ਵਕੀਲ ਅਤੇ ਪੰਜਾਬ ਸਰਕਾਰ ਨੂੰ ਅਗਲੀ ਸੁਣਵਾਈ ਵਿੱਚ ਇਸ ਰਿਪੋਰਟ 'ਤੇ ਆਪਣਾ ਪੱਖ ਪੇਸ਼ ਕਰਨ ਦੇ ਹੁਕਮ ਦਿੱਤੇ। ਮਾਮਲੇ ਦੀ ਅਗਲੀ ਸੁਣਵਾਈ ਵਿੱਚ ਇਸ 'ਤੇ ਵਿਸਥਾਰਤ ਚਰਚਾ ਹੋਣ ਦੀ ਉਮੀਦ ਹੈ।

## 'ਆਪ' ਆਗੂ ਦੇ ਨਜਾਇਜ਼ ਕਬਜ਼ੇ 'ਤੇ

ਇਸ ਉੱਪਰ ਨਜਾਇਜ਼ ਕਬਜ਼ਾ ਸੀ ਅਤੇ ਉਨ੍ਹਾਂ ਕੁੱਝ ਸਮਾਂ ਪਹਿਲਾਂ ਇੱਥੇ ਆਮ ਆਦਮੀ ਪਾਰਟੀ ਦਾ ਦਫਤਰ ਵੀ ਬਣਾ ਲਿਆ ਸੀ। ਜਾਣਕਾਰੀ ਅਨੁਸਾਰ ਇਹ ਕਾਰਵਾਈ ਡਿਪਟੀ ਕਮਿਸ਼ਨਰ ਪੂਨਮਦੀਪ ਕੌਰ ਦੇ ਹੁਕਮਾਂ 'ਤੇ ਕੀਤੀ ਗਈ ਹੈ। ਦੱਸਣ ਯੋਗ ਹੈ ਕਿ ਸ਼ਾਹੀ ਹੋਟਲ ਅਤੇ ਹਵੇਲੀ ਦੇ ਮਾਲਕਾਂ ਵੱਲੋਂ ਇੱਥੇ ਇੱਕ ਕਲੋਨੀ ਵੀ ਕੱਟੀ ਗਈ ਸੀ। ਕਲੋਨੀ ਵਸਨੀਕਾਂ ਨੇ ਗਰੀਨ ਟ੍ਰਿਬਿਊਨਲ ਕੋਲ ਲਿਖਤੀ ਸ਼ਿਕਾਇਤ ਕੀਤੀ ਸੀ ਕਿ ਕਲੋਨੀ ਦੇ ਡਿਵੈਲਪਰਾ ਵੱਲੋਂ ਗ੍ਰੀਨ ਜ਼ੋਨ ਅਤੇ ਆਮ ਲੋਕਾਂ ਲਈ ਛੱਡੀ ਥਾਂ ਉੱਪਰ ਨਜਾਇਜ਼ ਕਬਜ਼ਾ ਕੀਤਾ ਗਿਆ ਹੈ, ਜਿਸ ਤੋਂ ਬਾਅਦ ਇਹ ਕਾਨੂੰਨੀ ਕਾਰਵਾਈ ਲੱਗਭੱਗ 10 ਸਾਲ ਚੱਲੀ ਹੈ। ਇਸ ਸਬੰਧੀ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ 'ਆਪ' ਆਗੂ ਦਾ ਨਜਾਇਜ਼ ਕਬਜ਼ਾ ਛੁਡਾਉਣ ਦੀ ਕਾਰਵਾਈ ਕਾਨੂੰਨ ਮੁਤਾਬਿਕ ਹੋ ਰਹੀ ਹੈ ਅਤੇ ਇਸ ਵਿੱਚ ਕਿਸੇ ਤਰ੍ਹਾਂ ਦੀ ਸਿਆਸੀ ਦਖ਼ਲ ਅੰਦਾਜ਼ੀ ਨਹੀਂ ਹੈ।

## ਅਮਰਨਾਥ ਯਾਤਰਾ ਲਈ 5892 ਸ਼ਰਧਾਲੂਆਂ ਦਾ

38 ਦਿਨਾ ਯਾਤਰਾ 3 ਜੁਲਾਈ ਨੂੰ ਘਾਟੀ ਤੋਂ ਦੋ ਰੂਟਾਂ ਰਾਹੀਂ ਸ਼ੁਰੂ ਹੋਵੇਗੀ। ਪਹਿਲਾ ਰੂਟ ਅਨੰਤਨਾਗ ਜ਼ਿਲ੍ਹੇ ਵਿੱਚ ਰਵਾਇਤੀ ਨੂਨਵਾਨ-ਪਹਿਲਗਾਮ ਰਸਤਾ ਹੈ, ਜੋ 48 ਕਿਲੋਮੀਟਰ ਲੰਮਾ ਹੈ ਜਦੋਂਕਿ ਦੂਜਾ ਗੰਦਰਬਲ ਜ਼ਿਲ੍ਹੇ ਵਿਚਲਾ ਬਾਲਟਾਲ ਰੂਟ ਹੈ, ਜੋ ਪਹਿਲੇ ਰੂਟ ਦੇ ਮੁਕਾਬਲੇ 14 ਕਿਲੋਮੀਟਰ ਛੋਟਾ ਹੈ।ਅਧਿਕਾਰੀਆਂ ਨੇ ਦੱਸਿਆ ਕਿ ਸਾਲਾਨਾ ਅਮਰਨਾਥ ਯਾਤਰਾ ਵਿੱਚ ਸ਼ਾਮਲ ਹੋਣ ਲਈ 5,892 ਸ਼ਰਧਾਲੂਆਂ ਦਾ ਪਹਿਲਾ ਜਥਾ ਸਵੇਰੇ 4.30 ਵਜੇ ਬੇਸ ਕੈਂਪ ਤੋਂ ਰਵਾਨਾ ਹੋਇਆ। ਪਹਿਲੇ ਜਥੇ ਵਿਚ 1,115 ਮਹਿਲਾਵਾਂ, 31 ਬੱਚੇ ਅਤੇ 16 ਟ੍ਰਾਂਸਜੈਂਡਰ ਸ਼ਾਮਲ ਹਨ। ਯਾਤਰਾ 9 ਅਗਸਤ ਨੂੰ ਸਮਾਪਤ ਹੋਵੇਗੀ। ਅਧਿਕਾਰੀਆਂ ਨੇ ਦੱਸਿਆ ਕਿ ਇਸ ਸਾਲ ਦੀ ਅਮਰਨਾਥ ਯਾਤਰਾ ਲਈ ਹੁਣ ਤੱਕ 3.31 ਲੱਖ ਤੋਂ ਵੱਧ ਸ਼ਰਧਾਲੂਆਂ ਨੇ ਰਜਿਸਟ੍ਰੇਸ਼ਨ ਕਰਵਾਈ ਹੈ।

ਅਧਿਕਾਰੀਆਂ ਨੇ ਦੱਸਿਆ ਕਿ ਉੱਚ-ਸੁਰੱਖਿਆ ਵਾਲੇ ਭਗਵਤੀ ਨਗਰ ਬੇਸ ਕੈਂਪ 'ਤੇ ਪਹੁੰਚਣ ਮਗਰੋਂ ਉਪ-ਰਾਜਪਾਲ ਨੇ ਪੂਜਾ ਕੀਤੀ ਅਤੇ ਬਾਅਦ ਵਿੱਚ ਕਸ਼ਮੀਰ ਦੇ ਜੁੜਵੇਂ ਬੇਸ ਕੈਂਪਾਂ ਲਈ ਯਾਤਰਾ ਨੂੰ ਹਰੀ ਝੰਡੀ ਦਿਖਾਈ। ਝੰਡੀ ਦਿਖਾਉਣ ਦੀ ਰਸਮ ਦੌਰਾਨ ਸਿਨਹਾ ਨਾਲ ਸਥਾਨਕ ਵਿਧਾਇਕ, ਉੱਚ ਅਧਿਕਾਰੀ ਅਤੇ ਵੱਖ-ਵੱਖ ਧਾਰਮਿਕ ਸੰਗਠਨਾਂ ਦੇ ਮੁਖੀ ਵੀ ਸਨ।

## ਅਰੋੜਾ ਨੇ ਰਾਜ ਸਭਾ ਤੋਂ ਦਿੱਤਾ ਅਸਤੀਫ਼ਾ

ਇਕੱਠੇ ਮੈਂਬਰਸ਼ਿਪ 'ਤੇ ਰੋਕ ਲਗਾਉਂਦੇ ਹਨ। ਲਗਾਤਾਰ ਤਿੰਨ ਸਾਲਾਂ ਤੱਕ ਉਚ ਸਦਨ ਵਿਚ ਸੇਵਾ ਦੇਣ ਵਾਲੇ ਅਰੋੜਾ ਨੇ ਆਪਣੇ ਕਾਰਜਕਾਲ ਦੌਰਾਨ ਪੰਜਾਬ ਦੇ ਲੋਕਾਂ, ਸਾਥੀ ਸਾਂਸਦਾਂ ਤੇ ਰਾਜ ਸਭਾ ਦੇ ਚੇਅਰਮੈਨ ਦੇ ਸਮਰਥਨ ਤੇ ਸਹਿਯੋਗ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਅਰੋੜਾ ਨੇ ਤਿਆਗ ਪੱਤਰ ਵਿਚ ਕਿਹਾ ਰਾਜ ਸਭਾ ਦੇ ਮੈਂਬਰ ਵਜੋਂ ਸੇਵਾ ਕਰਨਾ ਤੇ ਰਾਸ਼ਟਰੀ ਪੱਧਰ 'ਤੇ ਕਾਨੂੰਨੀ ਪ੍ਰਕਿਰਿਆ ਵਿਚ ਯੋਗਦਾਨ ਦੇਣਾ ਮੇਰੇ ਲਈ ਸਨਮਾਨ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਚੇਅਰਮੈਨ, ਸਾਥੀ ਮੈਂਬਰਾਂ ਤੇ ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਪ੍ਰਤੀ ਦਿਖਾਏ ਗਏ ਵਿਸ਼ਵਾਸ ਤੇ ਸਮਰਥਨ ਦਾ ਧੰਨਵਾਦੀ ਹਾਂ। ਅਰੋੜਾ ਨੇ 10 ਅਪ੍ਰੈਲ, 2022 ਨੂੰ ਰਾਜ ਸਭਾ ਵਿਚ ਅਹੁਦਾ ਸੰਭਾਲਿਆ ਸੀ। ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਦੀ 80 ਫੀਸਦੀ ਹਾਜ਼ਰੀ ਬਣਾਏ ਰੱਖੀ। ਉਨ੍ਹਾਂ ਨੇ 82 ਬਹਿਸਾਂ ਵਿਚ ਹਿੱਸਾ ਲਿਆ ਜੋ ਰਾਸ਼ਟਰੀ (79.8) ਤੇ ਸੂਬਾ (44.6) ਦੋਵੇਂ ਔਸਤ ਤੋਂ ਵੱਧ ਹਨ। ਅਰੋੜਾ ਨੇ 3 ਸਾਲ ਵਿਚ 229 ਸਵਾਲ ਵੀ ਚੁੱਕੇ। ਇਸੇ ਦੌਰਾਨ ਰਾਜ ਸਭਾ ਦੇ ਸਭਾਪਤੀ ਨੇ ਟਵਿਟਰ 'ਤੇ ਇਕ ਪੋਸਟ ਰਾਹੀਂ ਅਰੋੜਾ ਦੇ ਅਸਤੀਫੇ ਨੂੰ ਸਵੀਕਾਰ ਕੀਤੇ ਜਾਣ ਦੀ ਪੁਸ਼ਟੀ ਕੀਤੀ ਹੈ।

## ਅੰਤ੍ਰਿੰਗ ਕਮੇਟੀ ਦੀ ਇੱਕਤਰਤਾ 'ਚ ਗਿ. ਰਘਬੀਰ

ਦੇਖਦੇ ਹੋਏ ਇਹਨਾਂ ਪਾਸੋਂ ਧਰਮ ਪ੍ਰਚਾਰ ਕਮੇਟੀ ਵਿਖੇ ਆਉਣ ਵਾਲੀਆਂ ਸ਼ਤਾਬਦੀਆਂ ਅਤੇ ਧਰਮ ਪ੍ਰਚਾਰ ਲਹਿਰ ਨੂੰ ਹੋਰ ਪ੍ਰਚੰਡ ਕਰਨ ਵਿਚ ਸੇਵਾਵਾਂ ਲੈਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ ਆਪਣੇ ਮੁਜਾਲਮ ਪਾਸੋਂ ਸਰਵਿਸ ਰੂਲਜ਼ ਮੁਤਾਮਿਕ ਯੋਗਤਾ ਅਨੁਸਾਰ ਸੇਵਾਵਾਂ ਲੈ ਸਕਦੀ ਹੈ। ਕਈ ਗ੍ਰੰਥੀ, ਪ੍ਰਚਾਰਕ, ਰਾਗੀ ਸਿੰਘ ਆਦਿ ਧਾਰਮਿਕ ਸੇਵਾਵਾਂ ਤੋਂ ਦਫਤਰੀ ਸੇਵਾਵਾਂ ਆਪਣੀ ਮੰਗ ਅਨੁਸਾਰ ਬਦਲ ਚੁੱਕੇ ਹਨ, ਇਨ੍ਹਾਂ ਨੂੰ ਬਰਾਬਰ ਜਾਂ ਇਕ ਗ੍ਰੇਡ ਘੱਟ ਕਰਦਿਆ ਕੰਮ ਸੌਂਪਿਆ ਜਾਂਦਾ ਹੈ। ਹੁਣ ਗਿਆਨੀ ਰਘਬੀਰ ਸਿੰਘ ਪਾਸੋਂ ਸਰਵਿਸ ਰੂਲਜ਼ ਮੁਤਾਬਿਕ ਬਦਲਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਜ਼ਿਕਰਯੋਗ ਹੈ ਕਿ ਕਿਤੇ ਨਾ ਕਿਤੇ ਧਰਮ ਦੀ ਆੜ ਵਿੱਚ ਸਿਆਸਤ ਖੇਡੀ ਜਾ ਰਹੀ ਹੈ, ਇਹ ਜੋ ਵਰਤਾਰਾ ਵਰਤ ਰਿਹਾ ਹੈ ਇਸ ਨਾਲ ਸਿੱਖ ਸੰਗਤ ਦੇ ਹਿਰਦਿਆਂ ਨੂੰ ਭਾਰੀ ਠੇਸ ਪੁੱਜੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਗਿਆਨੀ ਰਘਬੀਰ ਸਿੰਘ ਨੂੰ ਪਹਿਲਾਂ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਵਰਗੇ ਦੋ ਸਤਿਕਾਰਤ ਅਹੁਦੇ ਦੇਣੇ ਫਿਰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਅਹੁਦੇ ਤੋਂ ਹਟਾਉਣਾ 'ਤੇ ਹੁਣ ਹੈੱਡ ਗ੍ਰੰਥੀ ਦੇ ਅਹੁਦੇ ਤੋਂ ਹਟਾਣ ਦੀਆਂ ਤਿਆਰੀਆਂ ਕਰਨੀਆਂ। ਇਹ ਸਿੱਖ ਪੰਥ ਨਾਲ ਖਿਲਵਾੜ ਵੀ ਹੈ ਤੇ ਸਤਿਕਾਰਤ ਅਹੁਦਿਆਂ ਦੀ ਤੌਹੀਨ ਵੀ ਹੈ, ਜੋ ਕਿ ਸਰਾਸਰ ਸਿਆਸਤ ਤੋਂ ਪ੍ਰੇਰਿਤ ਹੈ। ਮਿਤੀ 2 ਦਸੰਬਰ 2024 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਇਹੋ ਜਿਹੇ ਕਿਹੜੇ ਫੈਸਲੇ ਕਰ ਦਿੱਤੇ ਗਏ, ਜਿਸ ਨਾਲ ਹਰ ਪਾਸੇ ਧਰਥੱਲੀ ਮਚੀ ਹੋਈ ਹੈ। ਕਦੀ ਸਿੰਘ ਸਾਹਿਬਾਨ ਨੂੰ ਹਟਾਇਆ ਜਾ ਰਿਹਾ ਹੈ, ਕਦੀ ਉਹਨਾਂ 'ਤੇ ਇਲਜ਼ਾਮ ਲਗਾਏ ਜਾ ਰਹੇ ਹਨ, ਕਦੀ ਉਹਨਾਂ ਨੂੰ ਮਾਨਸਿਕ ਤੌਰ 'ਤੇ ਪਰੇਸ਼ਾਨ ਕੀਤਾ ਜਾ ਰਿਹਾ, ਤੇ ਹੁਣ ਆਪਣੇ ਅਹੁਦੇ ਨੂੰ ਬਰਕਰਾਰ ਰੱਖਣ ਲਈ ਸਿੰਘ ਸਾਹਿਬਾਨ ਵੱਲੋਂ ਕੋਰਟ ਕੇਸ ਕੀਤਾ ਜਾ ਰਿਹਾ। ਇਹ ਜੋ ਵਰਤਾਰਾ ਵਰਤ ਰਿਹਾ ਹੈ ਇਸ ਨਾਲ ਸਿੱਖ ਸੰਗਤ ਖੁਸ਼ ਨਹੀਂ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਇਹ ਗੱਲ ਸਮਝਣੀ ਪਵੇਗੀ ਕਿ ਉਹ ਇਸ ਸਮੇਂ ਸਿੱਖਾਂ ਦੀ ਸਿਰਮੌਰ ਸੰਸਥਾ ਦੇ ਪ੍ਰਧਾਨ ਹਨ ਤੇ ਸਮੁੱਚੇ ਪ੍ਰਬੰਧ ਨੂੰ ਪ੍ਰੇਮ ਪਿਆਰ, ਇਤਫਾਕ ਨਾਲ ਚਲਾਉਣਾ ਉਹਨਾਂ ਦਾ ਫਰਜ ਹੈ। ਦੂਜੇ ਪਾਸੇ ਗਿਆਨੀ ਰਘਬੀਰ ਸਿੰਘ ਨੂੰ ਵੀ ਇਹ ਸਮਝਣਾ ਚਾਹੀਦਾ ਸੀ ਕਿ ਉਹ ਬਹੁਤ ਹੀ ਸਤਿਕਾਰ ਅਹੁਦੇ ਤੇ ਬਿਰਾਜਮਾਨ ਹਨ ਤੇ ਕੋਰਟ ਵਿੱਚ ਜਾਣਾ ਇਹ ਉਹਨਾਂ ਦੀ ਨੀਵੀ ਮਾਨਸਿਕਤਾ ਦਰਸਾਉਂਦੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਅਜੇ ਵੀ ਸਮਾਂ ਸੰਭਾਲਦਿਆਂ ਸਿੰਘ ਸਾਹਿਬਾਨ ਨਾਲ ਮੀਟਿੰਗ ਕਰਕੇ ਮਾਹੌਲ ਨੂੰ ਸੁਖਾਵਾਂ ਬਣਾਉਣਾ ਚਾਹੀਦਾ ਹੈ ਤਾਂ ਜੋ ਕੋਈ ਬਾਹਰੋਂ ਆ ਕੇ ਇਸ ਦ ਸਿਆਸੀ ਲਾਹਾ ਨਾ ਲੈ ਸਕੇ ਤੇ ਸਿੱਖ ਪੰਥ ਦੇ ਸਤਿਕਾਰਤ ਅਹੁਦਿਆਂ ਦੀ ਵੀ ਆਨ-ਸ਼ਾਨ ਬਣੀ ਰਹੇ।

## ਕਿਸਾਨਾਂ ਦੀ ਮਦਦ ਲਈ ਕੋਈ ਕਦਮ ਨਹੀਂ

ਸਪਲਾਈ ਰੋਕ ਦਿੱਤੀ ਹੈ।"ਗਾਂਧੀ ਨੇ ਲਿਖਿਆ, ਇਹ ਪਹਿਲੀ ਵਾਰ ਨਹੀਂ ਹੈ ਕਿ ਦੇਸ਼ ਭਰ 'ਚ ਕਿਸਾਨ ਡੀਏਪੀ ਤੇ ਯੂਰੀਆ ਵਰਗੀਆਂ ਜ਼ਰੂਰੀ ਖਾਦਾਂ ਦੀ ਤੋਟ ਨਾਲ ਜੂਝ ਰਹੇ ਹਨ ਅਤੇ ਵਿਸ਼ੇਸ਼ ਖਾਦਾਂ ਦਾ 'ਚੀਨੀ ਸੰਕਟ' ਚੀਨੀ ਸੰਕਟ ਸੰਕਟ ਦੇ ਖ਼ਤਰਾ ਪੈਦਾ ਹੋਣ ਲੱਗਾ ਹੈ।ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਕਿਹਾ, ਇਹ ਸਪਲਾਈ ਕਿਸੇ ਸਮੇਂ ਵੀ ਰੁਕਣ ਦਾ ਪਤਾ ਹੋਣ ਦੇ ਬਾਵਜੂਦ ਸਰਕਾਰ ਨੇ ਕੋਈ ਤਿਆਰੀ ਨਹੀਂ ਕੀਤੀ।

## ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਰਹੀ ਬੇਸਿੱਟਾ

ਸਿੰਘ, ਵਧੀਕ ਮੁੱਖ ਗ੍ਰੰਥੀ ਭਾਈ ਦਲੀਪ ਸਿੰਘ, ਮੀਤ ਗ੍ਰੰਥੀ ਭਾਈ ਅਮਰਜੀਤ ਸਿੰਘ ਤੇ ਭਾਈ ਪਰਸ਼ੂਰਾਮ ਸ਼ਾਮਲ ਹੋਏ ਤੇ ਦੋਵਾਂ ਤਖਤਾਂ ਦੇ ਵਿਚਕਾਰ ਪਿਛਲੇ ਦਿਨੀ ਪੈਦਾ ਹੋਏ ਵਿਵਾਦ ਦਾ ਹੱਲ ਕਰਨ ਲਈ ਅੱਜ ਦੀ ਇਕੱਤਰਤਾ ਰੱਖੀ ਗਈ, ਜੋ ਕਿ ਬੇਸਿੱਟਾ ਰਹੀ।

ਦਸਣਯੋਗ ਹੈ ਕਿ 21 ਮਈ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਅਤੇ ਵਧੀਕ ਮੁੱਖ ਗ੍ਰੰਥੀ ਗਿਆਨੀ ਗੁਰਦਿਆਲ ਸਿੰਘ ਨੂੰ 6 ਦਸੰਬਰ 2022 ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਆਦੇਸ਼ਾਂ ਦੀ ਹੁਕਮ ਅਦੂਲੀ ਕਰਨ ਦੇ ਮੱਦੇਨਜ਼ਰ ਇਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋ ਕੇ ਆਪਣਾ ਪੱਖ ਰੱਖਣ ਦਾ ਆਦੇਸ਼ ਕਰਦਿਆ, ਉਦੋਂ ਤੱਕ ਇਨ੍ਹਾਂ ਦੋਵਾਂ ਦੀਆਂ ਪੰਥਕ ਸੇਵਾਵਾਂ ਉੱਤੇ ਰੋਕ ਲਗਾਈ ਸੀ। ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨੂੰ ਪ੍ਰਧਾਨ ਸਮੇਤ ਸਮੂਹ ਅਹੁਦੇਦਾਰਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਉੱਤੇ ਪੇਸ਼ ਹੋ ਕੇ ਆਪਣਾ ਪੱਖ ਸਪੱਸ਼ਟ ਕਰਨ ਦਾ ਸਖਤ ਆਦੇਸ਼ ਜਾਰੀ ਕੀਤਾ ਸੀ। ਜਿਸ ਤੋਂ ਤੁਰੰਤ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਨੂੰ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਵੱਲੋਂ ਪੰਥ 'ਚ ਛੇਕਣ ਦਾ ਆਦੇਸ਼ ਜਾਰੀ ਕਰਦਿਆ ਸੁਖਬੀਰ ਸਿੰਘ ਬਾਦਲ ਨੂੰ ਇਸ ਮਾਮਲੇ ਵਿਚ ਦਖਲ ਦੇਣ ਦੇ ਸ਼ੱਕ ਹੋਣ 'ਤੇ 10 ਦਿਨਾਂ ਅੰਦਰ ਪਟਨਾ ਸਾਹਿਬ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਦਾ ਆਦੇਸ਼ ਕੀਤਾ ਸੀ। ਜਿਸ ਤੋਂ ਬਾਅਦ ਦੋ ਵਾਰ ਸਮਾਂ ਦੇਣ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪਟਨਾ ਸਾਹਿਬ ਦੇ ਪੰਜ ਸਿੰਘ ਸਾਹਿਬਾਨ ਨਾਲ ਗੱਲਬਾਤ ਤੋਂ ਬਾਅਦ ਇਹ ਸਮਾਂ 14 ਜੂਨ ਨੂੰ 20 ਦਿਨ ਲਈ ਵਧਾ ਦਿੱਤਾ ਸੀ, ਜੋ ਅੱਜ 3 ਜੁਲਾਈ ਨੂੰ ਖਤਮ ਹੋ ਰਿਹਾ ਹੈ ਅਤੇ ਇਹ ਮਾਮਲਾ ਕਿਸੇ ਪਾਸੇ ਹੱਲ ਹੁੰਦਾ ਨਜ਼ਰ ਨਹੀਂ ਆਉਂਦਾ। ਜੇਕਰ ਮਸਲਾ ਜਲਦ ਹੱਲ ਨਾ ਹੋਇਆ ਤਾਂ ਦੋਹਾਂ ਤਖਤ ਸਾਹਿਬਾਨ ਦੇ ਸਿੰਘ ਸਾਹਿਬਾਨ ਅਤੇ ਪ੍ਰਬੰਧਕ ਕਮੇਟੀਆਂ ਵਿਚ ਆਪਸੀ ਦੂਰੀਆਂ ਹੋਰ ਵੱਧ ਸਕਦੀਆਂ ਹਨ।

ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ 20 ਜੂਨ 2024 ਨੂੰ ਪੱਤਰ ਜਾਰੀ ਕਰਕੇ 15 ਦਿਨਾਂ ਦੇ ਅੰਦਰ-ਅੰਦਰ ਚੀਫ਼ ਖਾਲਸਾ ਦੀਵਾਨ ਦੇ ਅਹੁਦੇਦਾਰਾਂ ਨੂੰ ਚੀਫ ਖਾਲਸਾ ਦੀਵਾਨ ਦੇ ਸੰਵਿਧਾਨ ਦੀ ਉਲੰਘਣਾ ਕਰਨ ਦੇ ਦੋਸ਼ ਵਜੋਂ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਚੀਫ ਖਾਲਸਾ ਦੀਵਾਨ ਸਬੰਧੀ ਪੁੱਛੇ ਸਵਾਲਾਂ ਦੇ ਜਵਾਬ ਵਿੱਚ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅਜੇ ਸਮਾਂ ਨਹੀਂ ਪੂਰੀ ਹੋਇਆ, ਉਸ ਤੋਂ ਬਾਅਦ ਦੇਖਿਆ ਜਾਵੇਗਾ। ਪਰ ਇਥੇ ਦੱਸਣਯੋਗ ਹੈ ਕਿ ਚੀਫ਼ ਖਾਲਸਾ ਦੀਵਾਨ ਨੇ ਤਾਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ 'ਤੇ ਹੀ ਉਹਨਾਂ ਦੇ ਖਿਲਾਫ ਇਤਰਾਜ ਜਿਤਾਇਆ ਹੈ, ਕਿ ਨਿਯੁਕਤੀ ਪੰਥ ਪ੍ਰਵਾਣਿਤ ਨਹੀਂ ਹੈ। ਹੁਣ ਦੇਖਣਾ ਹੈ ਕਿ ਚੀਫ਼ ਖਾਲਸਾ ਦੀਵਾਨ ਦੇ ਅਹੁਦੇਦਾਰ ਜਥੇਦਾਰ ਗੜਗੱਜ ਵੱਲੋਂ ਦਿੱਤੇ ਸਮੇਂ ਵਿੱਚ ਹਾਜ਼ਰ ਹੁੰਦੇ ਹਨ ਜਾਂ ਨਹੀਂ।

## ਓਡੀਸ਼ਾ 'ਚ ਗ਼ੈਰਕਾਨੂੰਨੀ ਮੈਗਨੀਜ਼

ਖੇਤਰ ਦੇ ਅੰਦਰ ਸਥਿਤ ਇੱਕ ਖਾਨ ਵਿਚ ਤਿੰਨੇ ਵਿਅਕਤੀ ਗੈਰ-ਕਾਨੂੰਨੀ ਤੌਰ 'ਤੇ ਮੈਗਨੀਜ਼ ਕੱਢਣ ਦੌਰਾਨ ਹਾਦਸੇ ਦਾ ਸ਼ਿਕਾਰ ਹੋ ਗਏ। ਮ੍ਰਿਤਕਾਂ ਦੀ ਪਛਾਣ ਸੰਦੀਪ ਪੁਰਤੀ (32), ਕੰਡੇ ਮੁੰਡਾ (19) ਅਤੇ ਗੁਰੂ ਚੰਪੀਆ (18) ਵਜੋਂ ਹੋਈ ਹੈ।ਪੁਲਿਸ ਨੇ ਦੱਸਿਆ ਕਿ ਸਾਰੇ ਕਿਓਂਝਰ ਜ਼ਿਲ੍ਹੇ ਦੇ ਜੋੜਾ ਥਾਣਾ ਖੇਤਰ ਦੇ ਅਧੀਨ ਆਉਂਦੇ ਬਿਚਕੁੰਡੀ ਦੇ ਵਸਨੀਕ ਹਨ। ਕਿਓਂਝਰ ਜ਼ਿਲ੍ਹੇ ਵਿੱਚ ਭਾਰੀ ਮੀਂਹ ਦੌਰਾਨ ਛੇ ਘੰਟੇ ਚੱਲੇ ਬਚਾਅ ਕਾਰਜ ਤੋਂ ਬਾਅਦ ਲਾਸ਼ਾਂ ਬਰਾਮਦ ਕੀਤੀਆਂ ਗਈਆਂ।

# 'ਦਲਾਈ ਲਾਮਾ ਦੀ ਰਵਾਇਤ ਜਾਰੀ ਰਹੇਗੀ'

ਨਵੀਂ ਦਿੱਲੀ, 2 ਜੁਲਾਈ (ਚ.ਨ.ਸ.): ਤਿੱਬਤੀ ਭਾਈਚਾਰੇ ਲਈ ਇਕ ਵੱਡੀ ਖ਼ਬਰ ਵਿਚ 14ਵੇਂ ਦਲਾਈ ਲਾਮਾ ਤੇਨਜਿਨ ਗਿਆਤਸੋ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ 'ਦਲਾਈ ਲਾਮਾ ਦੀ ਰਵਾਇਤ (ਸੰਸਥਾ) ਜਾਰੀ ਰਹੇਗੀ।' ਉਨ੍ਹਾਂ ਆਪਣੇ ਉੱਤਰਾਧਿਕਾਰੀ ਭਾਵ ਨਵੇਂ ਦਲਾਈ ਲਾਮਾ ਦੀ ਚੋਣ ਦੇ ਅਮਲ ਵਿਚ ਚੀਨ ਦੀ ਕਿਸੇ ਤਰ੍ਹਾਂ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਗਡੇਨ ਫੋਡਰਾਂਗ ਟਰੱਸਟ ਕੋਲ ਭਵਿੱਖ ਦੇ ਉੱਤਰਾਧਿਕਾਰੀ ਨੂੰ ਮਾਨਤਾ ਦੇਣ ਦਾ ਇਕਲੌਤਾ ਅਧਿਕਾਰ ਹੈ। ਦਲਾਈ ਲਾਮਾ ਦੇ ਦਫ਼ਤਰ ਵੱਲੋਂ ਬੁੱਧਵਾਰ ਨੂੰ ਇੱਕ ਬਿਆਨ ਵਿੱਚ ਕਿਹਾ ਗਿਆ ਕਿ 'ਕਿਸੇ ਹੋਰ ਕੋਲ ਇਸ ਮਾਮਲੇ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ ਹੈ।' 14ਵੇਂ ਦਲਾਈ ਲਾਮਾ ਨੇ ਇੱਕ ਬਿਆਨ ਵਿੱਚ ਕਿਹਾ, "ਮੈਂ ਪੁਸ਼ਟੀ ਕਰਦਾ ਹਾਂ ਕਿ ਦਲਾਈ ਲਾਮਾ ਦੀ ਰਵਾਇਤ ਜਾਰੀ ਰਹੇਗੀ। ਦੁਨੀਆਂ ਭਰ ਦੇ ਵੱਖ-ਵੱਖ ਬੋਧੀ ਸੰਗਠਨਾਂ ਦੀ ਬੇਨਤੀ ਤੋਂ ਬਾਅਦ ਇਸ ਰਵਾਇਤ ਨੂੰ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ ਹੈ।"

ਦਲਾਈ ਲਾਮਾ ਨੇ ਕਿਹਾ ਕਿ ਉਨ੍ਹਾਂ ਨੇ ਪਿਛਲੇ 14 ਸਾਲਾਂ ਵਿੱਚ (ਸਤੰਬਰ 2011 ਤੋਂ) ਇਸ ਮੁੱਦੇ 'ਤੇ ਕੋਈ ਜਨਤਕ ਚਰਚਾ ਨਹੀਂ ਕੀਤੀ ਹੈ, ਪਰ ਉਨ੍ਹਾਂ ਨੂੰ ਤਿੱਬਤ ਅਤੇ ਦੁਨੀਆਂ ਭਰ ਦੇ ਤਿੱਬਤੀਆਂ ਤੋਂ ਵੱਖ-ਵੱਖ ਚੈਨਲਾਂ ਰਾਹੀਂ ਸੰਦੇਸ਼ ਮਿਲੇ ਹਨ, ਜਿਨ੍ਹਾਂ ਵਿੱਚ ਦਲਾਈ ਲਾਮਾ ਦੀ ਰਵਾਇਤ ਜਾਰੀ ਰੱਖਣ ਦੀ ਮੰਗ ਕੀਤੀ ਗਈ ਹੈ। ਦਲਾਈ ਲਾਮਾ ਨੇ ਇਹ ਐਲਾਨ ਅਜਿਹੇ ਮੌਕੇ ਕੀਤਾ ਹੈ ਜਦੋਂ ਦੁਨੀਆਂ ਭਰ ਦੇ ਬੋਧੀ ਵਿਦਵਾਨ ਅਤੇ ਭਿਕਸ਼ੂ ਅੱਜ ਤੋਂ ਸ਼ੁਰੂ ਹੋ ਰਹੇ ਤਿੰਨ ਦਿਨਾਂ ਸੰਮੇਲਨ ਲਈ ਹਿਮਾਚਲ ਪ੍ਰਦੇਸ਼ ਦੇ ਮੈਕਲੋਡਗੰਜ ਵਿਚ ਇਕੱਠੇ ਹੋਏ ਹਨ। ਦਲਾਈ ਲਾਮਾ ਦੀ ਰਵਾਇਤ ਜਾਰੀ ਰੱਖਣ ਦੇ ਭਵਿੱਖ ਬਾਰੇ ਫੈਸਲਾ ਉਦੋਂ ਲਿਆ ਜਾਂਦਾ ਹੈ। ਜਦੋਂ ਮੌਜੂਦਾ ਦਲਾਈ ਲਾਮਾ 90 ਸਾਲ ਦੀ ਉਮਰ ਦਾ ਹੋ ਜਾਂਦਾ ਹੈ। ਗ੍ਰੇਗੋਰੀਅਨ ਕੈਲੰਡਰ ਅਨੁਸਾਰ 14ਵੇਂ ਦਲਾਈ ਲਾਮਾ 6 ਜੁਲਾਈ ਨੂੰ 90 ਸਾਲ ਦੇ ਹੋ ਰਹੇ ਹਨ, ਹਾਲਾਂਕਿ ਤਿੱਬਤੀ ਕੈਲੰਡਰ ਮੁਤਾਬਕ ਉਹ 30 ਜੂਨ ਨੂੰ 90 ਸਾਲ ਦੇ ਹੋ ਗਏ ਹਨ।ਦਲਾਈ ਲਾਮਾ ਤੇਨਜਿਨ ਗਿਆਤਸੋ ਨੇ ਹਾਲਾਂਕਿ ਬੀਤੇ ਵਿਚ ਕਿਹਾ ਸੀ, "ਜਦੋਂ ਮੈਂ ਨੱਬੇ ਦੇ ਕਰੀਬ ਹੋਵਾਂਗਾ ਤਾਂ ਮੈਂ ਤਿੱਬਤੀ ਬੋਧੀ ਰਵਾਇਤਾਂ ਦੇ ਉੱਚ ਲਾਮਿਆਂ, ਤਿੱਬਤੀ ਅਵਾਮ ਅਤੇ ਹੋਰ ਸਬੰਧਤ ਲੋਕਾਂ ਨਾਲ ਸਲਾਹ-ਮਸ਼ਵਰਾ ਕਰਾਂਗਾ ਜੋ ਤਿੱਬਤੀ ਬੁੱਧ ਧਰਮ ਦਾ ਪਾਲਣ ਕਰਦੇ ਹਨ, ਤਾਂ ਜੋ ਇਹ ਮੁੜ ਮੁਲਾਂਕਣ ਕੀਤਾ ਜਾ ਸਕੇ ਕਿ ਦਲਾਈ ਲਾਮਾ ਦੀ ਰਵਾਇਤ ਨੂੰ ਜਾਰੀ ਰੱਖਣਾ ਚਾਹੀਦਾ ਹੈ ਜਾਂ ਨਹੀਂ।ਅਗਲੇ ਦਲਾਈ ਲਾਮਾ ਦੀ ਰਵਾਇਤ ਨੂੰ ਜਾਰੀ ਰੱਖਣ ਦੀ ਬੇਨਤੀ ਕਰਨ ਵਾਲਿਆਂ ਵਿੱਚ ਜਲਾਵਤਨੀ ਹੰਢਾ ਰਹੇ ਤਿੱਬਤੀ ਸੰਸਦ ਮੈਂਬਰਾਂ, ਵਿਸ਼ੇਸ਼ ਜਨਰਲ ਬਾਡੀ ਮੀਟਿੰਗ ਵਿੱਚ ਸ਼ਾਮਲ ਭਾਈਵਾਲਾਂ, ਕੇਂਦਰੀ ਤਿੱਬਤੀ ਪ੍ਰਸ਼ਾਸਨ ਦੇ ਮੈਂਬਰਾਂ, ਗੈਰ-ਸਰਕਾਰੀ ਸੰਗਠਨਾਂ, ਹਿਮਾਲੀਅਨ ਖੇਤਰ, ਮੰਗੋਲੀਆ, ਰੂਸੀ ਸੰਘ ਦੇ ਬੋਧੀ ਗਣਰਾਜਾਂ ਅਤੇ ਮੁੱਖ ਭੂਮੀ ਚੀਨ ਸਮੇਤ ਏਸ਼ੀਆ ਤੇ ਬੋਧੀਆਂ ਸ਼ਾਮਲ ਹਨ।

# ਭਾਰਤੀ ਫੁੱਟਬਾਲ ਟੀਮ ਦੇ ਮੁੱਖ ਕੋਚ ਨੇ ਅਹੁਦੇ ਤੋਂ ਦਿੱਤਾ ਅਸਤੀਫ਼ਾ

### ਏ.ਆਈ.ਐਫ.ਐਫ. ਦੀ ਕਾਰਜਕਾਰੀ ਕਮੇਟੀ ਨੇ ਬੈਠਕ 'ਚ ਮਾਰਕੇਜ਼ ਨੂੰ ਫਾਰਗ ਕਰਨ ਉੱਤੇ ਸਹਿਮਤੀ ਪ੍ਰਗਟਾਈ



ਨਵੀਂ ਦਿੱਲੀ, 2 ਜੁਲਾਈ (ਚ.ਨ.ਸ.): ਭਾਰਤੀ ਫੁੱਟਬਾਲ ਟੀਮ ਦੇ ਮੁੱਖ ਕੋਚ ਮਨੋਲੋ ਮਾਰਕੇਜ਼ ਨੇ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ (ਏ.ਆਈ.ਐੱਫ.ਐੱਫ.) ਨਾਲ ਆਪਸੀ ਸਮਝੌਤੇ ਤੋਂ ਬਾਅਦ ਬੁਧਵਾਰ ਨੂੰ ਅਪਣੇ ਅਹੁਦੇ ਤੋਂ ਅਸਤੀਫਾ ਦੇ ਦਿਤਾ।ਏ.ਆਈ.ਐਫ.ਐਫ. ਦੀ ਕਾਰਜਕਾਰੀ ਕਮੇਟੀ ਨੇ ਇੱਥੇ ਅਪਣੀ ਬੈਠਕ 'ਚ 56 ਸਾਲ ਦੇ ਮਾਰਕੇਜ਼ ਨੂੰ ਫਾਰਗ ਕਰਨ ਉੱਤੇ ਸਹਿਮਤੀ ਪ੍ਰਗਟਾਈ। ਕਿਉਂਕਿ ਉਨ੍ਹਾਂ ਨੇ ਅਜਿਹਾ ਕਰਨ ਦੀ ਇੱਛਾ ਜ਼ਾਹਰ ਕੀਤੀ ਸੀ। ਉਨ੍ਹਾਂ ਦੇ ਕਰਾਰ ਦਾ ਇਕ ਸਾਲ ਅਜੇ ਬਾਕੀ ਸੀ। ਏ.ਆਈ.ਐਫ.ਐਫ. ਦੇ ਉਪ ਸਕੱਤਰ ਜਨਰਲ ਕੇ ਸੱਤਿਆਨਾਰਾਇਣ ਨੇ ਕਿਹਾ ਕਿ ਫ਼ੈਡਰੇਸ਼ਨ ਜਲਦੀ ਹੀ ਮੁੱਖ ਕੋਚ ਦੇ ਅਹੁਦੇ ਲਈ ਇਸ਼ਤਿਹਾਰ ਦੇਵੇਗੀ।ਸਪੇਨ ਦੇ ਇਸ ਖਿਡਾਰੀ ਨੂੰ ਜੂਨ 2024 'ਚ ਦੋ ਸਾਲ ਦੇ ਕਾਰਜਕਾਲ ਲਈ ਮੁੱਖ ਕੋਚ ਨਿਯੁਕਤ ਕੀਤਾ ਗਿਆ ਸੀ। ਪਰ ਉਨ੍ਹਾਂ ਦਾ ਰੀਕਾਰਡ ਵਧੀਆ ਨਹੀਂ ਰਿਹਾ। ਉਨ੍ਹਾਂ ਨੇ ਪਿਛਲੇ ਸਾਲ ਦੋਹਰੀ ਭੂਮਿਕਾ ਨਿਭਾਈ ਸੀ ਕਿਉਂਕਿ ਉਹ 2024-25 ਸੀਜ਼ਨ ਵਿਚ ਇੰਡੀਅਨ ਸੁਪਰ ਲੀਗ ਦੀ ਟੀਮ ਐਫਸੀ ਗੋਆ ਦੇ ਮੁੱਖ ਕੋਚ ਵੀ ਸਨ। ਮਾਰਕੇਜ਼ ਦੀ ਅਗਵਾਈ 'ਚ ਭਾਰਤ ਨੇ ਅਪਣੇ ਪਿਛਲੇ ਅੱਠ ਮੈਚਾਂ ਵਿਚੋਂ ਸਿਰਫ ਇਕ ਜਿੱਤ ਦਰਜ ਕੀਤੀ ਹੈ, ਜੋ ਮਾਰਚ 'ਚ ਮਾਲਦੀਵ ਵਿਰੁੱਧ ਇਕਲੌਤੀ ਜਿੱਤ ਸੀ। ਇਹੀ ਨਹੀਂ ਭਾਰਤ ਨੂੰ 10 ਜੂਨ ਨੂੰ ਏ.ਐਫ.ਸੀ. ਏਸ਼ੀਆਈ ਕੱਪ ਕੁਆਲੀਫਾਇਰ ਦੇ ਵਿਦੇਸ਼ੀ ਮੈਚ ਵਿਚ ਹੇਠਲੀ ਰੈਂਕਿੰਗ ਵਾਲੇ ਹਾਂਗਕਾਂਗ ਤੋਂ 0-1 ਨਾਲ ਹਾਰ ਦਾ ਸਾਹਮਣਾ ਕਰਨਾ ਪਿਆ ਸੀ, ਜਿਸ ਨਾਲ ਦੇਸ਼ ਦੇ 2027 ਵਿਚ ਮਹਾਂਦੀਪ ਦੇ ਵਿਸ਼ਵ ਕੱਪ ਲਈ ਕੁਆਲੀਫਾਈ ਕਰਨ ਤੋਂ ਖੁੰਝਣ ਦਾ ਖਤਰਾ ਪੈਦਾ ਹੋ ਗਿਆ ਸੀ। ਇਸ ਸਾਲ ਭਾਰਤ ਨੇ ਹੁਣ ਤਕ ਚਾਰ ਮੈਚ ਖੇਡੇ ਹਨ, ਜਿਨ੍ਹਾਂ ਵਿਚੋਂ ਉਸ ਨੇ ਇਕ ਜਿੱਤਿਆ ਹੈ, ਇਕ ਡਰਾਅ ਕੀਤਾ ਹੈ ਅਤੇ ਦੋ ਹਾਰੇ ਹਨ। ਮਾੜੇ ਨਤੀਜਿਆਂ ਨੇ ਸਾਬਕਾ ਕਪਤਾਨ ਅਤੇ ਮਸ਼ਹੂਰ ਸਟ੍ਰਾਈਕਰ ਸੁਨੀਲ ਛੇਤਰੀ ਦੀ ਟੀਮ ਵਿਚ ਵਾਪਸੀ ਲਈ ਪ੍ਰੇਰਿਤ ਕੀਤਾ। ਪਰ ਇਸ ਨਾਲ ਟੀਮ ਦੀ ਕਿਸਮਤ ਵਿਚ ਸੁਧਾਰ ਨਹੀਂ ਹੋਇਆ। ਭਾਰਤ ਦਾ ਅਗਲਾ ਕੌਮਾਂਤਰੀ ਮੈਚ ਏਸ਼ੀਆਈ ਕੱਪ ਕੁਆਲੀਫਾਇਰ ਦੇ ਤੀਜੇ ਗੇੜ ਵਿਚ ਸਿੰਗਾਪੁਰ ਨਾਲ ਹੈ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਐਨ.ਏ.ਐਸ.-2024 ਵਿੱਚ ਪੰਜਾਬ ਵੱਲੋਂ ਸ਼ਾਨਦਾਰ ਪ੍ਰਦਰਸ਼ਨ : ਦੇਸ਼ ਭਰ ਵਿੱਚੋਂ ਰਿਹਾ ਮੋਹਰੀ

## ਸਰਕਾਰ ਵੱਲੋਂ ਮਿਆਰੀ ਸਿੱਖਿਆ ਲਈ ਕੀਤੀਆਂ ਪਹਿਲਕਦਮੀਆਂ ਦੇ ਆ ਰਹੇ ਹਨ ਸਾਕਾਰਤਮਕ ਨਤੀਜੇ : ਬੈਂਸ



ਚੰਡੀਗੜ੍ਹ, 2 ਜੁਲਾਈ, (ਚ.ਨ.ਸ.) : ਪੰਜਾਬ ਦੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਮਿਆਰੀ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਤਹਿਤ ਕੀਤੇ ਜਾ ਰਹੇ ਯਤਨਾਂ ਬਦੌਲਤ ਪੰਜਾਬ ਨੇ ਨੈਸ਼ਨਲ ਐਚੀਵਮੈਂਟ ਸਰਵੇ (ਐਨ.ਏ.ਐਸ.) 2024 ਵਿੱਚ ਸਭ ਤੋਂ ਬਿਹਤਰੀਨ ਪ੍ਰਦਰਸ਼ਨ ਕਰਦਿਆਂ ਸਿਖ਼ਰਲਾ ਸਥਾਨ ਹਾਸਲ ਕੀਤਾ ਹੈ।

ਐਨ.ਏ.ਐਸ. ਵਿਦਿਆਰਥੀਆਂ ਦੀਆਂ ਵਿਦਿਅਕ ਪ੍ਰਾਪਤੀਆਂ ਦਾ ਮੁਲਾਂਕਣ ਕਰਨ ਲਈ ਭਾਰਤ ਦਾ ਸਭ ਤੋਂ ਭਰੋਸੇਮੰਦ ਅਤੇ ਨਾਮੀ ਸਰਵੇਖਣ ਹੈ। ਇਸ ਵਿੱਚ ਸਮੁੱਚੇ ਸਿੱਖਿਆ ਨਤੀਜਿਆਂ ਦਾ ਮੁਲਾਂਕਣ ਕਰਨ ਲਈ ਤੀਜੀ, ਛੇਵੀਂ ਅਤੇ ਨੌਵੀਂ ਜਮਾਤ ਦੇ ਵਿਦਿਆਰਥੀਆਂ ਦੀ ਚੋਣ ਕੀਤੀ ਜਾਂਦੀ ਹੈ।

ਐਨ.ਏ.ਐਸ. (ਪਰਖ ਰਾਸ਼ਟਰੀ ਸਰਵੇਖਣ) ਵਿੱਚ ਪੰਜਾਬ ਦੀ ਪ੍ਰਭਾਵਸ਼ਾਲੀ ਰੈਂਕਿੰਗ 'ਤੇ ਖੁਸ਼ੀ ਪ੍ਰਗਟਾਉਂਦਿਆਂ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਨੇ ਤੀਜੀ ਜਮਾਤ ਦੀ ਰੈਂਕਿੰਗ ਵਿੱਚ 80 ਅੰਕਾਂ ਨਾਲ ਹਿਮਾਚਲ ਪ੍ਰਦੇਸ਼ (74) ਅਤੇ ਕੇਰਲਾ (73) ਨੂੰ ਪਛਾੜ ਕੇ ਪਹਿਲਾ ਸਥਾਨ ਹਾਸਲ ਕੀਤਾ ਹੈ।

ਐਨ.ਸੀ.ਈ.ਆਰ.ਟੀ. ਵੱਲੋਂ ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸਹਿਯੋਗ ਨਾਲ ਦਸੰਬਰ 2024 ਵਿੱਚ ਇਹ ਦੇਸ਼ ਵਿਆਪੀ ਸਰਵੇਖਣ ਕਰਵਾਇਆ ਗਿਆ ਤਾਂ ਜੋ ਸਿੱਖਣ ਦੇ ਨਤੀਜਿਆਂ ਦਾ ਮੁਲਾਂਕਣ ਕਰਨ ਅਤੇ ਅਗਲੇਰੇ ਸੁਧਾਰ ਵਾਲੇ ਖੇਤਰਾਂ ਦੀ ਪਛਾਣ ਕੀਤੀ ਜਾ ਸਕੇ, ਜਿਸ ਵਿੱਚ ਦੇਸ਼ ਭਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ।

ਸ. ਬੈਂਸ ਨੇ ਕਿਹਾ ਕਿ ਐਨ.ਏ.ਐਸ. 2024 ਵਿੱਚ ਪੰਜਾਬ ਦਾ ਸ਼ਾਨਦਾਰ ਪ੍ਰਦਰਸ਼ਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਅਤੇ ਵਿਦਿਆਰਥੀਆਂ ਦੇ ਸਿੱਖਣ ਦੇ ਨਤੀਜਿਆਂ ਨੂੰ ਬਿਹਤਰ ਬਣਾਉਣ ਪ੍ਰਤੀ ਸਮਰਪਣ ਨੂੰ ਦਰਸਾਉਂਦਾ ਹੈ। ਉਹਨਾਂ ਦੱਸਿਆ ਕਿ ਪੰਜਾਬ ਸਰਕਾਰ ਇਸ ਸਫ਼ਲਤਾ ਨੂੰ ਜਾਰੀ ਰੱਖੇਗੀ ਅਤੇ ਵਿਦਿਆਰਥੀਆਂ ਨੂੰ ਸਭ ਤੋਂ ਵਧੀਆ ਸਿੱਖਿਆ ਪ੍ਰਦਾਨ ਕਰਨ ਲਈ ਸਿੱਖਿਆ ਪ੍ਰਣਾਲੀ ਦੇ ਮਿਆਰਾਂ ਨੂੰ ਹੋਰ ਉੱਚਾ ਚੁੱਕਣ ਲਈ ਯਤਨ ਜਾਰੀ ਰੱਖੇਗੀ।

ਸਕੂਲ ਸਿੱਖਿਆ ਵਿਭਾਗ ਦੀਆਂ ਸ਼ਾਨਦਾਰ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਸਿੱਖਿਆ ਮੰਤਰੀ ਬੈਂਸ ਨੇ ਦੱਸਿਆ ਕਿ ਇਸ ਸਾਲ ਸਰਕਾਰੀ ਸਕੂਲਾਂ ਦੇ 845 ਵਿਦਿਆਰਥੀਆਂ ਨੇ ਪ੍ਰਭਾਵਸ਼ਾਲੀ ਮੁਕਾਬਲੇ ਵਾਲੀ ਰਾਸ਼ਟਰੀ ਯੋਗਤਾ-ਕਮ-ਦਾਖ਼ਲਾ ਪ੍ਰੀਖਿਆ (ਨੀਟ) ਵਿੱਚ ਕੁਆਲੀਫਾਈ ਕੀਤਾ ਜਦੋਂ ਕਿ 265 ਵਿਦਿਆਰਥੀਆਂ ਨੇ ਸਾਂਝੀ ਪ੍ਰਵੇਸ਼ ਪ੍ਰੀਖਿਆ (ਜੇ.ਈ.ਈ.) ਮੇਨਜ਼ ਸਫ਼ਲਤਾਪੂਰਵਕ ਪਾਸ ਕੀਤੀ, ਜੋ ਕਿ ਵਿਭਾਗ ਦੀ ਅਕਾਦਮਿਕ ਉੱਤਮਤਾ ਨੂੰ ਉਤਸ਼ਾਹਿਤ ਕਰਨ ਅਤੇ ਦੇਸ਼ ਦੀਆਂ ਸਭ ਤੋਂ ਚੁਣੌਤੀਪੂਰਨ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਨੂੰ ਉੱਤਮਤਾ ਪ੍ਰਾਪਤ ਕਰਨ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਦੱਸਣਯੋਗ ਹੈ ਕਿ ਪੰਜਾਬ ਸਰਕਾਰ ਲਈ ਸਿੱਖਿਆ ਸਭ ਤੋਂ ਤਰਜ਼ੀਹੀ ਖੇਤਰ ਹੈ।

# ਹੈਰੋਇਨ, ਆਈਸ ਡਰੱਗ, ਵਾਹਨ ਅਤੇ ਮੋਬਾਈਲ ਫ਼ੋਨ ਬਰਾਮਦ, 5 ਗ੍ਰਿਫ਼ਤਾਰ




ਫਿਰੋਜ਼ਪੁਰ, 2 ਜੁਲਾਈ, (ਤਿਵਾੜੀ) : ਫਿਰੋਜ਼ਪੁਰ ਜ਼ਿਲ੍ਹੇ ਵਿੱਚ ਨਸ਼ੇ ਵਿਰੁੱਧ ਜਾਰੀ ਮੁਹਿੰਮ ਤਹਿਤ ਪੁਲਿਸ ਨੇ ਵੱਡੀ ਸਫਲਤਾ ਹਾਸਲ ਕਰਦਿਆਂ ਵੱਖ-ਵੱਖ ਥਾਵਾਂ 'ਤੇ ਕਾਰਵਾਈ ਕਰਕੇ 5 ਆਰੋਪੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਐੱਸ.ਐੱਸ.ਪੀ. ਫਿਰੋਜ਼ਪੁਰ ਭੁਪਿੰਦਰ ਸਿੰਘ ਸਿੱਧੂ (ਪੀ.ਪੀ.ਐਸ) ਨੇ ਪ੍ਰੈੱਸ ਨੂੰ ਦਿੱਤੀ।

ਉਨ੍ਹਾਂ ਦੱਸਿਆ ਕਿ 391 ਟੀਮ, DSP (4) ਅਤੇ SP (4) ਦੀ ਨੇਤ੍ਰਤਾ ਹੇਠ ਗਠਿਤ ਵਿਸ਼ੇਸ਼ ਟੀਮ ਵੱਲੋਂ 2 ਨੌਜਵਾਨ ਆਰੋਪੀਆਂ ਕਰਣ ਉਰਫ਼ ਕਰਨ ਪਹਿਲਵਾਨ (19 ਸਾਲ) ਵਾਸੀ ਬਸਤੀ ਸ਼ੇਖਾਂ ਵਾਲੀ ਅਤੇ ਗੁਰਜੰਟ ਸਿੰਘ ਵਾਸੀ ਪਿੰਡ ਪੱਲਾ ਮੇਘਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਨ੍ਹਾਂ ਕੋਲੋਂ 1 ਕਿਲੋ 552 ਗ੍ਰਾਮ ਹੈਰੋਇਨ, ਇੱਕ ਮੋਟਰਸਾਈਕਲ ਅਤੇ 2 ਮੋਬਾਈਲ ਫੋਨ ਬਰਾਮਦ ਹੋਏ ਹਨ। ਕਰਣ ਦੇ ਖ਼ਿਲਾਫ਼ ਪਹਿਲਾਂ ਤੋਂ 4 ਕ੍ਰਿਮੀਨਲ ਮਾਮਲੇ ਦਰਜ ਹਨ।

ਇਸ ਦੇ ਇਲਾਵਾ, ਥਾਣਾ ਕੁੱਲਗੜ੍ਹੀ ਵਿਖੇ ਦਰਜ ਇੱਕ ਹੋਰ ਕੇਸ ਵਿੱਚ ਰਣਜੀਤ ਸਿੰਘ ਉਰਫ਼ ਟਿੱਡਾ ਵਾਸੀ ਪਿੰਡ ਸ਼ੇਰ ਖਾਂ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ 222 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ।

ਇੱਕ ਹੋਰ ਵੱਡੀ ਕਾਰਵਾਈ ਦੌਰਾਨ, BDPO ਦਫ਼ਤਰ ਮੱਖੂ ਕੋਲ ਨੈਸ਼ਨਲ ਹਾਈਵੇ 'ਤੇ ਇੱਕ ਸਵਿਫਟ ਕਾਰ ਦੀ ਤਲਾਸ਼ੀ ਦੌਰਾਨ 400 ਗ੍ਰਾਮ ਆਈਸ ਡਰੱਗ ਮਿਲੀ। ਪੁਲਿਸ ਨੇ ਕਾਰ ਸਵਾਰ ਦੋਸ਼ੀਆਂ ਭੁਵਨੇਸ਼ ਸਿੰਘ (30) ਅਤੇ ਧੇਰੀਆਂਵੀਰ ਸਿੰਘ (25) ਵਾਸੀ ਚੱਕ ਮੰਗਾ ਰਖਵਾਲਾ, ਜੰਮੂ-ਕਸ਼ਮੀਰ ਨੂੰ ਗ੍ਰਿਫ਼ਤਾਰ ਕੀਤਾ। ਇਨ੍ਹਾਂ ਕੋਲੋਂ ਸਵਿਫਟ ਕਾਰ ਅਤੇ 2 ਮੋਬਾਈਲ ਫੋਨ ਵੀ ਜ਼ਬਤ ਕੀਤੇ ਗਏ।

SSP ਭੁਪਿੰਦਰ ਸਿੰਘ ਨੇ ਕਿਹਾ ਕਿ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ਼ ਪੁਲਿਸ ਦੀ ਕਾਰਵਾਈ ਜਾਰੀ ਰਹੇਗੀ ਅਤੇ ਨਸ਼ਿਆਂ ਦੇ ਪੂਰੇ ਠੱਲ੍ਹ ਪਾਉਣ ਲਈ ਕੋਈ ਕਸਰ ਨਹੀਂ ਛੱਡੀ ਜਾਵੇਗੀ।

# ਮੋਹਿੰਦਰ ਭਗਤ ਵੱਲੋਂ ਬਾਗ਼ਬਾਨੀ ਖੇਤਰ ਦੀ ਪ੍ਰਗਤੀ ਦੀ ਸਮੀਖਿਆ

## ਨਵੀਨਤਮ ਤਕਨੀਕਾਂ ਅਤੇ ਯੋਜਨਾਵਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕਰਨ 'ਤੇ ਦਿੱਤਾ ਜ਼ੋਰ



ਚੰਡੀਗੜ੍ਹ, 2 ਜੁਲਾਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਕੇ ਅਤੇ ਕਿਸਾਨਾਂ ਦੀ ਆਮਦਨ ਵਾਧਾ ਕਰਕੇ ਬਾਗ਼ਬਾਨੀ ਖੇਤਰ ਦਾ ਵਿਸਥਾਰ ਕਰਨ ਅਤੇ ਸੂਬੇ ਦੀ ਖੇਤੀਬਾੜੀ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਲਗਾਤਾਰ ਯਤਨਸ਼ੀਲ ਹੈ। ਬਾਗਬਾਨੀ ਪਹਿਲਕਦਮੀਆਂ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ, ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਅੱਜ ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਵਿਖੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਸਮੀਖਿਆ ਮੀਟਿੰਗ ਕੀਤੀ।

ਮੀਟਿੰਗ ਦੌਰਾਨ ਬਾਗਬਾਨੀ ਨਿਰਦੇਸ਼ਕ ਸ਼ੈਲੇਂਦਰ ਕੌਰ ਨੇ ਮੰਤਰੀ ਨੂੰ ਬਾਗਬਾਨੀ ਨੂੰ ਉਤਸ਼ਾਹਿਤ ਕਰਨ ਅਤੇ ਕਿਸਾਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਲਾਗੂ ਕੀਤੀਆਂ ਵੱਖ-ਵੱਖ ਯੋਜਨਾਵਾਂ ਅਤੇ ਪਹਿਲਕਦਮੀਆਂ ਤੋਂ ਜਾਣੂ ਕਰਵਾਇਆ। ਉਨ੍ਹਾਂ ਨੇ ਫ਼ਸਲ ਉਤਪਾਦਕਤਾ ਨੂੰ ਹੋਰ ਬਿਹਤਰ ਬਣਾਉਣ, ਉੱਨਤ ਤਕਨਾਲੋਜੀਆਂ ਦੀ ਵਰਤੋਂ ਕਰਨ ਅਤੇ ਬਾਗਬਾਨੀ ਉਤਪਾਦਾਂ ਲਈ ਬਿਹਤਰ ਮਾਰਕੀਟ ਪਹੁੰਚ ਨੂੰ ਸੁਚਾਰੂ ਬਣਾਉਣ ਦੇ ਨਾਲ ਪ੍ਰੋਜੈਕਟਾਂ ਦੇ ਅਪਡੇਟਸ ਸਾਂਝੇ ਕੀਤੇ।

ਮੰਤਰੀ ਨੇ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਨੂੰ ਸਿਖਲਾਈ ਪ੍ਰੋਗਰਾਮਾਂ, ਜਾਗਰੂਕਤਾ ਕੈਂਪਾਂ ਅਤੇ ਡਿਜ਼ੀਟਲ ਪਲੇਟਫਾਰਮਾਂ ਰਾਹੀਂ ਨਵੀਨਤਮ ਤਕਨਾਲੋਜੀਆਂ, ਸਰਕਾਰੀ ਯੋਜਨਾਵਾਂ ਅਤੇ ਵਧੀਆ ਅਭਿਆਸਾਂ ਬਾਰੇ ਨਿਯਮਿਤ ਤੌਰ 'ਤੇ ਜਾਣੂੰ ਕਰਵਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਅੱਗੇ ਦੱਸਿਆ ਕਿ ਅਜਿਹੀ ਜਾਣਕਾਰੀ ਦੀ ਕਿਸਾਨਾਂ ਤੱਕ ਸਮੇਂ ਸਿਰ ਪਹੁੰਚ ਉਹਨਾਂ ਨੂੰ ਸਰਕਾਰੀ ਸਹਾਇਤਾ ਦਾ ਪੂਰਾ ਲਾਭ ਲੈਣ ਲਈ ਸਮਰੱਥ ਬਣਾਏਗੀ।

# ਧਾਲੀਵਾਲ ਨੇ ਕੇਂਦਰੀ ਮੰਤਰੀ ਸੀ.ਆਰ. ਪਾਟਿਲ ਨੂੰ ਅਜਨਾਲਾ ਵਿੱਚ ਰਾਵੀ ਕਾਰਨ ਹੜ੍ਹਾਂ ਦੇ ਨੁਕਸਾਨ ਅਤੇ ਸੁਰੱਖਿਆ ਚਿੰਤਾਵਾਂ ਨੂੰ ਦੂਰ ਕਰਨ ਲਈ ਫੰਡ ਦੇਣ ਦੀ ਕੀਤੀ ਬੇਨਤੀ



ਚੰਡੀਗੜ੍ਹ, 2 ਜੁਲਾਈ, (ਚ.ਨ.ਸ.) : ਐਨ.ਆਰ.ਆਈ. ਮਾਮਲਿਆਂ ਦੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਕੇਂਦਰੀ ਜਲ ਸ਼ਕਤੀ ਮੰਤਰੀ ਸੀ.ਆਰ. ਪਾਟਿਲ ਨਾਲ ਰਾਵੀ ਦਰਿਆ, ਜੋ ਕਿ ਪੰਜਾਬ ਦੇ ਅੰਮ੍ਰਿਤਸਰ ਦੇ ਅਜਨਾਲਾ ਜ਼ਿਲ੍ਹੇ ਵਿੱਚੋਂ ਵਗਦਾ ਹੈ ਅਤੇ ਪਾਕਿਸਤਾਨ ਨਾਲ ਅੰਤਰਰਾਸ਼ਟਰੀ ਸਰਹੱਦ ਬਣਾਉਂਦਾ ਹੈ, ਸਬੰਧੀ ਮਹੱਤਵਪੂਰਨ ਚਿੰਤਾ ਦੇ ਮਾਮਲੇ 'ਤੇ ਮੁਲਾਕਾਤ ਕੀਤੀ। ਉਨ੍ਹਾਂ ਨੇ ਪੰਜਾਬ ਸਰਕਾਰ ਨੂੰ ਲੋੜੀਂਦੇ ਫੰਡ ਦੇਣ ਦੀ ਬੇਨਤੀ ਕੀਤੀ। ਇਹ ਫੰਡ ਸਾਡੀ ਜ਼ਮੀਨ ਦੀ ਸੁਰੱਖਿਆ, ਸਾਡੇ ਸੁਰੱਖਿਆ ਬੁਨਿਆਦੀ ਢਾਂਚੇ ਦੀ ਰੱਖਿਆ ਅਤੇ ਇਸ ਸੰਵੇਦਨਸ਼ੀਲ ਸਰਹੱਦ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਦੇ ਵਧੇ ਹੋਏ ਜੋਖਮ ਨੂੰ ਰੋਕਣ ਲਈ ਲੋੜੀਂਦੇ ਪ੍ਰੋਜੈਕਟਾਂ ਨੂੰ ਲਾਗੂ ਕਰਨ ਲਈ ਮਹੱਤਵਪੂਰਨ ਹਨ।

ਭਾਰੀ ਹੜ੍ਹਾਂ ਦੇ ਸਮੇਂ ਦੌਰਾਨ, ਅਜਨਾਲਾ ਵਿੱਚ ਰਾਵੀ ਦੇ ਨਾਲ ਲੱਗਦੇ ਖੇਤਰਾਂ ਨੂੰ ਕਾਫ਼ੀ ਨੁਕਸਾਨ ਹੁੰਦਾ ਹੈ। ਇਸ ਵਿੱਚ ਨਾ ਸਿਰਫ਼ ਸਾਡੇ ਕਿਸਾਨਾਂ ਲਈ ਕੀਮਤੀ ਕਾਸ਼ਤਯੋਗ ਜ਼ਮੀਨ ਦਾ ਨੁਕਸਾਨ ਹੁੰਦਾ ਹੈ, ਸਗੋਂ ਮਹੱਤਵਪੂਰਨ ਫੌਜ ਅਤੇ ਬੀ.ਐਸ.ਐਫ. ਚੌਕੀਆਂ ਨੂੰ ਵੀ ਭਾਰੀ ਨੁਕਸਾਨ ਹੁੰਦਾ ਹੈ। ਇਹ ਨੁਕਸਾਨ ਸਾਡੀ ਰਾਸ਼ਟਰੀ ਸੁਰੱਖਿਆ ਅਤੇ ਸਾਡੀਆਂ ਸਰਹੱਦੀ ਸੁਰੱਖਿਆ ਬਲਾਂ ਦੀਆਂ ਸੰਚਾਲਨ ਸਮਰੱਥਾਵਾਂ ਨੂੰ ਸਿੱਧਾ ਪ੍ਰਭਾਵਿਤ ਕਰਦਾ ਹੈ। ਇਸ ਤੋਂ ਇਲਾਵਾ, ਇਨ੍ਹਾਂ ਸਰਹੱਦੀ ਇਲਾਕਿਆਂ ਵਿੱਚ ਹੜ੍ਹਾਂ ਕਾਰਨ ਹੋਣ ਵਾਲਾ ਵਿਘਨ ਬਦਕਿਸਮਤੀ ਨਾਲ ਨਸ਼ਿਆਂ ਦੀ ਤਸਕਰੀ ਦੀਆਂ ਸੰਭਾਵਨਾਵਾਂ ਨੂੰ ਵਧਾਉਂਦਾ ਹੈ, ਜੋ ਸਾਡੇ ਰਾਜ ਅਤੇ ਰਾਸ਼ਟਰ ਲਈ ਇੱਕ ਗੰਭੀਰ ਖ਼ਤਰਾ ਹੈ, ਧਾਲੀਵਾਲ ਨੇ ਕਿਹਾ।

ਧਾਲੀਵਾਲ ਨੇ ਕੇਂਦਰੀ ਮੰਤਰੀ ਨੂੰ ਅੱਗੇ ਦੱਸਿਆ ਕਿ ਇਨ੍ਹਾਂ ਮਹੱਤਵਪੂਰਨ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕੰਟਰੋਲ ਕਰਨ ਅਤੇ ਘਟਾਉਣ ਲਈ, ਇਹ ਜ਼ਰੂਰੀ ਹੈ ਕਿ ਅਸੀਂ ਨਦੀ ਦੇ ਇਸ ਹਿੱਸੇ ਦੇ ਨਾਲ-ਨਾਲ ਮਹੱਤਵਪੂਰਨ ਮਜ਼ਬੂਤੀ ਅਤੇ ਸੁਰੱਖਿਆ ਉਪਾਅ ਕਰੀਏ। ਇਸ ਵਿੱਚ ਮਜ਼ਬੂਤ ਹੜ੍ਹ ਨਿਯੰਤਰਣ ਬੁਨਿਆਦੀ ਢਾਂਚਾ ਅਤੇ ਸਰਹੱਦੀ ਸੁਰੱਖਿਆ ਸਥਾਪਨਾਵਾਂ ਨੂੰ ਮਜ਼ਬੂਤ ਕਰਨਾ ਸ਼ਾਮਲ ਹੋਵੇਗਾ।

# ਹਰਮੀਤ ਸਿੰਘ ਕਾਲਕਾ ਵੱਲੋਂ ਗਾਜ਼ੀਆਬਾਦ ਅਤੇ ਦਿੱਲੀ ਦੀ ਸੰਗਤ ਦਾ ਧੰਨਵਾਦ



ਨਵੀਂ ਦਿੱਲੀ, 2 ਜੁਲਾਈ, (ਅੰਮ੍ਰਿਤਪਾਲ ਸਿੰਘ) : 2025 ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੜ ਚੁਣੇ ਗਏ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਗਾਜ਼ੀਆਬਾਦ (ਉੱਤਰ ਪ੍ਰਦੇਸ਼) ਅਤੇ ਦਿੱਲੀ ਦੇ ਵੱਖ-ਵੱਖ ਇਲਾਕਿਆਂ ਤੋਂ ਆਈ ਸੰਗਤ ਵੱਲੋਂ ਮਿਲੀ ਇੱਜ਼ਤ ਅਤੇ ਪਿਆਰ ਲਈ ਦਿਲੋਂ ਧੰਨਵਾਦ ਪ੍ਰਗਟਾਇਆ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਤਿਕਾਰ ਸਿਰਫ਼ ਉਨ੍ਹਾਂ ਦੀ ਨਿੱਜੀ ਜਿੱਤ ਨਹੀਂ, ਸਗੋਂ ਪੰਥਕ ਸੇਵਾ ਵੱਲ ਇਕ ਵੱਧਦਾ ਹੋਇਆ ਭਰੋਸਾ ਹੈ।

ਸ. ਕਾਲਕਾ ਨੇ ਕਿਹਾ ਕਿ ਉਹ ਸੰਗਤ ਦੇ ਅਟੁੱਟ ਵਿਸ਼ਵਾਸ, ਪਿਆਰ ਅਤੇ ਆਸ਼ੀਰਵਾਦ ਲਈ ਹਮੇਸ਼ਾ ਕਰਜ਼ਦਾਰ ਰਹਾਂਗਾ। ਉਨਾਂ ਕਿਹਾ ਕਿ ਇਹ ਵਿਸ਼ਵਾਸ ਮੈਨੂੰ ਨਿਮਰਤਾ ਅਤੇ ਪੂਰੇ ਸਮਰਪਣ ਨਾਲ ਸੇਵਾ ਜਾਰੀ ਰੱਖਣ ਲਈ ਹੌਸਲਾ ਦਿੰਦਾ ਹੈ। ਉਨਾਂ ਕਿਹਾ ਕਿ ਉਹ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਲੇਟਫਾਰਮ ਰਾਹੀਂ ਸਾਨੂੰ ਸਿੱਖ ਕੌਮ ਅਤੇ ਸਮੁੱਚੀ ਮਨੁੱਖਤਾ ਦੀ ਨਿਸ਼ਕਾਮ ਸੇਵਾ ਕਰਨ ਦਾ ਅਵਸਰ ਮਿਲ ਰਿਹਾ ਹੈ, ਜਿਸ ਨੂੰ ਮੈਂ ਆਪਣੀ ਸਭ ਤੋਂ ਵੱਡੀ ਜ਼ਿੰਮੇਵਾਰੀ ਮੰਨਦਾ ਹਾਂ।

ਉਨ੍ਹਾਂ ਨੇ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਾਹੀਂ ਸਿੱਖ ਸਿੱਖਿਆਚਾਰ, ਧਾਰਮਿਕ ਪਰੰਪਰਾਵਾਂ ਅਤੇ ਸਮਾਜਿਕ ਭਲਾਈ ਲਈ ਜੋ ਯਤਨ ਕੀਤੇ ਜਾ ਰਹੇ ਹਨ, ਉਹ ਸੰਗਤ ਦੀ ਸਹਿਯੋਗ ਨਾਲ ਹੋਰ ਵਧਾਏ ਜਾਣਗੇ।

# ਚੰਡੀਗੜ੍ਹ ਪ੍ਰਸ਼ਾਸਨ ਨੇ ਮਨੀਮਾਜਰਾ ਖੇਤਰ ਵਿੱਚ ਗੈਰ-ਕਾਨੂੰਨੀ ਕਬਜ਼ੇ ਹਟਾਉਣ ਲਈ ਚਲਾਈ ਮੁਹਿੰਮ




ਚੰਡੀਗੜ੍ਹ, 2 ਜੁਲਾਈ, (ਹਰਦੀਪ ਕੌਰ) : ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਮਨੀਮਾਜਰਾ ਖੇਤਰ ਵਿੱਚ ਗੈਰ-ਕਾਨੂੰਨੀ ਕਬਜ਼ੇ ਹਟਾਉਣ ਲਈ ਇੱਕ ਸਫ਼ਲ ਕਬਜ਼ਾ ਵਿਰੋਧੀ ਮੁਹਿੰਮ ਚਲਾਈ। ਇਸ ਮੁਹਿੰਮ ਦਾ ਉਦੇਸ਼ ਸਾਲਾਂ ਤੋਂ ਗੈਰ-ਕਾਨੂੰਨੀ ਤੌਰ 'ਤੇ ਕਬਜ਼ੇ ਵਾਲੀ ਸਰਕਾਰੀ ਜ਼ਮੀਨ ਨੂੰ ਮੁੜ ਪ੍ਰਾਪਤ ਕਰਨਾ ਸੀ। ਇਹ ਮੁਹਿੰਮ ਸਥਾਨਕ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਉਪ-ਮੰਡਲ ਮੈਜਿਸਟ੍ਰੇਟ (ਪੂਰਬ) ਦੀ ਨਿਕਟ ਨਿਗਰਾਨੀ ਵਿੱਚ ਚਲਾਈ ਗਈ ਸੀ।

ਇਹ ਜ਼ਿਕਰਯੋਗ ਹੈ ਕਿ ਲਗਭਗ 38 ਏਕੜ ਦੇ ਖੇਤਰ ਵਿੱਚ ਫੈਲੀ ਇਸ ਜ਼ਮੀਨ ਨੂੰ ਚੰਡੀਗੜ੍ਹ ਪ੍ਰਸ਼ਾਸਨ ਨੇ ਸਾਲ 1998 ਵਿੱਚ ਜਨਤਕ ਵਰਤੋਂ ਲਈ ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤਾ ਸੀ। ਸਮੇਂ ਦੇ ਨਾਲ, ਇਸ ਜ਼ਮੀਨ ਦੇ ਲੱਗਭੱਗ 1.5 ਏਕੜ ਖੇਤਰ 'ਤੇ ਕਬਜ਼ਾ ਕੀਤਾ ਗਿਆ ਸੀ ਅਤੇ ਅਣਅਧਿਕਾਰਤ ਉਸਾਰੀਆਂ ਕੀਤੀਆਂ ਗਈਆਂ ਸਨ, ਜੋ ਕਿ ਪ੍ਰਚਲਿਤ ਕਾਨੂੰਨਾਂ ਅਤੇ ਨਿਯਮਾਂ ਦੀ ਉਲੰਘਣਾ ਸਨ।

ਉੱਚਿਤ ਪ੍ਰਕਿਰਿਆ ਦਾ ਪਾਲਨ ਕਰਦੇ ਹੋਏ – ਜਿਸ ਵਿੱਚ ਕਾਨੂੰਨੀ ਨੋਟਿਸ ਜਾਰੀ ਕਰਨਾ ਅਤੇ ਸਵੈ-ਇੱਛਾ ਨਾਲ ਕਬਜ਼ਾ ਖਾਲੀ ਕਰਨ ਦੇ ਲਈ ਲੋੜੀਂਦਾ ਸਮਾਂ ਦੇਣਾ ਸ਼ਾਮਲ ਸੀ – ਪ੍ਰਸ਼ਾਸਨ ਨੇ ਢਾਹੁਣ ਦੀ ਮੁਹਿੰਮ ਨੂੰ ਅੱਗੇ ਵਧਾਇਆ। ਇਸ ਮੁਹਿੰਮ ਦੌਰਾਨ ਕੁੱਲ ਦਸ ਗ਼ੈਰ-ਕਾਨੂੰਨੀ ਢਾਂਚਿਆਂ ਨੂੰ ਸਫ਼ਲਤਾਪੂਰਵਕ ਢਾਹ ਦਿੱਤਾ ਗਿਆ। ਇਹ ਮੁਹਿੰਮ ਸ਼ਾਂਤੀਪੂਰਵਕ ਅਤੇ ਸੁਚੱਜੇ ਢੰਗ ਨਾਲ ਸੰਪੰਨ ਹੋਈ। ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਮੌਕੇ 'ਤੇ ਲੋੜੀਂਦੀ ਪੁਲਿਸ ਫੋਰਸ ਤੈਨਾਤ ਕੀਤੀ ਗਈ ਸੀ।

ਇਹ ਕਾਰਵਾਈ ਪ੍ਰਸ਼ਾਸਨ ਦੇ ਸਰਕਾਰੀ ਜ਼ਮੀਨ ਨੂੰ ਗ਼ੈਰ-ਕਾਨੂੰਨੀ ਕਬਜ਼ਿਆਂ ਤੋਂ ਮੁਕਤ ਕਰਨ ਅਤੇ ਇਸ ਦੇ ਜਨਹਿਤਕਾਰੀ ਅਤੇ ਯੋਜਨਾਬੱਧ ਉਪਯੋਗ ਨੂੰ ਸੁਨਿਸ਼ਚਿਤ ਕਰਨ ਦੇ ਨਿਰੰਤਰ ਪ੍ਰਯਾਸਾਂ ਦਾ ਹਿੱਸਾ ਹੈ। ਸ਼ਹਿਰ ਦੀਆਂ ਪ੍ਰਵਾਨਿਤ ਵਿਕਾਸ ਯੋਜਨਾਵਾਂ ਦੇ ਅਨੁਸਾਰ ਮੁੜ ਪ੍ਰਾਪਤ ਕੀਤੀ ਗਈ ਜ਼ਮੀਨ ਨੂੰ ਹੁਣ ਜਨਤਕ ਉਪਯੋਗ ਹਿਤ ਬਹਾਲ ਕੀਤਾ ਜਾਵੇਗਾ।

ਚੰਡੀਗੜ੍ਹ ਪ੍ਰਸ਼ਾਸਨ ਗੈਰ-ਕਾਨੂੰਨੀ ਕਬਜ਼ਿਆਂ ਅਤੇ ਅਣਅਧਿਕਾਰਿਤ ਉਸਾਰੀਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਆਪਣੀ ਦ੍ਰਿੜ੍ਹ ਪ੍ਰਤੀਬੱਧਤਾ ਨੂੰ ਦੁਹਰਾਉਂਦਾ ਹੈ ਅਤੇ ਜਨਤਾ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਕਾਨੂੰਨੀ ਅਤੇ ਯੋਜਨਾਬੱਧ ਵਿਕਾਸ ਵਿੱਚ ਸਹਿਯੋਗ ਕਰਨ ਦੀ ਅਪੀਲ ਕਰਦਾ ਹੈ।

# ਸਿੱਖ ਰਹਿਤ ਮਰਿਯਾਦਾ ਦੀ ਪਾਲਣਾ ਨਾ ਕਰਨ ਵਾਲਿਆਂ ਨੂੰ ਜਥੇਦਾਰ ਨਿਯਮ ਕਮੇਟੀ ਤੋਂ ਹਟਾਇਆ ਜਾਵੇ : ਗਲੋਬਲ ਸਿੱਖ ਕੌਂਸਲ ਵੱਲੋਂ ਅਪੀਲ

ਚੰਡੀਗੜ੍ਹ, 2 ਜੁਲਾਈ, (ਹਰਦੀਪ ਕੌਰ) : ਆਲਮੀ ਪੱਧਰ ਦੀਆਂ ਵੱਖ-ਵੱਖ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਕਰ ਰਹੀ ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਲਈ ਸੇਵਾ ਨਿਯਮ ਬਣਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਵੱਲੋਂ ਹਾਲ ਹੀ ਵਿੱਚ ਬਣਾਈ ਗਈ 34 ਮੈਂਬਰੀ ਸਲਾਹਕਾਰ ਕਮੇਟੀ ਉੱਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਜਥੇਦਾਰ ਸਾਹਿਬਾਨ ਲਈ ਯੋਗਤਾਵਾਂ, ਜ਼ਿੰਮੇਵਾਰੀਆਂ, ਨਿਯੁਕਤੀ ਪ੍ਰਕਿਰਿਆ ਅਤੇ ਕਾਰਜਕਾਲ ਸੰਬੰਧੀ ਇੱਕ ਸਪੱਸ਼ਟ ਅਤੇ ਪਾਰਦਰਸ਼ੀ ਢਾਂਚਾ ਸਥਾਪਤ ਕਰਨ ਲਈ ਐਸਜੀਪੀਸੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕੌਂਸਲ ਨੇ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸਿੱਖ ਰਹਿਤ ਮਰਿਆਦਾ ਦੇ ਸਿਧਾਂਤ, ਗੁਰਮਤਿ-ਅਧਾਰਤ ਪਰੰਪਰਾਵਾਂ ਅਤੇ ਇੱਕ ਵਿਅਕਤੀ ਤੇ ਸਿਰਫ਼ ਇੱਕ ਹੀ ਅਹੁਦੇ 'ਤੇ ਰਹਿੰਦਿਆਂ ਪੰਥ ਦੀ ਸੇਵਾ ਨਿਭਾਉਣ ਵਾਲੇ ਪ੍ਰਗਟਾਏ ਜਨਤਕ ਭਰੋਸੇ ਦਾ ਵੀ ਸਵਾਗਤ ਕੀਤਾ ਹੈ।

ਐਸਜੀਪੀਸੀ ਪ੍ਰਧਾਨ ਨੂੰ ਭੇਜੇ ਇੱਕ ਪੱਤਰ ਵਿੱਚ ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਕੰਵਲਜੀਤ ਕੌਰ ਨੇ ਮੌਜੂਦਾ ਕਮੇਟੀ ਦੀ ਬਣਤਰ ਉੱਤੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਇਸ ਸਮੇਂ ਕਮੇਟੀ ਦੇ ਬਹੁਤੇ ਮੈਂਬਰ ਕਥਿਤ ਤੌਰ 'ਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨਹੀਂ ਕਰ ਰਹੇ ਅਤੇ ਮੂਲ ਸਿੱਖ ਸਿਧਾਂਤਾਂ ਦੇ ਉਲਟ ਕਰਮ-ਕਾਂਡਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਜੀਐਸਸੀ ਨੇ ਕਿਹਾ ਹੈ ਕਿ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨਾ ਕਰਨ ਵਾਲੇ ਜਾਂ ਆਪਣੇ ਡੇਰਿਆਂ, ਬੁੰਗਿਆਂ ਅਤੇ ਠਾਠਾਂ ਵਿੱਚ ਗੈਰ-ਸਿੱਖ ਪਿਰਤਾਂ ਨੂੰ ਉਤਸ਼ਾਹਿਤ ਕਰਨ ਵਾਲੇ ਵਿਅਕਤੀਆਂ ਨੂੰ ਇਸ ਕਮੇਟੀ ਵਿੱਚ ਸ਼ਾਮਲ ਕਰਨਾ ਨਿਯਮ ਬਣਾਉਣ ਸਬੰਧੀ ਪੂਰੀ ਪ੍ਰਕਿਰਿਆ ਦੀ ਪਵਿੱਤਰਤਾ ਅਤੇ ਭਰੋਸੇਯੋਗਤਾ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਸਕਦਾ ਹੈ। ਇਸ ਤੋਂ ਇਲਾਵਾ, ਕੌਂਸਲ ਨੇ ਨਿਰਾਸ਼ਾ ਪ੍ਰਗਟਾਈ ਕਿ ਵਿਸ਼ਵਵਿਆਪੀ ਸਿੱਖ ਭਾਈਚਾਰੇ ਦੇ ਪ੍ਰਸਿੱਧ ਵਿਦਵਾਨਾਂ ਅਤੇ ਨੁਮਾਇੰਦਿਆਂ ਨੂੰ ਇਸ ਮਹੱਤਵਪੂਰਨ ਕਮੇਟੀ ਤੋਂ ਪੂਰੀ ਤਰ੍ਹਾਂ ਬਾਹਰ ਕਰ ਦਿੱਤਾ ਗਿਆ ਹੈ। ਕੌਂਸਲ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਅਜਿਹਾ ਵਰਤਾਰਾ ਨਾ ਸਿਰਫ਼ ਖਾਲਸਾ ਪੰਥ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਦੂਰ ਕਰਦਾ ਹੈ ਬਲਕਿ ਸਮੂਹਿਕ ਪੰਥਕ ਸਲਾਹ-ਮਸ਼ਵਰੇ ਦੀ ਭਾਵਨਾ ਨੂੰ ਵੀ ਢਾਹ ਲਾਉਂਦਾ ਹੈ।

ਗਲੋਬਲ ਸਿੱਖ ਕੌਂਸਲ ਨੇ ਐਸਜੀਪੀਸੀ ਨੂੰ ਆਪਣੀ ਇਤਿਹਾਸਕ ਅਤੇ ਧਾਰਮਿਕ ਜ਼ਿੰਮੇਵਾਰੀ ਨੂੰ ਪੂਰੀ ਪਾਰਦਰਸ਼ਤਾ, ਪੰਥਕ ਅਖੰਡਤਾ ਅਤੇ ਸੁਹਿਰਦਤਾ ਨਾਲ ਨਿਭਾਉਣ ਦੀ ਵੀ ਅਪੀਲ ਕੀਤੀ। ਇਸ ਮਹੱਤਵਪੂਰਨ ਪਹਿਲਕਦਮੀ ਦਾ ਸਮਰਥਨ ਕਰਨ ਦੀ ਆਪਣੀ ਇੱਛਾ ਦੀ ਪੁਸ਼ਟੀ ਕਰਦਿਆਂ ਕੌਂਸਲ ਨੇ ਐਸਜੀਪੀਸੀ ਨੂੰ ਇੱਕ ਵਿਆਪਕ ਸਲਾਹਕਾਰੀ ਪਹੁੰਚ ਅਪਣਾਉਣ ਦੀ ਅਪੀਲ ਕੀਤੀ ਹੈ ਜੋ ਦੇਸ਼ਾਂ-ਵਿਦੇਸ਼ਾਂ ਵਿੱਚ ਵਸਦੀ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਦੀ ਤਰਜੁਮਾਨੀ ਕਰਦੀ ਹੋਵੇ। ਜੀ.ਐਸ.ਸੀ. ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪੰਥ ਲਈ ਗੁਰਮਤਿ ਦੇ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਇੱਕਜੁੱਟ ਹੋਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੈਤਿਕ ਅਧਿਕਾਰਾਂ ਨੂੰ ਮਜ਼ਬੂਤ ਕਰਨ ਦਾ ਵੇਲਾ ਹੈ।

# ਸੀ.ਜੀ.ਸੀ. ਝੰਜੇੜੀ ਵੱਲੋਂ ਲਾਇਨਜ਼ ਕਲੱਬ ਮੋਹਾਲੀ ਸੁਪਰੀਮ ਦਾ ਸਾਲ 2024-2025 ਦਾ ਸੋਵੀਨੀਅਰ ਲਾਂਚ

ਮੋਹਾਲੀ, 2 ਜੁਲਾਈ, (ਹਰਦੀਪ ਕੌਰ) : ਸੀਜੀਸੀ ਝੰਜੇੜੀ ਮੋਹਾਲੀ ਵੱਲੋਂ ਲਾਇਨਜ਼ ਕਲੱਬ ਮੋਹਾਲੀ ਸੁਪਰੀਮ ਦਾ ਸਾਲ 2024 – 2025 ਸੋਵੀਨੀਅਰ ਲਾਂਚ ਕੀਤਾ ਗਿਆ, ਇਸ ਵਿਸ਼ੇਸ਼ ਸੋਵੀਨੀਅਰ ਦਾ ਉਦਘਾਟਨ ਮਾਨਯੋਗ ਚੇਅਰਮੈਨ ਸ਼੍ਰੀ ਰਸ਼ਪਾਲ ਸਿੰਘ ਧਾਲੀਵਾਲ ਵੱਲੋਂ ਕੀਤਾ ਗਿਆ। ਤੁਹਾਨੂੰ ਦੱਸ ਦੇਈਏ ਕਿ ਐਲਸੀਐਮ ਸੁਪਰੀਮ (ਰਜਿਸਟਰਡ) ਦਾ ਸੰਸਥਾ ਹੈ, ਅਤੇ ਪਿਛਲੇ 5 ਸਾਲਾਂ ਤੋਂ ਹਰ ਸਾਲ ਕਲੱਬ ਦਾ ਸੋਵੀਨਰ ਪ੍ਰਕਾਸ਼ਿਤ ਕਰਦਾ ਆ ਰਿਹਾ ਹੈ, ਇਸ ਲੜੀ ਨੂੰ ਅੱਗੇ ਵਧਾਉਂਦੇ ਹੋਏ, ਇਸ ਵਾਰ ਦਾ ਸੋਵੀਨਰ ਸੀਜੀਸੀ ਝੰਜੇੜੀ ਦੁਆਰਾ ਸਾਲ 2024 – 2025 ਲਾਂਚ ਕੀਤਾ ਗਿਆ ਹੈ। ਇਸ ਮੌਕੇ 'ਤੇ ਐਲਸੀਐਮ ਸੁਪਰੀਮ, ਐਲਸੀਐਮ ਰੋਅਰ ਅਤੇ ਲਿਓ ਸੁਪਰੀਮ ਕਲੱਬ ਦੇ ਉੱਘੇ ਪਤਵੰਤੇ ਅਤੇ ਕਲੱਬ ਮੈਂਬਰ ਖਾਸ ਤੌਰ 'ਤੇ ਮੌਜੂਦ ਰਹੇ।

ਇਸ ਯਾਦਗਾਰੀ ਉਦਘਾਟਨ ਸਮਾਰੋਹ ਵਿੱਚ ਆਪਣੇ ਸੰਬੋਧਨ ਵਿੱਚ, ਮਾਨਯੋਗ ਚੇਅਰਮੈਨ ਸ਼੍ਰੀ ਰਸ਼ਪਾਲ ਸਿੰਘ ਧਾਲੀਵਾਲ ਨੇ ਐਲਸੀਐਮ ਸੁਪਰੀਮ ਦੇ ਸਮਾਜ ਭਲਾਈ ਕਾਰਜਾਂ ਦੇ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਅਜਿਹੀ ਸਮਾਜ ਸੇਵੀ ਸੰਸਥਾ ਨਾਲ ਜੁੜਨਾ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਜਿਕ ਕਾਰਜਾਂ ਨਾਲ ਜੁੜਨ ਨਾਲ ਹਰ ਵਿਅਕਤੀ ਨੂੰ ਆਤਮਿਕ ਸ਼ਾਂਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਹਰ ਵਿਅਕਤੀ ਨੂੰ ਆਪਣੇ ਜੀਵਨ ਵਿੱਚ ਲੋੜਵੰਦਾਂ ਦੀ ਸੰਭਵ ਤਰੀਕੇ ਨਾਲ ਮੱਦਦ ਕਰਨੀ ਚਾਹੀਦੀ ਹੈ। ਇਸ ਮੌਕੇ 'ਤੇ, ਚੇਅਰਮੇਨ ਸ਼੍ਰੀ ਰਸ਼ਪਾਲ ਸਿੰਘ ਧਾਲੀਵਾਲ ਨੂੰ ਐਲਸੀਐਮ ਸੁਪਰੀਮ ਦੇ ਮੈਂਬਰਾਂ ਨੇ ਇਸ ਵਿਸ਼ੇਸ਼ ਯੋਗਦਾਨ ਲਈ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੇ ਸੀਜੀਸੀ ਝੰਜੇੜੀ ਮੋਹਾਲੀ ਨੂੰ ਉਨ੍ਹਾਂ ਦੇ ਲੋਕ ਭਲਾਈ ਕਾਰਜਾਂ ਵਿੱਚ ਸਹਾਇਤਾ ਕਰਨ ਲਈ ਧੰਨਵਾਦ ਕੀਤਾ।

# ਬਾਬਾ ਬੁੱਢਾ ਸਾਹਿਬ ਦੇ ਵਾਰਿਸ ਹੈੱਡ ਗ੍ਰੰਥੀ ਨੂੰ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਕਰਨਾ ਅਤਿ ਮੰਦਭਾਗਾ : ਸ਼੍ਰੋਮਣੀ ਅਕਾਲੀ ਦਲ

ਚੰਡੀਗੜ੍ਹ, 2 ਜੁਲਾਈ, (ਅੰਮ੍ਰਿਤਪਾਲ ਸਿੰਘ/ਹਰਦੀਪ ਕੌਰ) : ਸ਼੍ਰੋਮਣੀ ਅਕਾਲੀ ਦਲ ਦੀ ਹਿਤੈਸ਼ੀ ਲੀਡਰਸ਼ਿਪ ਸਰਦਾਰ ਪ੍ਰੇਮ ਸਿੰਘ ਚੰਦੂਮਾਜਰਾ ਸਾਬਕਾ ਸਾਂਸਦ,ਗੋਬਿੰਦ ਸਿੰਘ ਲੌਂਗੋਵਾਲ,ਬਲਦੇਵ ਸਿੰਘ ਮਾਨ ਸਾਬਕਾ ਮੰਤਰੀ, ਜੱਥੇਦਾਰ ਸੁੱਚਾ ਸਿੰਘ ਛੋਟੇਪੁਰ,ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ,ਸਰਦਾਰ ਬਰਜਿੰਦਰ ਸਿੰਘ ਬਰਾੜ, ਚਰਨਜੀਤ ਸਿੰਘ ਬਰਾੜ ਅਤੇ ਤੇਜਿੰਦਰ ਸਿੰਘ ਪੰਨੂ ਨੇ ਬਾਬਾ ਬੁੱਢਾ ਸਾਹਿਬ ਜੀ ਦੇ ਵਾਰਿਸ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨੂੰ ਪਿਛਲੇ ਦਿਨਾਂ ਦੌਰਾਨ ਮਾਨਸਿਕ ਤੌਰ 'ਤੇ ਤੰਗ ਪ੍ਰੇਸ਼ਾਨ ਅਤੇ ਜਲੀਲ ਕਰਨ ਖ਼ਿਲਾਫ਼ ਸਖ਼ਤ ਸਟੈਂਡ ਅਖ਼ਤਿਆਰ ਕੀਤਾ ਹੈ। ਸਮੁੱਚੀ ਲੀਡਰਸ਼ਿਪ ਵੱਲੋਂ ਜਾਰੀ ਸਾਂਝੇ ਬਿਆਨ ਵਿੱਚ ਕਿਹਾ ਗਿਆ ਹੈ ਕਿ, ਇਹ ਬੇਹੱਦ ਮੰਦਭਾਗਾ ਹੈ ਕਿ ਉੱਚ ਸੰਸਥਾਵਾਂ ਲਈ ਸੇਵਾ ਨਿਭਾਅ ਰਹੇ ਸਨਮਾਨਜਨਕ, ਸਤਿਕਾਰਯੋਗ ਸੇਵਾਦਾਰਾਂ ਨੂੰ ਜਲੀਲ ਕੀਤਾ ਜਾਵੇ। ਇਸ ਨੂੰ ਪੰਥ ਅਤੇ ਕੌਮ ਕਥਾਚਿਤ ਬਰਦਾਸ਼ਤ ਨਹੀਂ ਕਰੇਗੀ।

ਗਿਆਨੀ ਰਘਬੀਰ ਸਿੰਘ ਜੀ ਦੇ ਮਾਮਲੇ 'ਤੇ ਡੂੰਘੀ ਚਿੰਤਾ ਜ਼ਾਹਿਰ ਕਰਦਿਆਂ ਲੀਡਰਸ਼ਿਪ ਨੇ ਕਿਹਾ ਕਿ,ਉੱਚ ਪਦਵੀ ਲਈ ਸੇਵਾ ਨਿਭਾਅ ਰਹੇ ਗਿਆਨੀ ਰਘਬੀਰ ਸਿੰਘ ਲਈ ਪਿਛਲਾ ਸਮਾਂ ਕਿੰਨਾ ਪੀੜਾਦਾਇਕ ਅਤੇ ਦੁਖਦ ਹੋਵੇਗਾ, ਜਦੋਂ ਓਹਨਾਂ ਨੂੰ ਕਿਤੇ ਵੀ ਸੁਣਵਾਈ ਨਾ ਹੋਣ ਦੇ ਚੱਲਦੇ ਕੋਰਟ ਦਾ ਰੁਖ਼ ਕਰਨ ਲਈ ਮਜਬੂਰੀ ਵੱਸ ਫੈਸਲਾ ਕਰਨਾ ਪਿਆ, ਹਾਲਾਂਕਿ ਪੰਥ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੇ ਹੋਏ ਕੋਰਟ ਵੱਲ ਰੁਖ਼ ਕਰਨ ਦਾ ਫੈਸਲਾ ਵਾਪਿਸ ਵੀ ਹੋਇਆ। ਪਰ ਇਹ ਮਜਬੂਰੀ ਅਤੇ ਪੀੜ ਦਾਇਕ ਸਮਾਂ ਇਸ ਗੱਲ 'ਤੇ ਮੋਹਰ ਲਗਾਉਂਦਾ ਹੈ ਕਿ ਪੰਥ ਦੀਆਂ ਉੱਚ ਸੰਸਥਾਵਾਂ ਲਈ ਸੇਵਾ ਨਿਭਾਅ ਰਹੇ ਲੋਕਾਂ ਨੂੰ ਜਾਣਬੁੱਝ ਕੇ, ਬਦਲਾ ਲਊ ਭਾਵਨਾ ਅਤੇ ਸਾਜਿਸ਼ੀ ਰੂਪ ਵਿੱਚ ਤੰਗ ਪ੍ਰੇਸ਼ਾਨ ਕਰਨਾ ਜਾਰੀ ਹੈ। ਇਸ ਤੋਂ ਇਲਾਵਾ ਗਿਆਨੀ ਰਘਬੀਰ ਸਿੰਘ ਜੀ ਦੇ ਸਟਾਫ ਵਿੱਚ ਕਟੌਤੀ ਕਰਨਾ, ਮਿਲਦੀਆਂ ਸੇਵਾਵਾਂ ਅਤੇ ਸਹੂਲਤਾਂ ਨੂੰ ਘੱਟ ਕਰਨਾ ਜਾਂ ਬੰਦ ਕਰਨਾ, ਛੁੱਟੀ ਲੈਣ ਦੀ ਮਨਜ਼ੂਰੀ ਲਈ ਜਲੀਲ ਕਰਨਾ ਇਹ ਸਭ ਕੁਝ ਏਸੇ ਲੜੀ ਵਿਚ ਸ਼ਾਮਿਲ ਹੈ।

ਜਾਰੀ ਬਿਆਨ ਵਿੱਚ ਲੀਡਰਸ਼ਿਪ ਨੇ ਕਿਹਾ ਕਿ ਜਿਸ ਦਿਨ, ਦੋ ਦਸੰਬਰ ਤੋਂ ਹੁਕਮਨਾਮਾ ਜਾਰੀ ਹੋਇਆ ਹੈ, ਉਸੇ ਦਿਨ ਤੋਂ ਸਿੰਘ ਸਾਹਿਬਾਨ ਪ੍ਰਤੀ ਬਦਲਾ ਲਊ ਭਾਵਨਾ ਤਹਿਤ ਸਿੰਘ ਸਾਹਿਬਾਨ ਨੂੰ ਜਲੀਲ ਅਤੇ ਮਾਨਸਿਕ ਤੌਰ ਤੇ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਸਭ ਤੋਂ ਪਹਿਲਾਂ ਇਸੇ ਭਾਵਨਾ ਹੇਠ ਝੂਠੇ ਦੋਸ਼ ਲਗਾਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾਇਆ ਗਿਆ,ਇਸ ਤੋਂ ਅਗਲੇ 26 ਦਿਨਾਂ ਅੰਦਰ ਹੀ ਸਿੰਘ ਸਾਹਿਬਾਨ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਹਟਾ ਦਿੱਤਾ ਗਿਆ।

ਸਮੁੱਚੀ ਲੀਡਰਸ਼ਿਪ ਨੇ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਵੀ ਅਪੀਲ ਕੀਤੀ ਕਿ ਓਹ ਆਪਣੀ ਬਣਦੀ ਜ਼ਿੰਮੇਵਾਰੀ ਜ਼ਰੂਰ ਨਿਭਾਉਣ।

# 15 ਜੁਲਾਈ ਤੋਂ ਜ਼ਿਲ੍ਹਾ ਅਤੇ ਸਟੇਟ ਡੈਲੀਗੇਟ ਦੀਆਂ ਚੋਣਾਂ ਲਈ ਹਲਕਾਵਾਰ ਮੀਟਿੰਗ ਹੋਣਗੀਆਂ ਸ਼ੁਰੂ

ਚੰਡੀਗੜ੍ਹ, 2 ਜੁਲਾਈ, (ਅੰਮ੍ਰਿਤਪਾਲ ਸਿੰਘ/ਹਰਦੀਪ ਕੌਰ) : ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਵੱਲੋਂ ਭਰਤੀ ਸਬੰਧੀ ਆਪਣੇ ਅਗਲੇ ਪ੍ਰੋਗਰਾਮ ਦਾ ਐਲਾਨ ਕੀਤਾ ਗਿਆ ਹੈ। ਅਗਲੇ ਪ੍ਰੋਗਰਾਮ ਨੂੰ ਜਾਰੀ ਕਰਦਿਆਂ ਭਰਤੀ ਕਮੇਟੀ ਮੈਂਬਰਾਂ ਨੇ ਦੱਸਿਆ ਕਿ ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਵਿੱਚ ਓਹਨਾਂ ਨੂੰ ਮਿਲੀ ਸੇਵਾ ਦੇ ਕਾਰਜ ਦੀ ਸ਼ੁਰੂਆਤ ਤੋਂ ਹੁਣ ਤੱਕ ਬੇਸ਼ੱਕ ਇੱਕ ਧੜੇ ਵੱਲੋਂ ਬਿਲਕੁੱਲ ਵੀ ਸਹਿਯੋਗ ਨਹੀਂ ਕੀਤਾ ਗਿਆ। ਇਸ ਦੇ ਬਾਵਜੂਦ ਭਰਤੀ ਮੁਹਿੰਮ ਨੂੰ ਕਾਮਯਾਬੀ ਮਿਲੀ ਹੈ। ਅੱਜ ਹਰ ਪੰਥ ਦਰਦੀ ਅਤੇ ਪੰਜਾਬ ਹਿਤੈਸ਼ੀ ਸਖ਼ਸ਼ ਆਪਣੀ ਖੇਤਰੀ ਪਾਰਟੀ ਦੇ ਵਜੂਦ ਨੂੰ ਮਜ਼ਬੂਤ ਅਤੇ ਪੁਨਰ ਸੁਰਜੀਤ ਕਰਨ ਲਈ ਸ਼ੁਰੂ ਮੁਹਿੰਮ ਦਾ ਆਪ ਮੁਹਾਰੇ ਹਿੱਸਾ ਬਣਿਆ ਹੈ। ਇਹ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਰਹੀ ਕਿ ਅੱਜ ਸੂਬੇ ਦੇ ਹਰ ਸਖ਼ਸ਼ ਦੀ ਜ਼ੁਬਾਨ ਉੱਪਰ ਖੇਤਰੀ ਪਾਰਟੀ ਨੂੰ ਮਜ਼ਬੂਤ ਰੱਖਣ ਅਤੇ ਕਰਨ, ਇਸ ਦੀ ਮਹੱਤਤਾ ਅਤੇ ਲੋੜ ਦਾ ਜ਼ਿਕਰ ਹੈ।

ਅਗਲੇ ਪ੍ਰੋਗਰਾਮ ਤਹਿਗਤ 11 ਜੁਲਾਈ ਤੋਂ ਲੈਕੇ 14 ਜੁਲਾਈ ਤੱਕ ਹਰ ਕਾਪੀ ਪਿੱਛੇ ਬਣਨ ਵਾਲੇ ਸਰਕਲ ਡੇਲੀਗੇਟ ਨਾਮ ਵਾਲੀਆਂ ਲਿਸਟਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। 15 ਜੁਲਾਈ ਤੋਂ 27 ਜੁਲਾਈ ਤੱਕ ਭਰਤੀ ਕਮੇਟੀ ਦੇ ਮੈਂਬਰ ਹਲਕਾ ਵਾਰ ਮੀਟਿੰਗਾਂ ਦਾ ਦੌਰ ਸ਼ੁਰੂ ਕਰੇਗੀ। ਹਲਕਾ ਵਾਰ ਮੀਟਿੰਗ ਵਿੱਚ ਜ਼ਿਲ੍ਹਾ ਡੈਲੀਗੇਟ ਅਤੇ ਸਟੇਟ ਡੈਲੀਗੇਟ ਦੀ ਚੋਣ ਕੀਤੀ ਜਾਵੇਗੀ। ਜ਼ਿਲ੍ਹਾ ਪੱਧਰੀ ਅਤੇ ਸਟੇਟ ਡੈਲੀਗੇਟ ਦੀ ਚੋਣ ਉਪਰੰਤ ਜਨਰਲ ਇਜਲਾਸ ਲਈ ਤਰੀਕ ਦਾ ਐਲਾਨ ਕਰ ਦਿੱਤਾ ਜਾਵੇਗਾ।

ਭਰਤੀ ਕਮੇਟੀ ਮੈਂਬਰਾਂ ਨੇ ਇੱਕ ਇੱਕ ਕਾਪੀ ਭਰਨ ਵਾਲੇ ਹਰ ਸਖ਼ਸ਼ ਦਾ ਦਿਲ ਦੀਆਂ ਗਹਿਰਾਈਆਂ ਤੋਂ ਬਹੁਤ ਬਹੁਤ ਧੰਨਵਾਦ ਕਰਦਿਆਂ ਕਿਹਾ ਕਿ, ਮੰਜਿਲ ਦਾ ਪੈਂਡਾ ਬਹੁਤ ਵੱਡਾ ਅਤੇ ਅਤਿ ਕਠਿਨਾਈ ਭਰਿਆ ਸੀ, ਪਰ ਸੰਗਤ ਦੇ ਪਿਆਰ ਅਤੇ ਹੌਂਸਲੇ ਦੇ ਜਰੀਏ ਇਸ ਦਾ ਇੱਕ ਪੜਾਅ ਪੂਰਾ ਕਰ ਲਿਆ ਗਿਆ ਹੈ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਸਰਹੱਦ ਪਾਰੋਂ ਚਲਾਏ ਜਾ ਰਹੇ ਤਸਕਰੀ ਨੈੱਟਵਰਕ ਦਾ ਅੰਮ੍ਰਿਤਸਰ ਵਿੱਚ ਪਰਦਾਫ਼ਾਸ਼; 8 ਪਿਸਤੌਲਾਂ,1 ਕਿਲੋ ਹੈਰੋਇਨ, 2.9 ਲੱਖ ਰੁਪਏ ਡਰੱਗ ਮਨੀ ਸਮੇਤ ਤਿੰਨ ਗ੍ਰਿਫ਼ਤਾਰ

## ਪਾਕਿਸਤਾਨ-ਅਧਾਰਤ ਤਸਕਰ ਸਿਕੰਦਰ ਨੂਰ ਦੇ ਨਿਰਦੇਸ਼ਾਂ ਹੇਠ ਕੰਮ ਕਰ ਰਹੇ ਸਨ ਗ੍ਰਿਫਤਾਰ ਮੁਲਜ਼ਮ : ਡੀ.ਜੀ.ਪੀ.




ਅੰਮ੍ਰਿਤਸਰ, 2 ਜੁਲਾਈ, (ਬਬਲੂ ਮਹਾਜਨ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਦੇ ਮੱਦੇਨਜ਼ਰ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਖੁਫੀਆ ਕਾਰਵਾਈ ਤਹਿਤ ਕਾਊਂਟਰ ਇੰਟੈਲੀਜੈਂਸ (ਸੀ.ਆਈ.) ਅੰਮ੍ਰਿਤਸਰ ਨੇ ਪਾਕਿਸਤਾਨ ਨਾਲ ਸਬੰਧਤ ਸਰਹੱਦ ਪਾਰੋਂ ਚਲਾਏ ਜਾ ਰਹੇ ਨਸ਼ਾ ਅਤੇ ਗੈਰ-ਕਾਨੂੰਨੀ ਹਥਿਆਰ ਤਸਕਰੀ ਮਾਡਿਊਲ ਦਾ ਪਰਦਾਫ਼ਾਸ਼ ਕਰਦਿਆਂ ਇਸ ਮਾਡਿਊਲ ਦੇ ਤਿੰਨ ਕਾਰਕੁਨਾਂ ਨੂੰ ਅੱਠ ਆਧੁਨਿਕ ਹਥਿਆਰਾਂ, 1 ਕਿਲੋ ਹੈਰੋਇਨ ਅਤੇ 2.9 ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਬੁੱਧਵਾਰ ਨੂੰ ਇੱਥੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਫਿਰੋਜ਼ਪੁਰ ਦੇ ਪਿੰਡ ਸਾਂਕੇ ਦੇ ਵਸਨੀਕ ਸਰਬਜੀਤ ਸਿੰਘ, ਫਿਰੋਜ਼ਪੁਰ ਦੇ ਪਿੰਡ ਲੰਗਿਆਣਾ ਦੇ ਵਸਨੀਕ ਕੁਲਵਿੰਦਰ ਸਿੰਘ ਅਤੇ ਰੇਲਵੇ ਰੋਡ , ਤਰਨਤਾਰਨ ਦੇ ਵਸਨੀਕ ਅਸ਼ਮਨਦੀਪ ਸਿੰਘ ਵਜੋਂ ਹੋਈ ਹੈ। ਬਰਾਮਦ ਕੀਤੇ ਗਏ ਹਥਿਆਰਾਂ ਵਿੱਚ ਤਿੰਨ 9ਐਮਐਮ ਗਲੌਕ ਪਿਸਤੌਲ, ਤਿੰਨ .30 ਬੋਰ ਦੇ ਚਾਈਨੀਜ਼ ਪਿਸਤੌਲ ਅਤੇ ਦੋ .30 ਬੋਰ ਦੇ ਪੀਐਕਸ-5 ਪਿਸਤੌਲ ਸ਼ਾਮਲ ਹਨ। ਇਸ ਤੋਂ ਇਲਾਵਾ ਪੁਲਿਸ ਟੀਮਾਂ ਨੇ ਮੁਲਜ਼ਮਾਂ ਦੇ ਕਬਜ਼ੇ ਵਿੱਚੋਂ ਇੱਕ ਕਰੰਸੀ ਗਿਣਨ ਵਾਲੀ ਮਸ਼ੀਨ ਬਰਾਮਦ ਕੀਤੀ ਹੈ ਅਤੇ ਇੱਕ ਸਪਲੈਂਡਰ ਮੋਟਰਸਾਈਕਲ (ਪੀਬੀ05-ਏਟੀ-1664), ਜਿਸਦੀ ਵਰਤੋਂ ਉਹ ਖੇਪਾਂ ਦੀ ਢੋਆ-ਢੁਆਈ ਲਈ ਕਰਦੇ ਸਨ, ਨੂੰ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਮੁਲਜ਼ਮ ਪਾਕਿਸਤਾਨ ਸਥਿਤ ਤਸਕਰ ਸਿਕੰਦਰ ਨੂਰ, ਵਾਸੀ ਮਨੀਹਾਲਾ (ਪਾਕਿਸਤਾਨ) ਦੇ ਨਿਰਦੇਸ਼ਾਂ ਹੇਠ ਕੰਮ ਕਰ ਰਹੇ ਸਨ, ਜੋ ਸਰਹੱਦ ਪਾਰੋਂ ਡਰੋਨ ਰਾਹੀਂ ਹਥਿਆਰਾਂ ਦੀ ਖੇਪਾਂ ਪਹੁੰਚਾਉਂਦਾ ਸੀ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸੂਬੇ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਇਹ ਹਥਿਆਰ ਅੱਗੇ ਗੈਂਗਸਟਰਾਂ ਤੱਕ ਪਹੁੰਚਾਉਂਦੇ ਸਨ।

ਆਪ੍ਰੇਸ਼ਨ ਬਾਰੇ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਸੀ.ਆਈ. ਅੰਮ੍ਰਿਤਸਰ, ਨੂੰ ਫਿਰੋਜ਼ਪੁਰ ਅਤੇ ਤਰਨਤਾਰਨ ਜ਼ਿਲ੍ਹਿਆਂ ਦੇ ਅਧਿਕਾਰ ਖੇਤਰ ਵਿੱਚ ਪੈਂਦੇ ਭਾਰਤ-ਪਾਕਿਸਤਾਨ ਸਰਹੱਦੀ ਖੇਤਰਾਂ ਤੋਂ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਹੋਣ ਬਾਰੇ ਪੁਖ਼ਤਾ ਇਤਲਾਹ ਮਿਲੀ ਸੀ। ਉਨ੍ਹਾਂ ਅੱਗੇ ਕਿਹਾ ਕਿ ਇਸ 'ਤੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਪੁਲਿਸ ਟੀਮਾਂ ਨੇ ਰੇਲਵੇ ਰੋਡ ਤਰਨਤਾਰਨ ਦੇ ਨੇੜੇ ਤਿੰਨ ਵਿਅਕਤੀਆਂ ਨੂੰ ਉਦੋਂ ਗ੍ਰਿਫਤਾਰ ਕੀਤਾ, ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਖੇਪ ਪਹੁੰਚਾਉਣ ਜਾ ਰਹੇ ਸਨ।ਇਸ ਦੌਰਾਨ ਉਕਤ ਦੋਸ਼ੀਆਂ ਦੇ ਕਬਜ਼ੇ 'ਚੋਂ ਗੈਰ-ਕਾਨੂੰਨੀ ਹਥਿਆਰ ਅਤੇ ਨਸ਼ੀਲੇ ਪਦਾਰਥ ਬਰਾਮਦ ਕੀਤੇ ਗਏ।

ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੀਆਂ-ਪਿਛਲੀਆਂ ਕੜੀਆਂ ਜੋੜਨ ਅਤੇ ਪੂਰੇ ਨੈੱਟਵਰਕ ਸਬੰਧੀ ਹੋਰ ਅਹਿਮ ਜਾਣਕਾਰੀ ਜੁਟਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ।

ਇਸ ਸਬੰਧੀ, ਐਫਆਈਆਰ ਨੰਬਰ 35 ਮਿਤੀ 01-07-2025 ਨੂੰ, ਐਨਡੀਪੀਐਸ ਐਕਟ ਦੀ ਧਾਰਾ 21,25,27-ਏ,29 ਅਤੇ ਆਰਮਜ਼ ਐਕਟ ਦੀ ਧਾਰਾ 25 ਤਹਿਤ ਪੁਲਿਸ ਸਟੇਸ਼ਨ ਸਪੈਸ਼ਲ ਆਪ੍ਰੇਸ਼ਨ ਸੈੱਲ, ਅੰਮ੍ਰਿਤਸਰ ਵਿਖੇ ਕੇਸ ਦਰਜ ਕੀਤਾ ਗਿਆ ਹੈ।

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਸਕੂਲਾਂ ਦੀ ਸ਼ਾਨ ਬਚਾਉਣੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ : ਕਾਲਕਾ



ਨਵੀਂ ਦਿੱਲੀ, 2 ਜੁਲਾਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਅੱਜ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਦੀ ਅਗਵਾਈ ਹੇਠ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਨੂੰ ਕਿਹਾ ਕਿ ਉਹ ਗੁਰਦੁਆਰਾ ਕਮੇਟੀ ਅੱਗੇ ਦਿੱਲੀ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਗੁਰੂ ਹਰਕਿਸ਼ਨ ਸਿੰਘ ਪਬਲਿਕ ਸਕੂਲਾਂ ਦੀ ਭਲਾਈ ਅਤੇ ਉਤਸ਼ਾਹ ਵਧਾਉਣ ਲਈ ਆਪਣਾ ਪ੍ਰਸਤਾਵ ਪੇਸ਼ ਕਰਨ।

ਉਨਾਂ ਕਿਹਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 12 ਅਜਿਹੇ ਸਕੂਲ ਅਤੇ ਹੋਰ ਵਿਦਿਆਕ ਸੰਸਥਾਵਾਂ ਚਲਾਈਆਂ ਜਾਂਦੀਆਂ ਹਨ, ਜੋ ਪਿਛਲੇ ਕੁਝ ਸਾਲਾਂ ਤੋਂ ਸੰਕਟ ਦਾ ਸਾਹਮਣਾ ਕਰ ਰਹੀਆਂ ਹਨ।

ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਅਸੀਂ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਦੀ ਮਦਦ ਲੈਣ ਲਈ ਤਿਆਰ ਹਾਂ ਤਾਂ ਜੋ ਇਹ ਸਕੂਲ ਮੁੜ ਆਪਣੀ ਪੁਰਾਣੀ ਸ਼ਾਨ ਨੂੰ ਬਹਾਲ ਕਰ ਸਕਣ, ਕਿਉਂਕਿ ਇਹ ਦਿੱਲੀ ਦੇ ਸਿੱਖਾਂ ਦੀ ਮਾਣ ਸਨ। ਉਨਾਂ ਕਿਹਾ ਕਿ 2022 ਵਿੱਚ ਸੱਤਾ ਵਿੱਚ ਆਉਣ 'ਤੇ, ਸਾਡੀ ਕਮੇਟੀ ਨੇ ਫੰਡਾਂ ਦੀ ਵਰਤੋਂ ਨੂੰ ਪਾਰਦਰਸ਼ੀ ਬਣਾਉਣ ਲਈ ਬਹਾਦਰੀ ਭਰੇ ਫੈਸਲੇ ਲਏ ਅਤੇ ਇਹ ਉਪਰਾਲਿਆਂ ਸਦਕਾ ਸਾਡੀ ਗੁਰਦੁਆਰਾ ਕਮੇਟੀ ਅਤੇ ਸਕੂਲਾਂ ਨੂੰ ਮੁੜ ਸਥਾਪਿਤ ਕਰਨ ਵਿੱਚ ਮਦਦਗਾਰ ਸਾਬਤ ਹੋ ਰਿਹਾ ਹੈ।

ਸ. ਕਾਲਕਾ ਨੇ ਇਹ ਗੱਲ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਵੱਲੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਵੀਂ ਚੁਣੀ ਟੀਮ ਦੇ ਸਨਮਾਨ ਸਮਾਗਮ ਦੌਰਾਨ ਕਹੀ, ਜੋ ਪਿਛਲੇ ਹਫ਼ਤੇ ਦਫ਼ਤਰ ਧਾਰਕਾਂ ਦੀ ਚੋਣ ਤੋਂ ਬਾਅਦ ਬਣੀ ਸੀ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਸਕੂਲਾਂ ਦੀ ਸ਼ਾਨ ਬਚਾਉਣੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ ਅਤੇ ਅਸੀਂ ਇਹ ਸਕੂਲ ਬਚਾਉਣ ਲਈ ਆਉਣ ਵਾਲੀ ਹਰ ਪੇਸ਼ਕਸ਼ ਕਬੂਲ ਕਰਾਂਗੇ, ਕਲਕਾ ਨੇ ਐਲਾਨ ਕੀਤਾ।

ਇਸ ਮੌਕੇ ਤੇ ਸ. ਸਾਹਨੀ ਦੇ ਇਲਾਵਾ, ਦਿੱਲੀ ਸਰਕਾਰ ਦੇ ਕੈਬਨਿਟ ਮੰਤਰੀ ਮਨਜਿੰਦਰ ਸਿੰਘ ਸਿਰਸਾ ਅਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਵੀ ਮੌਜੂਦ ਸਨ।

## ਸੰਪਾਦਕੀ

# ਦਿਲਜੀਤ ਦੁਸਾਂਝ: ਬੇਲੋੜਾ ਵਿਵਾਦ

ਵਿਸ਼ਵ ਪ੍ਰਸਿੱਧੀ ਖੱਟ ਰਹੇ ਗਾਇਕ ਤੇ ਅਦਾਕਾਰ ਦਲਜੀਤ ਸਿੰਘ ਦੁਸਾਂਝ ਦੀ ਫ਼ਿਲਮ ਸਰਦਾਰ ਜੀ-3 ਵਿਵਾਦਾਂ ਵਿੱਚ ਘਿਰ ਗਈ ਹੈ ਕਿਉਂਕਿ ਇਸ ਫ਼ਿਲਮ ਵਿੱਚ ਪਾਕਿਸਤਾਨੀ ਅਦਾਕਾਰਾ ਹਾਨੀਆ ਆਮਿਰ ਵੀ ਮੁੱਖ ਭੂਮਿਕਾ ਨਿਭਾ ਰਹੀ ਹੈ। ਇਸ ਦੀ ਬਹੁਤ ਸਾਰੇ ਲੋਕ ਜਾਂ ਤਾਂ ਜ਼ਿਆਦਾ ਦੇਸ਼ ਭਗਤੀ ਦਿਖਾਉਣ ਦੇ ਮਾਰੇ ਅਲੋਚਨਾ ਕਰ ਰਹੇ ਹਨ ਜਾਂ ਕੁਝ ਲੋਕ ਪ੍ਰੋਫ਼ੈਸ਼ਨਲ ਜਲਣ ਦੇ ਕਾਰਨ ਕਰ ਰਹੇ ਹਨ। ਕਾਰਨ ਇਹ ਹੈ ਕਿ ਪਿਛਲੇ ਦਿਨੀਂ ਭਾਰਤ ਤੇ ਪਾਕਿਸਤਾਨ ਵਿਚਾਲੇ ਇਕ ਛੋਟੀ ਜੰਗ ਹੋਈ, ਜਿਸ ਦਾ ਕਾਰਨ ਇਹ ਦੱਸਿਆ ਗਿਆ ਕਿ ਪਹਿਲਗਾਮ ਵਿਚ ਜੋ ਅੱਤਵਾਦੀ ਹਮਲਾ ਹੋਇਆ ਉਸ ਦੇ ਪਿੱਛੇ ਪਾਕਿਸਤਾਨ ਦਾ ਹੱਥ ਹੈ। ਪਰ ਸਚਾਈ ਇਹ ਹੈ ਕਿ ਜਦੋਂ ਇਹ ਫ਼ਿਲਮ ਬਣੀ ਤਾਂ ਉਸ ਸਮੇਂ ਪ੍ਰਸਥਿਤੀਆਂ ਆਮ ਵਰਗੀਆਂ ਸਨ। ਹੁਣ ਦੇ ਹਾਲਾਤ ਨੂੰ ਦੇਖਦੇ ਹੋਏ ਇਸ ਫ਼ਿਲਮ ਦੇ ਨਿਰਮਾਤਾ ਨੇ ਫ਼ਿਲਮ ਨੂੰ ਭਾਰਤ ਨੂੰ ਛੱਡ ਕੇ ਪੂਰੀ ਦੁਨੀਆ ਵਿੱਚ ਦਿਖਾਉਣ ਦਾ ਫ਼ੈਸਲਾ ਕੀਤਾ। ਪਾਕਿਸਤਾਨ ਜਾਂ ਜਿੱਥੇ ਜਿੱਥੇ ਵਿਦੇਸ਼ਾਂ ਵਿੱਚ ਪੰਜਾਬੀ ਵੱਸਦੇ ਹਨ, ਉਨ੍ਹਾਂ ਨੇ ਇਸ ਫ਼ਿਲਮ ਨੂੰ ਭਰਪੂਰ ਹੁੰਗਾਰਾ ਦਿੱਤਾ ਹੈ। ਭਾਰਤ ਅਤੇ ਪਾਕਿਸਤਾਨ ਦੇ ਸਬੰਧ ਭਾਵੇਂ ਕਿਹੋ ਜਿਹੇ ਵੀ ਹੋਣ ਪਰ ਦੋਹਾਂ ਮੁਲਕਾਂ ਵਿੱਚ ਇਕ ਦੂਜੇ ਦੇ ਕਲਾਕਾਰਾਂ ਦਾ ਪੂਰਾ ਸਨਮਾਨ ਹੁੰਦਾ ਰਿਹਾ ਹੈ। ਭਾਰਤੀ ਗਾਇਕਾਂ ਦੇ ਗੀਤ ਪਾਕਿਸਤਾਨ ਵਿੱਚ ਓਨੀ ਹੀ ਸ਼ਿੱਦਤ ਨਾਲ ਸੁਣੇ ਜਾਂਦੇ ਹਨ, ਜਿੰਨੇ ਹਰਮਨ ਪਿਆਰੇ ਉਹ ਭਾਰਤ ਵਿਚ ਹੁੰਦੇ ਹਨ। ਇਹ ਇਕ ਜਾਂ ਦੋ ਵਾਰ ਨਹੀਂ ਸੁਣੇ ਜਾਂਦੇ ਬਲਕਿ ਦਹਾਕਿਆਂ ਤੱਕ ਇਨ੍ਹਾਂ ਦੀ ਗੂੰਜ ਪੈਂਦੀ ਰਹਿੰਦੀ ਹੈ। ਇਸੇ ਪ੍ਰਕਾਰ ਭਾਰਤ ਵਿੱਚ ਵੀ ਪਾਕਿਸਤਾਨੀ ਗਾਇਕਾਂ ਅਦਾਕਾਰਾਂ ਦਾ ਪੂਰੀ ਤਰ੍ਹਾਂ ਸਨਮਾਨ ਹੁੰਦਾ ਰਿਹਾ ਹੈ। ਉਹ ਭਾਰਤੀ ਫ਼ਿਲਮਾਂ ਵਿੱਚ ਗਾਉਂਦੇ ਵੀ ਹਨ ਅਤੇ ਫ਼ਿਲਮਾਂ ਵਿਚ ਕੰਮ ਵੀ ਕਰਦੇ ਹਨ। ਬਹੁਤ ਸਾਰੀਆਂ ਹੀਰੋਇਨਾਂ ਨੇ ਆਪਣੇ ਅਦਾਕਾਰੀ ਦਾ ਆਗਾਜ਼ ਭਾਰਤ ਤੋਂ ਹੀ ਕੀਤਾ। ਇਸ ਦਾ ਕਾਰਨ ਇਹੀ ਰਿਹਾ ਹੈ ਕਿ ਦੋਹਾਂ ਮੁਲਕਾਂ ਦਾ ਸੱਭਿਆਚਾਰ ਇੱਕ ਰਿਹਾ ਹੈ। 1947 ਵਿੱਚ ਭਾਵੇਂ ਇਹ ਦੋ ਮੁਲਕ ਬਣ ਗਏ ਪਰ ਕਲਾ ਦਾ ਸਨਮਾਨ ਦੋਹਾਂ ਨੇ ਕੀਤਾ ਹੈ। ਇਹ ਸਿਲਸਿਲਾ ਹੁਣ ਤੱਕ ਚੱਲਦਾ ਰਿਹਾ ਹੈ। ਪਿਛਲੇ ਸਮੇਂ ਦੌਰਾਨ ਬਹੁਤ ਸਾਰੀਆਂ ਪੰਜਾਬੀ ਫ਼ਿਲਮਾਂ ਵਿੱਚ ਪਾਕਿਸਤਾਨੀ ਅਦਾਕਾਰਾਂ ਨੇ ਕੰਮ ਕੀਤਾ। ਉਨ੍ਹਾਂ ਫ਼ਿਲਮਾਂ ਨੂੰ ਦੋਹਾਂ ਮੁਲਕਾਂ ਜਾਂ ਇਹ ਕਹਿ ਲਵੋ ਜਿੱਥੇ ਜਿੱਥੇ ਵੀ ਪੰਜਾਬੀ ਵੱਸਦੇ ਹਨ, ਨੇ ਬਹੁਤ ਜ਼ਿਆਦਾ ਪਿਆਰ ਦਿੱਤਾ। ਇਸ ਦਾ ਮਤਲਬ ਇਹ ਹੈ ਕਿ ਕਲਾਕਾਰਾਂ ਲਈ ਕੋਈ ਹੱਦ ਨਹੀਂ ਹੁੰਦੀ। ਦਲਜੀਤ ਦੁਸਾਂਝ ਇਕ ਅਜਿਹਾ ਪੰਜਾਬੀ ਗਾਇਕ ਹੈ, ਜਿਸ ਨੂੰ ਕਿਸੇ ਹੱਦ ਵਿੱਚ ਬੰਨ੍ਹ ਕੇ ਨਹੀਂ ਰੱਖਿਆ ਜਾ ਸਕਦਾ। ਜੇਕਰ ਉਹ ਕੈਨੇਡਾ ਵਿਚ ਜਾਂਦਾ ਹੈ ਤਾਂ ਉੱਥੋਂ ਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉਸ ਦੇ ਨਾਲ ਝੂਮਣ ਲੱਗ ਪੈਂਦਾ ਹੈ। ਦੁਸਾਂਝ ਦੇ ਜੀਵਨ ਉੱਤੇ ਕੈਨੇਡਾ ਦੇ ਵਿੱਦਿਅਕ ਅਦਾਰਿਆਂ ਵਿਚ ਸਿਲੇਬਸ ਲੱਗ ਗਏ ਹਨ। ਦੁਸਾਂਝ ਦੇ ਕਾਇਲ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਹਨ। ਉਨ੍ਹਾਂ ਨੇ ਵੀ ਦੁਸਾਂਝ ਨੂੰ ਉਚੇਚੇ ਤੌਰ ਉੱਤੇ ਸੱਦ ਕੇ ਉਸ ਦੀ ਪ੍ਰਸੰਸਾ ਕੀਤੀ। ਜੇਕਰ ਉਹ ਚੰਡੀਗੜ੍ਹ ਵਿੱਚ ਪੰਜਾਬੀਆਂ ਦਾ ਮਨ ਮੋਹ ਲੈਂਦਾ ਹੈ ਤਾਂ ਬੰਗਲੌਰ ਵਿੱਚ ਉੱਥੋਂ ਦੇ ਲੋਕਾਂ ਨੂੰ ਨੱਚਣ ਲਗਾ ਦਿੰਦਾ ਹੈ। ਇਹੀ ਕਾਰਨ ਹੈ ਉਸ ਨੂੰ ਅਮਰੀਕਾ ਵਿੱਚ ਮੈਟ ਗਾਲਾ ਵਿੱਚ ਉਸ ਨੂੰ ਸੱਦਿਆ ਜਾਂਦਾ ਹੈ ਅਤੇ ਉਹ ਕੌਮਾਂਤਰੀ ਮੀਡੀਏ ਦੀਆਂ ਸੁਰਖ਼ੀਆਂ ਬਟੋਰਦਾ ਹੈ। ਜੇਕਰ ਉਹ ਕੌਮਾਂਤਰੀ ਪੱਧਰ ਉੱਤੇ ਮਸ਼ਹੂਰ ਹੋਇਆ ਹੈ ਇਸ ਦਾ ਮਤਲਬ ਇਹ ਨਹੀਂ ਹੈ ਕਿ ਉਹ ਹੁਣ ਦੇਸ਼ ਭਗਤ ਨਹੀਂ ਰਿਹਾ। ਉਹ ਜਿੱਥੇ ਪੰਜਾਬ ਅਤੇ ਪੰਜਾਬੀਆਂ ਨੂੰ ਕੌਮਾਂਤਰੀ ਪੱਧਰ ਉੱਤੇ ਮਾਣ ਦਿਵਾਉਂਦਾ ਹੈ ਤਾਂ ਭਾਰਤੀ ਵੀ ਉਸ ਉੱਤੇ ਪੂਰਾ ਮਾਣ ਕਰਦੇ ਹਨ। ਇਸ ਲਈ ਦੁਸਾਂਝ ਦੇ ਮਾਮਲੇ ਵਿਚ ਜੋ ਵਿਵਾਦ ਛੇੜਿਆ ਗਿਆ ਹੈ ਉਹ ਬੇਲੋੜਾ ਹੈ। ਕਲਾਕਾਰ ਤੇ ਕਲਾ ਸਭ ਦੀ ਸਾਂਝੀ ਹੁੰਦੀ ਹੈ। ਜੇਕਰ ਦੋ ਮੁਲਕਾਂ ਵਿਚਾਲੇ ਟਕਰਾਓ ਹੈ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਕਲਾਕਾਰ ਵੀ ਬੰਦੂਕਾਂ ਚੁੱਕਣਗੇ। ਕਲਾਕਾਰ ਤਾਂ ਅਮਨ ਦਾ ਸੰਦੇਸ਼ ਅੱਗੇ ਵਧਾਉਣ ਦਾ ਇਕ ਜ਼ਰੀਆ ਹਨ।

-ਜਗਜੀਤ ਸਿੰਘ ਦਰਦੀ

# ਹੜ੍ਹਾਂ ਦੀ ਵਜ੍ਹਾ ਬਣੇ ਖੇਤਾਂ 'ਚੋਂ ਉੱਗੇ ਸ਼ਹਿਰਾਂ ਦੇ ਬਹੁ ਮੰਜ਼ਲੇ ਫਲੈਟ

ਕਮਲਜੀਤ ਸਿੰਘ ਬਨਵੈਤ
98147 34035



- ਹੜ੍ਹਾਂ ਕਾਰਨ ਹਰ ਸਾਲ 5 ਹਜ਼ਾਰ ਕਰੋੜ ਦਾ ਹੋ ਰਿਹਾ ਹੈ ਨੁਕਸਾਨ, ਔਸਤਨ 1654 ਲੋਕ ਚਲੇ ਜਾਂਦੇ ਹਨ ਮੌਤ ਦੇ ਮੂੰਹ ਵਿੱਚ
- 12 ਲੱਖ ਘਰਾਂ ਨੂੰ ਨੁਕਸਾਨ ਪੁੱਜਿਆ ਅਤੇ 1.8 ਕਰੋੜ ਏਕੜ ਜ਼ਮੀਨ ਪ੍ਰਭਾਵਿਤ ਹੋਈ
- ਖੇਤਾਂ 'ਚੋਂ ਉੱਗੇ ਸ਼ਹਿਰਾਂ ਨੇ ਕਿਸਾਨ ਦੀ 53,600 ਏਕੜ ਵਾਹੀਯੋਗ ਰਕਬਾ ਨਿਗਲਿਆ
- 1991 ਤੋਂ 2011 ਤੱਕ ਪੰਜਾਬ ਦੇ ਇਕ ਲੱਖ ਕਿਸਾਨਾਂ ਨੇ ਖੇਤੀ ਛੱਡੀ
- ਪਿਛਲੇ ਦੋ ਦਹਾਕਿਆਂ ਦੌਰਾਨ 61 ਲੱਖ ਏਕੜ ਤੋਂ ਵੀ ਵੱਧ ਫੈਲੇ ਸ਼ਹਿਰ
- ਅਰਬਨ ਸਟੇਟ ਵਸਾਉਣ ਦੇ ਨਾਂ 'ਤੇ ਪੰਜਾਬ ਸਰਕਾਰ ਨੇ 24 ਏਕੜ ਜ਼ਮੀਨ ਅਕਵਾਇਰ ਕਰਨ ਦਾ ਕੀਤਾ ਅਮਲ ਸ਼ੁਰੂ



ਪੰਜਾਬ ਦਹਾਕਿਆਂ ਤੋਂ ਪਾਣੀਆਂ ਦੀ ਲੜਾਈ ਲੜਦਾ ਆ ਰਿਹਾ ਹੈ। ਪਾਣੀਆਂ ਦੀ ਵੰਡ ਦੀ ਲੜਾਈ, ਪਾਣੀ ਦੀ ਬੱਚਤ ਦੀ ਲੜਾਈ, ਧਰਤੀ ਹੇਠਲੇ ਪਾਣੀ ਨੂੰ ਸਾਂਭਣ ਦੀ ਲੜਾਈ, ਪਾਣੀਆਂ ਦੀ ਸਾਂਭ ਸੰਭਾਲ ਦੀ ਲੜਾਈ, ਉਪਰੋਂ ਹੜ੍ਹਾਂ ਦੀ ਮਾਰ ਵੀ ਝੱਲਣੀ ਪੈ ਰਹੀ ਹੈ। ਮੌਨਸੂਨ ਨੇ ਹਾਲੇ ਦਸਤਕ ਹੀ ਦਿੱਤੀ ਹੈ ਕਿ ਸਾਡੇ ਦਰਿਆ/ਡੈਮ ਉੱਛਲਣ ਲੱਗ ਪਏ ਹਨ। ਪਾਣੀ ਪੰਜਾਬ ਜਾਂ ਭਾਰਤ ਲਈ ਨਹੀਂ ਸਗੋਂ ਪੂਰੇ ਵਿਸ਼ਵ ਲਈ ਸੰਕਟ ਬਣ ਖੜ੍ਹਿਆ ਹੈ। ਤਦੇ ਕਹਿੰਦੇ ਨੇ ਕਿ ਤੀਜੀ ਵਿਸ਼ਵ ਜੰਗ ਦਾ ਮੁੱਦਾ ਪਾਣੀ ਹੋਵੇਗਾ। ਕਦੇ ਸੋਕੇ ਦੀ ਮਾਰ ਅਤੇ ਕਦੇ ਹੜ੍ਹਾਂ ਦਾ ਪ੍ਰਕੋਪ। ਸਾਡੇ ਕੌਮੀ ਤੇ ਕੌਮਾਂਤਰੀ ਮਸਲੇ ਵੀ ਪਾਣੀ ਨਾਲ ਜੁੜ ਚੁੱਕੇ ਹਨ।

ਪੰਜਾਬ ਨੇ ਹੜ੍ਹਾਂ ਦੀ ਮਾਰ ਦਾ ਵੱਡਾ ਸੰਤਾਪ ਹੰਢਾਇਆ ਹੈ। ਜਾਨ ਮਾਲ ਦਾ ਘਾਟਾ ਝੱਲਿਆ ਹੈ, ਆਰਥਿਕਤਾ ਵਿਗੜੀ ਹੈ। ਇਸ ਵਾਰ ਬਰਸਾਤ ਦੇ ਪਹਿਲੇ ਮੌਸਮ ਨਾਲ ਹੀ ਦਰਿਆਵਾਂ ਦੇ ਉੱਪਰੋਂ ਦੀ ਵਗਣ ਅਤੇ ਡੈਮਾਂ ਦੇ ਗੇਟ ਖੋਲ੍ਹਣ ਦੀ ਨੌਬਤ ਆ ਗਈ ਹੈ। ਸਤਲੁਜ ਦਰਿਆ ਵਿੱਚ ਪਾਣੀ ਵਧਣ ਕਾਰਨ 41 ਫਸਲ ਡੁੱਬ ਗਈ ਹੈ। ਹਿਮਾਚਲ ਵਿੱਚ ਤਾਂ ਪੰਜ ਮੌਤਾਂ ਵੀ ਹੋ ਚੁੱਕੀਆਂ ਹਨ। ਰਾਸ ਵਿੱਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਨੇੜੇ ਹੈ ਅਤੇ ਪੰਡੋਹ ਡੈਮ ਦੇ ਗੇਟ ਖੋਲ੍ਹੇ ਤੇ ਚੁੱਕੇ ਹਨ। ਪੰਜਾਬ ਵਿੱਚ ਪਹਿਲੀ ਬਾਰਿਸ਼ ਨੇ ਨਿਕਾਸੀ ਪ੍ਰਬੰਧਾਂ ਦੀ ਨੀਹ ਹਿਲਾ ਕੇ ਰੱਖ ਦਿੱਤੀ ਹੈ। ਚੰਡੀਗੜ੍ਹ -ਮਨਾਲੀ ਮਾਰਗ ਕਈ ਥਾਵਾਂ ਤੋਂ ਬੰਦ ਕਰਨਾ ਪਿਆ ਹੈ। ਹਿਮਾਚਲ ਪ੍ਰਦੇਸ਼ ਦੀ ਗੱਲ ਕਰੀਏ ਤਾਂ 10 ਦਿਨਾਂ ਵਿੱਚ 14 ਮੌਤਾਂ ਹੋ ਚੁੱਕੀਆਂ ਹਨ ਅਤੇ 5 ਏਕੜ ਦੀ ਜਾਇਦਾਦ ਦਾ ਨੁਕਸਾਨ ਹੋ ਚੁੱਕਾ ਹੈ। 400 ਤੋਂ ਵੱਧ ਸੜਕਾਂ ਬੰਦ ਕਰਨੀਆਂ ਪਈਆਂ ਹਨ। ਸਿਰਫ ਮੰਡੀ ਜ਼ਿਲ੍ਹੇ ਵਿੱਚ 11 ਥਾਈਂ ਬੱਦਲ ਫਟਣ ਨਾਲ ਪੰਜ ਮੌਤਾਂ ਹੋਈਆਂ ਹਨ ਅਤੇ 16 ਲੋਕ ਲਾਪਤਾ ਹੋਏ ਹਨ। ਪੰਡੋਹ ਡੈਮ ਵਿੱਚੋਂ ਡੇਢ ਲੱਖ ਕਿਊਸਿਕ ਪਾਣੀ ਛੱਡਣਾ ਪਿਆ ਹੈ। ਡੈਮ ਦੇ ਪਾਣੀ ਦਾ ਪੱਧਰ 2922 ਫੁੱਟ ਨੂੰ ਪਹੁੰਚ ਗਿਆ ਹੈ ਜਦ ਕਿ ਖਤਰੇ ਦਾ ਨਿਸ਼ਾਨ 2921 ਫੁੱਟ ਹੈ। ਇੱਕ ਪਾਸੇ ਪਹਿਲੇ ਮੀਂਹ ਦਾ ਪਾਣੀ ਸੰਭਲ ਨਹੀਂ ਰਿਹਾ ਹੈ ਦੂਜੇ ਪਾਸੇ ਮੌਸਮ ਵਿਭਾਗ ਨੇ ਉੱਤਰੀ ਭਾਰਤ ਵਿੱਚ ਅਗਲੇ ਛੇ ਸੱਤ ਦਿਨਾਂ ਵਿੱਚ ਬਹੁਤ ਭਾਰੀ ਮੀਂਹ ਦੀ ਸੰਭਾਵਨਾ ਦੱਸ ਦਿੱਤੀ ਹੈ। ਵਿਭਾਗ ਨੇ ਪੰਜਾਬ ਸਰਕਾਰ ਨੂੰ ਹੜ੍ਹਾਂ ਦੇ ਖ਼ਤਰੇ ਤੋਂ ਚੌਕਸ ਰਹਿਣ ਲਈ ਕਿਹਾ ਹੈ।

ਤੇਜ਼ੀ ਨਾਲ ਖੇਤਾਂ ਵਿੱਚ ਉੱਗ ਰਹੇ ਸ਼ਹਿਰ, ਨਾਜਾਇਜ਼ ਕਬਜ਼ੇ ਹੜ੍ਹਾਂ ਦੀ ਵੱਡੀ ਵਜ੍ਹਾ ਬਣਨ ਲੱਗੇ ਹਨ, ਜਿਸ ਦੇ ਚੱਲਦਿਆਂ ਮੁਲਕ ਨੂੰ ਹਰ ਸਾਲ ਸਾਢੇ ਪੰਜ ਹਜ਼ਾਰ ਕਰੋੜ ਦਾ ਨੁਕਸਾਨ ਝਲਣਾ ਪੈ ਰਿਹਾ ਹੈ। ਹੜ੍ਹਾਂ ਕਰਕੇ ਹੀ ਹਰ ਸਾਲ ਔਸਤਨ 16 ਮੌਤਾਂ ਹੁੰਦੀਆਂ ਹਨ ਅਤੇ 12 ਲੱਖ ਘਰਾਂ ਨੂੰ ਨੁਕਸਾਨ ਪਹੁੰਚਦਾ ਹੈ। ਇੱਥੇ ਹੀ ਬੱਸ ਨਹੀਂ ਡੇਢ ਕਰੋੜ ਏਕੜ ਦੇ ਕਰੀਬ ਫਸਲ ਪ੍ਰਭਾਵਿਤ ਹੁੰਦੀ ਹੈ। ਪੰਜਾਬ ਵਿੱਚ ਪਿਛਲੇ ਸਮੇਂ ਦੌਰਾਨ 53,6 11 ਇੱਕ ਰਕਬਾ ਖੇਤਾਂ ਵਿੱਚੋਂ ਖੁਰਿਆ ਹੈ। ਇਹ ਗ਼ੈਰ ਖੇਤੀ ਕੰਮਾਂ ਲਈ ਵਰਤਿਆ ਜਾਣ ਲੱਗਾ ਹੈ। ਭਾਰਤ ਦੀ ਗੱਲ ਕਰੀਏ ਤਾਂ ਪਿਛਲੇ ਦੋ ਦਹਾਕਿਆਂ ਵਿੱਚ 61 ਲੱਖ ਏਕੜ ਤੋਂ ਵੱਧ ਸ਼ਹਿਰ ਫੈਲੇ ਹਨ। ਸਾਲ 2001 ਨੂੰ ਸ਼ਹਿਰਾਂ ਦੀ 28 ਫ਼ੀਸਦੀ ਅਤੇ ਪਿਛਲੇ ਸਾਲ 34 ਫ਼ੀਸਦੀ ਅਬਾਦੀ ਵਧੀ ਸੀ। ਇਹੋ ਰੁਝਾਨ ਰਿਹਾ ਤਾਂ 2025 ਤੱਕ ਸ਼ਹਿਰਾਂ ਦੀ ਅਬਾਦੀ 48 ਫ਼ੀਸਦੀ ਵੱਧ ਜਾਵੇਗੀ।

ਮੀਡੀਆ ਰਿਪੋਰਟ ਅਨੁਸਾਰ ਗੁਰਦਾਸਪੁਰ ਡਵੀਜ਼ਨ ਦੀ ਸਭ ਤੋਂ ਵੱਧ 14,770 ਏਕੜ ਵਾਹੀਯੋਗ ਜ਼ਮੀਨ ਨੂੰ ਖੋਰਾ ਲੱਗਿਆ ਹੈ। ਜਲੰਧਰ ਡਵੀਜ਼ਨ ਦੀ 13,773 ਏਕੜ ਜ਼ਮੀਨ ਉੱਤੇ ਸ਼ਹਿਰ ਉੱਗੇ ਹਨ। ਬਠਿੰਡਾ ਕੈਨਾਲ ਡਵੀਜ਼ਨ ਦੀ 1,564 ਏਕੜ ਅਤੇ ਸੰਗਰੂਰ ਡਵੀਜ਼ਨ ਦੀ 1,130 ਏਕੜ ਜ਼ਮੀਨ ਗ਼ੈਰ ਵਾਹੀਯੋਗ ਕੰਮਾਂ ਲਈ ਵਰਤੀ ਜਾ ਚੁੱਕੀ ਹੈ। ਕੌਮੀ ਹਾਈਵੇਜ਼ ਲਈ ਹਜ਼ਾਰਾਂ ਏਕੜ ਜ਼ਮੀਨ ਵੱਖਰੀ ਐਕਵਾਇਰ ਕੀਤੀ ਜਾ ਰਹੀ ਹੈ। ਇੱਕ ਹੋਰ ਜਾਣਕਾਰੀ ਅਨੁਸਾਰ 1991 ਤੋਂ 2011 ਤੱਕ ਕਿਸਾਨ ਨੇ ਖੇਤੀ ਛੱਡੀ ਹੈ। ਦੂਜੇ ਬੰਨੇ ਪੰਜਾਬ ਸਰਕਾਰ ਵੱਲੋਂ ਨਵੇਂ ਅਰਬਨ ਅਸਟੇਟ ਵਸਾਉਣ ਲਈ 24 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਅਕਵਾਇਰ ਕਰਨ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਕਿਸਾਨ ਡੱਟ ਕੇ ਵਿਰੋਧ ਕਰ ਰਹੇ ਹਨ। ਪਰ ਸਰਕਾਰ ਬਜ਼ਿੱਦ ਲੱਗਦੀ ਹੈ। ਦੁੱਖ ਦੀ ਗੱਲ ਇਹ ਹੈ ਕਿ ਕੇਵਲ ਪਾਣੀ ਨੂੰ ਵੰਡਣ ਨੂੰ ਲੈ ਕੇ ਹੀ ਸੂਬਿਆਂ ਵਿੱਚ ਝਗੜੇ ਨਹੀਂ ਪੈਂਦੇ ਸਗੋਂ ਬਹੁਤ ਵਾਰੀ ਹੜ੍ਹ ਦੇ ਪਾਣੀ ਨੂੰ ਸੰਭਾਲਣ ਨੂੰ ਲੈ ਕੇ ਵੀ ਰੇੜਕਾ ਪੈ ਜਾਂਦਾ ਹੈ। ਹਾਲੇ ਪਿਛਲੇ ਸਾਲ ਦੀ ਗੱਲ ਹੈ ਕਿ ਜਦੋਂ ਪੰਜਾਬ ਹੜ੍ਹਾਂ ਦੀ ਮਾਰ ਹੇਠ ਬੁਰੀ ਤਰ੍ਹਾਂ ਆਇਆ ਸੀ ਤਦ ਸਾਡੇ ਗੁਆਂਢੀ ਰਾਜ ਹਰਿਆਣਾ ਨੇ ਮਦਦ ਕਰਨ ਤੋਂ ਹੱਥ ਖੜ੍ਹੇ ਕਰ ਦਿੱਤੇ ਸਨ। ਅਸਲ ਵਿੱਚ ਪੰਜਾਬ ਦੇ ਆਪਣੇ ਪਾਣੀ ਨਾਲੋਂ ਹਿਮਾਚਲ ਪ੍ਰਦੇਸ਼ ਦੀਆਂ ਪਹਾੜੀਆਂ ਤੋਂ ਬਾਰਿਸ਼ ਦਾ ਹੋਣ ਵਾਲਾ ਪਾਣੀ ਸੂਬੇ ਦਾ ਜ਼ਿਆਦਾ ਨੁਕਸਾਨ ਕਰਦਾ ਹੈ। ਕਿਸਾਨ ਪੰਜਾਬ ਸਰਕਾਰ ਦੀ ਅਰਬਨ ਅਸਟੇਟ ਵਸਾਉਣ ਲਈ ਜ਼ਮੀਨ ਅਕਵਾਇਰ ਕਰਨ ਦੀ ਨੀਤੀ ਦਾ ਵਿਰੋਧ ਕਰ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੇ 15 ਜੁਲਾਈ ਤੋਂ ਸੰਘਰਸ਼ ਦਾ ਐਲਾਨ ਕਰ ਦਿੱਤਾ।

ਪੰਜਾਬ ਤੋਂ ਬਾਹਰ ਦੀ ਗੱਲ ਕਰੀਏ ਤਾਂ ਬੰਗਲੂਰ, ਪਟਨਾ, ਚੇਨਈ ਅਤੇ ਗੁਰੂਗ੍ਰਾਮ ਦਾ ਤੇਜ਼ ਰਫਤਾਰ ਨਾਲ ਸ਼ਹਿਰੀਕਰਨ ਹੋਇਆ ਹੈ ਅਤੇ ਇਹਨਾਂ ਖੇਤਰਾਂ ਵਿੱਚ ਹੜ੍ਹ ਪਹਿਲਾਂ ਨਾਲੋਂ ਛੇ ਗੁਣਾ ਜ਼ਿਆਦਾ ਹੋਣ ਲੱਗੇ ਹਨ। ਇਨ੍ਹਾਂ ਖੇਤਰਾਂ ਵਿੱਚ ਬਾਰਿਸ਼ ਦੇ ਸ਼ੁਰੂ ਹੁੰਦਿਆਂ ਹੀ ਪਾਣੀ ਭਰ ਜਾਂਦਾ ਹੈ। ਅਬਾਦੀ ਜ਼ਿਆਦਾ ਹੋਣ ਕਰਕੇ ਜਾਨ ਮਾਲ ਦਾ ਨੁਕਸਾਨ ਵੀ ਵਧੇਰੇ ਹੋ ਰਿਹਾ ਹੈ। ਨੀਤੀ ਅਯੋਗ ਅਤੇ ਕੌਮੀ ਆਫਤ ਪ੍ਰਬੰਧਨ ਸੰਸਥਾਨਾਂ ਦੀਆਂ ਦੋ ਵੱਖ ਵੱਖ ਰਿਪੋਰਟਾਂ ਤੋਂ ਸਪੱਸ਼ਟ ਹੈ ਕਿ ਹੜ੍ਹ ਸਿਰਫ਼ ਮੌਸਮ ਵਿੱਚ ਬਦਲਾਅ ਹੋਣ ਕਾਰਨ ਹੀ ਨਹੀਂ ਆਉਣ ਲੱਗੇ ਹਨ। ਬੇਤਰਤੀਬੀ ਸ਼ਹਿਰੀਕਰਨ, ਨਜਾਇਜ਼ ਕਬਜ਼ੇ, ਬਹੁਤ ਮੰਜ਼ਲੇ ਫਲੈਟ ਅਤੇ ਪਾਣੀ ਦੇ ਮਾੜੇ ਨਿਕਾਸ ਪ੍ਰਬੰਧਾਂ ਦਾ ਨਤੀਜਾ ਹੈ। ਜ਼ਿਆਦਾਤਰ ਸ਼ਹਿਰਾਂ ਵਿੱਚ ਪਾਣੀ ਦੇ ਨਿਕਾਸ ਦਾ ਢਾਂਚਾ ਪੁਰਾਣਾ ਹੈ ਜਦਕਿ ਆਬਾਦੀ ਪਹਿਲਾਂ ਨਾਲੋਂ ਕਈ ਗੁਣਾ ਵੱਧ ਚੁੱਕੀ ਹੈ। ਬੰਗਲੂਰੂ ਦੀ ਗੱਲ ਕਰੀਏ ਤਾਂ 66 ਫ਼ੀਸਦੀ ਝੀਲਾਂ ਵਿੱਚ ਸੀਵਰੇਜ ਮਿਲ ਰਿਹਾ ਹੈ। ਕਈ ਸ਼ਹਿਰਾਂ ਵਿੱਚ ਤਾਂ 72 ਫ਼ੀਸਦੀ ਤੱਕ ਨਜਾਇਜ਼ ਕਬਜ਼ੇ ਹੋ ਚੁੱਕੇ ਹਨ।

ਰਿਪੋਰਟ ਅਨੁਸਾਰ ਨਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਦੌਰਾਨ ਹੜ੍ਹਾਂ ਦੀ ਵਜ੍ਹਾ ਕਰਕੇ 5694 ਕਰੋੜ ਰੁਪਏ ਦਾ ਨੁਕਸਾਨ ਹੋਇਆ ਅਤੇ 1654 ਲੋਕਾਂ ਦੀ ਜਾਨ ਚਲੀ ਗਈ ਸੀ ਮੁਲਕ ਦੀ 66 ਫ਼ੀਸਦੀ ਉਪਜਾਊ ਜ਼ਮੀਨ ਹੜ੍ਹਾਂ ਕਰਕੇ ਵਾਰ ਵਾਰ ਨੁਕਸਾਨੀ ਗਈ ਹੈ।

ਇੱਕ ਹੋਰ ਦਿਲਚਸਪ ਜਾਣਕਾਰੀ ਮਿਲੀ ਹੈ ਕਿ ਖੇਤਾਂ ਵਿੱਚ ਫਲੈਟ ਬਣਨ ਤੋਂ ਬਾਅਦ ਪਿੰਡਾਂ ਅਤੇ ਸ਼ਹਿਰਾਂ ਵਿੱਚ ਹੜ੍ਹਾਂ ਦੇ ਕਾਰਨ ਵੀ ਬਦਲ ਗਏ ਹਨ। ਬਰਸਾਤ ਸ਼ੁਰੂ ਹੁੰਦਿਆਂ ਹੀ ਸ਼ਹਿਰਾਂ ਵਿੱਚ ਹੜ੍ਹਾਂ ਦਾ ਖਤਰਾ ਤਿੰਨ ਗੁਣਾ ਵੱਧ ਜਾਂਦਾ ਹੈ। ਬਾਰਿਸ਼ ਦੇ ਤੇਜ਼ ਹੁੰਦਿਆਂ ਹੀ ਕੁਝ ਮਿੰਟਾਂ ਵਿੱਚ ਸ਼ਹਿਰ ਜਲ ਥਲ ਹੋ ਕੇ ਰਹਿ ਜਾਂਦੇ ਹਨ। ਪੰਜਾਬ ਵਿੱਚ ਦੋ ਦਿਨ ਪਹਿਲਾਂ ਹੋਈ ਬਾਰਿਸ਼ ਦੀ ਰਫ਼ਤਾਰ ਨੇ ਪੁਰਾਣੇ ਰਿਕਾਰਡ ਤੋੜ ਦਿੱਤੇ ਹਨ। ਚੰਡੀਗੜ੍ਹ ਆਸ ਪਾਸ ਦੇ ਖੇਤਰਾਂ ਵਿੱਚ 29 ਜੂਨ ਨੂੰ ਇੱਕ ਦਿਨ ਦੌਰਾਨ ਹੀ 201 ਮਿਲੀਮੀਟਰ ਬਾਰਿਸ਼ ਰਿਕਾਰਡ ਕੀਤੀ ਗਈ ਹੈ। ਪਿਛਲੇ ਸਾਲ ਪੂਰੇ ਜੂਨ ਮਹੀਨੇ ਦੌਰਾਨ 155 ਮਿਲੀਮੀਟਰ ਬਾਰਿਸ਼ ਰਿਕਾਰਡ ਕੀਤੀ ਗਈ ਸੀ।ਸਾਲ 2023 ਨੂੰ ਉੱਤਰੀ ਭਾਰਤ ਵਿੱਚ ਚਾਰ ਦਿਨ ਵਿੱਚ 300 ਮਿਲੀ ਮੀਟਰ ਮੀਂਹ ਪਿਆ ਸੀ, ਜਿਹੜਾ ਕਿ ਆਮ ਨਾਲੋਂ ਅੱਠ ਗੁਣਾ ਵੱਧ ਦੱਸਿਆ ਜਾਂਦਾ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਦੇਸ਼ ਵਿੱਚ ਹਰ ਰੋਜ਼ ਡੇਢ ਲੱਖ ਟਨ ਠੋਸ ਕਚਰਾ ਪੈਦਾ ਹੋ ਰਿਹਾ ਹੈ। ਇਸ ਵਿੱਚੋਂ 83 ਫ਼ੀਸਦੀ ਇਕੱਤਰ ਹੁੰਦਾ ਹੈ ਅਤੇ 30 ਫ਼ੀਸਦੀ ਦਾ ਹੀ ਟ੍ਰੀਟਮੈਂਟ ਹੁੰਦਾ ਹੈ। ਬਾਕੀ ਇਧਰ ਉਧਰ ਸੁੱਟ ਦਿੱਤਾ ਜਾਂਦਾ ਹੈ ਜਿਸ ਦੇ ਕਾਰਨ ਪਾਣੀ ਦਾ ਨਿਕਾਸ ਰੁਕਣ ਲੱਗਦਾ ਹੈ।

ਨੀਤੀ ਆਯੋਗ ਨੇ 2021 ਤੋਂ 2026 ਹੜ੍ਹ ਪ੍ਰਬੰਧਾਂ ਨਾਲ ਜੁੜੀ ਇੱਕ ਰਿਪੋਰਟ ਵਿੱਚ ਸ਼ਹਿਰਾਂ ਵਿੱਚ ਲੈਂਡ ਯੂਜ਼ ਪਾਲਿਸੀ ਅਤੇ ਮਾਸਟਰ ਪਲਾਨ ਨੂੰ ਸਾਹਮਣੇ ਰੱਖ ਕੇ ਐਗਰੀਮੈਂਟ ਕੀਤੇ ਜਾਣ। ਮੁੰਬਈ ਵਿੱਚ 25 ਮਿਲੀ ਲੀਟਰ ਪ੍ਰਤੀ ਘੰਟਾ ਦੀ ਨਿਕਾਸੀ ਦਾ ਬੰਦੋਬਸਤ ਹੈ, ਜਿਹੜਾ ਕਿ ਤੇਜ਼ ਰਫ਼ਤਾਰ ਮੀਂਹ ਦੇ ਸ਼ੁਰੂ ਹੁੰਦਿਆਂ ਹੀ ਬੈਠ ਜਾਂਦਾ ਹੈ। ਸਾਰੇ ਸ਼ਹਿਰਾਂ ਦਾ ਇਹੋ ਹਾਲ ਹੈ। ਨੀਤੀ ਆਯੋਗ ਨੇ ਗੈਰ ਕਾਨੂੰਨੀ ਕਬਜ਼ੇ ਅਤੇ ਪਾਣੀ ਦੇ ਕੁਦਰਤੀ ਵਹਾਅ ਦੇ ਰਸਤੇ ਬਹਾਲ ਕਰਨ ਦਾ ਸੁਝਾਅ ਦਿੱਤਾ ਹੈ। ਸਭ ਤੋਂ ਜ਼ਿਆਦਾ ਜ਼ੋਰ ਨਦੀਆਂ ਦੇ ਆਸ ਪਾਸ ਉਸਾਰੀਆਂ ਨਾ ਕਰਨ ਉਤੇ ਦਿੱਤਾ ਗਿਆ ਹੈ। ਦੂਰ ਨਾ ਜਾਈਏ ਤਾਂ ਪਿਛਲੀਆਂ ਬਰਸਾਤਾਂ ਦੌਰਾਨ ਮੋਹਾਲੀ ਨਾਲ ਲੱਗਦੇ ਜ਼ੀਰਕਪੁਰ ਦੀਆਂ ਬਹੁ ਮੰਜ਼ਲੀ ਫਲੈਟਾਂ ਵਾਲੀਆਂ ਕਲੋਨੀਆਂ ਦੇ ਘਰਾਂ ਵਿੱਚ ਪਾਣੀ ਨਿਕਾਸੀ ਦੇ ਢੁਕਵੇਂ ਬੰਦੋਬਸਤ ਨਾ ਹੋਣ ਕਾਰਨ ਜਾ ਵੜਿਆ ਸੀ। ਏਸ਼ੀਆ ਦਾ ਅਤਿ ਆਧੁਨਿਕ ਸ਼ਹਿਰ ਚੰਡੀਗੜ੍ਹ ਵੀ ਪਾਣੀ ਦੀ ਨਿਕਾਸੀ ਦੇ ਪੱਖੋਂ ਬੁਰੀ ਤਰ੍ਹ ਫੇਲ ਹੋਇਆ ਹੈ। ਚੰਡੀਗੜ੍ਹ ਨੂੰ ਜਿਸ ਆਬਾਦੀ ਨੂੰ ਮੁੱਖ ਰੱਖ ਕੇ ਉਸਾਰਿਆ ਗਿਆ ਸੀ, ਹੁਣ ਉੱਥੋਂ ਦੀ ਅਬਾਦੀ 10 ਗੁਣਾਂ ਤੋਂ ਵੀ ਜ਼ਿਆਦਾ ਵੱਧ ਗਈ ਹੈ। ਇਸ ਹਾਲਤ ਵਿੱਚ ਪਾਣੀ ਦੇ ਨਿਕਾਸ ਦਾ ਸੰਕਟ ਦਾ ਆਉਣਾ ਕੁਦਰਤੀ ਹੈ। ਚੰਡੀਗੜ੍ਹ ਪ੍ਰਸ਼ਾਸਨ ਸਮੇਤ ਪੰਜਾਬ ਅਤੇ ਮੁਲਕ ਭਰ ਦੀਆਂ ਸਰਕਾਰਾਂ ਦੀ ਨੀਂਦ ਵੀ ਉਦੋਂ ਖੁੱਲਦੀ ਹੈ ਜਦੋਂ ਸਿਰ 'ਤੇ ਆ ਪਵੇ। ਪੰਜਾਬ ਦੀ ਗੱਲ ਕਰੀਏ ਤਾਂ ਮੁਹਾਲੀ ਸਮੇਤ ਅੱਧੀ ਦਰਜਨ ਸ਼ਹਿਰ ਅਜਿਹੇ ਹਨ, ਜਿੱਥੇ ਵਸੋਂ ਦਾ ਭਾਰ ਇਕ ਦਮ ਵਧੀਆ ਹੈ। ਨੇੜ ਭਵਿੱਖ ਵਿੱਚ ਇਸ ਦੀ ਰਫ਼ਤਾਰ ਦੇ ਥੰਮਣ ਦੀ ਕੋਈ ਸੰਭਾਵਨਾ ਵੀ ਨਜ਼ਰ ਨਹੀਂ ਆ ਰਹੀ ਹੈ। ਸ਼ਹਿਰਾਂ ਵਿੱਚ ਪਾਣੀ ਨਿਕਾਸੀ ਦੇ ਪ੍ਰਬੰਧ ਜੁਆਬ ਦੇਣ ਲੱਗੇ ਹਨ। ਸਥਾਨਕ ਸਰਕਾਰਾਂ ਵੱਲੋਂ ਵੀ ਸਫ਼ਾਈ ਪ੍ਰਬੰਧਾਂ ਵੱਲ ਸਮੇਂ ਸਿਰ ਧਿਆਨ ਨਹੀਂ ਦਿੱਤਾ ਜਾਂਦਾ ਹੈ ਅਤੇ ਆਫ਼ਤ ਪੈਣ ਉੱਤੇ ਹੱਥ ਪੈਰ ਮਾਰਨੇ ਸ਼ੁਰੂ ਕਰਦੇ ਹਨ। ਇਸ ਦੇ ਨਾਲ ਹੀ ਸ਼ੁਰੂ ਹੋ ਜਾਂਦੀ ਸਿਆਸਤ ਰਾਜਸੀ ਪਾਰਟੀਆਂ ਵੱਲੋਂ। ਸਰਕਾਰੀ ਵਿਭਾਗਾਂ ਵਿੱਚ ਆਪਸੀ ਤਾਲਮੇਲ ਦੀ ਘਾਟ ਕਾਰਨ ਵੀ ਬੰਦੋਬਸਤ ਸਮੇਂ ਸਿਰ ਨਹੀਂ ਹੁੰਦੇ, ਜਿਸ ਦੀ ਮਾਰ ਝੱਲਣ ਲਈ ਆਮ ਲੋਕ ਮਜਬੂਰ ਹੁੰਦੇ ਹਨ। ਦੁੱਖ ਤਾਂ ਇਸ ਗੱਲ ਦਾ ਵੀ ਹੈ ਕਿ ਸਰਕਾਰਾਂ ਨੇ ਬੀਤੇ ਤੋਂ ਸਬਕ ਨਹੀਂ ਸਿੱਖਿਆ ਹੈ। ਦਹਾਕਿਆਂ ਤੋਂ ਸਾਰਾ ਕੁਝ ਉਵੇਂ ਦਾ ਉਵੇਂ ਰੁੜੀ ਜਾ ਰਿਹਾ ਹੈ। ਲੋਕਾਂ ਦੀਆਂ ਦੁੱਖ ਤਕਲੀਫਾਂ ਅਤੇ ਸਰਕਾਰਾਂ ਦੇ ਲਾਰੇ ਨਾਲੋ-ਨਾਲ ਚਲਦੇ ਆ ਰਹੇ ਹਨ।

# ਜਦੋਂ ਪਿੰਡ ਬਿਲਗਾ ਵਿਖੇ ਪੰਚਮ ਪਾਤਸ਼ਾਹ ਬਰਾਤ ਸਮੇਤ ਠਹਿਰੇ



ਭਗਵਾਨ ਸਿੰਘ ਜੌਹਲ
ਮੋ. 98143-24040

ਦੁਆਬੇ ਦੀ ਧਰਤੀ ਦਾ ਇਤਿਹਾਸਕ ਪਿੰਡ ਬਿਲਗਾ (ਜਲੰਧਰ) ਸ਼ਹੀਦਾਂ ਦੇ ਸਿਰਤਾਜ, ਬਾਣੀ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਚਰਨ ਛੋਹ ਪ੍ਰਾਪਤ ਇਤਿਹਾਸਕ ਪਿੰਡ ਹੈ। ਇਹ ਪਿੰਡ ਪੰਜਾਬ ਦੇ ਵੱਡੇ ਪਿੰਡਾਂ ਵਿੱਚੋਂ ਪ੍ਰਸਿੱਧੀ ਪ੍ਰਾਪਤ ਨਗਰ ਹੈ। ਇਸ ਧਰਤੀ ਨੇ ਸਮੇਂ-ਸਮੇਂ ਅਨੇਕਾਂ ਧਾਰਮਿਕ, ਰਾਜਨੀਤਿਕ ਅਤੇ ਉੱਘੀਆਂ ਸਮਾਜ ਸੇਵਕ ਸ਼ਖ਼ਸੀਅਤਾਂ ਨੂੰ ਜਨਮ ਦਿੱਤਾ। ਇਹ ਪਿੰਡ ਜ਼ਿਲ੍ਹਾ ਜਲੰਧਰ ਦੀ ਤਹਿਸੀਲ ਫਿਲੌਰ ਵਿਖੇ ਸਥਿਤ ਹੈ। ਇਤਿਹਾਸਕ ਤੱਥਾਂ ਮੁਤਾਬਕ ਇਹ ਪਿੰਡ ਗੁਰੂ-ਕਾਲ ਸਮੇਂ ਝੌਂਪੜੀਆਂ ਵਿੱਚ ਵੱਸਦਾ ਸੀ। ਇਹ ਝੌਂਪੜੀਆਂ ਹਰ ਸਾਲ ਕੁਦਰਤ ਦੀ ਕਰੋਪੀ ਦਾ ਸ਼ਿਕਾਰ ਹੋ ਜਾਂਦੀਆਂ ਸਨ। ਗੁਰੂ ਨਾਨਕ ਸਾਹਿਬ ਦੇ ਪੰਜਵੇਂ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਜਦੋਂ ਮਾਤਾ ਗੰਗਾ ਜੀ ਨੂੰ ਵਿਆਹੁਣ ਲਈ ਇਥੋਂ ਨੇੜੇ ਵੱਸੇ ਪਿੰਡ ਮੌ-ਸਾਹਿਬ ਬਰਾਤ ਸਮੇਤ ਪਿੰਡ ਬਿਲਗਾ ਤੋਂ ਗੁਜ਼ਰ ਰਹੇ ਸਨ। ਇਸ ਸਮੇਂ ਪਿੰਡ ਬਿਲਗਾ ਵਿੱਚ ਵੱਸਣ ਵਾਲੇ ਸ਼ਰਧਾਵਾਨ ਗੁਰੂ ਨਾਨਕ ਨਾਮ ਲੇਵਾ ਗੁਰਸਿੱਖਾਂ ਦੇ ਬੇਨਤੀ ਕਰਨ 'ਤੇ ਕੁਝ ਅਰਸੇ ਲਈ ਗੁਰੂ ਸਾਹਿਬ ਨੇ ਪੜਾਅ ਕੀਤਾ ਸੀ। ਸਮੁੱਚੇ ਪਿੰਡ ਵਾਸੀਆਂ ਨੇ ਗੁਰੂ ਸਾਹਿਬ ਅਤੇ ਬਰਾਤ ਦੀ ਆਉ ਭਗਤ ਅਤੇ ਸੇਵਾ ਬੜੀ ਸ਼ਰਧਾ ਤੇ ਪ੍ਰੇਮ ਨਾਲ ਕੀਤੀ। ਇਤਿਹਾਸਕ ਹਵਾਲਿਆਂ ਮੁਤਾਬਕ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪੜਾਅ ਦੌਰਾਨ ਇਸ਼ਨਾਨ ਤੋਂ ਬਾਅਦ ਪਹਿਨਣ ਵਾਲੇ ਬਸਤਰ ਬਦਲੇ ਸਨ। ਇਸ ਸਮੇਂ ਗੁਰੂ ਸਾਹਿਬ ਦੇ ਨਾਲ ਆਏ ਸੰਗੀ ਬਰਾਤੀਆਂ ਵਿੱਚ ਆਏ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਨੇ ਧੁਰ ਕੀ ਬਾਣੀ ਦਾ ਕੀਰਤਨ ਵੀ ਕੀਤਾ।



ਪਿੰਡ ਵਾਸੀਆਂ ਨੇ ਗੁਰੂ ਸਾਹਿਬ ਅੱਗੇ ਫਰਿਆਦ ਕੀਤੀ ਕਿ ਸਾਡੀਆਂ ਕੱਚੀਆਂ ਕੱਖਾਂ ਕਾਨਿਆਂ ਦੀਆਂ ਕੁੱਲੀਆਂ ਹਰ ਸਾਲ ਅੱਗ ਨਾਲ ਸੜ ਕੇ ਤਬਾਹ ਹੋ ਜਾਂਦੀਆਂ ਹਨ। ਕਈ ਵਾਰ ਕੁਦਰਤ ਦੇ ਕਹਿਰ ਦਾ ਸ਼ਿਕਾਰ ਹੋ ਜਾਂਦੀਆਂ ਹਨ। ਤੁਸੀਂ ਗੁਰੂ ਨਾਨਕ ਸਾਹਿਬ ਦੇ ਪੰਜਵੇਂ ਸਰੂਪ ਹੋ ਸਾਡੇ 'ਤੇ ਕ੍ਰਿਪਾ ਕਰੋ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਜੀਵਨ ਕਾਲ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ, ਸ੍ਰੀ ਤਰਨਤਾਰਨ ਸਾਹਿਬ ਦੇ ਸਰੋਵਰ ਤੇ ਸ਼ਹਿਰ ਤੋਂ ਇਲਾਵਾ, ਛੇਹਰਟਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ (ਜਲੰਧਰ), ਸ੍ਰੀ ਹਰਗੋਬਿੰਦਪੁਰ ਆਦਿ ਸ਼ਹਿਰਾਂ ਤੇ ਨਗਰਾਂ ਦੀ ਉਸਾਰੀ ਕਰਵਾਈ, ਨੇ ਬਚਨ ਕੀਤਾ ਸਮਾਂ ਆਉਣ 'ਤੇ ਸ੍ਰੀ ਅਕਾਲ ਪੁਰਖ ਦੇ ਹੁਕਮ ਮੁਤਾਬਕ ਵੱਡਾ ਪਿੰਡ/ਨਗਰ ਵੱਸੇਗਾ। ਅੱਜ ਪਿੰਡ ਬਿਲਗਾ ਦੀਆਂ ਸਤ ਪੱਤੀਆਂ ਹਨ ਪੰਜਾਬ ਦਾ ਵੱਡਾ ਪਿੰਡ ਹੋਣ ਕਰਕੇ ਹਜ਼ਾਰਾਂ ਲੋਕ ਦੇਸ਼-ਵਿਦੇਸ਼ ਵਿੱਚ ਚੰਗਾ ਕਾਰੋਬਾਰ ਕਰ ਰਹੇ ਹਨ।

ਗੁਰੂ ਸਾਹਿਬ ਦਾ ਵਿਆਹ ਮਾਤਾ ਗੰਗਾ ਜੀ ਨਾਲ 1589 ਈ: ਵਿੱਚ ਹੋਇਆ, ਪਿੰਡ ਬਿਲਗਾ ਜਿਥੇ ਗੁਰੂ ਸਾਹਿਬ ਬਰਾਤ ਸਮੇਤ ਠਹਿਰੇ, ਉਸੇ ਪਵਿੱਤਰ ਅਸਥਾਨ 'ਤੇ ਸਿੱਖ ਸੰਗਤ ਨੇ ਸ਼ਰਧਾ ਸਹਿਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਉਸਾਰੀ ਕੀਤੀ। ਜਿਥੇ ਗੁਰੂ ਅਰਜਨ ਦੇਵ ਜੀ ਦੇ ਵਿਆਹ ਦੀਆਂ ਰਸਮਾਂ ਮਾਤਾ ਗੰਗਾ ਜੀ ਨਾਲ ਸੰਪੂਰਨ ਹੋਈਆਂ, ਉਥੇ ਵੀ ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਇਮਾਰਤ ਤੇ ਪਿੰਡ ਮੌ-ਸਾਹਿਬ ਵਿੱਚ ਵੀ ਸੁਸ਼ੋਭਿਤ ਹੈ। ਬਿਲਗਾ ਪਿੰਡ ਦੇ ਵਿੱਚਕਾਰ ਗੁਰਦੁਆਰਾ ਸਾਹਿਬ ਦੀ ਇਮਾਰਤ ਸੁਭਾਇਮਾਨ ਹੈ। ਦੱਸਿਆ ਜਾਂਦਾ ਹੈ ਕਿ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ-ਕਾਲ ਦੌਰਾਨ ਇਸ ਪਵਿੱਤਰ ਅਸਥਾਨ ਦੇ ਨਾਂਅ ਜਗੀਰ ਵੀ ਲਗਵਾਈ। ਅੱਜ ਕੱਲ੍ਹ ਇਸ ਬਿਲਗਾ ਦੇ ਇਸ ਗੁਰਦੁਆਰਾ ਸਾਹਿਬ ਅਤੇ ਮੌ-ਸਾਹਿਬ (ਮਾਉ-ਸਾਹਿਬ) ਦਾ ਸਿੱਧਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ। ਗੁ: ਸ੍ਰੀ ਗੁਰੂ ਅਰਜਨ ਦੇਵ ਜੀ ਬਿਲਗਾ ਵਿਖੇ ਗੁਰੂ ਸਾਹਿਬ ਜੀ ਦੀਆਂ ਸਰੀਰਕ ਛੋਹ ਪ੍ਰਾਪਤ ਪਵਿੱਤਰ ਬਸਤਰ, ਕੁੜਤਾ, ਪਜਾਮਾ, ਸਿਮਰਨਾ, ਸੇਲੀ-ਟੋਪੀ, ਚੰਦਨ ਦੀ ਚੌਂਕੀ ਆਦਿ ਸੁਸ਼ੋਭਿਤ ਹਨ। ਇਨ੍ਹਾਂ ਦੇ ਦਰਸ਼ਨ ਸਮੇਂ-ਸਮੇਂ ਕਰਵਾਏ ਜਾਂਦੇ ਹਨ। ਪ੍ਰਵਾਸੀ ਭਾਰਤੀ ਇਲਾਕੇ ਦੀ ਸੰਗਤ ਦੇ ਉੱਦਮ ਨਾਲ ਮਾਹਿਰਾਂ ਦੇ ਸਹਿਯੋਗ ਨਾਲ ਇਨ੍ਹਾਂ ਵਸਤੂਆਂ ਦੀ ਸਾਂਭ ਸੰਭਾਲ ਵਿਗਿਆਨਕ ਢੰਗ ਨਾਲ ਸੁਚੱਜੀ ਤਰ੍ਹਾਂ ਕੀਤੀ ਜਾਂਦੀ ਹੈ। ਗੁਰੂ ਸਾਹਿਬ ਦੀ ਬਰਾਤ ਵਿੱਚ ਬਾਬਾ ਬੁੱਢਾ ਸਾਹਿਬ, ਭਾਈ ਗੁਰਦਾਸ ਜੀ, ਭਾਈ ਸੰਗ ਜੀ, ਸਾਈਂ ਮੀਆਂ ਮੀਰ ਜੀ, ਭਾਈ ਮੰਝ ਜੀ, ਭਾਈ ਸ਼ਾਹਲੋ ਆਦਿ ਵਰਗੀਆਂ ਅਨੇਕਾਂ ਆਤਮ-ਰਸੀ ਪਵਿੱਤਰ ਰੂਹਾਂ ਦੇ ਮਾਲਕ ਗੁਰਸਿੱਖ ਵੀ ਸ਼ਾਮਲ ਸਨ।

ਇਸ ਪਵਿੱਤਰ ਅਸਥਾਨ 'ਤੇ ਹਰ ਸਾਲ ਵਿਆਹ ਪੁਰਬ ਦੇ ਸਬੰਧ ਵਿੱਚ 18 ਤੋਂ 20 ਹਾੜ ਨੂੰ ਤਿੰਨ ਦਿਨਾਂ ਸਾਲਾਨਾ ਜੋੜ-ਮੇਲਾ ਹੁੰਦਾ ਹੈ। ਇਸ ਤੋਂ ਅਗਲੇ ਤਿੰਨ ਦਿਨ ਮੌ-ਸਾਹਿਬ ਵਿਖੇ ਵੀ ਵਿਆਹ ਪੁਰਬ ਦੇ ਸਮਾਗਮ ਹੁੰਦੇ ਹਨ। ਲਗਾਤਾਰ ਧਾਰਮਿਕ ਦੀਵਾਨ ਸਜਦੇ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਇਸ ਵਾਰ ਵੀ ਤਿੰਨ ਜੁਲਾਈ ਦੀ ਰਾਤ ਨੂੰ ਸੋਦਰ ਰਹਿਰਾਸ ਜੀ ਦੇ ਪਾਠ ਤੋਂ ਉਪਰੰਤ ਮਹਾਨ ਗੁਰਮਤਿ ਸਮਾਗਮ ਹੋ ਰਿਹਾ ਹੈ। ਇਸੇ ਰਾਤ ਅੰਮ੍ਰਿਤ ਵੇਲੇ ਪੰਜ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਅਨੰਦ ਕਾਰਜ ਵੀ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਰਾਤ ਭਰ ਪੰਥ ਪ੍ਰਸਿੱਧ ਜਥੇ ਪਾਵਨ ਬਾਣੀ ਦੇ ਕੀਰਤਨ ਨਾਲ ਸੰਗਤ ਨੂੰ ਸਰਸ਼ਾਰ ਕਰਦੇ ਹਨ। ਇਹ ਕਾਰਜ ਪਿੰਡ ਵਾਸੀਆਂ, ਇਲਾਕਾ ਵਾਸੀਆਂ ਅਤੇ ਗੁਰਦੁਆਰਾ ਪ੍ਰਬੰਧਕਾਂ ਦੇ ਸਹਿਯੋਗ ਨਾਲ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ (ਜੋ ਇਸੇ ਪਿੰਡ ਦੇ ਜੰਮਪਲ ਹਨ) ਦੁਆਰਾ ਕਰਵਾਏ ਜਾਂਦੇ ਹਨ। ਇਸ ਤੋਂ ਇਲਾਵਾ ਹੋਰ ਸਮਾਜ ਸੇਵੀ ਕਾਰਜਾਂ ਵਿੱਚ ਲੋੜ-ਵੰਦ ਪਰਿਵਾਰਾਂ ਵਿੱਚ ਮੁਫ਼ਤ ਰਾਸ਼ਨ, ਲੋੜ-ਵੰਦ ਬੱਚਿਆਂ ਦੀ ਪੜ੍ਹਾਈ ਆਦਿ ਕਾਰਜ ਵੀ ਕੀਤੇ ਜਾਂਦੇ ਹਨ। ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠਾਂ ਦੇ ਭੋਗਾਂ ਤੋਂ ਉਪਰੰਤ ਲਗਾਤਾਰ ਦੀਵਾਨ ਸਜਦਾ ਹੈ। ਲੰਗਰਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਪਕਵਾਨ ਵਿਆਹ ਪੁਰਬ ਜਾਣ ਕੇ ਸੰਗਤ ਦੀ ਸੇਵਾ ਲਈ ਤਿਆਰ ਕਰਕੇ ਵਰਤਾਏ ਜਾਂਦੇ ਹਨ ਪਿੰਡ ਬਿਲਗਾ ਅਤੇ ਮੌ-ਸਾਹਿਬ ਵਿਖੇ ਲਗਾਤਾਰ ਜੋੜ ਮੇਲੇ ਦੌਰਾਨ ਵੱਡੀ ਗਿਣਤੀ ਵਿੱਚ ਗੁਰੂ-ਘਰਾਂ ਵਿੱਚ ਸੰਗਤ ਹਾਜ਼ਰੀ ਭਰਦੀ ਹੈ। ਹਰ ਸਾਲ ਇਹ ਸਮਾਗਮ ਯਾਦਗਾਰੀ ਹੋ ਨਿਬੜਦਾ ਹੈ।

# ਇੱਕ ਦ੍ਰਿਸ਼ਟੀਕੋਣ ਤੋਂ ਹਕੀਕਤ ਤੱਕ: ਡਿਜੀਟਲ ਇੰਡੀਆ ਅਤੇ ਅੰਤੋਦਿਆ ਦਾ ਸਫ਼ਰ



ਅਸ਼ਵਿਨੀ ਵੈਸ਼ਣਵ
ਕੇਂਦਰੀ ਰੇਲਵੇ, ਇਲੈਕਟ੍ਰੌਨਿਕਸ ਅਤੇ ਸੂਚਨਾ ਟੈਕਨਾਲੌਜੀ ਅਤੇ ਸੂਚਨਾ ਅਤੇ ਪ੍ਰਸਾਰਣ ਮੰਤਰੀ, ਭਾਰਤ ਸਰਕਾਰ

ਕੁਝ ਮਹੀਨੇ ਪਹਿਲਾਂ, ਮੈਂ ਦਿੱਲੀ ਵਿੱਚ ਇੱਕ ਸੀਨੀਅਰ ਯੂਰੋਪੀਅਨ ਮੰਤਰੀ ਨਾਲ ਮੁਲਾਕਾਤ ਕੀਤੀ। ਉਹ ਭਾਰਤ ਦੀ ਡਿਜੀਟਲ ਭੁਗਤਾਨ ਕ੍ਰਾਂਤੀ ਤੋਂ ਹੈਰਾਨ ਸਨ। ਉਨ੍ਹਾਂ ਲਈ ਸਭ ਤੋਂ ਵੱਧ ਪ੍ਰਭਾਵਿਤ ਕਰਨ ਵਾਲੀ ਗੱਲ ਇਹ ਸੀ ਕਿ ਸਮੁੱਚੇ ਭਾਰਤ ਦੇ ਲੋਕ ਮੋਬਾਈਲ ਫੋਨਾਂ ਦੀ ਵਰਤੋਂ ਕਰਕੇ ਭੁਗਤਾਨ ਕਿਵੇਂ ਕਰ ਰਹੇ ਹਨ। ਛੋਟੇ ਪਿੰਡਾਂ ਤੋਂ ਲੈ ਕੇ ਵੱਡੇ ਸ਼ਹਿਰਾਂ ਤੱਕ, ਹਰ ਕੋਈ - ਚਾਹ ਵੇਚਣ ਵਾਲੇ ਤੋਂ ਲੈ ਕੇ ਦੁਕਾਨਦਾਰਾਂ ਤੱਕ- ਆਸਾਨੀ ਨਾਲ ਡਿਜੀਟਲ ਭੁਗਤਾਨਾਂ ਦੀ ਵਰਤੋਂ ਕਰ ਰਿਹਾ ਸੀ।

ਪਰ ਉਨ੍ਹਾਂ ਦਾ ਇੱਕ ਸਵਾਲ ਸੀ ਕਿ ਭਾਸ਼ਾ ਅਤੇ ਭੂਗੋਲ ਵਿੱਚ ਇੰਨੀ ਭਿੰਨਤਾ ਦੇ ਬਾਵਜੂਦ, ਭਾਰਤ ਨੇ ਇਹ ਪੱਧਰ ਕਿਵੇਂ ਹਾਸਲ ਕੀਤਾ?

ਮੈਂ ਉਸ ਨੂੰ 500 ਦਾ ਕਰੰਸੀ ਨੋਟ ਦਿਖਾਇਆ। ਪੰਜ ਸੌ ਰੁਪਏ ਸ਼ਬਦ 17 ਭਾਸ਼ਾਵਾਂ ਵਿੱਚ ਦਿਖਾਈ ਦਿੰਦੇ ਹਨ। ਇਹ ਭਾਰਤ ਦੀ ਵਿਭਿੰਨਤਾ ਦਾ ਇੱਕ ਸਧਾਰਣ ਪਰ ਸ਼ਕਤੀਸ਼ਾਲੀ ਪ੍ਰਤੀਕ ਹੈ।

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਦੂਰਦਰਸ਼ੀ ਅਗਵਾਈ ਹੇਠ, ਇਸ ਵਿਭਿੰਨਤਾ ਨੂੰ ਟੈਕਨੋਲੋਜੀ ਦੁਆਰਾ ਜੋੜਿਆ ਗਿਆ ਹੈ ਅਤੇ ਸਾਡੀ ਸਭ ਤੋਂ ਵੱਡੀ ਤਾਕਤ ਵਿੱਚ ਬਦਲ ਦਿੱਤਾ ਗਿਆ ਹੈ।

ਦੁਕਾਨ ਤੇ ਸਪੀਕਰਾਂ ਤੇ ਭੁਗਤਾਨ ਅਲਰਟ ਤੋਂ ਲੈ ਕੇ ਤੁਰੰਤ ਐੱਸਐੱਮਐੱਸ ਪੁਸ਼ਟੀਕਰਨ ਤੱਕ, ਪ੍ਰਣਾਲੀ ਨੂੰ ਮੁਸ਼ਕਲ ਰਹਿਤ ਅਤੇ ਸਿੱਧਾ ਬਣਾਉਣ ਲਈ ਤਿਆਰ ਕੀਤਾ ਗਿਆ ਹੈ। ਭੀਮ (BHIM) 20 ਭਾਸ਼ਾਵਾਂ ਵਿੱਚ ਅਤੇ ਉਮੰਗ (UMANG) 13 ਭਾਸ਼ਾਵਾਂ ਵਿੱਚ ਕੰਮ ਕਰਦੇ ਹਨ - ਜੋ ਸਮਾਵੇਸ਼ ਦੀ ਇੱਕੋ ਜਿਹੀ ਭਾਵਨਾ ਨੂੰ ਦਰਸਾਉਂਦੇ ਹਨ।

ਜਿਵੇਂ ਕਿ ਅਸੀਂ ਡਿਜੀਟਲ ਇੰਡੀਆ ਪ੍ਰੋਗਰਾਮ ਦੇ 10 ਸਾਲ ਦਾ ਜਸ਼ਨ ਮਨਾ ਰਹੇ ਹਾਂ, ਇਹ ਬਦਲਾਅ ਇੱਕ ਮਾਣ ਵਾਲੀ ਉਦਾਹਰਣ ਦੇ ਥੰਮ੍ਹ ਵਜੋਂ ਖੜ੍ਹਾ ਹੈ। ਅਸੀਂ ਇੱਕ ਲੰਮਾ ਸਫ਼ਰ ਤੈਅ ਕੀਤਾ ਹੈ ਅਤੇ ਸਾਡੇ ਕੋਲ ਬੇਹੱਦ ਮੌਕੇ ਹਨ। ਅੰਤੋਦਿਆ ਦਾ ਸੁਪਨਾ ਸਨਮਾਨ ਅਤੇ ਮੌਕੇ ਨਾਲ ਆਖਰੀ ਵਿਅਕਤੀ ਤੱਕ ਪਹੁੰਚਣਾ ਹੈ, ਜੋ ਸਾਡਾ ਮਾਰਗਦਰਸ਼ਨ ਕਰਦਾ ਹੈ।

**ਇੰਡੀਆ ਸਟੈਕ**: ਇਹ ਸਫ਼ਰ 10 ਸਾਲ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਵਲੋਂ ਪੇਸ਼ ਕੀਤੇ ਗਏ ਇੱਕ ਸਪੱਸ਼ਟ ਵਿਚਾਰ- ਆਬਾਦੀ-ਪੱਧਰ ਦੇ ਡਿਜੀਟਲ ਬੁਨਿਆਦੀ ਢਾਂਚੇ ਦਾ ਨਿਰਮਾਣ ਕਰਨਾ ਜੋ ਕੁਝ ਕੁ ਲੋਕਾਂ ਲਈ ਨਹੀਂ, ਸਗੋਂ ਸਾਰਿਆਂ ਲਈ ਲਾਭਦਾਇਕ ਹੋਵੇ, ਨਾਲ ਸ਼ੁਰੂ ਹੋਈ ਸੀ। ਇਸ ਨਾਲ ਉਹ ਸਿਰਜਣਾ ਹੋਈ ਜਿਸ ਨੂੰ ਅੱਜ ਦੁਨੀਆ ਇੰਡੀਆ ਸਟੈਕ ਵਜੋਂ ਮਾਨਤਾ ਦਿੰਦੀ ਹੈ। ਇਸ ਦਾ ਮੂਲ ਆਧਾਰ ਹੈ, ਜੋ ਕਿ ਦੁਨੀਆ ਦੀ ਸਭ ਤੋਂ ਵੱਡੀ ਬਾਇਓਮੈਟ੍ਰਿਕ ਪਛਾਣ ਪ੍ਰਣਾਲੀ ਹੈ। ਇਹ 1.4 ਬਿਲੀਅਨ ਲੋਕਾਂ ਨੂੰ ਇੱਕ ਵਿਲੱਖਣ ਡਿਜੀਟਲ ਪਛਾਣ ਦਿੰਦੀ ਹੈ। ਹਰ ਰੋਜ਼, 9 ਕਰੋੜ ਤੋਂ ਵੱਧ ਆਧਾਰ ਪ੍ਰਮਾਣੀਕਰਨ ਹੁੰਦੇ ਹਨ, ਜਿਸ ਨਾਲ ਗਤੀ ਅਤੇ ਵਿਸ਼ਵਾਸ ਨਾਲ ਜ਼ਰੂਰੀ ਸੇਵਾਵਾਂ ਤੱਕ ਪਹੁੰਚ ਸੰਭਵ ਹੁੰਦੀ ਹੈ।

ਯੂਪੀਆਈ ਦੀ ਇੱਕ ਸਵਦੇਸ਼ੀ ਇਨੋਵੇਸ਼ਨ ਨੇ ਪੂਰੇ ਭਾਰਤ ਵਿੱਚ ਵਿੱਤੀ ਲੈਣ-ਦੇਣ ਦੇ ਢੰਗ ਨੂੰ ਬਦਲ ਦਿੱਤਾ ਹੈ। ਛੋਟੇ ਰੇਹੜੀ ਵਿਕਰੇਤਾਵਾਂ ਤੋਂ ਲੈ ਕੇ ਵੱਡੇ ਕਾਰੋਬਾਰਾਂ ਤੱਕ, ਹਰ ਕੋਈ ਇਸ ਨੂੰ ਆਸਾਨੀ ਨਾਲ ਵਰਤ ਰਿਹਾ ਹੈ। ਹੁਣ ਔਸਤਨ ਇੱਕ ਦਿਨ ਵਿੱਚ 60 ਕਰੋੜ ਤੋਂ ਵੱਧ ਯੂਪੀਆਈ ਲੈਣ-ਦੇਣ ਹੁੰਦੇ ਹਨ। ਇਹ ਦਰਸਾਉਂਦਾ ਹੈ ਕਿ ਡਿਜੀਟਲ ਭੁਗਤਾਨ ਰੋਜ਼ਾਨਾ ਜੀਵਨ ਵਿੱਚ ਕਿੰਨੀ ਡੂੰਘਾਈ ਨਾਲ ਜੁੜੇ ਹੋਏ ਹਨ।

ਡਿਜੀਲੌਕਰ (DigiLocker) ਨੇ ਸ਼ਾਸਨ ਅਤੇ ਨਾਗਰਿਕ ਪਹੁੰਚ ਨੂੰ ਹੋਰ ਵੀ ਸੁਖਾਲ਼ਾ ਬਣਾਇਆ ਹੈ। ਤੁਹਾਡੇ ਦਸਤਾਵੇਜ਼ ਹੁਣ ਸਿਰਫ਼ ਇੱਕ ਕਲਿੱਕ ਦੀ ਦੂਰੀ 'ਤੇ ਹਨ। ਭਾਵੇਂ ਉਹ ਡਰਾਈਵਿੰਗ ਲਾਇਸੈਂਸ ਹੋਵੇ, ਵਿਦਿਅਕ ਸਰਟੀਫਿਕੇਟ ਹੋਵੇ, ਜਾਂ ਹੋਰ ਜ਼ਰੂਰੀ ਰਿਕਾਰਡ ਹੋਵੇ- ਹੁਣ ਲੱਖਾਂ ਲੋਕ ਇਨ੍ਹਾਂ ਨੂੰ ਸੁਰੱਖਿਅਤ ਅਤੇ ਸੁਵਿਧਾਜਨਕ ਢੰਗ ਨਾਲ ਕੋਲ ਰੱਖ ਰਹੇ ਹਨ।

ਇਸ ਵਿੱਚੋਂ ਕੁਝ ਵੀ ਮੋਬਾਈਲ ਫੋਨਾਂ ਦੀ ਵਿਆਪਕ ਵਰਤੋਂ ਤੋਂ ਬਿਨਾਂ ਸੰਭਵ ਨਹੀਂ ਸੀ। ਅੱਜ, ਭਾਰਤ ਦਾ ਲਗਭਗ 90% ਹਿੱਸਾ ਮੋਬਾਈਲ ਯੰਤਰਾਂ ਦੀ ਵਰਤੋਂ ਕਰ ਰਿਹਾ ਹੈ। ਇਸ ਨਾਲ ਲੋਕਾਂ ਦੇ ਹੱਥਾਂ ਤੱਕ ਟੈਕਨੋਲੋਜੀ ਦੀ ਤਾਕਤ ਪਹੁੰਚਦੀ ਹੈ।

ਇੰਡੀਆ ਸਟੈਕ ਇੱਕ ਗਲੋਬਲ ਮਾਡਲ ਵੀ ਹੈ। ਜੀ 20 ਵਿੱਚ, ਭਾਰਤ ਨੇ ਡਿਜੀਟਲ ਪਬਲਿਕ ਇਨਫਰਾਸਟ੍ਰਕਚਰ (ਡੀਪੀਆਈ) ਏਜੰਡੇ ਨੂੰ ਅੱਗੇ ਵਧਾਇਆ ਅਤੇ ਇੱਕ ਗਲੋਬਲ ਡੀਪੀਆਈ ਰਿਪੋਜ਼ਟਰੀ ਦਾ ਪ੍ਰਸਤਾਵ ਰੱਖਿਆ। ਯੂਪੀਆਈ ਪਹਿਲਾਂ ਹੀ 7 ਦੇਸ਼ਾਂ ਵਿੱਚ ਚੱਲ ਰਿਹਾ ਹੈ ਅਤੇ ਬਹੁਤ ਸਾਰੇ ਹੋਰ ਦੇਸ਼ ਇਸ ਨੂੰ ਅਪਣਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ। ਹਰ ਭਾਰਤੀ ਨੂੰ ਸਸ਼ਕਤ ਬਣਾਉਣ ਦੇ ਮਿਸ਼ਨ ਵਜੋਂ ਜੋ ਸ਼ੁਰੂ ਹੋਇਆ ਸੀ, ਉਹ ਹੁਣ ਦੁਨੀਆ ਨੂੰ ਪ੍ਰੇਰਿਤ ਕਰ ਰਿਹਾ ਹੈ।

**ਸਮਾਵੇਸ਼ੀ ਵਿਕਾਸ**: 55 ਕਰੋੜ ਤੋਂ ਵੱਧ ਜਨ ਧਨ ਖਾਤੇ ਖੋਲ੍ਹੇ ਗਏ ਹਨ ਅਤੇ ਪ੍ਰਤੱਖ ਲਾਭ ਟ੍ਰਾਂਸਫਰ ਰਾਹੀਂ 44 ਲੱਖ ਕਰੋੜ ਵੰਡੇ ਗਏ ਹਨ। 10 ਕਰੋੜ ਤੋਂ ਵੱਧ ਐੱਲਪੀਜੀ ਕਨੈਕਸ਼ਨ ਅਤੇ ਸਿਹਤ ਲਾਭ ਪ੍ਰਤੱਖ ਤੌਰ 'ਤੇ ਪ੍ਰਦਾਨ ਕੀਤੇ ਗਏ ਹਨ। ਇਹ ਸਭ ਡਿਜੀਟਲ ਇੰਡੀਆ ਦੇ ਜਨ ਧਨ-ਆਧਾਰ-ਮੋਬਾਈਲ (ਜੇਏੱਮ) ਦੀ ਤਿੱਕੜੀ ਸਦਕਾ ਸੰਭਵ ਹੋਇਆ ਹੈ।

ਅੱਜ, ਵਾਰਾਣਸੀ ਵਿੱਚ ਇੱਕ ਆਟੋ ਚਾਲਕ ਜਾਂ ਮੁੰਬਈ ਵਿੱਚ ਇੱਕ ਫੇਰੀ ਵਾਲਾ ਡਿਜੀਟਲ ਭੁਗਤਾਨ ਸਵੀਕਾਰ ਕਰ ਰਿਹਾ ਹੈ। ਭਲਾਈ ਯੋਜਨਾਵਾਂ ਵਿੱਚ ਚੋਰੀਆਂ ਘੱਟ ਹੋ ਗਈਆਂ ਹਨ। ਸ਼ਾਸਨ ਪਾਰਦਰਸ਼ੀ ਅਤੇ ਅਸਲ ਸਮੇਂ 'ਤੇ ਅਧਾਰਤ ਹੋ ਗਿਆ ਹੈ।

**ਸ਼ਾਸਨ ਵਿੱਚ ਮਨੁੱਖੀ ਛੋਹ ਸਿਰਲੇਖ ਹੇਠ**

ਮਾਈ ਗੌਵ (MyGov) ਅਤੇ ਉਮੰਗ (UMANG) ਵਰਗੇ ਡਿਜੀਟਲ ਪਲੇਟਫਾਰਮ ਨਾਗਰਿਕਾਂ ਨੂੰ 2,000 ਤੋਂ ਵੱਧ ਸਰਕਾਰੀ ਸੇਵਾਵਾਂ ਨਾਲ ਸਿੱਧਾ ਜੋੜ ਰਹੇ ਹਨ। ਭਾਰਤ ਦੇ ਰਾਸ਼ਟਰੀ ਟੈਲੀਮੈਡੀਸਨ ਪਲੇਟਫਾਰਮ-ਈ-ਸੰਜੀਵਨੀ ਨੇ 38 ਕਰੋੜ ਡਾਕਟਰੀ ਸਲਾਹ-ਮਸ਼ਵਰਿਆਂ ਦੀ ਸਹੂਲਤ ਦਿੱਤੀ ਹੈ।

ਆਯੁਸ਼ਮਾਨ ਭਾਰਤ ਡਿਜੀਟਲ ਮਿਸ਼ਨ ਦਾ ਉਦੇਸ਼ ਹਰੇਕ ਨਾਗਰਿਕ ਲਈ ਇੱਕ ਵਿਲੱਖਣ ਡਿਜੀਟਲ ਆਈਡੀ ਬਣਾਉਣਾ ਹੈ। 79 ਕਰੋੜ ਤੋਂ ਵੱਧ ਹੈਲਥ ਆਈਡੀ, 6 ਲੱਖ ਸਿਹਤ ਸੰਭਾਲ ਪੇਸ਼ੇਵਰ ਅਤੇ 60 ਕਰੋੜ ਸਿਹਤ ਰਿਕਾਰਡ ਹੁਣ ਏਕੀਕ੍ਰਿਤ ਕੀਤੇ ਗਏ ਹਨ।

ਬਿਹਾਰ ਦੇ ਇੱਕ ਦੂਰ-ਦੁਰਾਡੇ ਪਿੰਡ ਦੀ ਸ਼੍ਰੀਮਤੀ ਕਾਂਤੀ ਦੇਵੀ, ਆਪਣਾ ਘਰ ਛੱਡੇ ਬਿਨਾਂ, ਲਖਨਊ ਵਿੱਚ ਸੈਂਕੜੇ ਕਿਲੋਮੀਟਰ ਦੂਰ ਬੈਠੇ ਇੱਕ ਮਾਹਰ ਡਾਕਟਰ ਦੀ ਸਲਾਹ ਲੈਣ ਦੇ ਯੋਗ ਹੋਈ ਹੈ। ਡਿਜੀਟਲ ਇੰਡੀਆ ਦੀ ਇਹੀ ਤਾਕਤ ਹੈ, ਜੋ ਆਮ ਨਾਗਰਿਕ ਦੇ ਦਰਵਾਜ਼ੇ 'ਤੇ ਸਿਹਤ ਸੰਭਾਲ ਵਰਗੀਆਂ ਜ਼ਰੂਰੀ ਸੇਵਾਵਾਂ ਨੂੰ ਪਹੁੰਚਾ ਰਹੀ ਹੈ।

**ਨੌਜਵਾਨ ਅਤੇ ਕਿਸਾਨ**: ਦੀਕਸ਼ਾ, ਸਵੈਯਮ ਅਤੇ ਪੀਐੱਮ ਈ ਵਿਦਿਆ ਵਰਗੇ ਡਿਜੀਟਲ ਸਿੱਖਿਆ ਪਲੇਟਫਾਰਮ ਹੁਣ ਲੱਖਾਂ ਵਿਦਿਆਰਥੀਆਂ ਤੱਕ ਉਨ੍ਹਾਂ ਦੀਆਂ ਸਥਾਨਕ ਭਾਸ਼ਾਵਾਂ ਵਿੱਚ ਪਹੁੰਚ ਰਹੇ ਹਨ। ਸਕਿੱਲ ਇੰਡੀਆ ਡਿਜੀਟਲ ਹੱਬ (ਐੱਸਆਈਡੀਐੱਚ) ਅਤੇ ਫਿਊਚਰ ਸਕਿੱਲਜ਼ ਪ੍ਰਾਈਮ ਸਾਡੇ ਨੌਜਵਾਨਾਂ ਨੂੰ ਏਆਈ, ਸਾਈਬਰ ਸੁਰੱਖਿਆ ਅਤੇ ਬਲੌਕਚੇਨ ਦੇ ਹੁਨਰਾਂ ਨਾਲ ਲੈਸ ਕਰ ਰਹੇ ਹਨ।

ਕਿਸਾਨ ਮੌਸਮ ਦੇ ਅਪਡੇਟਸ, ਭੌਂ ਸਿਹਤ ਕਾਰਡਾਂ ਅਤੇ ਬਾਜ਼ਾਰ ਕੀਮਤਾਂ ਨੂੰ ਡਿਜੀਟਲ ਰੂਪ ਵਿੱਚ ਜਾਣ ਰਹੇ ਹਨ। 11 ਕਰੋੜ ਤੋਂ ਵੱਧ ਕਿਸਾਨ ਹੁਣ ਪੀਐੱਮ-ਕਿਸਾਨ ਰਾਹੀਂ ਸਿੱਧੀ ਆਮਦਨ ਸਹਾਇਤਾ ਪ੍ਰਾਪਤ ਕਰਦੇ ਹਨ, ਜੋ ਕਿ ਬਿਨਾਂ ਕਿਸੇ ਰੁਕਾਵਟ ਦੇ ਪ੍ਰਦਾਨ ਕੀਤੀ ਜਾਂਦੀ ਹੈ। ਇਹ ਉਦਾਹਰਣਾਂ ਦਰਸਾਉਂਦੀਆਂ ਹਨ ਕਿ ਕਿਵੇਂ ਟੈਕਨੋਲੋਜੀ, ਜਦੋਂ ਪੈਮਾਨੇ ਅਤੇ ਸਮਾਵੇਸ਼ ਨੂੰ ਆਪਣੇ ਮੂਲ ਵਿੱਚ ਰੱਖ ਕੇ ਬਣਾਈ ਜਾਂਦੀ ਹੈ, ਤਾਂ ਲੋਕਾਂ ਦੇ ਜੀਵਨ ਵਿੱਚ ਸਥਾਈ ਤਬਦੀਲੀ ਲਿਆ ਸਕਦੀ ਹੈ, ਜੋ ਅੰਤੋਦਿਆ ਦਾ ਦ੍ਰਿਸ਼ਟੀਕੋਣ ਹੈ।

**ਮੂਲ ਵਿੱਚ ਸ਼ਾਮਲ ਭਰੋਸਾ**: ਭਾਰਤ ਦੇ ਵਧ ਰਹੇ ਡਿਜੀਟਲੀਕਰਨ ਦੇ ਨਾਲ, ਇਸਦਾ ਸਾਈਬਰ ਸੁਰੱਖਿਆ ਢਾਂਚਾ ਮਜ਼ਬੂਤ ਹੋਇਆ ਹੈ। ਸਰਟ-ਇਨ (CERT-In), 1930 ਸਾਈਬਰ ਕ੍ਰਾਈਮ ਹੈਲਪਲਾਈਨ ਅਤੇ ਡਿਜੀਟਲ ਪਰਸਨਲ ਡੇਟਾ ਪ੍ਰੋਟੈਕਸ਼ਨ ਐਕਟ 2023 ਵਰਗੇ ਪ੍ਰਬੰਧ ਉਪਭੋਗਤਾ ਦੀ ਨਿੱਜਤਾ ਅਤੇ ਡੇਟਾ ਸੁਰੱਖਿਆ ਪ੍ਰਤੀ ਭਾਰਤ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ। ਇਹ ਯਕੀਨੀ ਬਣਾਉਂਦਾ ਹੈ ਕਿ ਨਾਗਰਿਕ ਭਰੋਸੇ ਅਤੇ ਵਿਸ਼ਵਾਸ ਨਾਲ ਡਿਜੀਟਲ ਸੇਵਾਵਾਂ ਦੀ ਵਰਤੋਂ ਕਰ ਸਕਦੇ ਹਨ।

ਇਸ ਦੀ ਇੱਕ ਮਜ਼ਬੂਤ ਉਦਾਹਰਣ ਆਪ੍ਰੇਸ਼ਨ ਸਿੰਦੂਰ ਦੌਰਾਨ ਦੇਖੀ ਗਈ ਸੀ। ਸਾਡੀਆਂ ਏਜੰਸੀਆਂ ਨੇ ਸਾਡੇ ਬੁਨਿਆਦੀ ਢਾਂਚੇ 'ਤੇ ਕਈ ਤਾਲਮੇਲ ਵਾਲੇ ਸਾਈਬਰ ਹਮਲਿਆਂ ਦਾ ਸਫਲਤਾਪੂਰਵਕ ਟਾਕਰਾ ਕੀਤਾ।

**ਇਨੋਵੇਸ਼ਨ ਅਤੇ ਸਟਾਰਟਅੱਪ**: 1.8 ਲੱਖ ਤੋਂ ਵੱਧ ਸਟਾਰਟਅੱਪ ਅਤੇ 100+ ਯੂਨੀਕੋਰਨ ਦੇ ਨਾਲ, ਭਾਰਤ ਅੱਜ ਦੁਨੀਆ ਵਿੱਚ ਤੀਜੇ ਸਭ ਤੋਂ ਵੱਡੇ ਸਟਾਰਟਅੱਪ ਈਕੋਸਿਸਟਮ ਦੀ ਮੇਜ਼ਬਾਨੀ ਕਰ ਰਿਹਾ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਸਟਾਰਟਅੱਪ ਡਿਜੀਟਲ ਇੰਡੀਆ ਦੇ ਜਨਤਕ ਡਿਜੀਟਲ ਬੁਨਿਆਦੀ ਢਾਂਚੇ ਦੀ ਬੁਨਿਆਦ 'ਤੇ ਬਣੇ ਹਨ। ਭਾਰਤ ਹੁਣ ਡਿਜੀਟਲ ਜਨਤਕ ਵਸਤਾਂ ਦਾ ਨਿਰਯਾਤ ਕਰ ਰਿਹਾ ਹੈ, ਜਿਸ ਵਿੱਚ ਅਫਰੀਕਾ, ਲਾਤੀਨੀ ਅਮਰੀਕਾ ਅਤੇ ਦੱਖਣ-ਪੂਰਬੀ ਏਸ਼ੀਆ ਦੇ ਦੇਸ਼ ਇੰਡੀਆ ਸਟੈਕ ਮਾਡਲਾਂ ਨੂੰ ਅਪਨਾ ਰਹੇ ਹਨ।

ਸਾਡਾ ਏਆਈ ਮਿਸ਼ਨ ਹਾਈ ਐਂਡ ਕੰਪਿਊਟਿੰਗ ਨੂੰ ਕਿਫਾਇਤੀ ਵੀ ਬਣਾ ਰਿਹਾ ਹੈ।34,000 ਤੋਂ ਵੱਧ ਜੀਪੀਯੂ ਹੁਣ ਸਟਾਰਟਅੱਪਸ, ਖੋਜਕਰਤਾਵਾਂ ਅਤੇ ਵਿਦਿਆਰਥੀਆਂ ਲਈ ਆਲਮੀ ਲਾਗਤ ਦੇ ਇੱਕ ਹਿੱਸੇ 'ਤੇ ਉਪਲਬਧ ਹਨ ਅਤੇ 6000 ਹੋਰ ਬਣਾਏ ਜਾ ਰਹੇ ਹਨ।

**ਟੈਲੀਕੌਮ ਤੋਂ ਸੈਮੀਕੰਡਕਟਰਸ**

ਮੇਕ ਇਨ ਇੰਡੀਆ, ਮੇਕ ਫਾਰ ਇੰਡੀਆ, ਮੇਕ ਫਾਰ ਦ ਵਰਲਡ ਤੇ ਪ੍ਰਧਾਨ ਮੰਤਰੀ ਮੋਦੀ ਦੇ ਫੋਕਸ ਨੇ ਇਲੈਕਟ੍ਰੌਨਿਕਸ ਅਤੇ ਮੋਬਾਈਲ ਨਿਰਮਾਣ ਵਿੱਚ ਤੇਜ਼ੀ ਨਾਲ ਵਾਧਾ ਕੀਤਾ ਹੈ। ਸਾਡਾ ਇਲੈਕਟ੍ਰੌਨਿਕਸ ਨਿਰਮਾਣ 12 ਲੱਖ ਕਰੋੜ ਨੂੰ ਪਾਰ ਕਰ ਗਿਆ ਹੈ। ਅੱਜ, ਭਾਰਤ ਮੋਬਾਈਲ ਫੋਨਾਂ ਦਾ ਮੁਕੰਮਲ ਨਿਰਯਾਤਕ ਵੀ ਹੈ।

ਇਸ ਵਾਧੇ ਨੂੰ ਟੈਲੀਕੌਮ ਬੁਨਿਆਦੀ ਢਾਂਚੇ ਵਿੱਚ ਇੱਕ ਮਜ਼ਬੂਤ ਵਿਸਥਾਰ ਨਾਲ ਸਮਾਨਾਂਤਰ ਸਹਿਯੋਗ ਦਿੱਤਾ ਗਿਆ ਹੈ। ਕਈ ਸਾਲਾਂ ਬਾਅਦ, ਬੀਐੱਸਐੱਨਐੱਲ ਮੁੜ ਲਾਭਦਾਇਕ ਬਣ ਗਿਆ ਹੈ, ਜੋ ਜਨਤਕ ਦੂਰਸੰਚਾਰ ਖੇਤਰ ਵਿੱਚ ਇੱਕ ਮਹੱਤਵਪੂਰਨ ਬਦਲਾਅ ਨੂੰ ਦਰਸਾਉਂਦਾ ਹੈ। ਭਾਰਤ ਨੇ ਆਪਣਾ ਸਵਦੇਸ਼ੀ ਟੈਲੀਕੌਮ ਸਟੈਕ ਵੀ ਵਿਕਸਿਤ ਕੀਤਾ ਹੈ।

ਅੱਜ, 4 ਜੀ ਲਗਭਗ ਸਮੁੱਚੇ ਦੇਸ਼ ਨੂੰ ਕਵਰ ਕਰ ਰਿਹਾ ਹੈ ਅਤੇ ਭਾਰਤ ਨੇ ਦੁਨੀਆ ਦਾ ਸਭ ਤੋਂ ਤੇਜ਼ 5ਜੀ ਰੋਲਆਊਟ ਦਰਜ ਕੀਤਾ ਹੈ। ਇਹ ਮਜ਼ਬੂਤ ਡਿਜੀਟਲ ਢਾਂਚਾ ਡਿਜੀਟਲ ਇੰਡੀਆ ਦੇ ਅਗਲੇ ਪੜਾਅ ਨੂੰ ਅੱਗੇ ਵਧਾਉਣ ਵਿੱਚ ਮਦਦ ਕਰ ਰਿਹਾ ਹੈ।

ਇੰਡੀਆ ਸੈਮੀਕੰਡਕਟਰ ਮਿਸ਼ਨ ਭਾਰਤ ਵਿੱਚ ਬਣੀ ਚਿੱਪ ਦੇ ਦ੍ਰਿਸ਼ਟੀਕੋਣ ਨੂੰ ਹਕੀਕਤ ਵਿੱਚ ਬਦਲ ਰਿਹਾ ਹੈ। ਛੇ ਸੈਮੀਕੰਡਕਟਰ ਪਲਾਂਟਾਂ ਦਾ ਨਿਰਮਾਣ ਤੇਜ਼ੀ ਨਾਲ ਹੋ ਰਿਹਾ ਹੈ। ਹੁਣ ਉਨ੍ਹਾਂ ਵਿਚਾਲੇ ਜਲਦੀ ਤੋਂ ਜਲਦੀ ਪਹਿਲੀ ਮੇਡ-ਇਨ-ਇੰਡੀਆ ਚਿੱਪ ਨੂੰ ਰੋਲ ਆਊਟ ਕਰਨ ਦਾ ਇੱਕ ਮੁਕਾਬਲਾ ਹੈ। ਇਹ ਉਸੇ ਤਰ੍ਹਾਂ ਦਾ ਮੁਕਾਬਲਾ ਹੈ, ਜਿਸ ਦਾ ਅਸੀਂ ਸੁਆਗਤ ਕਰਦੇ ਹਾਂ। ਭਾਰਤ 1,700 ਤੋਂ ਵੱਧ ਆਲਮੀ ਸਮਰੱਥਾ ਕੇਂਦਰਾਂ ਦੀ ਮੇਜ਼ਬਾਨੀ ਵੀ ਕਰ ਰਿਹਾ ਹੈ, ਜਿਸ ਵਿੱਚ ਲਗਭਗ 20 ਲੱਖ ਲੋਕ ਰੋਜ਼ਗਾਰ ਹਾਸਲ ਕਰ ਰਹੇ ਹਨ। ਜੋ ਕੰਮ ਲਾਗਤ ਬਚਾਉਣ ਵਾਲੇ ਬੈਕ ਆਫਿਸ ਵਜੋਂ ਸ਼ੁਰੂ ਹੋਇਆ ਸੀ, ਉਹ ਹੁਣ ਦੁਨੀਆ ਲਈ ਇਨੋਵੇਸ਼ਨ, ਡਿਜ਼ਾਈਨ ਅਤੇ ਉਤਪਾਦ ਵਿਕਾਸ ਨੂੰ ਹੁਲਾਰਾ ਦੇ ਰਿਹਾ ਹੈ।

**ਅੱਗੇ ਦੀ ਰਾਹ** : ਡਿਜੀਟਲ ਇੰਡੀਆ ਪ੍ਰੋਗਰਾਮ ਆਪਣੀ 10ਵੀਂ ਵਰ੍ਹੇਗੰਢ ਮਨਾ ਰਿਹਾ ਹੈ। ਇੱਕ ਮਜ਼ਬੂਤ ਡਿਜੀਟਲ ਬੁਨਿਆਦ ਰੱਖੀ ਗਈ ਹੈ, ਜਿਸ 'ਤੇ ਹੁਣ ਵਿਕਸਿਤ ਭਾਰਤ ਦੀ ਇਮਾਰਤ ਬਣਾਈ ਜਾ ਰਹੀ ਹੈ।

ਸਾਡਾ ਧਿਆਨ ਆਖਰੀ-ਮੀਲ ਤੱਕ ਦੇ ਡਿਜੀਟਲ ਪਾੜੇ ਨੂੰ ਦੂਰ ਕਰਨ, ਡਿਜੀਟਲ ਸਾਖਰਤਾ ਵਧਾਉਣ ਅਤੇ ਸਾਰਿਆਂ ਲਈ ਸਾਈਬਰ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਅੰਤ ਵਿੱਚ ਹਰ ਨਾਗਰਿਕ ਦੇ ਜੀਵਨ ਵਿੱਚ ਟੈਕਨੋਲੋਜੀ ਨੂੰ ਇੱਕ ਸੱਚਾ ਸਾਥੀ ਬਣਾਉਣ 'ਤੇ ਕੇਂਦ੍ਰਿਤ ਹੈ।

# ਮਾਝਾ-ਦੁਆਬਾ

ਆਸ ਪਾਸ

## ਲੋਕ ਨਿਰਮਾਣ ਮੰਤਰੀ ਨੇ ਜੰਡਿਆਲਾ ਗੁਰੂ ਵਿਖੇ 3 ਕਰੋੜ ਦੀ ਲਾਗਤ ਹੋਣ ਵਾਲੇ ਵਿਕਾਸ ਕਾਰਜਾਂ ਦੇ ਰੱਖੇ ਨੀਂਹ ਪੱਥਰ

### ਵੱਖ ਵੱਖ ਪਿੰਡਾਂ ਦੀਆਂ ਸੜਕਾਂ ਦੀ ਕੀਤੀ ਜਾਵੇਗੀ ਨਵੀਂ ਉਸਾਰੀ : ਈ.ਟੀ.ਓ.



ਜੰਡਿਆਲਾ ਗੁਰੂ, 2 ਜੁਲਾਈ, (ਰਾਮ ਸ਼ਰਨਜੀਤ ਸਿੰਘ) : ਪਿਛਲੇ ਕਰੀਬ ਸਾਢੇ ਤਿੰਨ ਸਾਲਾਂ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਨੂੰ ਮੁੜ ਲੀਹਾਂ 'ਤੇ ਲਿਆਂਦਾ ਹੈ ਅਤੇ ਆਉਂਦੇ ਸਾਲਾਂ ਦੌਰਾਨ ਵੀ ਸੂਬੇ ਦੇ ਵਿਕਾਸ ਵਿਚ ਕੋਈ ਵੀ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਹਲਕਾ ਜੰਡਿਆਲਾ ਵਿਖੇ ਕਰੀਬ 3 ਕਰੋੜ ਰੁਪਏ ਦੀ ਲਾਗਤ ਨਾਲ ਹੁਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖਣ ਉਪਰੰਤ ਕੀਤਾ।

ਕੈਬਿਨਟ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਜੰਡਿਆਲਾ ਹਲਕੇ ਨੂੰ ਸ਼ਹਿਰ ਵਰਗੀਆਂ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਕੋਈ ਵੀ ਪਿੰਡ ਵਿਕਾਸ ਪੱਖੋਂ ਸੱਖਣਾ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੂਬੇ ਵਿਚ ਸੜਕਾਂ ਦਾ ਜਾਲ ਵਿਛਾਇਆ ਜਾ ਰਿਹਾ ਹੈ, ਤਾਂ ਜੋ ਸੂਬੇ ਦੀ ਤਰੱਕੀ ਦੀ ਰਫਤਾਰ ਨੂੰ ਵਧਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਦੇ ਅਰਥਵਿਵਸਥਾ ਵਿਚ ਸਭ ਤੋਂ ਵੱਡਾ ਯੋਗਦਾਨ ਸੜਕਾਂ ਦਾ ਹੁੰਦਾ ਹੈ। ਜੇਕਰ ਸੜਕਾਂ ਠੀਕ ਹਨ, ਤਾਂ ਜਿੱਥੇ ਵਪਾਰ ਵਿਚ ਵਾਧਾ ਹੁੰਦਾ ਹੈ, ਉੱਥੇ ਹੀ ਸੜਕੀ ਦੁਰਘਟਨਾਵਾਂ ਤੋਂ ਵੀ ਬਚਾਓ ਰਹਿੰਦਾ ਹੈ।

ਲੋਕ ਨਿਰਮਾਣ ਮੰਤਰੀ ਨੇ ਦੱਸਿਆ ਕਿ 1 ਕਰੋੜ 11 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਮਲ੍ਹੀਆਂ ਤੋਂ ਤੀਮੋਵਾਲ ਸੜਕ ਤੋਂ ਖੇਲਾ ਤੋਂ ਛੱਜਲਵੱਡੀ ਟਾਂਗਰ ਰੋਡ ਅਤੇ ਡਰੇਨ ਜਿਸਦੀ ਕੁੱਲ ਲੰਬਾਈ 3.15 ਕਿਲੋਮੀਟਰ ਹੈ ਦੀ ਨਵੀਂ ਸੜਕ ਉਸਾਰੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪਿੰਡ ਵਾਸੀਆਂ ਦੀ ਬੜੇ ਚਿਰ ਤੋਂ ਮੰਗ ਸੀ ਕਿ ਇਸ ਸੜਕ ਨੂੰ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਆਸ ਹੀ ਨਹੀਂ ਸੀ ਕਿ ਕਦੀ ਇਹ ਸੜਕ ਵੀ ਬਣੇਗੀ। ਈ.ਟੀ.ਓ ਨੇ ਕਿਹਾ ਕਿ ਇਹ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਦੇ ਕੰਮ ਪਹਿਲ ਦੇ ਆਧਾਰ 'ਤੇ ਕਰੇਗੀ।

ਸ: ਈ.ਟੀ.ਓ. ਵੱਲੋਂ 1 ਕਰੋੜ 72 ਲੱਖ ਰੁਪਏ ਦੀ ਲਾਗਤ ਨਾਲ ਪਿੰਡ ਮਿਹਰਬਾਨਪੁਰ ਵਿਖੇ ਇੰਟਰਲਾਕਿੰਗ ਟਾਈਲਾਂ, ਅੰਮ੍ਰਿਤਸਰ ਜਲੰਧਰ ਰੋਡ ਤੋਂ ਮਿਹਰਬਾਨਪੁਰਾ ਦੀ ਉਸਾਰੀ ਅਤੇ ਮਿਹਰਬਾਨਪੁਰਾ ਸੜਕ ਤੋਂ ਵਡਾਲੀ ਸੜਕ ਤੱਕ ਜਿਸਦੀ ਕੁੱਲ ਲੰਬਾਈ 5.164 ਕਿਲੋਮੀਟਰ ਬਣਦੀ ਹੈ 'ਤੇ ਨਵੀਂ ਉਸਾਰੀ ਕੀਤੀ ਜਾਵੇਗੀ। ਈ.ਟੀ.ਓ. ਨੇ ਦੱਸਿਆ ਕਿ ਸਾਰੇ ਕੰਮ ਸਬੰਧਤ ਠੇਕੇਦਾਰਾਂ ਨੂੰ ਅਲਾਟ ਕਰ ਦਿੱਤੇ ਗਏ ਹਨ ਅਤੇ ਆਉਂਦਿਆਂ 6 ਮਹੀਨੇ ਦੌਰਾਨ ਕੰਮ ਮੁਕੰਮਲ ਕਰਨ ਦਾ ਟੀਚਾ ਮਿੱਥਿਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਇਹਨਾਂ ਸੜਕਾਂ ਦੀ ਨਵ ਉਸਾਰੀ ਲਾਲ ਇੱਥੋਂ ਦੇ ਵਸਨੀਕਾਂ ਨੂੰ ਕਾਫ਼ੀ ਰਾਹਤ ਮਿਲੇਗੀ।

## ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜਲੰਧਰ ਭਰ ਵਿੱਚ ਹਾਈ-ਟੈਕ ਨਾਕੇ ਸਥਾਪਤ




ਜਲੰਧਰ, 2 ਜੁਲਾਈ, (ਸੰਦੀਪ ਕੌਲ) : ਸ਼ਹਿਰ ਵਿੱਚ ਕਾਨੂੰਨ ਅਤੇ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਸਰਗਰਮ ਕਦਮ ਚੁੱਕਦੇ ਹੋਏ, ਪੁਲਿਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਹੋਰ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮਿਲ ਕੇ, ਜਲੰਧਰ ਭਰ ਵਿੱਚ ਵਿਸ਼ੇਸ਼ ਸੁਰੱਖਿਆ ਪ੍ਰਬੰਧ ਲਾਗੂ ਕੀਤੇ ਹਨ। ਸਮਾਜ ਵਿਰੋਧੀ ਅਨਸਰਾਂ ਵਿਰੁੱਧ ਵਧੇਰੇ ਚੌਕਸੀ ਬਣਾਈ ਰੱਖਣ ਲਈ 10 ਤੋਂ ਵੱਧ ਹਾਈ-ਟੈਕ ਅਤੇ ਰਣਨੀਤਕ ਨਾਕੇ (ਚੌਕ ਪੁਆਇੰਟ) ਸਥਾਪਤ ਕੀਤੇ ਗਏ ਹਨ।

ਸੀਪੀ ਜਲੰਧਰ ਨੇ ਕਿਹਾ ਕਿ ਇਸ ਨਾਕਾਬੰਦੀ ਦਾ ਉਦੇਸ਼ ਕਾਨੂੰਨ ਅਤੇ ਵਿਵਸਥਾ ਨੂੰ ਲਾਗੂ ਕਰਨਾ, ਸ਼ੱਕੀ ਵਿਅਕਤੀਆਂ ਦੀ ਗਤੀਵਿਧੀ 'ਤੇ ਨਜ਼ਰ ਰੱਖਣਾ ਅਤੇ ਆਵਾਜਾਈ ਨੂੰ ਨਿਯਮਤ ਕਰਨਾ ਹੈ। ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਇਨ੍ਹਾਂ ਨਾਕਿਆਂ 'ਤੇ 200 ਤੋਂ ਵੱਧ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਨੂੰ ਸਾਰੇ ਸ਼ੱਕੀ ਵਾਹਨਾਂ ਦੀ ਵਿਆਪਕ ਜਾਂਚ ਕਰਨ ਅਤੇ ਸ਼ੱਕੀ ਵਿਵਹਾਰ ਦਿਖਾਉਣ ਵਾਲੇ ਵਿਅਕਤੀਆਂ ਵਿਰੁੱਧ ਰੋਕਥਾਮ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਰਾਮਾ ਮੰਡੀ ਚੌਕ, ਬੀਐਮਸੀ ਚੌਕ, ਪਠਾਨਕੋਟ ਚੌਕ, ਵਰਕਸ਼ਾਪ ਚੌਕ ਅਤੇ ਪ੍ਰਾਗਪੁਰ ਪੁਆਇੰਟ ਸਮੇਤ ਮੁੱਖ ਥਾਵਾਂ 'ਤੇ ਉੱਚ ਨਿਗਰਾਨੀ ਰੱਖੀ ਜਾ ਰਹੀ ਹੈ। ਸੀਨੀਅਰ ਪੁਲਿਸ ਅਧਿਕਾਰੀਆਂ ਨੇ ਜਲੰਧਰ ਦੇ ਵਿਅਸਤ ਬਾਜ਼ਾਰਾਂ ਵਿੱਚ ਵੀ ਗਸ਼ਤ ਕੀਤੀ ਅਤੇ ਜ਼ਮੀਨੀ ਤਿਆਰੀ ਦਾ ਮੁਲਾਂਕਣ ਕਰਨ ਲਈ ਤਾਇਨਾਤ ਕਰਮਚਾਰੀਆਂ ਨਾਲ ਗੱਲਬਾਤ ਕੀਤੀ। ਫੁੱਲਪਰੂਫ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ, ਸਾਰੇ ਗਜ਼ਟਿਡ ਅਧਿਕਾਰੀਆਂ ਅਤੇ ਐਸਐਚਓਜ਼ ਨੂੰ ਫੀਲਡ ਡਿਊਟੀ 'ਤੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ,ਉਹਨਾਂ ਨੇ ਅੱਗੇ ਕਿਹਾ।

## ਪੁਲਿਸ ਅਧਿਕਾਰੀਆਂ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚੇ ਦੇ ਅਹੁਦੇਦਾਰਾਂ ਨਾਲ ਕੀਤੀ ਮੀਟਿੰਗ

### ਨਸ਼ਾ ਤਸਕਰ ਪੰਜਾਬ ਵਿੱਚ ਨਸ਼ਾ ਵੇਚਣਾ ਬੰਦ ਕਰ ਦੇਣ ਜਾਂ ਪੰਜਾਬ ਦੀਆਂ ਜੂਹਾਂ ਛੱਡ ਦੇਣ : ਦੀਕਸ਼ਤ ਧਵਨ



ਅੰਮ੍ਰਿਤਸਰ, 2 ਜੁਲਾਈ, (ਗੁਰਦਿਆਲ ਸਿੰਘ) : ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲਿਸ ਦੇ ਸਹਿਯੋਗ ਨਾਲ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਮੁਕਤੀ ਮੋਰਚਾ ਦੇ ਅਹੁਦੇਦਾਰਾਂ ਨਾਲ ਕੇਂਦਰੀ ਹਲਕੇ ਦੇ ਪੁਲਿਸ ਅਧਿਕਾਰੀਆਂ ਵੱਲੋਂ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਏ:ਡੀ:ਸੀ:ਪੀ ਵਿਸ਼ਾਲਜੀਤ ਸਿੰਘ, ਏ:ਸੀ:ਪੀ: ਕੇਂਦਰੀ ਜਸਪਾਲ ਸਿੰਘ, ਮੁੱਖ ਥਾਣਾ ਅਫਸਰ ਡੀ ਡਵੀਜਨ, ਈ: ਡਵੀਜਨ, ਇਸਲਾਮਾਬਾਦ, ਥਾਣਾ ਗੇਟ ਹਕੀਮਾਂ, ਚੌਂਕੀ ਇੰਚਾਰਜ, ਅੰਨਗੜ੍ਹ ਅਤੇ ਫਤਹਿਪੁਰ ਦੇ ਪੁਲਿਸ ਅਧਿਕਾਰੀਆਂ ਤੋਂ ਇਲਾਵਾ ਨਸ਼ਾ ਮੁਕਤੀ ਮੋਰਚਾ ਸ਼ਹਿਰੀ ਦੇ ਇੰਚਾਰਜ ਦੀਕਸ਼ਤ ਧਵਨ ਅਤੇ ਨਸ਼ਾ ਮੁਕਤੀ ਮੋਰਚਾ ਦੇ ਆਹੁਦੇਦਾਰ ਹਨੀ ਨਾਹਰ, ਵਰੁਣ ਭਗਤ, ਰਾਜੇਸ਼ ਕੁਮਾਰ, ਡਾ: ਪੰਕਜ ਸੋਹੀ ਵੀ ਹਾਜ਼ਰ ਸਨ।

ਇਸ ਮੌਕੇ 'ਤੇ ਦੀਕਸ਼ਤ ਧਵਨ ਵੱਲੋਂ ਕਿਹਾ ਗਿਆ, ਕਿ ਨਸ਼ਾ ਮੁਕਤੀ ਮੋਰਚਾ ਵੱਲੋਂ ਨਸ਼ੇ ਵਿਰੋਧੀ ਲੋਕ ਮੁਹਿੰਮ ਚਲਾਈ ਜਾਵੇਗੀ ਅਤੇ ਹੇਠਲੇ ਪੱਧਰ ਤੱਕ ਆਮ ਲੋਕਾਂ ਤੱਕ ਪਹੁੰਚ ਕਰਕੇ ਨਸ਼ਾ ਛੱਡਣ ਵਾਲੇ ਮਰੀਜ਼ਾਂ ਦੀ ਭਾਲ ਕੀਤੀ ਜਾਵੇਗੀ ਅਤੇ ਉਹਨਾਂ ਦੇ ਇਲਾਜ ਲਈ ਢੁੱਕਵੇਂ ਪ੍ਰਬੰਧ ਕਰਵਾਏ ਜਾਣਗੇ। ਉਨ੍ਹਾਂ ਨੇ ਨਸ਼ਾ ਵੇਚਣ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਨਸ਼ਾ ਤਸਕਰ ਪੰਜਾਬ ਵਿੱਚ ਨਸ਼ਾ ਵੇਚਣਾ ਬੰਦ ਕਰ ਦੇਣ ਜਾਂ ਪੰਜਾਬ ਦੀਆਂ ਜੂਹਾ ਛੱਡ ਜਾਣ। ਉਨ੍ਹਾਂ ਕਿਹਾ ਕਿ ਸਰਕਾਰ ਕਿਸੇ ਵੀ ਨਸ਼ਾ ਤਸਕਰ ਨਹੀਂ ਬਖਸ਼ੇਗੀ।

ਦੀਕਸ਼ਤ ਧਵਨ ਨੇ ਦੱਸਿਆ ਕਿ ਸਰਕਾਰ ਵੱਲੋਂ ਨਸ਼ੇ ਤੋਂ ਪੀੜਤ ਲੋਕਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿਖੇ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਲਈ ਸਕਿੱਲ ਟ੍ਰੇਨਿੰਗ ਵੀ ਮੁਹੱਈਆ ਕਰਵਾਈ ਜਾ ਰਹੀ ਹੈ। ਧਵਨ ਨੇ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਜਿਹੜੇ ਵੀ ਲੋਕ ਨਸ਼ਾ ਵੇਚਣ ਵਾਲੇ ਵਿਅਕਤੀਆਂ ਸਿਫਾਰਸ਼ ਲਈ ਪੁਲਿਸ ਕੋਲ ਜਾਣਗੇ ਜਾਂ ਅਦਾਲਤ ਵਿੱਚ ਜ਼ਮਾਨਤ ਲਈ ਜਾਣਗੇ ਦੇ ਨਾਮ ਜਨਤਕ ਕੀਤੇ ਜਾਣਗੇ ਅਤੇ ਲੋਕਾਂ ਨੂੰ ਅਜਿਹੇ ਲੋਕਾਂ ਦੇ ਸਮਾਜਿਕ ਬਾਈਕਾਟ ਦਾ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਮੀਟਿੰਗ ਦੌਰਾਨ ਏ:ਡੀ:ਸੀ:ਪੀ ਸ੍ਰੀ ਵਿਸ਼ਾਲਜੀਤ ਸਿੰਘ ਨੇ ਕਿਹਾ ਕਿ ਪੁਲਿਸ ਵੱਲੋਂ ਲਗਾਤਾਰ ਨਸ਼ਾ ਤਸਕਰਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ ਅਤੇ ਕਿਸੇ ਵੀ ਨਸ਼ਾ ਤਸਕਰ ਨੂੰ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਆਪਣੇ ਅਧੀਨ ਪੈਂਦੇ ਸਮੂਹ ਪੁਲਿਸ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ 'ਤੇ ਖਾਸ ਨਜ਼ਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਸਮੂਹ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਆਪਣੀ ਡਿਊਟੀ ਬਾਖੂਬੀ ਨਿਭਾਅ ਰਹੇ ਹਨ।

## ਵਾਤਵਰਨ ਸੁੱਰਖਿਆ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ : ਸੰਤ ਭੂਰੀਵਾਲੇ

### ਸ਼ਹਿਰ ਨੂੰ ਹਰਿਆ ਭਰਿਆ ਤੇ ਸੁੰਦਰ ਬਣਾਉਣ ਲਈ ਬਾਬਾ ਜੀ ਦੇ ਯਤਨ ਸ਼ਲਾਘਾਯੋਗ : ਜਸਬੀਰ ਸਿੰਘ ਢਿੱਲੋਂ



ਅੰਮ੍ਰਿਤਸਰ, 2 ਜੁਲਾਈ, (ਬਬਲੂ ਮਹਾਜਨ) : ਕਾਰਸੇਵਾ ਵਾਲੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਅਤੇ ਉਨ੍ਹਾਂ ਦੀ ਟੀਮ ਵੱਲੋਂ ਅੰਮ੍ਰਿਤਸਰ ਸ਼ਹਿਰ ਦੇ ਗੋਲਡਨ ਗੇਟ ਐਂਟਰੀ ਪੁਆਇੰਟ ਦੇ ਡਿਵਾਈਡਰਾਂ 'ਤੇ ਵਾਤਾਵਰਨ ਸੁਰੱਖਿਆ ਦੇ ਮਕਸਦ ਨਾਲ ਖਾਲੀ ਥਾਵਾਂ 'ਤੇ ਬੂਟੇ ਲਗਾਉਣ ਦੀ ਸ਼ੁਰੂਆਤ ਕੀਤੀ। ਇਸ ਮੌਕੇ 'ਤੇ ਕਰੀਬ 10 ਫੁੱਟ ਉੱਚੇ 15 ਟਰਮੀਨਲੀਆ (ਅਰਜੁਨ) ਦੇ ਬੂਟੇ ਲਗਾਏ ਗਏ, ਜਿਨ੍ਹਾਂ ਦੀ ਸੁਰੱਖਿਆ ਲਈ ਸੇਫਟੀ ਗਾਰਡ ਵੀ ਲਗਾਏ ਗਏ। ਇਹ ਮੁਹਿੰਮ ਸ਼ਹਿਰ ਨੂੰ ਹਰਿਆ-ਭਰਿਆ ਅਤੇ ਸਾਫ਼-ਸੁਥਰਾ ਬਣਾਉਣ ਦੇ ਉਦੇਸ਼ ਨਾਲ ਕੀਤੀ ਗਈ। ਇਸ ਵਾਤਾਵਰਨ ਸੁਰੱਖਿਆ ਮੁਹਿੰਮ ਵਿੱਚ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪਾਵਰਕਾਮ) ਦੇ ਡਾਇਰੈਕਟਰ ਜਸਬੀਰ ਸਿੰਘ ਢਿੱਲੋਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਤੋਂ ਇਲਾਵਾ ਮਨਪ੍ਰੀਤ ਸਿੰਘ, ਨਰਿੰਦਰ ਸਿੰਘ (ਏ.ਕੇ. ਟੈਕਸਟਾਈਲ ਵਾਲੇ), ਕੌਂਸਲਰ ਅਸ਼ੋਕ ਕੁਮਾਰ, ਸਰਬਜੀਤ ਸਿੰਘ ਭੁੱਲਰ, ਪ੍ਰੋਫੈਸਰ ਸਰਦਾਰਾ ਸਿੰਘ ਵੇਰਕਾ, ਨਵਤੇਜ ਸਿੰਘ ਵੇਰਕਾਰਵੀ ਸ਼ੇਰ ਸਿੰਘ ਖਾਲਸਾ, ਸੁਖਦੇਵ ਸਿੰਘ ਰੰਧਾਵਾ, ਸੁੱਖ ਮਹਿਮਾ, ਗੁਰਸ਼ਰਨ ਸਿੰਘ ਛੀਨਾ, ਅਮਰਜੀਤ ਸਿੰਘ, ਬਾਬਾ ਨਾਜਰ ਸਿੰਘ, ਜਸਪ੍ਰੀਤ ਸਿੰਘ ਜੌਲੀ, ਹਰਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਲੋਕ ਹਾਜ਼ਰ ਸਨ।

ਇਸ ਮੌਕੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਨੇ ਕਿਹਾ ਕਿ ਵਾਤਵਰਨ ਸੁਰੱਖਿਆ ਅੱਜ ਦੇ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਨੇ ਸਾਰਿਆਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਬੂਟਿਆਂ ਦੀ ਸੰਭਾਲ ਲਈ ਸਾਂਝੇ ਯਤਨ ਕੀਤੇ ਜਾਣ।

ਪੰਜਾਬ ਸਟੇਟ ਪਾਵਰਕਾਮ ਦੇ ਡਾਇਰੈਕਟਰ ਜਸਬੀਰ ਸਿੰਘ ਢਿੱਲੋਂ ਨੇ ਸੰਤ ਬਾਬਾ ਕਸ਼ਮੀਰ ਸਿੰਘ ਭੂਰੀਵਾਲੇ ਅਤੇ ਉਨ੍ਹਾਂ ਦੀ ਟੀਮ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਮੁਹਿੰਮਾਂ ਸ਼ਹਿਰ ਦੀ ਸੁੰਦਰਤਾ ਅਤੇ ਵਾਤਾਵਰਨ ਜਿਸ ਦੀ ਸਾਂਭ ਸੰਭਾਲ ਵਿੱਚ ਅਹਿਮ ਯੋਗਦਾਨ ਪਾਉਂਦੀਆਂ ਹਨ। ਉਨ੍ਹਾਂ ਨੇ ਅਪੀਲ ਕੀਤੀ ਕਿ ਅਜਿਹੇ ਉਪਰਾਲਿਆਂ ਵਿੱਚ ਹਰੇਕ ਵਿਅਕਤੀ ਨੂੰ ਸ਼ਾਮਲ ਹੋਣਾ ਚਾਹੀਦਾ ਤਾਂ ਜੋ ਸਾਡੀਆਂ ਅਗਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰਾ ਅਤੇ ਸਿਹਤਮੰਦ ਵਾਤਾਵਰਨ ਯਕੀਨੀ ਬਣਾਇਆ ਜਾ ਸਕੇ। ਇਸ ਮੌਕੇ 'ਤੇ ਹਾਜ਼ਰ ਸਾਰੇ ਲੋਕਾਂ ਨੇ ਬੂਟੇ ਲਗਾਉਣ ਦੀ ਮੁਹਿੰਮ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਸ਼ਹਿਰ ਨੂੰ ਹਰਿਆ-ਭਰਿਆ ਬਣਾਉਣ ਦਾ ਸੰਕਲਪ ਲਿਆ।

## ਲਾਇਲਪੁਰ ਖ਼ਾਲਸਾ ਕਾਲਜ ਦੇ ਐਮ.ਐਸਸੀ. ਕੈਮਿਸਟਰੀ ਸਮੈਸਟਰ ਤੀਜਾ ਦਾ ਨਤੀਜਾ ਰਿਹਾ ਸ਼ਾਨਦਾਰ



ਜਲੰਧਰ, 2 ਜੁਲਾਈ, (ਸੰਦੀਪ ਕੌਲ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਐਮ.ਐਸਸੀ. ਕੈਮਿਸਟਰੀ ਤੀਜਾ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ। ਲਾਇਲਪੁਰ ਖ਼ਾਲਸਾ ਕਾਲਜ ਦੀ ਵਿਦਿਆਰਥਣ ਰਵਿੰਦਰ ਕੌਰ ਨੇ 10 ਵਿੱਚੋਂ 8.77 ਐਸ.ਜੀ.ਪੀ.ਏ. ਪ੍ਰਾਪਤ ਕਰਦੇ ਹੋਏ ਯੂਨੀਵਰਸਿਟੀ ਮੈਰਿਟ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ। ਇਸ ਮੌਕੇ ਸਰਦਾਰਨੀ ਬਲਬੀਰ ਕੌਰ, ਪ੍ਰਧਾਨ ਗਵਰਨਿੰਗ ਕੌਂਸਲ ਅਤੇ ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਸ਼ੇਸ਼ ਤੌਰ 'ਤੇ ਵਿਦਿਆਰਥਣ, ਉਸ ਦੇ ਮਾਪੇ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਵਿਦਿਆਰਥਣ ਨੂੰ ਭਵਿੱਖ ਵਿਚ ਹੋਰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ ਅਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਡਾ. ਰਜਨੀਸ਼ ਮੋਦਗਿੱਲ ਮੁਖੀ ਕੈਮਿਸਟਰੀ ਵਿਭਾਗ, ਡਾ. ਨਵਜੋਤ ਕੌਰ, ਡਾ. ਗੀਤਾਂਜਲੀ ਕੌਸ਼ਲ, ਡਾ. ਵਿਕਾਸ ਕੁਮਾਰ, ਡਾ. ਹਰਸ਼ਵੀਰ ਅਰੋੜਾ ਅਤੇ ਡਾ. ਹਰਜਿੰਦਰ ਕੌਰ ਵੀ ਹਾਜ਼ਰ ਸਨ।

## 350 ਸਾਲਾ ਸ਼ਤਾਬਦੀ ਸਬੰਧੀ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਇਕੱਤਰਤਾ 8 ਜੁਲਾਈ ਨੂੰ



ਅੰਮ੍ਰਿਤਸਰ, 2 ਜੁਲਾਈ, (ਗੁਰਦਿਆਲ ਸਿੰਘ) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਸਬੰਧੀ ਹੋਣ ਵਾਲੇ ਸਮਾਗਮਾਂ ਨੂੰ ਯਾਦਗਾਰੀ ਢੰਗ ਨਾਲ ਮਨਾਉਣ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਬਣਾਈ ਗਈ ਉੱਚ ਪੱਧਰੀ ਤਾਲਮੇਲ ਕਮੇਟੀ ਦੀ ਇਕੱਤਰਤਾ 8 ਜੁਲਾਈ 2025 ਨੂੰ ਦੁਪਹਿਰ 12 ਵਜੇ ਸ਼੍ਰੋਮਣੀ ਕਮੇਟੀ ਵਿਖੇ ਬੁਲਾਈ ਗਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਇਸ ਇਤਿਹਾਸਕ ਸ਼ਤਾਬਦੀ ਸਬੰਧੀ ਦੇਸ਼ ਭਰ ਅੰਦਰ ਵੱਖ-ਵੱਖ ਗੁਰਮਤਿ ਸਮਾਗਮ, ਸੈਮੀਨਾਰ ਅਤੇ ਨਗਰ ਕੀਰਤਨਾਂ ਦਾ ਆਯੋਜਨ ਕੀਤਾ ਜਾਣਾ ਹੈ। ਇਨ੍ਹਾਂ ਸਮਾਗਮਾਂ ਨੂੰ ਯਾਦਗਾਰੀ ਤੇ ਪ੍ਰਭਾਵਸ਼ਾਲੀ ਬਣਾਉਣ ਲਈ ਮਾਣਯੋਗ ਪ੍ਰਧਾਨ ਸਾਹਿਬ ਵੱਲੋਂ ਬੀਤੇ ਦਿਨੀਂ ਇਕ ਉੱਚ ਪੱਧਰੀ ਤਾਲਮੇਲ ਕਮੇਟੀ ਦਾ ਗਠਨ ਕੀਤਾ ਗਿਆ ਸੀ, ਜਿਸ ਵਿਚ ਵੱਖ-ਵੱਖ ਸਿੱਖ ਅਤੇ ਪੰਥਕ ਜਥੇਬੰਦੀਆਂ ਦੇ ਆਗੂ ਸਾਹਿਬਾਨ ਅਤੇ ਸਿੱਖ ਵਿਦਵਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਤਾਬਦੀ ਸਮਾਗਮਾਂ ਦੀ ਰੂਪ ਰੇਖਾ ਉਲੀਕਣ ਵਾਸਤੇ ਵਿਚਾਰ ਵਟਾਂਦਰੇ ਲਈ ਇਸ ਤਾਲਮੇਲ ਕਮੇਟੀ ਦੀ ਇਕੱਤਰਤਾ 8 ਜੁਲਾਈ ਨੂੰ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਰੱਖੀ ਗਈ ਹੈ। ਇਹ ਇਕੱਤਰਤਾ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਵੇਗੀ।

## ਹ਼ਫਤਾਵਾਰੀ ਅੰਮ੍ਰਿਤ ਵੇਲਾ ਅਤੇ ਮਾਤਾ ਮਨਜੀਤ ਕੌਰ ਜੀ ਦੀ ਮਿੱਠੀ ਯਾਦ ਮੌਕੇ ਕਰਵਾਇਆ ਕੀਰਤਨ ਸਮਾਗਮ



ਅੰਮ੍ਰਿਤਸਰ, 2 ਜੁਲਾਈ, (ਬਬਲੂ ਮਹਾਜਨ) : ਬੀਬੀ ਕੌਲਾਂ ਦੀ ਭਲਾਈ ਕੇਂਦਰ ਟਰੱਸਟ ਅਤੇ ਬੀਬੀ ਕੌਲਾਂ ਜੀ ਚੈਰੀਟੇਬਲ ਹਸਪਤਾਲ ਵੱਲੋਂ ਹਫਤਾਵਾਰੀ 'ਅੰਮ੍ਰਿਤ ਵੇਲਾ' ਸਮਾਗਮ ਗੰਡਾ ਸਿੰਘ ਕਲੋਨੀ ਤਰਨ ਤਾਰਨ ਰੋਡ ਸ੍ਰੀ ਅੰਮਿਤਸਰ ਵਿਖੇ ਕੀਤਾ ਗਿਆ। ਅੱਜ ਦਾ ਇਹ ਸਮਾਗਮ ਮਾਤਾ ਮਨਜੀਤ ਕੌਰ ਜੀ ਦੀ ਮਿੱਠੀ ਯਾਦ ਨੂੰ ਕਰਵਾਇਆ ਗਿਆ। ਜਿਸ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਹਰਵਿੰਦਰ ਪਾਲ ਸਿੰਘ ਜੀ ਲਿਟਲ ਦੇ ਕੀਰਤਨੀ ਜਥੇ ਨੇ ਗੁਰੂ ਜਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਸਾਨੂੰ ਨਿਤਨੇਮ ਅਤੇ ਬਾਣੀ ਬਾਣੇ ਦੀ ਧਾਰਨੀ ਹੋਣਾ ਚਾਹੀਦਾ ਹੈ। ਭਾਈ ਸਾਹਿਬ ਨੇ ਅੰਮ੍ਰਿਤ ਵੇਲੇ ਦੀ ਮਹੱਤਤਾ ਦਾ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਦਲਬੀਰ ਸਿੰਘ, ਗੁਰਪ੍ਰੀਤ ਸਿੰਘ ਚਾਹਤ, ਗੁਰਦੀਪ ਸਿੰਘ ਲਾਲਾ ਵੀਰ ਜੀ, ਪਰਮਜੀਤ ਸਿੰਘ ਢਲ ਭਾਈ ਜਤਿੰਦਰ ਸਿੰਘ, ਸਤਵਿੰਦਰਪਾਲ ਸਿੰਘ ਰਿੰਕੂ ਵੀਰ ਜੀ, ਹਰਿੰਦਰ ਸਿੰਘ, ਪ੍ਰੀਤਮ ਸਿੰਘ, ਸੁਰਿੰਦਰ ਸਿੰਘ ਰਿੰਕੂ ਆਦਿ ਸੰਗਤਾਂ ਵਿੱਚ ਮੌਜੂਦ ਸਨ।

## ਐਮ.ਪੀ. ਔਜਲਾ ਨੇ ਕੀਤੀ ਬੀ.ਐਸ.ਐਨ.ਐਲ. ਅਧਿਕਾਰੀਆਂ ਨਾਲ ਬੈਠਕ



ਅੰਮ੍ਰਿਤਸਰ, 2 ਜੁਲਾਈ, (ਗੁਰਦਿਆਲ ਸਿੰਘ) : ਐਮਪੀ ਗੁਰਜੀਤ ਸਿੰਘ ਔਜਲਾ ਨੇ ਅੱਜ ਬੀਐਸਐਨਐਲ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਦੌਰਾਨ, ਇਸ ਵਿਭਾਗ ਦੇ ਡਿੱਗਦੇ ਮਿਆਰਾਂ ਨੂੰ ਬਚਾਉਣ ਲਈ, ਉਨ੍ਹਾਂ ਕਿਹਾ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਹਰ ਸਰਕਾਰੀ ਦਫ਼ਤਰ ਵਿੱਚ ਬੀਐਸਐਨਐਲ ਕੁਨੈਕਸ਼ਨ ਲਗਾਇਆ ਜਾਵੇ। ਇਸ ਦੇ ਨਾਲ ਹੀ, ਉਹ ਇਸ ਵਿਭਾਗ ਨੂੰ ਬਿਹਤਰ ਬਣਾਉਣ ਲਈ ਸੰਸਦ ਵਿੱਚ ਵੀ ਮੁੱਦਾ ਉਠਾਉਣਗੇ।

ਐਮਪੀ ਗੁਰਜੀਤ ਸਿੰਘ ਔਜਲਾ ਨੇ ਦੱਸਿਆ ਕਿ ਅੱਜ ਟੈਲੀਫੋਨ ਸਲਾਹਕਾਰ ਕਮੇਟੀ ਦੀ ਮੀਟਿੰਗ ਰਣਜੀਤ ਐਵੇਨਿਊ ਸਥਿਤ ਬੀਐਸਐਨਐਲ ਦੇ ਦਫ਼ਤਰ ਵਿੱਚ ਹੋਈ ਜਿੱਥੇ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਅਧਿਕਾਰੀਆਂ ਨੇ ਹਿੱਸਾ ਲਿਆ। ਉਨ੍ਹਾਂ ਕਿਹਾ ਕਿ ਬੀਐਸਐਨਐਲ ਇੱਕ ਜਨਤਕ ਖੇਤਰ ਹੈ ਅਤੇ ਇਸਨੂੰ ਬਚਾਉਣਾ ਬਹੁਤ ਜ਼ਰੂਰੀ ਹੈ, ਜਿਸ ਲਈ ਉਨ੍ਹਾਂ ਨੇ ਉਨ੍ਹਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਲਿਖਤੀ ਰੂਪ ਵਿੱਚ ਲਿਆ ਹੈ ਤਾਂ ਜੋ ਉਨ੍ਹਾਂ ਨੂੰ ਸੰਸਦ ਵਿੱਚ ਪੇਸ਼ ਕੀਤਾ ਜਾ ਸਕੇ ਅਤੇ ਸਬੰਧਤ ਵਿਭਾਗ ਦੇ ਮੰਤਰੀ ਨੂੰ ਵੀ ਮਿਲਾਇਆ ਜਾ ਸਕੇ। ਸੰਸਦ ਮੈਂਬਰ ਗੁਰਜੀਤ ਔਜਲਾ ਨੇ ਕਿਹਾ ਕਿ ਨਿੱਜੀ ਖੇਤਰ ਤੇਜ਼ੀ ਨਾਲ ਵਧ ਰਿਹਾ ਹੈ ਕਿਉਂਕਿ ਸਰਕਾਰੀ ਖੇਤਰ ਵਿੱਚ ਕੋਈ ਜਵਾਬਦੇਹੀ ਨਹੀਂ ਹੈ, ਜਦੋਂ ਕਿ ਕਈ ਸਮੱਸਿਆਵਾਂ ਸਰਕਾਰੀ ਪੱਧਰ 'ਤੇ ਵੀ ਆਉਂਦੀਆਂ ਹਨ, ਜਿਵੇਂ ਕਿ ਪੀਡਬਲਯੂਡੀ ਅਤੇ ਹੋਰ ਵਿਭਾਗਾਂ ਤੋਂ ਐਲਓਸੀ ਲੈਣਾ। ਇਨ੍ਹਾਂ ਕੰਮਾਂ ਵਿੱਚ ਬਹੁਤ ਦੇਰੀ ਹੋ ਰਹੀ ਹੈ ਜਿਸ ਕਾਰਨ ਜਨਤਕ ਖੇਤਰ ਨਿੱਜੀ ਖੇਤਰ ਨਾਲ ਮੁਕਾਬਲਾ ਕਰਨ ਦੇ ਯੋਗ ਨਹੀਂ ਹੈ। ਇਸੇ ਲਈ ਅੱਜ ਉਨ੍ਹਾਂ ਨੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਵਿਸਥਾਰ ਨਾਲ ਜਾਣਿਆ ਹੈ ਅਤੇ ਉਨ੍ਹਾਂ ਨੂੰ ਜਲਦੀ ਹੀ ਹੱਲ ਕਰ ਦਿੱਤਾ ਜਾਵੇਗਾ।

## ਵਧੀਕ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ 'ਚ ਚੱਲ ਰਹੀਆਂ ਵੱਖ-ਵੱਖ ਵਾਤਾਵਰਨ ਪੱਖੀ ਸਰਗਰਮੀਆਂ ਦੀ ਪ੍ਰਗਤੀ ਦਾ ਲਿਆ ਜਾਇਜ਼ਾ

ਜਲੰਧਰ, 2 ਜੁਲਾਈ, (ਸੰਦੀਪ ਕੌਲ) : ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ ਨੇ ਜ਼ਿਲ੍ਹਾ ਵਾਤਾਵਰਨ ਯੋਜਨਾ ਤਹਿਤ ਜ਼ਿਲ੍ਹੇ ਵਿੱਚ ਚੱਲ ਰਹੀਆਂ ਵੱਖ-ਵੱਖ ਵਾਤਾਵਰਨ ਪੱਖੀ ਸਰਗਰਮੀਆਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ।

ਇੱਥੇ ਜ਼ਿਲ੍ਹਾ ਪ੍ਰਬਧਕੀ ਕੰਪਲੈਕਸ ਵਿਖੇ ਕਮਿਸ਼ਨਰ ਜਲੰਧਰ ਨਗਰ ਨਿਗਮ ਗੌਤਮ ਜੈਨ ਸਮੇਤ ਜ਼ਿਲ੍ਹਾ ਵਾਤਾਵਰਨ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਨੇ ਕਾਲਾ ਸੰਘਿਆ ਡਰੇਨ ਵਿੱਚ ਡੇਅਰੀਆਂ ਅਤੇ ਸੀਵਰੇਜ ਵੇਸਟ ਦੇ ਸਿੱਧੇ ਪ੍ਰਵਾਹ ਨੂੰ ਰੋਕਣ 'ਤੇ ਜ਼ੋਰ ਦਿੱਤਾ। ਉਨ੍ਹਾਂ ਜਲੰਧਰ ਨਗਰ ਨਿਗਮ, ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਨੂੰ ਡਰੇਨ ਨੂੰ ਪ੍ਰਦੂਸ਼ਿਤ ਕਰਨ ਵਾਲਿਆਂ 'ਤੇ ਬਣਦੀ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਅਜਿਹੇ ਪਿੰਡਾਂ, ਜਿਨ੍ਹਾਂ ਦਾ ਪਾਣੀ ਸਿੱਧਾ ਡਰੇਨ ਵਿੱਚ ਪੈਂਦਾ ਹੈ, ਦੇ ਨਿਕਾਸੀ ਪੁਆਇੰਟਾਂ ਦੀ ਨਿਗਰਾਨੀ ਕਰਨ ਦੀ ਵੀ ਹਦਾਇਤ ਕੀਤੀ ਤਾਂ ਜੋ ਪ੍ਰਦੂਸ਼ਨ ਕੰਟਰੋਲ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਈ ਜਾ ਸਕੇ।

ਵਧੀਕ ਡਿਪਟੀ ਕਮਿਸ਼ਨਰ ਨੇ ਨਗਰ ਨਿਗਮ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਅਧਿਕਾਰੀਆਂ ਨੂੰ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਠੋਸ ਰਹਿੰਦ-ਖੂਹੰਦ ਪ੍ਰਬੰਧਨ, ਲੈਗੇਸੀ ਰਹਿੰਦ-ਖੂਹੰਦ ਪ੍ਰਬੰਧਨ, ਸੈਨੇਟਰੀ ਲੈਂਡਫਿੱਲ ਦੇ ਚੱਲ ਰਹੇ ਪ੍ਰਾਜੈਕਟਾਂ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਂਦਿਆਂ ਇਨ੍ਹਾਂ ਨੂੰ ਜਲਦ ਤੋਂ ਜਲਦ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਇਕ ਵਾਰ ਵਰਤੋਂ ਵਿੱਚ ਆਉਣ ਵਾਲੇ ਪਲਾਸਟਿਕ 'ਤੇ ਪਾਬੰਦੀ ਦੀ ਪਾਲਣਾ ਦਾ ਜਾਇਜ਼ਾ ਲੈਂਦਿਆਂ ਨਗਰ ਨਿਗਮ/ਕੌਂਸਲ ਅਧਿਕਾਰੀਆਂ ਨੂੰ ਪਾਬੰਦੀ ਸਬੰਧੀ ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਯਕੀਨੀ ਬਣਾਉਣ ਅਤੇ ਇਸ ਸਬੰਧੀ ਜਾਗਰੂਕਤਾ ਫੈਲਾਉਣ 'ਤੇ ਵੀ ਜ਼ੋਰ ਦਿੱਤਾ।

ਵਧੀਕ ਡਿਪਟੀ ਕਮਿਸ਼ਨਰ ਨੇ ਆਉਣ ਵਾਲੇ ਝੋਨੇ ਦੇ ਸੀਜ਼ਨ ਦੌਰਾਨ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਖੇਤੀਬਾੜੀ ਸਮੇਤ ਹੋਰ ਵਿਭਾਗਾਂ ਵੱਲੋਂ ਕੀਤੀ ਜਾ ਰਹੀ ਤਿਆਰੀ ਦੀ ਸਮੀਖਿਆ ਕਰਦਿਆਂ ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਸਹਿਕਾਰਤਾ ਵਿਭਾਗ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਜਾਗਰੂਕਤਾ ਸਰਗਰਮੀਆਂ ਕਰਵਾਉਣ ਦੀ ਹਦਾਇਤ ਕੀਤੀ ਤਾਂ ਜੋ ਜ਼ੀਰੋ ਬਰਨਿੰਗ ਦੇ ਟੀਚੇ ਨੂੰ ਹਾਸਲ ਕੀਤਾ ਜਾ ਸਕੇ।

ਮੀਟਿੰਗ ਦੌਰਾਨ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਐਕਸੀਅਨ ਸੰਦੀਪ ਕੁਮਾਰ, ਮੁੱਖ ਖੇਤੀਬਾੜੀ ਅਫ਼ਸਰ ਰਣਧੀਰ ਸਿੰਘ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

## ਬੀਬੀ ਹਰਜਿੰਦਰ ਕੌਰ ਦਾ ਜੀਵਨ ਸਾਡੇ ਸਭਨਾਂ ਲਈ ਪ੍ਰੇਰਨਾ ਸਰੋਤ ਹੈ : ਵਿਧਾਇਕ ਧੁੰਨ, ਡਾਇਰੈਕਟਰ ਢਿੱਲੋਂ



ਅੰਮ੍ਰਿਤਸਰ, 2 ਜੁਲਾਈ, (ਬਬਲੂ ਮਹਾਜਨ) : ਸੰਤ ਭੂਰੀ ਵਾਲਿਆਂ ਦੀ ਅਨਿਨ ਸੇਵਕ ਬੀਬੀ ਹਰਜਿੰਦਰ ਕੌਰ ਜੀ ਜੋ ਕੁਝ ਸਮਾਂ ਪਹਿਲਾਂ ਅਕਾਲ ਚਲਾਣਾ ਕਰ ਗਏ ਸਨ, ਦੇ ਨਮਿੱਤ ਬੀਤੀ ਰਾਤ ਸਥਾਨਕ ਡੇਰਾ ਕਾਰ ਸੇਵਾ ਸੰਤ ਭੂਰੀ ਵਾਲੇ ਨਿਰਮਲੇ ਤਪੋਬਨ ਵਿਖੇ ਬੀਤੀ ਸ਼ਾਮ ਕੀਰਤਨ ਦਰਬਾਰ ਦਾ ਆਯੋਜਨ ਕੀਤਾ ਗਿਆ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸ਼ੌਕੀਨ ਸਿੰਘ ਦੇ ਜਥੇ ਨੇ ਕੀਰਤਨ ਦੀ ਹਾਜ਼ਰੀ ਭਰੀ। ਕੀਰਤਨ ਉਪ੍ਰੰਤ ਵਿਧਾਇਕ ਸਰਵਨ ਸਿੰਘ ਧੁੰਨ 'ਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮ.ਦੇ ਡਾਇਰੈਕਟਰ ਜਸਬੀਰ ਸਿੰਘ ਢਿੱਲੋਂ ਨੇ ਬੀਬੀ ਰਜਿੰਦਰ ਕੌਰ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਹਨਾਂ ਦਾ ਸਮੁੱਚਾ ਜੀਵਨ ਇਤਿਹਾਸਕ ਗੁਰਧਾਮਾਂ ਦੀ ਸੇਵਾ ਨੂੰ ਸਮਰਪਿਤ ਸੀ। ਉਹਨਾਂ ਦਾ ਜੀਵਨ ਸਾਡੇ ਸਭਨਾਂ ਲਈ ਇੱਕ ਪ੍ਰੇਰਨਾ ਸਰੋਤ ਹੈ, ਜਿਸ ਨੇ ਸੇਵਾ ਅਤੇ ਸਮਰਪਣ ਦੀ ਅਜਿਹੀ ਮਿਸਾਲ ਕਾਇਮ ਕੀਤੀ ਜੋ ਸਦਾ ਯਾਦ ਰਹੇਗੀ।

ਇਸ ਸਮਾਗਮ ਵਿੱਚ ਬਾਬਾ ਸੁਖਵਿੰਦਰ ਸਿੰਘ ਜੀ ਭੂਰੀ ਵਾਲੇ, ਐਡਵੋਕੇਟ ਮਨਜੀਤ ਸਿੰਘ ਛੀਨਾ, ਸੇਵਾਮੁਕਤ ਤਹਿਸੀਲਦਾਰ ਸੁਖਰਾਜ ਸਿੰਘ ਸੰਧੂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਬਾਵਾ ਸਿੰਘ ਗੁਰਮਾਨਪੁਰਾ, ਬਾਬਾ ਗੁਰਨਾਮ ਸਿੰਘ, ਸਾਬਕਾ ਮੀਤ ਸਕੱਤਰ ਰਾਮ ਸਿੰਘ ਭਿੰਡਰ, ਹਰਭਜਨ ਸਿੰਘ ਸਿੱਧੂ, ਐਡਵੋਕੇਟ ਸਤਨਾਮ ਸਿੰਘ, ਏ ਕੇ ਟੈਕਸਟਾਇਲ ਵਾਲੇ ਨਰਿੰਦਰ ਸਿੰਘ ਤੇ ਹਰਜੀਤ ਸਿੰਘ, ਬਿਕਰਮਜੀਤ ਸਿੰਘ, ਅਮਰਜੀਤ ਸਿੰਘ, ਹਰਮਨਪ੍ਰੀਤ ਸਿੰਘ ਵੇਰਕਾ, ਪ੍ਰੋਫੈਸਰ ਸਰਦਾਰਾ ਸਿੰਘ ਹੁੰਦਲ, ਮਹੰਤ ਪ੍ਰੇਮ ਸਿੰਘ, ਨਵਤੇਜ ਸਿੰਘ ਵੇਰਕਾ, ਅਜੀਤ ਸਿੰਘ, ਗੁਰਸਾਹਿਲ ਸਿੰਘ, ਮਾਲਕ ਸਿੰਘ ਸੰਧੂ, ਕੁਲਬੀਰ ਸਿੰਘ ਪਦਮ, ਮੁਖਤਾਰ ਸਿੰਘ, ਸੁਖਬੀਰ ਸਿੰਘ ਮਾਹਲ, ਬਾਬਾ ਕੁਲਦੀਪ ਸਿੰਘ ਸੰਧੂ, ਪ੍ਰਗਟ ਸਿੰਘ ਚਾਟੀਵਿੰਡ , ਰਵੀਸ਼ੇਰ ਸਿੰਘ, ਗੁਰਜੀਤ ਸਿੰਘ ਰੰਧਾਵਾ, ਤੇਜਿੰਦਰ ਸਿੰਘ ਪੱਪੂ, ਕੁਲਦੀਪ ਸਿੰਘ ਪੰਡੋਰੀ , ਗੁਰਸ਼ਰਨ ਸਿੰਘ ਛੀਨਾ, ਮਾਸਟਰ ਪ੍ਰਮਜੀਤ, ਪ੍ਰਦੀਪ ਸਿੰਘ ਪਲਾਹ ਸਾਹਿਬ,ਦਲਜੀਤ ਸਿੰਘ ਬਟਾਲਾ, ਸਰਤਾਜ ਸਿੰਘ ਗਗਨਪ੍ਰੀਤ ਸਿੰਘ ਧਾਮੀ, ਕਰਨ ਕਾਹਲੋਂ ਬਟਾਲਾ, ਜਸਪ੍ਰੀਤ ਸਿੰਘ ਜੌਲੀ, ਤਰਨਬੀਰ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਪੱਪੂ, ਇੰਜ ਜਸਪ੍ਰੀਤ ਸਿੰਘ, ਹਰਿੰਦਰ ਸਿੰਘ ਗੁਲੂ, ਹਰਜਿੰਦਰ ਸਿੰਘ ਬਿੱਲੂ, ਧਰਮ ਸਿੰਘ ਵੇਰਕਾ,ਅੰਮ੍ਰਿਤ ਸਿੰਘ ਭੰਗੂ, ਜਸਬੀਰ ਸਿੰਘ ਚਾਵਲਾ, ਗੁਰਦੀਪ ਸਿੰਘ ਠੇਕੇਦਾਰ , ਡਾ ਹਰਮਨ ਸਿੰਘ ਹੁੰਦਲ, ਸੁਖਦੇਵ ਸਿੰਘ ਰੰਧਾਵਾ, ਹਰਿੰਦਰ ਸਿੰਘ ਪੰਨੂੰ, ਗੋਨਾ ਬਾਬਾ ਅਵਤਾਰ ਸਿੰਘ, ਬਾਬਾ ਹਰਮਨ ਸਿੰਘ ਪੰਡੋਰੀ, ਬਾਬਾ ਹਰੀ ਸਿੰਘ, ਬਾਬਾ ਨਾਜ਼ਰ ਸਿੰਘ, ਬਾਬਾ ਕਰਨ ਸਿੰਘ, ਬਾਬਾ ਜੋਧਬੀਰ ਸਿੰਘ,ਬਾਬਾ ਕੁਲਵਿੰਦਰ ਸਿੰਘ, ਬਾਬਾ ਗੁਰਭੇਜ ਸਿੰਘ, ਬਾਬਾ ਗੁਰਸਾਜਨ ਸਿੰਘ, ਬਾਬਾ ਸੁੰਦਰ ਸਿੰਘ, ਬਾਬਾ ਯਾਦਵਿੰਦਰ ਸਿੰਘ, ਬਾਬਾ ਆਤਮਾ ਸਿੰਘ, ਬਾਬਾ ਸਤਵੰਤ ਸਿੰਘ ਮਹੰਤ ਸਮੇਤ ਤੋਂ ਇਲਾਵਾ ਵੱਡੀ ਗਿਣਤੀ ਸੰਗਤਾਂ ਨੇ ਗੁਰੂ ਜੱਸ ਸਰਵਨ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਿਆ।

## ਅਜਨਾਲਾ ਵਿਖੇ ਦੋ ਮੋਟਰਸਾਈਕਲਾਂ ਦੀ ਭਿਆਨਕ ਟੱਕਰ, ਫ਼ੌਜੀ ਸਮੇਤ ਦੋ ਦੀ ਮੌਤ, ਦੋ ਗੰਭੀਰ ਜ਼ਖ਼ਮੀ





ਅਜਨਾਲਾ, 2 ਜੁਲਾਈ, (ਸੁਖਦੇਵ ਸਿੰਘ ਖਾਲਸਾ) : ਅਜਨਾਲਾ ਵਿਖੇ ਦੋ ਮੋਟਰਸਾਈਕਲਾਂ ਦੀ ਆਹਮੋ ਸਾਹਮਣੇ ਭਿਆਨਕ ਟੱਕਰ ਹੋ ਗਈ ਅਤੇ ਇਸ ਹਾਦਸੇ 'ਚ ਛੁੱਟੀ 'ਤੇ ਆਏ ਫੌਜੀ ਜਵਾਨ ਸਮੇਤ ਪਿੰਡ ਵੰਝਾਵਾਲਾ ਦੇ ਨੌਜਵਾਨ ਦੀ ਮੌਤ ਹੋ ਗਈ ਅਤੇ ਦੋ ਨੌਜਵਾਨ ਗੰਭੀਰ ਰੂਪ ਵਿੱਚ ਗੰਭੀਰ ਜਖ਼ਮੀ ਹੋਏ ਹਨ। ਇਸ ਹਾਦਸੇ ਵਿੱਚ ਮਾਰੇ ਗਏ ਫੌਜੀ ਜਵਾਨ ਦੀ ਪਛਾਣ ਬਲਜਿੰਦਰ ਸਿੰਘ ਅਤੇ ਦੂਸਰੇ ਨੌਜਵਾਨ ਦੀ ਪਛਾਣ ਅਕਾਸ਼ ਮਸੀਹ ਵਜੋਂ ਹੋਏ ਹੈ। ਇਸ ਸਬੰਧੀ ਜਾਣਕਾਰੀ ਦੇਂਦੇ ਹੋਏ ਪਿੰਡ ਦੇ ਨੌਜਵਾਨ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਦੇ ਪਿੰਡ ਦਾ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕਿ ਜਾ ਰਿਹਾ ਸੀ ਅਤੇ ਦੂਸਰੀ ਤਰਫ ਤੋਂ ਆ ਰਹੇ ਛੁੱਟੀ ਆਏ ਫੌਜੀ ਦੇ ਮੋਟਰਸਾਈਕਲ ਨਾਲ ਟੱਕਰ ਹੋ ਗਈ, ਜਿਸ ਦੌਰਾਨ ਦੋ ਨੌਜਵਾਨਾ ਦੀ ਮੌਤ ਅਤੇ ਦੋ ਨੌਜਵਾਨ ਗੰਭੀਰ ਜਖ਼ਮੀ ਹੋਏ ਹਨ। ਇਸ ਦੌਰਾਨ ਥਾਣਾ ਅਜਨਾਲਾ ਦੇ ਐਸ ਐਚ ਓ ਇੰਸਪੈਕਟਰ ਮੁਖਤਿਆਰ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ 'ਤੇ ਹਾਜ਼ਰ ਹੋ ਕੇ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ।

## ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਹਰਮੀਤ ਸਿੰਘ ਸਲੂਜਾ ਨੂੰ ਸ਼ਿਕਾਗੋ ਓਪਨ ਯੂਨੀਵਰਸਿਟੀ ਯੂਐਸਏ ਵੱਲੋਂ ਡਾਕਟਰੇਟ ਦੀ ਡਿਗਰੀ ਮਿਲਣ ਮਗਰੋਂ ਗੁਰੂ ਨਗਰੀ ਪੁੱਜਣ 'ਤੇ ਕੀਤਾ ਸਨਮਾਨ




ਅੰਮ੍ਰਿਤਸਰ, 2 ਜੁਲਾਈ, (ਬਬਲੂ ਮਹਾਜਨ) : ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਹਰਮੀਤ ਸਿੰਘ ਸਲੂਜਾ ਨੂੰ ਸ਼ਿਕਾਗੋ ਓਪਨ ਯੂਨੀਵਰਸਿਟੀ ਯੂਐਸਏ ਨੇ ਡਾਕਟਰੇਟ ਦੀ ਡਿਗਰੀ ਪਨਾਲ ਸਨਮਾਨਿਤ ਕੀਤਾ ਹੈ। ਦਿੱਲੀ ਦੇ ਕੋਨਸਟੀਟਿਊਸ਼ਨ ਕਲੱਬ ਆਫ ਇੰਡੀਆ ਵਿੱਚ ਹੋਏ ਇੱਕ ਸਮਾਗਮ ਦੀ ਸੰਖੇਪ ਝਾਤ। ਇਸ ਸਮਾਗਮ ਵਿੱਚ ਬੇਹਦ ਪ੍ਰਭਾਵਸ਼ਾਲੀ ਲੋਕਾ ਨੂੰ ਡਿਗਰੀ ਪ੍ਰਦਾਨ ਕੀਤੀ ਗਈ। ਹਰਮੀਤ ਸਿੰਘ ਸਲੂਜਾ ਲੋਕ ਭਲਾਈ ਦੇ ਕਾਰਜ ਅਤੇ ਲੋੜਵੰਦਾ ਦੀ ਮੱਦਦ ਕਰਨਾ ਆਪਣਾ ਧਰਮ ਅਤੇ ਕਰਮ ਸਮਝਦੇ ਹਨ। ਓਹਨਾ ਨੇ ਅੰਤਰਰਾਸ਼ਟਰੀ ਸੰਸਥਾਵਾਂ ਨਾਲ ਮਿਲ ਕੇ ਵੱਖ ਵੱਖ ਸਕੂਲਾਂ ਦੇ ਵਿੱਚ ਕੈਂਪ ਲਗਾ ਕਰਕੇ ਬਚਿਆ ਨੂੰ ਵਾਤਾਵਰਨ, ਸਿੱਖਿਆ ਅਤੇ ਸਾਫ਼ ਸਫ਼ਾਈ ਵੱਲ ਪ੍ਰੇਰਿਆ ਹੈ। ਓਹਨਾਂ ਸਕੂਲੀ ਬੱਚਿਆ ਨੂੰ ਨਾਲ ਲੇ ਕੇ ਵੱਖ ਵੱਖ ਧਰਮ ਅਸਥਾਨਾਂ 'ਤੇ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਤਾਂ ਜੋ ਬੱਚਿਆ ਨੂੰ ਧਰਮ,ਜਾਤ ਪਾਤ ਤੋਂ ਉੱਪਰ ਉੱਠ ਕੇ ਮਾਨਵਤਾ ਦੀ ਸੇਵਾ ਦੀ ਸੇਧ ਮਿਲ ਸਕੇ। ਕੋਵਿਡ 19 ਵਿੱਚ ਜਾਤ ਪਾਤ ਤੋਂ ਉੱਪਰ ਉੱਠ ਕੇ ਸਮਾਜ ਦੇ ਹਰ ਵਰਗ ਲਈ ਸੇਵਾ ਕੀਤੀ। ਸਲੂਜਾ ਨੇ ਮੰਦਰ, ਮਸਜਿਦ,ਗੁਰਦੁਆਰੇ ਚਰਚ ਹਰੇਕ ਧਾਰਮਿਕ ਅਸਥਾਨ ਨੂੰ ਸੈਨੀਟਾਈਜ਼ ਕਰਵਾਇਆ ਅਤੇ ਲੋੜਵੰਦਾਂ ਨੂੰ ਘਰੇਲੂ ਸਮਾਨ ਅਤੇ ਇਸ ਤੋਂ ਇਲਾਵਾ ਭੋਜਨ ਤਿਆਰ ਕਰਕੇ ਮੁਹੱਈਆ ਕਰਵਾਇਆ। ਓਹਨਾਂ ਨੂੰ ਡਾਕਟਰੇਟ ਦੀ ਮਾਨਤਾ ਦਿੰਦੇ ਹੋਏ ਡਾਕਟਰੇਟ ਦੀ ਡਿਗਰੀ ਸ਼ਿਕਾਗੋ ਓਪਨ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ੍ਰੀ ਆਰ ਕੇ ਗੁਪਤਾ ਪਤੰਜਲੀ ਯੂਨੀਵਰਸਿਟੀ ਦੇ ਪਰੋ ਚਾਂਸਰਕ ਅਤੇ ਹੋਰ ਸਮਾਜਿਕ ਸ਼ਖਸੀਅਤਾਂ ਨੇ ਸਾਂਝੇ ਤੌਰ 'ਤੇ ਡਿਗਰੀ ਪ੍ਰਦਾਨ ਕੀਤੀ। ਇਸ ਮੌਕੇ ਹਰਮੀਤ ਸਿੰਘ ਨੇ ਕਿਹਾ ਕਿ ਉਹ ਇਸ ਸਨਮਾਨ ਨੂੰ ਆਪਣੀ ਮਾਤਾ ਪਰਮਜੀਤ ਕੌਰ ਨੂੰ ਸਮਰਪਿਤ ਕਰਦੇ ਹਨ, ਜਿਨ੍ਹਾਂ ਦੀਆਂ ਸਿੱਖਿਆਵਾਂ 'ਤੇ ਆਏ ਹੋਏ ਪੂਰਨਿਆਂ 'ਤੇ ਚੱਲ ਕੇ ਮੈਂ ਸਮਾਜ ਸੇਵਾ ਨੂੰ ਸਮਾ ਦੇ ਸਕਿਆ ਹਾਂ ਅਤੇ ਓਹਨਾਂ ਹਰ ਵੇਲੇ ਮੈਨੂੰ ਕਾਰੋਬਾਰੀ ਅਤੇ ਘਰੇਲੂ ਜਿੰਮੇਵਾਰੀਆਂ ਦੇ ਨਾਲ ਨਾਲ ਮਨੁੱਖਤਾ ਦੀ ਸੇਵਾ ਨਾਲ ਕਰਨ ਲਈ ਪ੍ਰੇਰਿਆ ਹੈ। ਓਹਨਾਂ ਨੌਜਵਾਨ ਪੀੜ੍ਹੀ ਨੂੰ ਸੰਦੇਸ਼ ਦਿੱਤਾ ਕਿ ਸਾਨੂੰ ਇਹ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਅਸੀਂ ਸਿੱਖ, ਹਿੰਦੂ, ਮੁਸਲਮਾਨ, ਈਸਾਈ ਬਾਅਦ ਵਿਚ ਹਾ ਪਹਿਲਾ ਅਸੀਂ ਇਨਸਾਨ ਹਾ ਸੋ ਸਾਨੂੰ ਇਨਸਾਨੀਅਤ ਦੀ ਸੇਵਾ ਧਰਮ ਅਤੇ ਜਾਤ ਤੋਂ ਉੱਪਰ ਉੱਠ ਕੇ ਕਰਨੀ ਚਾਹੀਦੀ ਹੈ। ਅੱਜ ਗੁਰੂ ਨਗਰੀ ਪੁੱਜਣ ਤੇ ਹਰਮੀਤ ਸਿੰਘ ਸਲੂਜਾ ਦਾ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ। ਇਸ ਮੌਕੇ ਓਹਨਾਂ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਅਤੇ ਬਾਧੇ ਭਲੀ ਦੇ ਅਰਦਾਸ ਕੀਤੀ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਗੁਰਪ੍ਰੀਤ ਸਿੰਘ, ਸਾਬਕਾ ਕੌਂਸਲਰ ਜਰਨੈਲ ਸਿੰਘ ਅਤੇ ਵੱਖ ਵੱਖ ਜਥੇਬੰਦੀਆਂ ਨੇ ਹਰਮੀਤ ਸਿੰਘ ਸਲੂਜਾ ਦਾ ਸਨਮਾਨ ਵੀ ਕੀਤਾ ਗਿਆ।

# ਪੰਜਾਬ 'ਚ 866 ਕਰੋੜ ਦਾ GST ਘੁਟਾਲਾ, 157 ਕਰੋੜ ਦੀ ਟੈਕਸ ਚੋਰੀ




ਲੁਧਿਆਣਾ, 2 ਜੁਲਾਈ (ਵਿਸ਼ਾਲ ਸ਼ਰਮਾ) : ਲੁਧਿਆਣਾ-ਜਲੰਧਰ ਨਾਲ ਸਬੰਧਤ ਪੰਜਾਬ ਵਿੱਚ ਜੀਐਸਟੀ ਚੋਰੀ ਨੂੰ ਲੈ ਕੇ ਇੱਕ ਵੱਡੇ ਘੁਟਾਲੇ ਦਾ ਪਰਦਾਫਾਸ਼ ਹੋਇਆ ਹੈ। ਜੀਐਸਟੀ ਚੋਰੀ ਦੀਆਂ ਤਾਰਾਂ ਪੰਜਾਬ ਦੇ ਲੁਧਿਆਣਾ, ਜਲੰਧਰ, ਮੰਡੀ ਗੋਬਿੰਦਗੜ੍ਹ ਨਾਲ ਜੁੜੀਆਂ ਹੋਈਆਂ ਹਨ। ਲਗਭਗ 866 ਕਰੋੜ ਰੁਪਏ ਦਾ ਜੀਐਸਟੀ ਘੁਟਾਲਾ ਸਾਹਮਣੇ ਆਇਆ ਹੈ। ਵਿਭਾਗ ਦੇ ਕੁਝ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਵੀ ਇਸ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ। ਪੰਜਾਬ ਸਰਕਾਰ ਇਸ ਮਾਮਲੇ ਵਿੱਚ ਵੱਡੇ ਪੱਧਰ 'ਤੇ ਜਾਂਚ ਕਰ ਰਹੀ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ ਨੇ ਸੂਬੇ ਦੀਆਂ 20 ਅਜਿਹੀਆਂ ਫਰਮਾਂ ਦਾ ਪਰਦਾਫਾਸ਼ ਕੀਤਾ ਹੈ, ਜੋ ਕਰੋੜਾਂ ਰੁਪਏ ਦੇ ਜੀਐਸਟੀ ਤੋਂ ਬਚ ਰਹੀਆਂ ਸਨ। ਇਨ੍ਹਾਂ ਫਰਮਾਂ ਨੇ ਬਹੁਤ ਹੀ ਚਲਾਕੀ ਨਾਲ ਆਪਣਾ ਨੈੱਟਵਰਕ ਸਥਾਪਤ ਕੀਤਾ ਤਾਂ ਜੋ ਅਸਲ ਪ੍ਰਬੰਧਕਾਂ ਦੇ ਨਾਮ ਸਾਹਮਣੇ ਨਾ ਆ ਸਕਣ। ਇਸ ਲਈ ਉਨ੍ਹਾਂ ਨੇ ਆਮ ਮਜ਼ਦੂਰਾਂ ਅਤੇ ਬੇਰੁਜ਼ਗਾਰਾਂ ਨੂੰ ਨਿਸ਼ਾਨਾ ਬਣਾਇਆ। ਉਨ੍ਹਾਂ ਨੂੰ 800 ਰੁਪਏ ਦੀ ਰੋਜ਼ਾਨਾ ਮਜ਼ਦੂਰੀ ਦਾ ਲਾਲਚ ਦਿੱਤਾ ਗਿਆ ਅਤੇ ਉਨ੍ਹਾਂ ਦਾ ਪੈਨ ਕਾਰਡ, ਆਧਾਰ ਕਾਰਡ ਅਤੇ ਹੋਰ ਦਸਤਾਵੇਜ਼ ਇਹ ਕਹਿ ਕੇ ਲਏ ਗਏ ਕਿ ਉਨ੍ਹਾਂ ਦੇ ਖਾਤਿਆਂ ਵਿੱਚ ਭੁਗਤਾਨ ਕੀਤਾ ਜਾਵੇਗਾ। ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਹੁਣ ਤੱਕ ਜਾਂਚ ਵਿੱਚ 40 ਲੱਖ ਰੁਪਏ ਦੀ ਨਕਦੀ, ਜਾਅਲੀ ਬਿੱਲ ਬੁੱਕ ਅਤੇ ਬਿਨਾਂ ਦਸਤਖ਼ਤ ਵਾਲੀ ਚੈੱਕ ਬੁੱਕ ਵਰਗੇ ਮਹੱਤਵਪੂਰਨ ਸਬੂਤ ਮਿਲੇ ਹਨ। ਇਸ ਮਾਮਲੇ ਵਿੱਚ ਲੁਧਿਆਣਾ ਵਿੱਚ ਕੇਸ ਦਰਜ ਕੀਤਾ ਗਿਆ ਹੈ। ਸਰਬਜੀਤ ਸਿੰਘ ਇਸ ਘੁਟਾਲੇ ਦਾ ਮੁੱਖ ਦੋਸ਼ੀ ਹੈ, ਉਸਨੂੰ ਫੜਨ ਲਈ ਕਾਰਵਾਈ ਕੀਤੀ ਜਾ ਰਹੀ ਹੈ। ਇਸ ਘੁਟਾਲੇ ਦੀਆਂ ਤਾਰਾਂ ਜਲੰਧਰ ਅਤੇ ਮੰਡੀ ਗੋਬਿੰਦਗੜ੍ਹ ਨਾਲ ਵੀ ਜੁੜੀਆਂ ਹੋਈਆਂ ਹਨ।

ਤੁਹਾਨੂੰ ਦੱਸ ਦੇਈਏ ਕਿ ਪੰਜਾਬ ਵਿਜੀਲੈਂਸ ਬਿਊਰੋ ਨੇ ਜਲੰਧਰ ਦੇ ਮਸ਼ਹੂਰ CA ਗੁਰਸੇਵਕ ਸਿੰਘ ਨੂੰ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਗ੍ਰਿਫ਼ਤਾਰ ਕੀਤਾ ਸੀ। ਜੇਕਰ ਇਸ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਂਦੀ ਹੈ, ਤਾਂ CA ਗੁਰਸੇਵਕ ਸਿੰਘ ਦੁਆਰਾ ਕੁਝ ਅਧਿਕਾਰੀਆਂ ਨਾਲ ਮਿਲ ਕੇ ਵੱਡੇ ਪੱਧਰ 'ਤੇ GST ਚੋਰੀ ਦਾ ਮਾਮਲਾ ਵੀ ਸਾਹਮਣੇ ਆ ਸਕਦਾ ਹੈ।

# ਵਿਧਾਇਕ ਸਿੱਧੂ ਵੱਲੋਂ ਪਾਰਕ ਦੇ ਨਵੀਨੀਕਰਨ ਕਾਰਜਾਂ ਦਾ ਉਦਘਾਟਨ



ਲੁਧਿਆਣਾ, 2 ਜੁਲਾਈ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਸਾਫ ਸੁਥਰਾ ਅਤੇ ਹਰਿਆ ਭਰਿਆ ਵਾਤਾਵਰਨ ਮੁਹੱਈਆ ਕਰਾਉਣ ਦੇ ਮੰਤਵ ਨਾਲ, ਹਲਕਾ ਆਤਮ ਨਗਰ ਤੋਂ ਵਿਧਾਇਕ ਕੁਲਵੰਤ ਸਿੰਘ ਸਿੱਧੂ ਵੱਲੋਂ ਵਾਰਡ ਨੰਬਰ 51 ਅਧੀਨ, ਪ੍ਰੀਤਮ ਨਗਰ, ਮਾਡਲ ਟਾਊਨ ਵਿਖੇ ਕੇ.ਪੀ.ਐਮ. ਪਾਰਕ ਦੀ ਮੁਰੰਮਤ ਅਤੇ ਨਵੀਨੀਕਰਣ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਸਿੱਧੂ ਨੇ ਕਿਹਾ ਕਿ ਕੇ.ਪੀ.ਐਮ. ਪਾਰਕ ਦੇ ਸੁੰਦਰੀਕਰਨ 'ਤੇ ਕਰੀਬ 15.93 ਲੱਖ ਰੁਪਏ ਖਰਚ ਕੀਤੇ ਜਾਣਗੇ। ਵਿਧਾਇਕ ਸਿੱਧੂ ਨੇ ਕਿਹਾ ਕਿ ਹਲਕਾ ਆਤਮ ਨਗਰ ਦੇ ਵਸਨੀਕਾਂ ਲਈ ਸਵੇਰੇ-ਸ਼ਾਮ ਦੀ ਸੈਰ ਕਰਨ ਅਤੇ ਬੱਚਿਆਂ ਦੇ ਮਨੋਰੰਜਨ ਲਈ ਜਿੱਥੇ ਨਵੇਂ ਪਾਰਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਉੱਥੇ ਸਾਰੇ ਪਾਰਕਾਂ ਦਾ ਸੁੰਦਰੀਕਰਨ ਵੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਾਰਕਾਂ ਦੇ ਸੁੰਦਰੀਕਰਨ ਤਹਿਤ ਨਵੇਂ ਫੁੱਲਾਂ ਦੇ ਬੂਟੇ, ਬੱਚਿਆਂ ਲਈ ਝੂਲੇ, ਬੱਚਿਆਂ ਲਈ ਸਵਿੰਗਜ਼, ਨੌਜਵਾਨਾਂ ਨੂੰ ਕਸਰਤ ਕਰਨ ਲਈ ਓਪਨ ਜਿੰਮ, ਪਾਰਕਾਂ ਦੀ ਚਾਰ ਦਿਵਾਰੀ ਦੀ ਮੁਰੰਮਤ, ਗ੍ਰਿੱਲਾਂ ਲਗਾਉਣਾ, ਛਾਂਦਾਰ ਰੁੱਖਾਂ ਦੇ ਬੂਟੇ ਲਾਉਣ ਦੇ ਨਾਲ-ਨਾਲ ਬਜ਼ੁਰਗਾਂ ਨੂੰ ਸਵੇਰ-ਸ਼ਾਮ ਦੀ ਸੈਰ ਲਈ ਸਮਰਪਿਤ ਫੁੱਟਪਾਥ ਵੀ ਬਣਾਏ ਜਾ ਰਹੇ ਹਨ।

ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਆਪਣੇ ਵਸਨੀਕਾਂ ਨੂੰ ਸਾਫ-ਸੁੱਥਰਾ ਤੇ ਹਰਿਆ ਭਰਿਆ ਵਾਤਾਵਰਨ ਪ੍ਰਦਾਨ ਕਰਨ ਲਈ ਵਚਨਬੱਧ ਹੈ। ਇਸ ਮੌਕੇ ਕੌਂਸਲਰ ਕੋਮਲਪ੍ਰੀਤ ਕੌਰ ਸਚਦੇਵਾ, ਆਪ ਆਗੂ ਕੰਵਲਜੀਤ ਸਿੰਘ ਸਚਦੇਵਾ, ਦਰਸ਼ਨ ਸਿੰਘ, ਲੇਖਰਾਜ ਮਰਵਾਹਾ, ਹਰਵਿੰਦਰ ਸਿੰਘ ਹਨੀ, ਪੀ.ਏ. ਕਮਲ ਕਪੂਰ, ਰਾਜੂ ਭਾਟੀਆ, ਪੰਕਜ (ਕਰਿਆਨਾ ਸਟੋਰ ਵਾਲੇ), ਮੁਕੇਸ਼ ਮਲਹੋਤਰਾ, ਕੇਵਲ ਕ੍ਰਿਸ਼ਨ ਅਰੋੜਾ, ਅਮਰਦੀਪ ਸਿੰਘ, ਰੂਪੇਸ਼ ਤਨੇਜਾ ਤੇ ਹੋਰ ਮੌਜੂਦ ਸਨ।

# ਵਿਕਾਸਮੁਖੀ ਪੰਜਾਬੀ ਸਮਾਜ ਦੀ ਉਸਾਰੀ ਲਈ ਸਭ ਵਰਗਾਂ ਨੂੰ ਸਿਰ ਜੋੜਨ ਦੀ ਲੋੜ : ਪ੍ਰਿੰ. ਬੁੱਧ ਰਾਮ



ਲੁਧਿਆਣਾ, 2 ਜੁਲਾਈ (ਵਿਸ਼ਾਲ ਸ਼ਰਮਾ) : ਗਿਆਨ ਆਧਾਰਿਤ ਵਿਕਾਸਮੁਖੀ ਪੰਜਾਬੀ ਸਮਾਜ ਦੀ ਉਸਾਰੀ ਲਈ ਸਭ ਵਰਗਾਂ ਨੂੰ ਸਿਰ ਜੋੜਨ ਦੀ ਲੋੜ ਹੈ। ਕਿਉਂਕਿ ਗਿਆਨ ਪਰੰਪਰਾ ਦੀ ਨਿਰੰਤਰਤਾ ਬਗੈਰ ਕੋਈ ਵੀ ਸਮਾਜ ਵਿਕਾਸ ਨਹੀਂ ਕਰ ਸਕਦਾ। ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ.ਗੁਰਭਜਨ ਸਿੰਘ ਗਿੱਲ ਨਾਲ ਸ਼ਹੀਦ ਭਗਤ ਸਿੰਘ ਨਗਰ ਲੁਧਿਆਣਾ ਵਿਖੇ ਇਹ ਵਿਚਾਰ ਪ੍ਰਗਟ ਕਰਦਿਆਂ ਪ੍ਰਸਿੱਧ ਸਿੱਖਿਆ ਸ਼ਾਸਤਰੀ ਅਤੇ ਬੁਢਲਾਡਾ (ਮਾਨਸਾ) ਤੋਂ ਦੀਜੀ ਵਾਰ ਵਿਧਾਇਕ ਬਣੇ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਪੰਜਾਬ ਨੂੰ ਨਸ਼ਾਖ਼ੋਰੀ, ਕੰਮ-ਚੋਰੀ ਤੇ ਆਪਣੇ ਸੂਬੇ ਪ੍ਰਤੀ ਵੱਧ ਰਿਹਾ ਬੇਗਾਨਗੀ ਦਾ ਅਹਿਸਾਸ ਰੋਕਣ ਲਈ ਖੇਡਾਂ, ਸਾਹਿਤ ਤੇ ਸੱਭਿਆਚਾਰ ਦੇ ਪ੍ਰਸਾਰ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਸ ਕੰਮ ਵਿੱਚ ਸੂਬੇ ਦੀਆਂ ਸਾਹਿਤਕ, ਸੱਭਿਆਚਾਰਕ, ਧਾਰਮਿਕ ਤੇ ਖੇਡ ਸੰਸਥਾਵਾਂ ਨੂੰ ਸਿਰਤੋੜ ਯਤਨ ਕਰਨ ਦੀ ਲੋੜ ਹੈ। ਪ੍ਰਿੰਸੀਪਲ ਬੁੱਧ ਰਾਮ ਪੰਜਾਬੀ ਲੇਖਕ ਤੇ ਆਪਣੇ ਸਨੇਹੀ ਪ੍ਰੋ.ਗੁਰਭਜਨ ਸਿੰਘ ਗਿੱਲ ਦੀ ਗੋਡਿਆਂ ਦੀ ਸਰਜਰੀ ਉਪਰੰਤ ਖ਼ਬਰਸਾਰ ਲੈਣ ਲਈ ਆਏ ਸਨ।

# ਗੁਰੂ ਤੇਗ ਬਹਾਦਰ ਸਾਹਿਬ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ




ਲੁਧਿਆਣਾ, 2 ਜੁਲਾਈ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਦੀ ਸ੍ਰੀ ਗੁਰੂ ਤੇਗ ਬਹਾਦਰ ਸਿੰਘ ਦਸਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਬੀਤੀ ਰਾਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਵਿਸ਼ੇਸ਼ ਤੌਰ 'ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਪੁੱਜੇ ਪੰਥ ਦੇ ਪ੍ਰਸਿੱਧ ਕੀਰਤਨੀਏ ਭਾਈ ਬਰਿੰਦਰ ਸਿੰਘ ਗੁਰਦਾਸਪੁਰੀ ਯੂ. ਐਸ. ਏ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਦਸਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕੀਰਤਨ ਸਮਾਗਮ ਨੂੰ ਇੱਕ ਉਪਦੇਸ਼ ਸਮਾਗਮ ਦੱਸਦਿਆਂ ਅਤੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਸਾਨੂੰ ਨਿਰਭਉ ਤੇ ਨਿਰਵੈਰਤਾ ਦਾ ਉਪਦੇਸ਼ ਦਿੰਦੀ ਹੈ, ਕਿਉਂ ਕਿ ਉਨ੍ਹਾਂ ਨੇ ਧਰਮ ਦੀ ਰੱਖਿਆ ਲਈ ਆਪਣੀ ਸ਼ਹਾਦਤ ਦਿੱਤੀ। ਇਸ ਦੌਰਾਨ ਉਨ੍ਹਾਂ ਨੇ ਕੀਰਤਨ ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਧਰਮ ਦੇ ਮਾਰਗ ਉੱਪਰ ਚੱਲਣ, ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ।

ਇਸ ਮੌਕੇ ਸੁਸਾਇਟੀ ਦੇ ਮੈਂਬਰਾਂ ਨੇ ਸਾਂਝੇ ਤੌਰ 'ਤੇ ਭਾਈ ਬਰਿੰਦਰ ਸਿੰਘ ਗੁਰਦਾਸਪੁਰੀ ਯੂ. ਐਸ. ਏ ਵਾਲਿਆਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਸਿਰਪਾਉ ਭੇਂਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਕੀਰਤਨ ਸਮਾਗਮ ਅੰਦਰ ਦਸਮੇਸ਼ ਸੇਵਾ ਸੁਸਾਇਟੀ ਦੇ ਪ੍ਰਮੁੱਖ ਮੈਂਬਰ ਦਿਲਬੀਰ ਸਿੰਘ ਬੱਤਰਾ, ਹਰਪਾਲ ਸਿੰਘ ਬੱਤਰਾ, ਨਰਿੰਦਰਪਾਲ ਸਿੰਘ ਕਥੂਰੀਆ, ਜਸਵਿੰਦਰ ਸਿੰਘ ਡੰਗ, ਭੁਪਿੰਦਰ ਸਿੰਘ ਜੁਨੇਜਾ, ਸਰਬਜੀਤ ਸਿੰਘ ਦਸਮੇਸ਼ ਪੰਪ ਵਾਲੇ, ਬਲਬੀਰ ਸਿੰਘ ਭਾਟੀਆ, ਸੁਰਿੰਦਰਪਾਲ ਸਿੰਘ ਭੁਟੀਆਣੀ, ਹਰਪਾਲ ਸਿੰਘ ਖਾਲਸਾ, ਮਹਿੰਦਰ ਸਿੰਘ ਡੰਗ, ਹਰਮੀਤ ਸਿੰਘ ਡੰਗ, ਗੁਰਬਚਨ ਸਿੰਘ, ਅੱਤਰ ਸਿੰਘ ਮੱਕੜ, ਅਵਤਾਰ ਸਿੰਘ ਮਿੱਢਾ, ਹਰਪ੍ਰੀਤ ਸਿੰਘ ਨੀਟਾ, ਦਵਿੰਦਰ ਸਿੰਘ ਬਿੱਟੂ, ਖੁਸ਼ਹਾਲ ਸਿੰਘ, ਹਰਚਰਨ ਸਿੰਘ ਕਾਲੜਾ, ਕਵਲਪ੍ਰੀਤ ਸਿੰਘ ਸੋਢੀ, ਇੰਦਰਜੀਤ ਸਿੰਘ ਛਾਬੜਾ, ਵਿਜੇ ਕੁਮਾਰ ਸੂਦ, ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਪੁਲਿਸ ਨੇ ਭਾਈ ਗਰੇਵਾਲ ਨੂੰ ਘਰ 'ਚ ਕੀਤਾ ਨਜ਼ਰਬੰਦ ਤੇ ਐਸ.ਆਰ. ਕਲੇਰ ਨੂੰ ਸਾਥੀਆਂ ਸਮੇਤ ਰਾਹ 'ਚ ਘੇਰਿਆ



ਜਗਰਾਓਂ, 2 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਸੀਨੀਅਰ ਅਕਾਲੀ ਆਗੂ ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਅੱਜ ਵਿਜੀਲੈਂਸ ਵੱਲੋਂ ਅਦਾਲਤ 'ਚ ਪੇਸ਼ ਕਰਨ ਦੇ ਪ੍ਰੋਗਰਾਮ 'ਚ ਪੰਜਾਬ ਭਰ ਤੋਂ ਅਕਾਲੀ ਆਗੂ ਮੋਹਾਲੀ ਪਹੁੰਚਣ ਦਾ ਸੂਬਾ ਸਰਕਾਰ ਨੂੰ ਸੰਕੇਤ ਹੋਇਆ ਤਾਂ ਸਵੇਰ ਤੋਂ ਹੀ ਸੂਬਾ ਸਰਕਾਰ ਨੇ ਅਕਾਲੀ ਆਗੂਆਂ ਨੂੰ ਘੇਰਨਾ ਸ਼ੁਰੂ ਕਰ ਦਿੱਤਾ। ਕਈ ਅਕਾਲੀ ਆਗੂਆਂ ਨੂੰ ਪੁਲਿਸ ਨੇ ਘਰਾਂ 'ਚ ਨਜ਼ਰਬੰਦ ਕਰ ਦਿੱਤਾ ਤੇ ਕਈਆਂ ਨੂੰ ਰਾਹਾਂ 'ਚੋਂ ਹੀ ਵਾਪਸ ਮੋੜ ਦਿੱਤਾ। ਜਗਰਾਓਂ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਪੁਲਿਸ ਨੇ ਸਵੇਰੇ ਹੀ ਨਜ਼ਰਬੰਦ ਕਰ ਦਿੱਤਾ ਤਾਂ ਕਿ ਉਹ ਮੋਹਾਲੀ ਨਾ ਜਾ ਸਕਣ। ਇਸ ਮੌਕੇ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਸਾਰਾ ਕੁਝ ਮਾਨ ਸਰਕਾਰ ਦੀ ਬਦਲਾਖੋਰੀ ਨੀਤੀ ਤਹਿਤ ਹੋ ਰਿਹਾ ਹੈ । ਉਨ੍ਹਾਂ ਨੇ ਅੱਜ ਜੋ ਕੁਝ ਕੀਤਾ, ਉਹ ਬਿਲਕੁਲ ਗ਼ਲਤ ਹੈ। ਸੂਬੇ ਭਰ 'ਚ ਸਾਰੇ ਅਕਾਲੀ ਵਰਕਰਾਂ ਨੂੰ ਘੇਰਾ ਪਾ ਲਿਆ ਤੇ ਕਈਆਂ ਨੂੰ ਰਾਹਾਂ 'ਚ ਰੋਕ ਕੇ ਹਿਰਾਸਤ 'ਚ ਲੈ ਲਿਆ। ਇਸ ਤੋਂ ਇਲਾਵਾ ਜਗਰਾਓਂ ਦੇ ਸਾਬਕਾ ਵਿਧਾਇਕਾ ਐਸ. ਆਰ. ਕਲੇਰ ਸਮੇਤ ਸਾਬਕਾ ਚੇਅਰਮੈਨ ਚੰਦ ਸਿੰਘ ਡੱਲਾ, ਜੱਥੇਦਾਰ ਸਰਪ੍ਰੀਤ ਸਿੰਘ ਕਾਉਂਕੇ, ਜੱਥੇਦਾਰ ਸ਼ਿਵਰਾਜ ਸਿੰਘ ਤੇ ਗੁਰਪ੍ਰੀਤ ਸਿੰਘ ਕਾਉਂਕੇ ਆਦਿ ਨੂੰ ਬੱਦੋਵਾਲ ਕੋਲ ਘੇਰ ਲਿਆ, ਜਿਸ ਦਾ ਉਨ੍ਹਾਂ ਵੱਲੋਂ ਜ਼ਬਰਦਸਤ ਵਿਰੋਧ ਵੀ ਕੀਤਾ ਗਿਆ। ਇਸ ਮੌਕੇ ਸਾਬਕਾ ਵਿਧਾਇਕ ਐਸ. ਆਰ. ਕਲੇਰ ਸਮੇਤ ਸਾਥੀਆਂ ਨੇ ਜੀ. ਟੀ. ਰੋਡ 'ਤੇ ਧਰਨਾ ਲਗਾ ਦਿੱਤਾ ਤੇ ਪੰਜਾਬ ਸਰਕਾਰ ਖਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਮੌਕੇ ਸ੍ਰੀ ਕਲੇਰ ਨੇ ਕਿਹਾ ਕਿ ਮਾਨ ਸਰਕਾਰ ਸ਼ਰੇਆਮ ਧੱਕੇਸ਼ਾਹੀ 'ਤੇ ਉਤਰ ਆਈ ਹੈ, ਉਹ ਹੁਣ ਅਕਾਲੀਆਂ ਕੋਲੋਂ ਡਰਨ ਲੱਗੇ ਹਨ। ਉਨ੍ਹਾਂ ਕਿਹਾ ਕਿ ਵਿਜੀਲੈਂਸ ਵੱਲੋਂ ਕੀਤੀ ਗਈ ਰੇਡ ਮੁੱਖ ਮੰਤਰੀ ਭਗਵੰਤ ਮਾਨ ਅਤੇ ਅਰਵਿੰਦ ਕੇਜਰੀਵਾਲ ਵੱਲੋਂ ਕਰਵਾਈ ਗਈ ਹੈ, ਕਿਉਂਕਿ ਬਿਕਰਮ ਸਿੰਘ ਮਜੀਠੀਆ ਵੱਲੋਂ ਸਮੇਂ-ਸਮੇਂ ਤੇ ਸੂਬਾ ਸਰਕਾਰ ਦੀਆਂ ਨਾਕਾਮੀਆਂ ਨੂੰ ਉਜਾਗਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ 'ਚ ਚੋਣ ਪ੍ਰਕਿਰਿਆ ਰਾਹੀਂ ਐਮਐਲਏ ਬਣੇ ਬੀਬਾ ਗਨੀਵ ਕੌਰ ਨਾਲ ਉਨ੍ਹਾਂ ਦੇ ਘਰ 'ਚ ਵਿਜੀਲੈਂਸ ਅਧਿਕਾਰੀਆਂ ਦਾ ਵਿਵਹਾਰ ਨਿੰਦਣਯੋਗ ਹੈ। ਇਹ ਸਾਰਾ ਕੁਝ ਮਾਨ ਸਰਕਾਰ ਦੇ ਇਸ਼ਾਰੇ 'ਤੇ ਹੋ ਰਿਹਾ ਹੈ । ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਅੱਜ ਅਕਾਲੀ ਆਗੂਆਂ ਦੀਆਂ ਸੂਬਾ ਭਰ 'ਚ ਕੀਤੀਆਂ ਗ੍ਰਿਫ਼ਤਾਰੀਆਂ ਦਾ ਅਸੀਂ ਜ਼ਬਰਦਸਤ ਵਿਰੋਧ ਕਰਦੇ ਹਾਂ।

# ਸੀ.ਟੀ.ਯੂ. ਨੇ ਟੋਕੀਓ ਯੂਨੀਵਰਸਿਟੀ ਨਾਲ ਗਲੋਬਲ ਸਹਿਯੋਗ ਮਜ਼ਬੂਤ ਕੀਤਾ



ਲੁਧਿਆਣਾ, 2 ਜੁਲਾਈ (ਵਿਸ਼ਾਲ ਸ਼ਰਮਾ/ਕਰਨੈਲ ਸਿੰਘ ਐੱਮ.ਏ.) : ਸੀ.ਟੀ ਯੂਨੀਵਰਸਿਟੀ ਨੇ ਮੈਡੀਕਲ ਮਾਈਕ੍ਰੋਲੋਜੀ ਅਤੇ ਰੋਗ ਕੋਸ਼ਿਕਾ 'ਤੇ ਖੋਜ ਲਈ ਟੋਕਯੋ ਯੂਨੀਵਰਸਿਟੀ, ਜਪਾਨ ਨਾਲ ਗਲੋਬਲ ਸਹਿਯੋਗ ਮਜ਼ਬੂਤ ਕੀਤਾ। ਅੰਤਰਰਾਸ਼ਟਰੀ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਸੀ.ਟੀ ਯੂਨੀਵਰਸਿਟੀ ਦੇ ਇੱਕ ਵਿਸ਼ੇਸ਼ ਡੈਲੀਗੇਸ਼ਨ ਨੇ ਹਾਲ ਹੀ ਵਿੱਚ ਜਪਾਨ ਦੀ ਟੋਕੀਓ ਯੂਨੀਵਰਸਿਟੀ ਦਾ ਦੌਰਾ ਕੀਤਾ। ਇਸ ਯਾਤਰਾ ਦਾ ਮਕਸਦ ਖੋਜ ਸਾਂਝੇਦਾਰੀ ਅਤੇ ਅਕੈਡਮਿਕ ਐਕਸਚੇਂਜ ਦੇ ਮੌਕਿਆਂ ਨੂੰ ਤਲਾਸ਼ਣਾ ਸੀ। ਇਸ ਡੈਲੀਗੇਸ਼ਨ ਦੀ ਅਗਵਾਈ ਡਾ. ਵੀਰ ਵਿਕ੍ਰਮ ਨੇ ਕੀਤੀ, ਜਿਨ੍ਹਾਂ ਦੇ ਨਾਲ ਉਨ੍ਹਾਂ ਦੇ ਪੀਐਚ.ਡੀ. ਵਿਦਿਆਰਥੀ ਰੋਏ ਵੀ ਸ਼ਾਮਲ ਸਨ। ਇਹ ਕਦਮ ਸਰਹੱਦੀ ਸਹਿਯੋਗ ਵਧਾਉਣ ਵੱਲ ਇੱਕ ਮਹੱਤਵਪੂਰਨ ਪਹਿਲ ਹੈ। ਦੌਰੇ ਦੌਰਾਨ ਡਾ. ਵੀਰ ਵਿਕ੍ਰਮ ਅਤੇ ਦੌਰੇ ਨੇ ਟੋਕਯੋ ਯੂਨੀਵਰਸਿਟੀ ਦੇ ਮਸ਼ਹੂਰ ਅਧਿਆਪਕਾਂ, ਜਿਵੇਂ ਕਿ ਡਾ. ਅਤਸੁਸ਼ੀ ਮਿਯਾਸ਼ਿਤਾ ਅਤੇ ਯੂਨੀਵਰਸਿਟੀ ਡਾਇਰੈਕਟਰ ਕੋਇਚੀ ਮਾਕਿਮੂਰਾ ਨਾਲ ਗਹਿਰੇ ਵਿਚਾਰ-ਚਰਚਾ ਕੀਤੀ। ਇਨ੍ਹਾਂ ਵਿਚਾਰਾਂ ਵਿੱਚ ਸਾਂਝੇ ਖੋਜ ਪ੍ਰੋਜੈਕਟਾਂ, ਵਿਦਿਆਰਥੀ ਐਕਸਚੇਂਜ ਪ੍ਰੋਗਰਾਮਾਂ ਅਤੇ ਫੈਕਲਟੀ ਵਿਕਾਸ ਦੇ ਮੌਕਿਆਂ ਬਾਰੇ ਗੱਲ ਕੀਤੀ ਗਈ। ਇਹ ਚਰਚਾਵਾਂ ਦੋਹਾਂ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਬਿਹਤਰ ਸਿੱਖਣ ਅਤੇ ਖੋਜ ਦੇ ਤਜਰਬੇ ਨੂੰ ਮਜ਼ਬੂਤ ਕਰਨ ਦਾ ਰਾਹ ਖੋਲ੍ਹਣਗੀਆਂ। ਦੌਰੇ ਦਾ ਖਾਸ ਪੱਖ ਇਹ ਰਿਹਾ ਕਿ ਡਾ ਵੀਰ ਵਿਕ੍ਰਮ ਅਤੇ ਰੋਏ ਨੇ ਟੋਕਯੋ ਯੂਨੀਵਰਸਿਟੀ ਦੇ ਮਾਈਕ੍ਰੋਲੋਜੀ ਵਿਭਾਗ ਨਾਲ ਰੋਗ ਕੋਸ਼ਿਕਾਵਾਂ ਸੰਬੰਧੀ ਨਵੀਨ ਖੋਜ ਉੱਤੇ ਗਹਿਰਾ ਸੰਵਾਦ ਕੀਤਾ। ਟੀਮ ਨੇ ਰੋਗ ਕੋਸ਼ਿਕਾਵਾਂ ਦੇ ਵੱਖ-ਵੱਖ ਵਿਕਾਸੀ ਪੜਾਵਾਂ ਬਾਰੇ ਕੀਮਤੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਖੋਜਕਰਤਾਵਾਂ ਤੇ ਵਿਦਿਆਰਥੀਆਂ ਨਾਲ ਮਿਲ ਕੇ ਸਾਂਝੇ ਪ੍ਰੋਜੈਕਟਾਂ ਅਤੇ ਗਿਆਨ ਸਾਂਝਾ ਕਰਨ ਦੇ ਮੌਕੇ ਵੇਖੇ। ਇਹ ਵਿਚਾਰ-ਵਟਾਂਦਰਾ ਐਪਲਾਇਡ ਰਿਸਰਚ ਦੇ ਨਵੇਂ ਰਾਹ ਖੋਲ੍ਹੇਗਾ ਅਤੇ ਮੈਡੀਕਲ ਮਾਈਕ੍ਰੋਲੋਜੀ ਸਮੇਤ ਹੋਰ ਗਲੋਬਲ ਚੁਣੌਤੀਆਂ ਦਾ ਹੱਲ ਲੱਭਣ ਵਿੱਚ ਸਹਾਇਕ ਹੋਵੇਗਾ। ਟੋਕਯੋ ਯੂਨੀਵਰਸਿਟੀ ਦਾ ਇੰਸਟੀਟਿਊਟ ਆਫ ਮੈਡੀਕਲ ਮਾਈਕ੍ਰੋਲੋਜੀ (OOIMM), ਜਿਸਦੀ ਸਥਾਪਨਾ 1983 ਵਿੱਚ ਡਾ. ਸ਼ਿਗੇਰੀ ਓਕਿਗਾਵਾ ਦੇ ਨੇਤ੍ਰਤਵ ਹੇਠ ਹੋਈ ਸੀ ਦੁਨੀਆਂ ਭਰ ਵਿੱਚ ਮੈਡੀਕਲ ਮਾਈਕ੍ਰੋਲੋਜੀ ਖੇਤਰ ਵਿੱਚ ਅਗੇਤਰ ਮੰਨਿਆ ਜਾਂਦਾ ਹੈ। ਇਹ ਸੰਸਥਾ ਵੱਡਾ ਇੰਫੈਕਸ਼ਨਾਂ ਦੇ ਨਿਰਣਾ ਅਤੇ ਇਲਾਜ, ਐਂਟੀਫੰਗਲ ਰੋਧੀ ਖੋਜ ਅਤੇ ਮਹੱਤਵਪੂਰਨ ਰੋਗਕਾਰਕ ਫੰਗਸ ਦੀ ਸਭਿਆਚਾਰ ਵਰਗੇ ਖੇਤਰਾਂ ਵਿੱਚ ਮਹੱਤਵਪੂਰਨ ਕੰਮ ਕਰ ਰਹੀ ਹੈ। ਇਹ ਸਾਰੀ ਗਤੀਵਿਧੀਆਂ ਫਾਈਲੋਜਨੀ, ਐਪੀਡੈਮਿਓਲੋਜੀ, ਇਮਿਊਨੋਲੋਜੀ ਅਤੇ ਕਿਮੋਥੈਰੇਪੀ ਨਾਲ ਜੁੜੇ ਅਧਿਐਨਾਂ ਨੂੰ ਸਮਰਥਨ ਦੇ ਰਹੀਆਂ ਹਨ ਅਤੇ ਅੰਤਰਰਾਸ਼ਟਰੀ ਖੋਜ ਸਹਿਯੋਗ ਨੂੰ ਹੋਰ ਮਜ਼ਬੂਤ ਕਰਦੀਆਂ ਹਨ। ਸੀ.ਟੀ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ.ਮਨਬੀਰ ਸਿੰਘ ਨੇ ਕਿਹਾ ਇਹ ਤਰ੍ਹਾਂ ਦੇ ਸਹਿਯੋਗ ਸਾਡੇ ਵਿਦਿਆਰਥੀਆਂ ਅਤੇ ਖੋਜਕਰਤਾਵਾਂ ਲਈ ਨਵੇਂ ਰਸਤੇ ਖੋਲ੍ਹਦੇ ਹਨ, ਉਨ੍ਹਾਂ ਦੀ ਗਲੋਬਲ ਸੋਚ ਅਤੇ ਅਕੈਡਮਿਕ ਤਜਰਬੇ ਨੂੰ ਹੋਰ ਵਿਸ਼ਾਲ ਬਣਾਉਣਗੇ।

# ਬਾਵਾ ਵਿਦੇਸ਼ ਯਾਤਰਾ ਤੋਂ ਪਹਿਲਾਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਨਤਮਸਤਕ ਹੋਏ



ਲੁਧਿਆਣਾ, 2 ਜੁਲਾਈ (ਰਵਿੰਦਰ ਸਿੰਘ ਨਿੱਝਰ) : ਬਾਬਾ ਬੰਦਾ ਸਿੰਘ ਬਹਾਦਰ ਅੰਤਰਰਾਸ਼ਟਰੀ ਫਾਊਂਡੇਸ਼ਨ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਬਾਵਾ, ਸਰਪ੍ਰਸਤ ਫਾਉਂਡੇਸ਼ਨ ਡਾ. ਜਗਤਾਰ ਧੀਮਾਨ ਅਤੇ ਫਾਊਂਡੇਸ਼ਨ ਦੀ ਕਨਵੀਨਰ ਦੀਪ ਲੁਧਿਆਣਵੀ ਨੇ ਸ਼੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ 'ਤੇ ਆਧਾਰਿਤ ਪੁਸਤਕ ਦੀ ਛਪਾਈ ਸਬੰਧੀ ਗੁਰਿੰਦਰ ਸਿੰਘ ਪ੍ਰਿਟਵਿਲ ਨਾਲ ਮੀਟਿੰਗ ਕੀਤੀ ਤਾਂ ਕਿ ਵਿਦੇਸ਼ ਵਿੱਚ ਜਾਣ ਸਮੇਂ ਪੁਸਤਕ ਨਾਲ ਲਜਾਈ ਜਾ ਸਕੇ। ਇਸ ਸਮੇਂ ਸ੍ਰੀ ਬਾਵਾ ਨੇ ਦੱਸਿਆ ਕਿ ਉਹਨਾਂ ਨੇ 17 ਜੁਲਾਈ ਨੂੰ ਵੈਨਕੋਵਰ ਕੈਨੇਡਾ ਜਾਣ ਦਾ ਪ੍ਰੋਗਰਾਮ ਉਲੀਕਿਆ ਹੈ। 20 ਅਗਸਤ ਨੂੰ ਉੱਥੇ ਗੁਰਦੁਆਰਾ ਸਾਹਿਬ ਵਿਖੇ ਹਰਬੰਤ ਸਿੰਘ ਦਿਓਲ ਹੈਪੀ ਪ੍ਰਧਾਨ ਫਾਊਂਡੇਸ਼ਨ ਕੈਨੇਡਾ ਅਤੇ ਟਰੱਸਟੀ ਬਿੰਦਰ ਗਰੇਵਾਲ ਸਮਾਗਮ ਆਯੋਜਿਤ ਕਰਨਗੇ। 21 ਅਤੇ 22 ਜੁਲਾਈ ਨੂੰ ਦਿਲਜੀਤ ਸਿੰਘ ਹਿਸੋਵਾਲ (ਯੂ.ਐੱਸ.ਏ) ਕੋਲ ਸਿਆਟਲ ਜਾਣ ਦਾ ਪ੍ਰੋਗਰਾਮ ਹੈ ਜਦਕਿ 25 ਜੁਲਾਈ ਨੂੰ ਅਸ਼ੋਕ ਬਾਵਾ ਕੋਲ ਟੋਰਾਂਟੋ ਜਾਣਗੇ। 27 ਜੁਲਾਈ ਨੂੰ ਗੁਰਦੁਆਰਾ ਸਾਹਿਬ ਵਿਖੇ ਸਮਾਗਮ ਹੋਣਗੇ ਅਤੇ 1, 2, 3 ਅਗਸਤ ਨੂੰ ਤਰਲੋਚਨ ਸੱਗੂ ਦੀ ਬੇਟੀ ਦੇ ਵਿਆਹ ਦੀਆਂ ਰਸਮਾਂ ਵਿੱਚ ਸ਼ਾਮਲ ਹੋਣਗੇ ਜਦਕਿ 5 ਅਗਸਤ ਨੂੰ ਟਰਾਂਟੋ ਤੋਂ ਨਿਊਜਰਸੀ ਯੂ.ਐੱਸ.ਏ ਜਾਣਗੇ। ਉੱਥੇ 9 ਅਤੇ 10 ਅਗਸਤ ਨੂੰ ਸਮਾਗਮ ਹੋਣਗੇ ਅਤੇ 11 ਅਗਸਤ ਨੂੰ ਦਿੱਲੀ ਲਈ ਰਵਾਨਾ ਹੋਣਗੇ।

# ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਅੰਮ੍ਰਿਤ ਸਾਗਰ ਪਰਿਵਾਰ ਨੇ ਲੰਗਰ ਲਗਾਇਆ



ਲੁਧਿਆਣਾ, 2 ਜੁਲਾਈ (ਰਵਿੰਦਰ ਸਿੰਘ ਨਿੱਝਰ) : ਉੱਚੇ ਆਦਰਸ਼ਾਂ ਦੇ ਧਾਰਨੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਗਤੀ 'ਤੇ ਸ਼ਕਤੀ ਦੇ ਸੰਕਲਪ ਨੂੰ ਸਿਧਾਂਤਕ ਤੌਰ 'ਤੇ ਪ੍ਰਵਾਨ ਕਰਦਿਆਂ ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕਰ ਕੇ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਈ ਜਸਵਿੰਦਰ ਸਿੰਘ ਮੀਤ ਗ੍ਰੰਥੀ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਨੇ ਅੱਜ ਪ੍ਰਮੁੱਖ ਮਿਊਜ਼ਿਕ ਕੰਪਨੀ ਅੰਮ੍ਰਿਤ ਸਾਗਰ ਦੇ ਪਰਿਵਾਰ ਵੱਲੋਂ ਆਪਣੇ ਸਹਿਯੋਗੀ ਸਾਥੀਆਂ ਦੇ ਨਿੱਘੇ ਸਹਿਯੋਗ ਨਾਲ ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਲਗਾਏ ਗਏ ਗੁਰੂ ਦੇ ਅਟੁੱਟ ਲੰਗਰ ਦੀ ਆਰੰਭਤਾ ਮੌਕੇ ਕੀਤਾ। ਉਨ੍ਹਾਂ ਨੇ ਕਿਹਾ ਕਿ ਅੰਮ੍ਰਿਤ ਸਾਗਰ ਦੇ ਪ੍ਰਮੁੱਖ ਬਲਬੀਰ ਸਿੰਘ ਭਾਟੀਆ, ਕਰਨਪ੍ਰੀਤ ਸਿੰਘ ਭਾਟੀਆ ਅਤੇ ਉਨ੍ਹਾਂ ਦੇ ਪ੍ਰੀਵਾਰਕ ਮੈਂਬਰਾਂ ਵੱਲੋਂ ਪੂਰੀ ਸੇਵਾ ਭਾਵਨਾ ਦੇ ਨਾਲ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ ਗੁਰੂ ਦਾ ਲੰਗਰ ਲਗਾਉਣ ਦੀ ਸੇਵਾ ਕਰਨਾ ਇੱਕ ਮਿਸਾਲੀ ਕਾਰਜ ਹੈ। ਇਸ ਤੋਂ ਪਹਿਲਾਂ ਸੰਗਤਾਂ ਨੂੰ ਗੁਰੂ ਦਾ ਅਟੁੱਟ ਲੰਗਰ ਵਰਤਾਉਣ ਲਈ ਕੀਤੀ ਗਈ ਅਰਦਾਸ ਦੀ ਸੇਵਾ ਭਾਈ ਜਸਵਿੰਦਰ ਸਿੰਘ ਨੇ ਕੀਤੀ। ਇਸ ਮੌਕੇ ਬਲਬੀਰ ਸਿੰਘ ਭਾਟੀਆ, ਕਰਨਪ੍ਰੀਤ ਸਿੰਘ ਭਾਟੀਆ, ਨਿਵਾਜ਼ ਸਿੰਘ ਭਾਟੀਆ, ਮਨੀਕਰਨ ਸਿੰਘ, ਹਰਬਿੰਦਰ ਸਿੰਘ, ਜਸਪਾਲ ਸਿੰਘ, ਰਣਜੀਤ ਸਿੰਘ ਰਿੰਕੂ, ਬੰਨ੍ਹੀ, ਰਤਨਜੋਤ ਸਿੰਘ, ਜਗਤਾਰ ਸਿੰਘ, ਅਸ਼ੋਕ ਕੁਮਾਰ, ਸਿਮਰਨ, ਬਾਣੀ ਕੌਰ, ਰਾਜਵੀਰ ਸਿੰਘ, ਅਸ਼ਮੀਤ ਕੌਰ, ਉੱਤਮਜੀਤ ਸਿੰਘ, ਗਗਨਦੀਪ ਸਿੰਘ, ਮਨਜੋਤ ਸਿੰਘ ਪਾਹਵਾ, ਦਲਜੀਤ ਕੌਰ, ਜਾਸਮੀਨ ਕੌਰ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਸੀ.ਆਈ.ਏ. ਜਗਰਾਓਂ ਵੱਲੋਂ ਹੈਰੋਇਨ ਸਮੇਤ ਦੋ ਵਿਅਕਤੀ ਕਾਬੂ




ਜਗਰਾਓਂ, 2 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜ਼ਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਵੱਲੋਂ ਨਸ਼ਾ ਸਮਗਲਰਾਂ ਖਿਲਾਫ ਚਲਾਈ ਗਈ ਮੁਹਿੰਮ ਦੇ ਤਹਿਤ ਐਸਪੀ (ਡੀ) ਹਰਕਮਲ ਕੌਰ ਅਤੇ ਡੀਐਸਪੀ (ਡੀ) ਇੰਦਰਜੀਤ ਸਿੰਘ ਬੋਪਾਰਾਏ ਦੀ ਦਿਸ਼ਾ ਨਿਰਦੇਸ਼ ਹੇਠ ਸੀਆਈਏ ਸਟਾਫ ਦੇ ਇੰਚਾਰਜ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਿੱਚ ਏਐਸਆਈ ਸੁਖਦੇਵ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਵੱਲੋਂ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੌਰਾਨ ਪਰਮਜੀਤ ਸਿੰਘ ਅਤੇ ਜਸਕਰਨ ਸਿੰਘ ਨੂੰ ਕਾਬੂ ਕੀਤਾ ਗਿਆ। ਏਐਸਆਈ ਸੁਖਦੇਵ ਸਿੰਘ ਅਤੇ ਉਹਨਾਂ ਦੀ ਪੁਲਿਸ ਪਾਰਟੀ ਵੱਲੋਂ ਪਰਮਜੀਤ ਸਿੰਘ ਅਤੇ ਜਸਕਰਨ ਸਿੰਘ ਦੀ ਤਲਾਸ਼ੀ ਲੈਣ 'ਤੇ ਉਹਨਾਂ ਪਾਸੋਂ 257 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਿਸ ਵੱਲੋਂ ਪਰਮਜੀਤ ਸਿੰਘ ਅਤੇ ਜਸਕਰਨ ਸਿੰਘ ਨੂੰ ਇੱਕ ਮੋਟਰਸਾਈਕਲ ਅਤੇ ਹੈਰੋਇਨ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਸੀਆਈਏ ਸਟਾਫ ਦੇ ਇੰਚਾਰਜ ਇੰਸਪੈਕਟਰ ਅੰਮ੍ਰਿਤਪਾਲ ਸਿੰਘ ਵੱਲੋਂ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦੋਸ਼ੀਆਂ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਪੁੱਛ-ਗਿੱਛ ਕੀਤੀ ਜਾ ਰਹੀ ਹੈ ਅਤੇ ਹੋਰ ਅਹਿਮ ਸੁਰਾਗ ਹੱਥ ਲੱਗਣ ਦੀ ਸੰਭਾਵਨਾ ਹੈ। ਇੰਸਪੈਕਟਰ ਅੰਮ੍ਰਿਤਪਾਲ ਸਿੰਘ ਵੱਲੋਂ ਦੱਸਿਆ ਗਿਆ ਕਿ ਦੋਸ਼ੀਆਂ ਖਿਲਾਫ ਪਹਿਲਾਂ ਵੀ ਵੱਖ-ਵੱਖ ਥਾਣਿਆਂ ਵਿੱਚ ਮੁਕੱਦਮੇ ਦਰਜ ਹਨ।

# ਗੁਰਦੁਆਰਾ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ ਅੱਜ



ਲੁਧਿਆਣਾ, 2 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਚੁਪਹਿਰਾ ਸਮਾਗਮ 3 ਜੁਲਾਈ ਦਿਨ ਵੀਰਵਾਰ ਨੂੰ ਕਰਵਾਇਆ ਜਾ ਰਿਹਾ ਹੈ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਇਹ ਚੁਪਹਿਰਾ ਸਮਾਗਮ ਹਰ ਹਫਤੇ ਬਾਅਦ ਦੁਪਹਿਰ 2 ਵਜੇ ਤੋਂ ਲੈ ਕੇ ਸ਼ਾਮ 6 ਵਜੇ ਤੱਕ ਹੁੰਦਾ ਹੈ। ਉਹਨਾਂ ਸਰਬੱਤ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਵੱਧ ਤੋਂ ਵੱਧ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

# ਪ੍ਰਸ਼ਾਸਨ ਵੱਲੋਂ ਜ਼ਿਲ੍ਹੇ ਭਰ 'ਚ ਬੂਟੇ ਲਗਾਉਣ ਦੀ ਮੁਹਿੰਮ ਵਿੱਢਣ ਦੀ ਤਿਆਰੀ



ਲੁਧਿਆਣਾ, 2 ਜੁਲਾਈ (ਵਿਸ਼ਾਲ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਹਰਿਆਵਲ ਘੇਰੇ ਨੂੰ ਵਧਾਉਣ ਲਈ ਬੂਟੇ ਲਾਉਣ ਲਈ ਚਲਾਈ ਜਾ ਮੁਹਿੰਮ ਤਹਿਤ ਜੰਗਲਾਤ ਵਿਭਾਗ ਵੱਲੋਂ ਜ਼ਿਲ੍ਹੇ ਵਿੱਚ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਜਿਸ ਤਹਿਤ ਜ਼ਿਲ੍ਹੇ ਵਿੱਚ ਵੱਡੇ ਪੱਧਰ 'ਤੇ ਬੂਟੇ ਲਾਏ ਜਾਣਗੇ। ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਮਰਜੀਤ ਬੈਂਸ ਦੀ ਪ੍ਰਧਾਨਗੀ ਹੇਠ ਸਥਾਨਕ ਬੱਚਤ ਭਵਨ ਵਿਖੇ ਹੋਈ ਸਮੀਖਿਆ ਮੀਟਿੰਗ ਵਿੱਚ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਨਾਲ ਜ਼ਿਲ੍ਹੇ ਵਿੱਚ ਵੱਧ ਤੋਂ ਵੱਧ ਬੂਟੇ ਲਗਾਉਣ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਗਈ। ਉਨ੍ਹਾ ਵੱਖ-ਵੱਖ ਵਿਭਾਗਾਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਲੋੜੀਂਦੇ ਬੂਟਿਆਂ ਦੀ ਸੂਚੀ ਸਬੰਧੀ ਜੰਗਲਾਤ ਵਿਭਾਗ ਦੇ ਨਾਲ-ਨਾਲ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ ਨੂੰ ਵੀ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਉਨ੍ਹਾਂ ਦੇ ਨਾਲ ਆਈ.ਏ.ਐਸ (ਅੰਡਰ ਟਰੇਨਿੰਗ) ਡਾ. ਪ੍ਰਗਤੀ ਰਾਣੀ ਵੀ ਮੌਜੂਦ ਸਨ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੌਨਸੂਨ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ ਜੰਗਲਾਤ ਹੇਠ ਰਕਬਾ ਵਧਾਉਣ ਲਈ ਇਸ ਮੁਹਿੰਮ ਨੂੰ ਸ਼ੁਰੂ ਕਰਨ ਦੀ ਯੋਜਨਾ ਬਣਾਈ ਹੈ। ਉਨ੍ਹਾਂ ਦੱਸਿਆ ਕਿ ਜੰਗਲਾਤ ਵਿਭਾਗ ਅਧੀਨ ਜ਼ਿਲ੍ਹੇ ਦੀਆਂ 14 ਨਰਸਰੀਆਂ ਵੱਲੋਂ ਫਲਦਾਰ, ਛਾਂਦਾਰ, ਸਜਾਵਟੀ ਆਦਿ ਕਿਸਮਾਂ ਦੇ ਬੂਟੇ ਮੁਹੱਈਆ ਕਰਵਾਏ ਜਾਣਗੇ। ਇਹ ਬੂਟੇ ਪੰਚਾਇਤੀ ਜ਼ਮੀਨਾਂ, ਪਿੰਡਾਂ ਦੇ ਛੱਪੜਾਂ ਦੇ ਆਲੇ-ਦੁਆਲੇ, ਸੜਕਾਂ ਦੇ ਕਿਨਾਰਿਆਂ, ਵਿੱਦਿਅਕ ਸੰਸਥਾਵਾਂ, ਸਿਹਤ ਸੰਭਾਲ ਕੇਂਦਰਾਂ, ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਦੇ ਟਿਊਬਵੈੱਲਾਂ 'ਤੇ ਅਤੇ ਹਰੇਕ ਵਿਭਾਗ ਵੱਲੋਂ ਉਨ੍ਹਾਂ ਦੀਆਂ ਖਾਲੀ ਪਈਆਂ ਜ਼ਮੀਨਾਂ 'ਤੇ ਹਰਿਆਲੀ ਵਧਾਉਣ ਲਈ ਲਗਾਏ ਜਾਣਗੇ। ਉਨ੍ਹਾਂ ਮੁੱਖੀਆਂ ਨੂੰ ਕਿਹਾ ਕਿ ਉਹ ਆਪਣੇ-ਆਪਣੇ ਵਿਭਾਗਾਂ ਵਿੱਚ ਨੋਡਲ ਅਫ਼ਸਰ ਨਿਯੁਕਤ ਕਰਨ ਤਾਂ ਜੋ ਬੂਟੇ ਲਗਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਹਰੇਕ ਵਿਭਾਗ ਨੂੰ ਟੀਚੇ ਦੀ ਪ੍ਰਾਪਤੀ ਲਈ ਡੂੰਘੀ ਦਿਲਚਸਪੀ ਲੈਣੀ ਚਾਹੀਦੀ ਹੈ।

ਅਮਰਜੀਤ ਬੈਂਸ ਨੇ ਕਿਹਾ ਕਿ ਵਾਤਾਵਰਣ ਨੂੰ ਸਾਫ਼ ਸੁਥਰਾ ਰੱਖਣਾ ਅਤੇ ਪ੍ਰਦੂਸ਼ਣ ਦੀ ਰੋਕਥਾਮ ਲਈ ਉਪਰਾਲੇ ਕਰਨੇ ਬਹੁਤ ਹੀ ਸ਼ਲਾਘਾਯੋਗ ਉੱਦਮ ਹਨ। ਜ਼ਿਲ੍ਹੇ ਨੂੰ ਹਰਿਆ ਭਰਿਆ ਬਣਾਉਣ ਲਈ ਸਾਰੇ ਵਿਭਾਗਾਂ ਦਾ ਸਹਿਯੋਗ ਵੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਪ੍ਰਦੂਸ਼ਨ ਦੀ ਰੋਕਥਾਮ ਲਈ ਲਗਾਏ ਜਾ ਰਹੇ ਬੂਟਿਆਂ ਦੀ ਸਾਂਭ ਸੰਭਾਲ ਕਰਨੀ ਵੀ ਸਾਡੀ ਜਿੰਮੇਵਾਰੀ ਬਣਦੀ ਹੈ। ਹਰਿਆਵਲ ਦੀ ਮਹੱਤਤਾ ਬਾਰੇ ਜਾਣਕਾਰੀ ਦਿੰਦਿਆਂ ਅਮਰਜੀਤ ਬੈਂਸ ਨੇ ਦੱਸਿਆ ਕਿ ਬੂਟੇ ਸਾਡੇ ਲਈ ਮੁਫ਼ਤ ਆਕਸੀਜਨ ਦਾ ਇੱਕ ਵੱਡਾ ਸਰੋਤ ਹਨ ਅਤੇ ਇਹ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਵਿੱਚ ਸਹਾਈ ਹੁੰਦੇ ਹਨ। ਉਨ੍ਹਾ ਦੱਸਿਆ ਕਿ ਮਨੁੱਖੀ ਜਿੰਦਗੀ ਵਿੱਚ ਬੂਟਿਆਂ ਦੀ ਬਹੁਤ ਵੱਡੀ ਮਹੱਤਤਾ ਹੈ ਅਤੇ ਦਿਨੋ ਦਿਨ ਪਲੀਤ ਹੋ ਰਹੇ ਵਾਤਾਵਰਨ ਵਿੱਚ ਸੁਧਾਰ ਲਿਆਉਣ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਨ੍ਹਾਂ ਪੰਜਾਬੀਆਂ ਨੂੰ ਪੰਜਾਬ ਸਰਕਾਰ ਦੀ ਹਰਿਆਵਲ ਮੁਹਿੰਮ ਵਿੱਚ ਵਧ ਚੜ੍ਹ ਕੇ ਹਿੱਸਾ ਪਾਉਣ ਦਾ ਸੱਦਾ ਦਿੰਦਿਆਂ ਕਿਹਾ ਵਾਤਾਵਰਨ ਦੀ ਸ਼ੁੱਧਤਾ ਲਈ ਵੱਧ ਤੋਂ ਵੱਧ ਰੁੱਖ ਹੋਣੇ ਲਾਜ਼ਮੀ ਹਨ।

# ਜਵਾਹਰ ਨਵੋਦਿਆ ਵਿਦਿਆਲਿਆ ਧਨਾਂਸੂ 'ਚ ਛੇਵੀਂ ਜਮਾਤ ਦੇ ਦਾਖ਼ਲੇ ਲਈ ਅਰਜ਼ੀਆਂ ਦੀ ਮੰਗ

ਲੁਧਿਆਣਾ, 2 ਜੁਲਾਈ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਨਵੋਦਿਆ ਵਿਦਿਆਲਿਆ ਸੰਮਤੀ ਵੱਲੋਂ ਸੈਸ਼ਨ 2026-27 ਤਹਿਤ ਜਵਾਹਰ ਨਵੋਦਿਆ ਵਿਦਿਆਲਿਆ, ਧਨਾਂਸੂ ਵਿਖੇ 6ਵੀਂ ਜਮਾਤ ਵਿੱਚ ਦਾਖਲੇ ਲਈ ਫਾਰਮ ਭਰਨ ਦੀ ਆਖਰੀ ਤਾਰੀਖ 29 ਜੁਲਾਈ, 2025 ਨਿਰਧਾਰਿਤ ਕੀਤੀ ਗਈ ਹੈ।

ਇਸ ਸਬੰਧੀ ਵਾਈਸ ਪ੍ਰਿੰਸੀਪਲ ਸੋਨੂੰ ਸ਼ਰਮਾ ਜੋਕਿ ਮੌਜੂਦਾ ਸਮੇਂ ਇੰਚਾਰਜ ਪ੍ਰਿੰਸੀਪਲ ਵਜੋਂ ਕਾਰਜਭਾਰ ਸੰਭਾਲ ਰਹੇ ਹਨ, ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ, ਧਨਾਂਸੂ, ਜ਼ਿਲ੍ਹਾ ਲੁਧਿਆਣਾ ਵਿੱਚ ਛੇਵੀਂ ਜਮਾਤ ਦੇ ਦਾਖਲੇ ਲਈ ਇੱਛੁਕ ਅਤੇ ਯੋਗ ਉਮੀਦਵਾਰ ਵੈਬਸਾਈਟ https://cbseitms.rcil.gov.in ਅਤੇ https://navodaya.gov.in 'ਤੇ ਆਨਲਾਈਨ ਫਾਰਮ ਭਰ ਸਕਦੇ ਹਨ। ਦਾਖਲਾ ਭਰਨ ਦੀ ਆਖਰੀ ਮਿਤੀ 29 ਜੁਲਾਈ, 2025 ਹੈ ਅਤੇ ਪ੍ਰੀਖਿਆ 13 ਦਸੰਬਰ, 2025 ਨੂੰ ਲਈ ਜਾਵੇਗੀ।

ਉਪ-ਪ੍ਰਿੰਸੀਪਲ ਨੇ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਨਵੋਦਿਆ ਵਿਦਿਆਲਿਆ ਵਿੱਚ ਦਾਖਲਾ ਲੈਣ ਦਾ ਮੌਕਾ ਜ਼ਰੂਰ ਦੇਣ। ਉਨ੍ਹਾਂ ਦਾਖਲੇ ਸਬੰਧੀ ਸ਼ਰਤਾਂ ਬਾਰੇ ਖੁਲਾਸਾ ਕਰਦਿਆਂ ਦੱਸਿਆ ਕਿ ਵਿਦਿਆਰਥੀ ਲੁਧਿਆਣਾ ਜ਼ਿਲ੍ਹੇ ਦਾ ਪੱਕਾ ਵਸਨੀਕ ਹੋਣਾ ਚਾਹੀਦਾ ਹੈ ਅਤੇ ਸਾਲ 2025-26 ਵਿੱਚ ਕਿਸੇ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਵਿੱਚ ਪੰਜਵੀਂ ਜਮਾਤ ਦਾ ਵਿਦਿਆਰਥੀ ਹੋਵੇ। ਵਿਦਿਆਰਥੀ ਤੀਜੀ, ਚੌਥੀ ਅਤੇ ਪੰਜਵੀਂ ਜਮਾਤ ਵਿੱਚ ਲਗਾਤਾਰ ਮਾਨਤਾ ਪ੍ਰਾਪਤ ਸਕੂਲ ਦਾ ਵਿਦਿਆਰਥੀ ਹੋਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਵਿਦਿਆਰਥੀ ਦਾ ਜਨਮ 1 ਮਈ 2014 ਤੋਂ 31 ਜੁਲਾਈ 2016 ਦੇ ਵਿਚਕਾਰ ਹੋਣਾ ਚਾਹੀਦਾ। ਵਧੇਰੇ ਜਾਣਕਾਰੀ ਲਈ ਵੈੱਬਸਾਈਟ https://navodaya.gov.in ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

# ਬੁੱਢਾ ਦਰਿਆ ਦੀ ਚੌੜਾਈ ਨੂੰ ਘਟਾਉਣ ਵਾਲੇ ਨਿਗਮ ਅਧਿਕਾਰੀਆਂ ਵਿਰੁੱਧ ਢੁਕਵੀਂ ਕਾਰਵਾਈ ਹੋਵੇ : ਧੀਮਾਨ, ਮਹਿਤਾ

ਲੁਧਿਆਣਾ, 2 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਸਰਕਾਰ ਨੂੰ ਬੁੱਢਾ ਦਰਿਆ ਦੀ ਚੌੜਾਈ ਨੂੰ ਲਾਪਰਵਾਹੀ ਨਾਲ ਘਟਾਉਣ ਵਾਲੇ ਨਿਗਮ ਅਧਿਕਾਰੀਆਂ ਵਿਰੁੱਧ ਢੁਕਵੀਂ ਕਾਰਵਾਈ ਕਰਨੀ ਚਾਹੀਦੀ ਹੈ। ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਅਤੇ ਪੰਜਾਬ ਭਾਜਪਾ ਦੇ ਮੀਡੀਆ ਪੈਨਲਿਸਟ ਪਰਮਿੰਦਰ ਮਹਿਤਾ, ਜ਼ਿਲ੍ਹਾ ਜਨਰਲ ਸਕੱਤਰ ਸਰਦਾਰ ਨਰਿੰਦਰ ਸਿੰਘ ਮੱਲੀ, ਯਸ਼ਪਾਲ ਜਨੋਤਰਾ ਨੇ ਸਰਕਾਰ ਨੂੰ ਇਹ ਅਪੀਲ ਕੀਤੀ ਅਤੇ ਯਾਦ ਦਿਵਾਇਆ ਕਿ ਪਿਛਲੇ ਸਾਲ ਜਦੋਂ ਨਗਰ ਨਿਗਮ ਨੇ ਬੁੱਢਾ ਦਰਿਆ ਦੇ ਕੰਢੇ ਨਿਊ ਕੁੰਦਨਪੁਰੀ ਤੋਂ ਹੈਬੋਵਾਲ ਤੱਕ ਸੜਕ ਨਿਰਮਾਣ ਦਾ ਕੰਮ ਸ਼ੁਰੂ ਕੀਤਾ ਸੀ, ਉਦੋਂ ਵੀ ਅਸੀਂ ਸੜਕ ਨਿਰਮਾਣ ਵਿੱਚ ਚੁਣ-ਚੁਣ ਕੇ ਕਈ ਥਾਵਾਂ 'ਤੇ ਨਦੀ ਦਾ ਆਕਾਰ ਘਟਾਉਣ ਅਤੇ ਸੱਪ ਵਰਗੀਆਂ ਸੜਕਾਂ ਬਣਾਉਣ ਦਾ ਵਿਰੋਧ ਕੀਤਾ ਸੀ। ਉਨ੍ਹਾਂ ਕਿਹਾ ਕਿ ਨਿਗਮ ਅਧਿਕਾਰੀਆਂ ਵੱਲੋਂ ਕੀਤੀ ਗਈ ਇਸ ਵੱਡੀ ਲਾਪਰਵਾਹੀ ਨੇ ਪਿਛਲੇ ਸਾਲ ਉਕਤ ਖੇਤਰਾਂ ਵਿੱਚ ਬਰਸਾਤ ਦੇ ਮੌਸਮ ਦੌਰਾਨ ਬੁੱਢਾ ਦਰਿਆ ਨੂੰ ਨੁਕਸਾਨ ਪਹੁੰਚਿਆ ਸੀ। ਦਰਿਆ ਦੇ ਗੰਦੇ ਪਾਣੀ ਨੇ ਜ਼ਿਆਦਾਤਰ ਆਬਾਦੀ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ। ਇਸ ਤੋਂ ਪ੍ਰਭਾਵਿਤ ਲੋਕਾਂ ਦੇ ਦੁੱਖ ਨੂੰ ਦੇਖਦਿਆਂ, ਮੀਡੀਆ ਨੇ ਕਾਲੇ ਪਾਣੀ ਦੀ ਸਜ਼ਾ ਭੁਗਤ ਰਹੇ ਲੋਕ ਵਰਗੇ ਸ਼ਬਦਾਂ ਦੀ ਵਰਤੋਂ ਕਰਦੇ ਹੋਏ ਲੇਖ ਲਿਖੇ ਸਨ। ਜ਼ਿਲ੍ਹਾ ਪ੍ਰਧਾਨ ਧੀਮਾਨ ਅਤੇ ਭਾਜਪਾ ਆਗੂਆਂ ਨੇ ਆਪਣਾ ਗੁੱਸਾ ਪ੍ਰਗਟ ਕਰਦਿਆਂ ਕਿਹਾ ਕਿ ਬੁੱਢਾ ਦਰਿਆ ਦੀ ਚੌੜਾਈ ਘਟਾਉਣ ਲਈ ਨਾ ਸਿਰਫ਼ ਨਿਗਮ ਅਧਿਕਾਰੀ ਜ਼ਿੰਮੇਵਾਰ ਹਨ, ਸਗੋਂ ਇਸ ਵਿੱਚ ਸਿਆਸਤਦਾਨ ਅਤੇ ਮੰਤਰੀ ਵੀ ਦੋਸ਼ੀ ਹਨ ਜਿਨ੍ਹਾਂ ਨੇ ਨਿਯਮਾਂ ਨੂੰ ਨਜ਼ਰਅੰਦਾਜ਼ ਕਰਕੇ ਬਣਾਈਆਂ ਗਈਆਂ ਸੜਕਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਦਰਿਆ ਦੀ ਚੌੜਾਈ 58 ਫੁੱਟ ਤੋਂ ਘਟਾ ਕੇ 35 ਫੁੱਟ ਕਰਨਾ ਇੱਕ ਵੱਡੀ ਗਲਤੀ ਹੈ, ਜਿਸ ਕਾਰਨ ਨਿਊ ਕੁੰਦਨਪੁਰੀ ਤੋਂ ਹੈਬੋਵਾਲ ਤੱਕ ਦਰਿਆ ਦੇ ਆਲੇ-ਦੁਆਲੇ ਦੀ ਆਬਾਦੀ ਵਿੱਚ ਹੜ੍ਹ ਵਰਗੀ ਸਥਿਤੀ ਦਾ ਖ਼ਤਰਾ ਵੱਧ ਗਿਆ ਹੈ। ਜਦੋਂ ਕਿ ਦਰਿਆ ਦੀ ਸਮੇਂ ਸਿਰ ਸਫਾਈ ਨਾ ਹੋਣ ਕਾਰਨ, ਦਰਿਆ ਦਾ ਗੰਦਾ ਪਾਣੀ ਬਰਸਾਤ ਦੇ ਮੌਸਮ ਦੌਰਾਨ ਦਰਿਆ ਦੀ ਪੂਰੀ ਚੌੜਾਈ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਮਾਰ ਕਰਦਾ ਆ ਰਿਹਾ ਹੈ। ਧੀਮਾਨ ਅਤੇ ਮਹਿਤਾ ਨੇ ਚਿੰਤਾ ਪ੍ਰਗਟ ਕੀਤੀ ਹੈ ਕਿ ਇਸ ਵਾਰ ਮੀਂਹ ਸਮੇਂ ਤੋਂ ਪਹਿਲਾਂ ਸ਼ੁਰੂ ਹੋ ਗਿਆ ਹੈ। ਮੌਸਮ ਵਿਭਾਗ ਅਨੁਸਾਰ, ਪਿਛਲੇ ਸਾਲ ਨਾਲੋਂ ਵੱਧ ਬਾਰਿਸ਼ ਹੋਣ ਵਾਲੀ ਹੈ, ਜਿਸ ਕਾਰਨ ਸਰਕਾਰ ਨੂੰ ਦਰਿਆ ਦੇ ਨੇੜੇ ਰਹਿਣ ਵਾਲੀ ਆਬਾਦੀ ਨੂੰ ਮੀਂਹ ਦੇ ਪਾਣੀ ਦੇ ਹਮਲੇ ਤੋਂ ਬਚਾਉਣ ਲਈ ਜੰਗੀ ਪੱਧਰ 'ਤੇ ਢੁਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ। ਹੜ੍ਹਾਂ ਦਾ ਕਾਰਨ ਬਣ ਰਿਹਾ ਹੈ। ਧੀਮਾਨ ਅਤੇ ਮਹਿਤਾ ਨੇ ਚਿੰਤਾ ਪ੍ਰਗਟ ਕੀਤੀ ਹੈ ਕਿ ਇਸ ਵਾਰ ਮੀਂਹ ਸਮੇਂ ਤੋਂ ਪਹਿਲਾਂ ਸ਼ੁਰੂ ਹੋ ਗਿਆ ਹੈ। ਮੌਸਮ ਵਿਭਾਗ ਅਨੁਸਾਰ, ਪਿਛਲੇ ਸਾਲ ਨਾਲੋਂ ਵੱਧ ਬਾਰਿਸ਼ ਹੋਣ ਵਾਲੀ ਹੈ, ਜਿਸ ਕਾਰਨ ਸਰਕਾਰ ਨੂੰ ਦਰਿਆ ਦੇ ਨੇੜੇ ਰਹਿਣ ਵਾਲੀ ਆਬਾਦੀ ਨੂੰ ਮੀਂਹ ਦੇ ਪਾਣੀ ਦੇ ਹਮਲੇ ਤੋਂ ਬਚਾਉਣ ਲਈ ਜੰਗੀ ਪੱਧਰ 'ਤੇ ਢੁਕਵੇਂ ਪ੍ਰਬੰਧ ਕਰਨੇ ਚਾਹੀਦੇ ਹਨ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕਰਕੇ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ : ਬੈਨੀਪਾਲ




ਲੁਧਿਆਣਾ, 2 ਜੁਲਾਈ (ਕਰਨੈਲ ਸਿੰਘ ਐੱਮ.ਏ.) : ਉੱਚੇ ਆਦਰਸ਼ਾਂ ਦੇ ਧਾਰਨੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਗਤੀ 'ਤੇ ਸ਼ਕਤੀ ਦੇ ਸੰਕਲਪ ਨੂੰ ਸਿਧਾਂਤਕ ਤੌਰ ਤੇ ਪ੍ਰਵਾਨ ਕਰਦਿਆਂ ਮੀਰੀ ਤੇ ਪੀਰੀ ਦੀਆਂ ਦੋ ਕ੍ਰਿਪਾਨਾਂ ਧਾਰਨ ਕਰਕੇ ਇੱਕ ਨਵੇਂ ਇਤਿਹਾਸ ਦੀ ਸਿਰਜਣਾ ਕੀਤੀ, ਉੱਥੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕਰਕੇ ਅਤੇ ਖਾਲਸਾਈ ਫੌਜ਼ ਦਾ ਗਠਨ ਕਰਕੇ ਜਬਰ ਤੇ ਜ਼ੁਲਮ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਦੁੱਗਰੀ, ਫੇਸ -1 ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਨੇ ਗੁਰਦੁਆਰਾ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੀਰੀ-ਪੀਰੀ ਦਿਵਸ ਨੂੰ ਸਮਰਪਿਤ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਆਯੋਜਿਤ ਕੀਤੇ ਗਏ ਗੁਰਮਤਿ ਸਮਾਗਮ ਦੌਰਾਨ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਕਿਹਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਸਿੱਖਿਆਵਾਂ ਤੇ ਫਿਲਾਸਫੀ ਸਮੁੱਚੀ ਲੋਕਾਈ ਨੂੰ ਨਿਰਭਉ ਤੇ ਨਿਰਵੈਰ ਹੋਣ ਦੀ ਪ੍ਰੇਰਨਾ ਦਿੰਦੀ ਹੈ। ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਮੌਜੂਦਾ ਸਮੇਂ ਦੀ ਨੌਜਵਾਨ ਪੀੜ੍ਹੀ ਸ਼ ?ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਬਖਸ਼ੇ ਭਗਤੀ ਤੇ ਸ਼ਕਤੀ ਦੇ ਸੰਕਲਪ ਤੋਂ ਸੇਧ ਲੈ ਕੇ ਬਾਣੀ ਤੇ ਬਾਣੇ ਦੀ ਧਾਰਨੀ ਬਣੇ । ਇਸ ਦੌਰਾਨ ਆਯੋਜਿਤ ਕੀਤੇ ਗਏ ਗੁਰਮਤਿ ਸਮਾਗਮ ਅੰਦਰ ਭਾਈ ਦਲੀਪ ਸਿੰਘ ਜੀ ਫੱਕਰ ਪਟਿਆਲੇ ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰੂ ਸਾਹਿਬਾਂ ਵੱਲੋਂ ਉਚਰੀ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸ੍ਰ: ਕੁਲਵਿੰਦਰ ਸਿੰਘ ਬੈਨੀਪਾਲ ਅਤੇ ਉਨ੍ਹਾਂ ਦੇ ਸਾਥੀ ਮੈਂਬਰਾਂ ਯਸ਼ਪਾਲ ਸਿੰਘ, ਬਲਬੀਰ ਸਿੰਘ ਤੇ ਡਾਕਟਰ ਪ੍ਰੇਮ ਸਿੰਘ ਚਾਵਲਾ ਨੇ ਸਾਂਝੇ ਰੂਪ ਵਿੱਚ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰੋਪਾਓ ਬਖਸ਼ਿਸ ਕਰਕੇ ਉਨ੍ਹਾਂ ਦਾ ਧੰਨਵਾਦ ਪ੍ਰਗਟ ਕੀਤਾ।

# ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਵਿਦਿਆਰਥੀਆਂ ਦੇ ਬਹੁ-ਪੱਖੀ ਵਿਕਾਸ ਲਈ ਅਲੱਗ-ਅਲੱਗ ਵਿਸ਼ਿਆਂ ਨੂੰ ਇੱਕ-ਦੂਜੇ ਨਾਲ ਸਾਂਝਾ ਕੀਤਾ



ਜਗਰਾਓਂ, 2 ਜੁਲਾਈ (ਦਵਿੰਦਰ ਜੈਨ) : ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਜੂਨ ਦੀਆਂ ਛੁੱਟੀਆਂ ਤੋਂ ਬਾਅਦ ਇਕ ਜੁਲਾਈ ਤੋਂ ਸਕੂਲ ਖੁੱਲ੍ਹਣ 'ਤੇ ਅਧਿਆਪਕ ਸਾਹਿਬਾਨ ਨੇ ਵਿਦਿਆਰਥੀਆਂ ਦੇ ਬਹੁ-ਪੱਖੀ ਵਿਕਾਸ ਲਈ ਅਤੇ ਆਪਣੇ ਆਪ ਨੂੰ ਹੋਰ ਸੁਥਰਾ ਬਣਾਉਣ ਲਈ ਪੂਰੇ ਸਟਾਫ਼ ਦੀ ਮੌਜੂਦਗੀ ਵਿਚ ਅਲੱਗ-ਅਲੱਗ ਵਿਸ਼ਿਆਂ ਨੂੰ ਇੱਕ ਦੂਜੇ ਨਾਲ ਸਾਂਝਾ ਕੀਤਾ ਅਤੇ ਵਿਦਿਆਰਥੀ ਵਰਗ ਨੈਤਿਕ ਕਦਰਾਂ ਕੀਮਤਾਂ ਦੇ ਵਾਧੇ ਲਈ ਵਿਚਾਰਕ ਸਾਂਝ ਪਾਈ। ਇਹ ਕੈਂਪ ਪੰਜ ਦਿਨਾਂ ਦਾ ਹੋਵੇਗਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ.ਨਵਨੀਤ ਕੌਰ ਨੇ ਗੱਲਬਾਤ ਦੌਰਾਨ ਦੱਸਿਆ ਕਿ ਅੱਜ ਦੇ ਸਮੇਂ ਦਾ ਵਿਦਿਆਰਥੀ ਵਰਗ ਅਜਿਹੀ ਸਥਿਤੀ ਵਿਚ ਗੁਜ਼ਰ ਰਿਹਾ ਹੈ, ਜਿੱਥੇ ਉਹਨਾਂ ਨੂੰ ਸਕੂਲ ਤੋਂ ਅਜਿਹਾ ਗਿਆਨ ਦੇ ਕਿ ਸਰਵਪੱਖੀ ਸੰਪੂਰਨ ਬਣਾਉਣ ਲਈ ਹਮੇਸ਼ਾਂ ਤੱਤਪਰ ਰਹਿਣ ਦੀ ਲੋੜ ਹੈ, ਤਾਂ ਜੋ ਉਹ ਸਮੇਂ ਦੇ ਹਾਣੀ ਬਣ ਕੇ ਸਮਾਜ ਵਿੱਚ ਆਪਣੇ ਰੁਤਬੇ ਨੂੰ ਉੱਚਾ ਅਤੇ ਸੁੱਚਾ ਬਣਾ ਸਕਣ। ਬੱਚਿਆਂ ਦੇ ਵਿਕਾਸ ਅਤੇ ਆਪਣੇ ਅੰਦਰ ਦੇ ਗਿਆਨ ਦੀ ਇਹ ਸਾਂਝ ਅਧਿਆਪਕ ਸਾਹਿਬਾਨ ਦਾ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਸਕੂਲ ਦੇ ਪ੍ਰੈਜੀਡੈਂਟ ਮਨਪ੍ਰੀਤ ਸਿੰਘ ਬਰਾੜ ਨੇ ਕਿਹਾ ਕਿ ਅਸੀਂ ਵਿਦਿਆਰਥੀ ਵਰਗ ਨੂੰ ਨਵੀਂ ਦਿਸ਼ਾ ਦੇ ਰਾਹੀ ਬਣਾਉਣ ਦਾ ਹਰ ਸੰਭਵ ਯਤਨ ਕਰਦੇ ਹਾਂ ਤੇ ਕਰਦੇ ਰਹਾਂਗੇ।

# ਮਾਤਾ ਮੁਖਤਿਆਰ ਕੌਰ ਦਾ ਭੋਗ ਅਤੇ ਅੰਤਿਮ ਅਰਦਾਸ ਭਲਕੇ ਪਿੰਡ ਮਾਜਰੀ ਵਿਖੇ ਹੋਵੇਗੀ



ਲੁਧਿਆਣਾ 2 ਜੁਲਾਈ (ਕਰਨੈਲ ਸਿੰਘ ਐੱਮ.ਏ.) : ਸੂਫੀ ਸੰਤ ਸਰਕਾਰ ਲੱਖ ਦਾਤਾ ਪੀਰ ਟਰੱਸਟ ਰਜਿਸਟਰ ਨੰਬਰ 2340 ਅਤੇ ਬਾਬਾ ਕਪੂਰ ਸ਼ਾਹ ਜੀ ਪਿੰਡ ਮਾਜਰੀ ਨੇੜੇ ਮੁੱਲਾਂਪੁਰ ਲੁਧਿਆਣਾ ਦੇ ਮੁਖੀ ਬਾਬਾ ਮੁਹੰਮਦ ਸ਼ਾਹ ਮਿੰਦਾ ਬਾਬਾ ਜੀ ਦੇ ਅਤਿ ਸਤਿਕਾਰਯੋਗ ਬੀਬੀ ਮੁਖਤਿਆਰ ਕੌਰ ਜਿਨ੍ਹਾਂ ਦਾ ਕੁਝ ਦਿਨ ਪਹਿਲਾਂ ਅਚਾਨਕ ਇਸ ਸੰਸਾਰ ਨੂੰ ਅਲਵਿਦਾ ਆਖ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਬੀਬੀ ਮੁਖਤਿਆਰ ਕੌਰ ਨਮਿਤ 4 ਜੁਲਾਈ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਤੋਂ 11:30 ਵਜੇ ਤੱਕ ਉਹਨਾਂ ਦੇ ਗ੍ਰਹਿ ਪਿੰਡ ਮਾਜਰੀ ਨੇੜੇ ਮੁੱਲਾਂਪੁਰ ਵਿਖੇ ਭੋਗ ਅਤੇ ਅੰਤਿਮ ਅਰਦਾਸ ਹੋਵੇਗੀ।

# ਬ੍ਰਿਟੇਨ ਦੀ 156 ਸਾਲ ਪੁਰਾਣੀ 'ਰਾਇਲ ਟਰੇਨ' ਸੇਵਾ ਹੋਵੇਗੀ ਸਮਾਪਤ

### ☛ ਮਹਾਰਾਣੀ ਵਿਕਟੋਰੀਆ ਨੇ ਯਾਤਰਾਵਾਂ ਲਈ 1869 'ਚ ਸ਼ੁਰੂ ਕੀਤੀ ਸੀ




ਲੰਡਨ, 2 ਜੁਲਾਈ (ਚ.ਨ.ਸ.): ਬ੍ਰਿਟੇਨ ਦੀ 'ਰਾਇਲ ਟਰੇਨ' ਜਲਦੀ ਹੀ ਆਖ਼ਰੀ ਵਾਰ ਸਟੇਸ਼ਨ ਤੋਂ ਰਵਾਨਾ ਹੋਵੇਗੀ। ਬਕਿੰਘਮ ਪੈਲੇਸ ਨੇ ਸੋਮਵਾਰ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਕਿੰਗ ਚਾਰਲਸ ਤੀਜੇ ਨੇ ਸਵੀਕਾਰ ਕੀਤਾ ਹੈ ਕਿ ਮਹਾਰਾਣੀ ਵਿਕਟੋਰੀਆ ਦੇ ਸਮੇਂ ਤੋਂ ਚੱਲ ਰਹੀ ਇਸ ਟਰੇਨ ਨੂੰ 156 ਸਾਲ ਬਾਅਦ ਬੰਦ ਕਰਨ ਦਾ ਸਮਾਂ ਆ ਗਿਆ ਹੈ ਕਿਉਂਕਿ ਇਸ ਦੀ ਸੰਚਾਲਨ ਲਾਗਤ ਬਹੁਤ ਜ਼ਿਆਦਾ ਹੈ ਅਤੇ ਇਸ ਨੂੰ ਹੋਰ ਉੱਨਤ ਰੇਲ ਪ੍ਰਣਾਲੀਆਂ ਲਈ ਮਹੱਤਵਪੂਰਨ ਤਬਦੀਲੀਆਂ ਦੀ ਲੋੜ ਹੋਵੇਗੀ। ਇਹ ਰਾਇਲ ਟਰੇਨ ਨੂੰ ਬੋਗੀਆਂ ਦਾ ਇਕ ਸੂਇਟ ਹੈ ਅਤੇ ਇਸ ਨੂੰ ਕਿਸੇ ਵੀ ਵਪਾਰਕ ਇੰਜਣ ਨਾਲ ਜੋੜਿਆ ਜਾ ਸਕਦਾ ਹੈ। ਇਸ ਦੀ ਸੇਵਾ 2027 ਵਿਚ ਇਸ ਦੇ ਮੌਜੂਦਾ ਰੱਖ-ਰਖਾਅ ਦੇ ਇਕਰਾਰਨਾਮੇ ਦੀ ਮਿਆਦ ਪੁੱਗਣ ਤੋਂ ਪਹਿਲਾਂ ਬੰਦ ਕਰ ਦਿੱਤੀ ਜਾਵੇਗੀ। ਇਹ ਟਰੇਨ 1869 ਵਿਚ ਮਹਾਰਾਣੀ ਵਿਕਟੋਰੀਆ ਦੁਆਰਾ ਆਪਣੀਆਂ ਯਾਤਰਾਵਾਂ ਲਈ ਸ਼ੁਰੂ ਕੀਤੀ ਗਈ ਸੀ। ਸ਼ਾਹੀ ਮਹਿਲ ਦੇ ਵਿੱਤੀ ਮਾਮਲਿਆਂ ਦੇ ਇੰਚਾਰਜ ਜੇਮਜ਼ ਚੈਲਮਰਸ ਨੇ ਕਿਹਾ, "ਭਵਿੱਖ ਵੱਲ ਵਧਦੇ ਹੋਏ, ਸਾਨੂੰ ਅਤੀਤ ਨਾਲ ਨਹੀਂ ਬੰਨ੍ਹਣਾ ਚਾਹੀਦਾ। ਜਿਵੇਂ ਸ਼ਾਹੀ ਪਰਿਵਾਰ ਦੇ ਹੋਰ ਕਾਰਜ ਆਧੁਨਿਕ ਹੋ ਗਏ ਹਨ, ਉਸੇ ਤਰ੍ਹਾਂ ਇਸ ਪਰੰਪਰਾ ਨੂੰ ਸਤਿਕਾਰ ਨਾਲ ਅਲਵਿਦਾ ਕਹਿਣ ਦਾ ਸਮਾਂ ਆ ਗਿਆ ਹੈ।" ਇਸ ਫ਼ੈਸਲੇ ਦਾ ਐਲਾਨ ਸ਼ਾਹੀ ਖਰਚਿਆਂ 'ਤੇ ਪੈਲੇਸ ਦੀ ਸਾਲਾਨਾ ਪ੍ਰੈਸ ਕਾਨਫਰੰਸ ਦੌਰਾਨ ਕੀਤਾ ਗਿਆ। ਸ਼ਾਹੀ ਪਰਿਵਾਰ ਨੂੰ ਲਗਾਤਾਰ ਚੌਥੇ ਸਾਲ ਜਨਤਕ ਫੰਡਿੰਗ ਵਿਚ 118 ਮਿਲੀਅਨ ਡਾਲਰ ਪ੍ਰਾਪਤ ਹੋਣਗੇ, ਜਿਸ ਵਿਚ ਮਾਰਚ 2026 ਤਕ 12 ਮਹੀਨਿਆਂ ਦੌਰਾਨ ਬਕਿੰਘਮ ਪੈਲੇਸ ਦੀ ਮੁਰੰਮਤ ਲਈ 43.8 ਮਿਲੀਅਨ ਡਾਲਰ ਸ਼ਾਮਲ ਹਨ।

# ਸੁਪਰੀਮ ਕੋਰਟ ਦਾ ਫ਼ੈਸਲਾ ਮਨਜ਼ੂਰ ਨਹੀਂ ਤਾਂ ਯੂ.ਐੱਨ.ਓ. 'ਚ ਜਾਓ: ਝੀਂਡਾ

ਕੁਰੂਕਸ਼ੇਤਰ, 2 ਜੁਲਾਈ (ਚ.ਨ.ਸ.): ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ (ਐੱਚਐੱਸਜੀਐੱਮਸੀ) ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਹੈ ਕਿ ਜੇ ਸੁਪਰੀਮ ਕੋਰਟ ਨੇ ਐੱਚਐੱਸਜੀਐੱਮਸੀ ਦੇ ਹੱਕ ਵਿਚ ਫ਼ੈਸਲਾ ਸੁਣਾਉਂਦੇ ਹੋਏ ਮਾਨਤਾ ਦਿੱਤੀ ਸੀ। ਆਪਣੇ ਫ਼ੈਸਲੇ 'ਚ ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਸੀ ਕਿ ਹਰਿਆਣਾ 'ਚ ਐੱਸਜੀਪੀਸੀ ਦੀਆਂ ਜਿਨ੍ਹਾਂ ਵੀ ਚੱਲ ਤੇ ਅਚੱਲ ਜਾਇਦਾਦਾਂ ਹਨ, ਉਨ੍ਹਾਂ 'ਤੇ ਹੁਣ ਹਰਿਆਣਾ ਕਮੇਟੀ ਦਾ ਹੱਕ ਹੋਵੇਗਾ। ਇਸ ਦੇ ਬਾਵਜੂਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਮੀਨ, ਜਾਇਦਾਦ ਅਤੇ ਮੀਰੀ-ਪੀਰੀ ਮੈਡੀਕਲ ਕਾਲਜ ਤੇ ਹਸਪਤਾਲ ਸਮੇਤ ਕੁਝ ਹੋਰ ਮਸਲਿਆਂ 'ਤੇ ਸਹਿਮਤੀ ਨਹੀਂ ਪ੍ਰਗਟਾ ਰਹੀ। ਉਹ ਮੰਗਲਵਾਰ ਨੂੰ ਐੱਚਐੱਸਜੀਐੱਮਸੀ ਦੇ ਦਫ਼ਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਐੱਸਜੀਪੀਸੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਪੇਸ਼ੇ ਤੋਂ ਵਕੀਲ ਹਨ ਤੇ ਉਨ੍ਹਾਂ ਨੂੰ ਐਕਟ ਤੇ ਸੁਪਰੀਮ ਕੋਰਟ ਦੇ ਹੁਕਮ ਦਾ ਅਧਿਐਨ ਕਰਨਾ ਚਾਹੀਦਾ ਹੈ। ਐੱਸਜੀਪੀਸੀ ਨੂੰ ਉਨ੍ਹਾਂ ਦਾ ਸਾਥ ਦਿੰਦੇ ਹੋਏ ਹਰਿਆਣਾ ਵਿਚ ਸਥਿਤ ਟਰੱਸਟ, ਜਾਇਦਾਦ ਤੇ ਹੋਰ ਜਾਇਦਾਦਾਂ ਹਰਿਆਣਾ ਕਮੇਟੀ ਦੇ ਨਾਂ 'ਤੇ ਕਰ ਦੇਣੀਆਂ ਚਾਹੀਦੀਆਂ ਹਨ। ਝੀਂਡਾ ਨੇ ਕਿਹਾ ਕਿ ਜੇ ਐੱਸਜੀਪੀਸੀ ਸੁਪਰੀਮ ਕੋਰਟ ਦਾ ਫ਼ੈਸਲਾ ਮਨਜ਼ੂਰ ਨਹੀਂ ਕਰਦੀ ਤਾਂ ਉਹ ਯੂਐੱਨਓ ਵਿਚ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਐੱਸਜੀਪੀਸੀ ਦੇ ਪ੍ਰਧਾਨ ਨਾਲ ਤਿੰਨ ਵਾਰੀ ਗੱਲਬਾਤ ਲਈ ਮੀਟਿੰਗ ਤੈਅ ਹੋਈ ਪਰ ਪਤਾ ਨਹੀਂ ਐੱਸਜੀਪੀਸੀ ਦੇ ਪ੍ਰਧਾਨ ਗੱਲਬਾਤ ਕਿਉਂ ਨਹੀਂ ਕਰਦੇ। ਉਨ੍ਹਾਂ ਨੇ ਇਕ ਵਾਰ ਫਿਰ ਐੱਸਜੀਪੀਸੀ ਦੇ ਪ੍ਰਧਾਨ ਨੂੰ ਆਪਸੀ ਮਸਲਿਆਂ ਨੂੰ ਸਹਿਮਤੀ ਨਾਲ ਸੁਲਝਾਉਣ ਲਈ ਗੱਲਬਾਤ ਦਾ ਸੱਦਾ ਦਿੱਤਾ। ਇਸ ਮੌਕੇ ਝੀਂਡਾ ਦੇ ਨਾਲ ਐਡੀਸ਼ਨਲ ਸੈਕਟਰੀ ਦਵਿੰਦਰ ਦੇ ਪੀਏ ਸਤਪਾਲ ਸਿੰਘ ਡਾਚਰ, ਨਿੱਜੀ ਸਕੱਤਰ ਸ਼ਮਸ਼ੇਰ ਸਿੰਘ ਤੇ ਹੋਰ ਮੌਜੂਦ ਸਨ।

# ਪਰਉਪਕਾਰ ਦੀ ਮੂਰਤ ਭਾਈ ਤਾਰੂ ਸਿੰਘ ਦੀ ਬਰਸੀ ਨਹੀਂ ਮਨਾਈ ਜਾਵੇਗੀ ਲਾਹੌਰ ਵਿੱਚ



ਅੰਮ੍ਰਿਤਸਰ, 2 ਜੁਲਾਈ (ਚ.ਨ.ਸ.) ਪਰਉਪਕਾਰ ਦੀ ਮੂਰਤ ਭਾਈ ਤਾਰੂ ਸਿੰਘ ਦੀ ਬਰਸੀ ਇਸ ਵਾਰ ਲਾਹੌਰ ਵਿਚ ਉਨ੍ਹਾਂ ਦੀ ਸਮਾਧ ਵਿਖੇ ਨਹੀਂ ਮਨਾਈ ਜਾਵੇਗੀ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਨੇ ਇਸ ਬਾਰੇ ਦੱਸਿਆ ਕਿ ਲਾਹੌਰ ਵਿਚ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਨੌਲੱਖਾ ਬਾਜ਼ਾਰ ਵਿਚ ਸਥਿਤ ਭਾਈ ਤਾਰੂ ਸਿੰਘ ਦੇ ਸ਼ਹੀਦੀ ਅਸਥਾਨ ਨੂੰ ਜਾਣ ਵਾਲੇ ਰਸਤੇ ਨੂੰ ਇਵੈਕੁਈ ਟਰੱਸਟ ਪ੍ਰਾਪਰਟੀ ਬੋਰਡ ਵੱਲੋਂ 6 ਸਾਲ ਪਹਿਲਾਂ ਸੀਲ ਕੀਤਾ ਗਿਆ ਸੀ। ਇਹ ਅਸਥਾਨ ਪਾਕਿਸਤਾਨੀ ਸਿੱਖਾਂ ਸਮੇਤ ਦੇਸ਼ ਵਿਦੇਸ਼ ਦੀ ਸੰਗਤ ਲਈ ਅਜੇ ਵੀ ਬੰਦ ਹੈ ਅਤੇ ਉਨ੍ਹਾਂ ਨੂੰ ਇਥੇ ਜਾਣ ਦੀ ਮਨਜ਼ੂਰੀ ਨਹੀਂ ਹੈ। ਇਸ ਨੂੰ ਲੈ ਕੇ ਪਾਕਿ ਸਿੱਖ ਸੰਗਤ ਵਿਚ ਭਾਰੀ ਰੋਸ ਬਣਿਆ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਭਾਈ ਤਾਰੂ ਸਿੰਘ ਦੇ ਸ਼ਹੀਦੀ ਸਥਾਨ ਦੇ ਨਾਂ ਹਿੰਦੂ ਔਕਾਫ ਵੱਲੋਂ ਲਗਾਈ 4-5 ਕਨਾਲ ਭੂਮੀ ਹਥਿਆਉਣ ਲਈ ਸੁਹੇਲ ਬੱਟ ਪੁੱਤਰ ਸਲਾਹੁਦੀਨ ਬੱਟ, ਰਜ਼ਾ ਬੱਟ, ਉਮੈਰ ਅਤੇ ਕੱਟੜਪੰਥੀ ਸਮੂਹ ਦਾਵਤ-ਏ-ਇਸਲਾਮੀ ਵੱਲੋਂ ਵਿਵਾਦ ਖੜ੍ਹਾ ਕਰਕੇ ਇਸ ਅਸਥਾਨ ਨੂੰ ਪੱਕੇ ਤੌਰ 'ਤੇ ਸੀਲ ਕਰਵਾਇਆ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਸ਼ਹੀਦੀ ਅਸਥਾਨ ਨੂੰ ਖੁੱਲ੍ਹਵਾਉਣ ਲਈ ਪਾਕਿ ਵਿਚ ਰਹਿੰਦੇ ਗੋਪਾਲ ਸਿੰਘ ਚਾਵਲਾ ਅਤੇ ਫੌਜਾ ਸਿੰਘ ਵੱਲੋਂ ਉਪਰਾਲੇ ਕੀਤੇ ਗਏ ਸਨ, ਪਰ ਪਾਕਿ ਪ੍ਰਬੰਧਕ ਕਮੇਟੀ ਅਤੇ ਸਿੱਖ ਆਗੂਆਂ ਦੀ ਚੁੱਪ ਕਾਰਨ ਇਹ ਮਾਮਲਾ ਅਜੇ ਤੱਕ ਹੱਲ ਨਹੀਂ ਹੋ ਸਕਿਆ।

# ਯੂਕਰੇਨੀ ਡਰੋਨ ਵੱਲੋਂ ਰੂਸੀ ਪਲਾਂਟ 'ਤੇ ਹਮਲਾ



ਕੀਵ, 2 ਜੁਲਾਈ (ਚ.ਨ.ਸ.) ਯੂਕਰੇਨ ਤੋਂ ਲਗਭਗ 1300 ਕਿਲੋਮੀਟਰ ਦੂਰ ਯੂਕਰੇਨੀ ਡਰੋਨ ਵੱਲੋਂ ਰੂਸੀ ਉਦਯੋਗਿਕ ਪਲਾਂਟ 'ਤੇ ਕੀਤੇ ਹਮਲੇ ਵਿੱਚ ਕਈ ਜ਼ਖ਼ਮੀ ਹੋ ਗਏ। ਇਜ਼ੇਵਸਕ ਦੇ ਖੇਤਰੀ ਗਵਰਨਰ ਅਲੈਗਜ਼ੈਂਡਰ ਬਰੇਚਲੋਵ ਨੇ ਦੱਸਿਆ ਕਿ ਮਾਸਕੋ ਤੋਂ ਲਗਭਗ ਇੱਕ ਹਜ਼ਾਰ ਕਿਲੋਮੀਟਰ ਪੂਰਬ ਵਿੱਚ ਇਜ਼ੇਵਸਕ ਵਿੱਚ ਉਦਯੋਗਿਕ ਪਲਾਂਟ 'ਤੇ ਯੂਕਰੇਨੀ ਡਰੋਨ ਨੇ ਹਮਲਾ ਕੀਤਾ, ਜਿਸ ਵਿੱਚ ਕਈ ਜ਼ਖ਼ਮੀ ਹੋ ਗਏ ਅਤੇ ਪਲਾਂਟ ਵਿੱਚ ਅੱਗ ਲੱਗ ਗਈ। ਉਨ੍ਹਾਂ ਦੱਸਿਆ ਕਿ ਪਲਾਂਟ ਦੇ ਕਰਮਚਾਰੀਆਂ ਨੂੰ ਬਾਹਰ ਕੱਢ ਲਿਆ ਗਿਆ ਹੈ। ਇਹ ਹਮਲਾ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਵੱਲੋਂ ਹਥਿਆਰਾਂ ਨੂੰ ਵਿਕਸਤ ਕਰਨ ਨੂੰ ਪਹਿਲ ਦੇਣ ਅਤੇ ਰੂਸ ਵੱਲੋਂ ਜੂਨ ਮਹੀਨੇ ਇਸ ਗੁਆਂਢੀ ਮੁਲਕ ਨੂੰ ਵੱਡੇ ਪੱਧਰ 'ਤੇ ਡਰੋਨਾਂ ਰਾਹੀਂ ਨਿਸ਼ਾਨਾ ਬਣਾਏ ਜਾਣ ਮਗਰੋਂ ਹੋਇਆ ਹੈ।

# ਥਾਈਲੈਂਡ ਦੀ ਪ੍ਰਧਾਨ ਮੰਤਰੀ ਪੈਟੋਂਗਤਾਰਨ ਲੀਕ ਹੋਏ ਫੋਨ ਕਾਲ ਦੀ ਜਾਂਚ ਤੱਕ ਅਹੁਦੇ ਤੋਂ ਮੁਅੱਤਲ



ਬੈਂਕਾਕ, 2 ਜੁਲਾਈ (ਚ.ਨ.ਸ): ਥਾਈਲੈਂਡ ਦੀ ਸੰਵਿਧਾਨਕ ਅਦਾਲਤ ਵੱਲੋਂ ਪ੍ਰਧਾਨ ਮੰਤਰੀ ਪੈਟੋਂਗਤਾਰਨ ਸ਼ਿਨਾਵਾਤਰਾ ਨੂੰ ਇਕ ਸੀਨੀਅਰ ਕੰਬੋਡੀਅਨ ਨੇਤਾ ਨਾਲ ਲੀਕ ਹੋਏ ਫੋਨ ਕਾਲ ਦੀ ਜਾਂਚ ਤੱਕ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਹੈ। ਜੱਜਾਂ ਨੇ ਮੰਗਲਵਾਰ ਨੂੰ 7-2 ਦੇ ਫੈਸਲੇ ਨਾਲ ਉਸ ਪਟੀਸ਼ਨ ਨੂੰ ਸਵੀਕਾਰ ਕਰ ਲਿਆ, ਜਿਸ ਵਿਚ ਉਸ 'ਤੇ ਨੈਤਿਕਤਾ ਦੀ ਉਲੰਘਣਾ ਦਾ ਦੋਸ਼ ਲਗਾਇਆ ਗਿਆ ਸੀ। ਅਦਾਲਤ ਨੇ 38 ਸਾਲਾ ਪੈਟੋਂਗਤਾਰਨ ਨੂੰ ਆਪਣਾ ਪੱਖ ਰੱਖਣ ਲਈ 15 ਦਿਨ ਦਿੱਤੇ ਹਨ ਅਤੇ ਜਦੋਂ ਤੱਕ ਅਦਾਲਤ ਉਸ ਵਿਰੁੱਧ ਕੇਸ ਦਾ ਫੈਸਲਾ ਨਹੀਂ ਕਰ ਲੈਂਦੀ, ਉਦੋਂ ਤੱਕ ਉਪ ਪ੍ਰਧਾਨ ਮੰਤਰੀ ਸੂਰੀਆ ਜੁਆਂਗ (ਜੁਆਂਗਰੁੰਗਰੁਆਂਗਕਿਟ) ਕਾਰਜਕਾਰੀ ਪ੍ਰਧਾਨ ਮੰਤਰੀ ਵਜੋਂ ਅਹੁਦਾ ਸੰਭਾਲਣਗੇ। ਜ਼ਿਕਰਯੋਗ ਹੈ ਕਿ ਪੈਟੋਂਗਤਾਰਨ ਨੂੰ ਕੰਬੋਡੀਆ ਨਾਲ ਤਾਜ਼ਾ ਸਰਹੱਦੀ ਵਿਵਾਦ ਨਾਲ ਨਜਿੱਠਣ ਦੇ ਤੌਰ 'ਤੇ ਤਰੀਕੇ ਕਾਰਨ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿਸ ਵਿਚ 28 ਮਈ ਨੂੰ ਹੋਇਆ ਇਕ ਹਥਿਆਰਬੰਦ ਟਕਰਾਅ ਵੀ ਸ਼ਾਮਲ ਹੈ, ਜਿਸ ਵਿਚ ਇਕ ਕੰਬੋਡੀਅਨ ਸਿਪਾਹੀ ਮਾਰਿਆ ਗਿਆ ਸੀ।

# ਅਣਪਛਾਤਿਆਂ ਵੱਲੋਂ ਚਲਾਈਆਂ ਗੋਲੀਆਂ ਨਾਲ ਨੌਜਵਾਨ ਦੀ ਮੌਤ



ਨਵਾਂਸ਼ਹਿਰ, 2 ਜੁਲਾਈ (ਚ.ਨ.ਸ.): ਪਿੰਡ ਉਸਮਾਨਪੁਰ ਵਿਖੇ ਅਣਪਛਾਤਿਆਂ ਵੱਲੋਂ ਚਲਾਈਆਂ ਗੋਲੀਆਂ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਅਮਨਦੀਪ ਸਿੰਘ ਉਰਫ ਅਮਨੀ (28) ਪੁੱਤਰ ਸੁਰਿੰਦਰ ਸਿੰਘ ਪਿੰਡ ਉਸਮਾਨਪੁਰ ਰੋਟੀ ਖਾ ਕੇ ਸੈਰ ਕਰਨ ਨਿਕਲਿਆ ਸੀ ਕਿ ਅਣਪਛਾਤਿਆਂ ਵੱਲੋਂ ਗੋਲੀਆਂ ਮਾਰ ਦਿੱਤੀਆਂ ਗਈਆਂ। ਉਧਰ ਮੌਕੇ 'ਤੇ ਪੁੱਜੇ ਪੁਲਿਸ ਅਫ਼ਸਰਾਂ ਤੇ ਮੁਲਾਜ਼ਮਾਂ ਵੱਲੋਂ ਜਾਇਜ਼ਾ ਲੈਣ ਉਪਰੰਤ 5 ਰੌਂਦ ਬਰਾਮਦ ਕਰ ਕੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਖੰਗਾਲਣੀ ਸ਼ੁਰੂ ਕਰ ਦਿੱਤੀ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਅਣਪਛਾਤੇ ਕਥਿਤ ਮੁਲਜ਼ਮਾਂ ਵੱਲੋਂ ਇਲਾਕੇ 'ਚ ਲੱਗੇ ਸੀਸੀਟੀਵੀ ਕੈਮਰਿਆਂ ਨੂੰ ਭੰਨਿਆ ਵੀ ਗਿਆ ਹੈ, ਜਦਕਿ ਪੁਲਿਸ ਵੱਲੋਂ ਸੀਸੀਟੀਵੀ ਕੈਮਰਿਆਂ ਦੀ ਡੀਵੀਆਰ ਕਬਜ਼ੇ 'ਚ ਲੈ ਕੇ ਅਗਲੇਰੀ ਪੜਤਾਲ ਸ਼ੁਰੂ ਕਰ ਦਿੱਤੀ ਗਈ ਹੈ। ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਪਿੰਡ ਵਿਚ ਧਾਰਮਿਕ ਸਮਾਗਮ ਵੀ ਚੱਲ ਰਿਹਾ ਸੀ, ਜਿਸ ਕਾਰਨ ਪਿੰਡ ਵਿਚ ਦੂਰ-ਦੁਰਾਡੇ ਤੋਂ ਲੋਕ ਸਮਾਗਮ ਦੇਖਣ ਆਏ ਹੋਏ ਸਨ। ਲੋਕਾਂ ਦੱਸਿਆ ਕਿ ਅਮਨਦੀਪ ਸਿੰਘ ਮਿਲਾਪੜੇ ਸੁਭਾਅ ਦਾ ਨੌਜਵਾਨ ਸੀ ਤੇ ਹਰੇਕ ਦੇ ਦੁੱਖ-ਸੁੱਖ 'ਚ ਸ਼ਰੀਕ ਹੁੰਦਾ ਸੀ। ਅਮਨਦੀਪ ਦਾ ਕਿਸੇ ਨਾਲ ਕੋਈ ਵੈਰ-ਵਿਰੋਧ ਨਹੀਂ ਸੀ ਪਰ ਉਸ ਨਾਲ ਵਾਪਰੀ ਇਸ ਘਟਨਾ ਨੇ ਲੋਕਾਂ ਦੇ ਮਨਾਂ 'ਚ ਸੈਂਕੜੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅਣਪਛਾਤੇ ਹਮਲਾਵਰ ਉਸ ਦਾ ਮੋਬਾਇਲ ਫੋਨ ਵੀ ਆਪਣੇ ਨਾਲ ਲੈ ਗਏ ਹਨ। ਉਧਰ ਡੀਐੱਸਪੀ ਰਾਜ ਕੁਮਾਰ ਨੇ ਦੱਸਿਆ ਕਿ ਮ੍ਰਿਤਕ ਅਮਨਦੀਪ ਸਿੰਘ ਉਰਫ ਅਮਨੀ ਦੇ ਪਿਤਾ ਸੁਰਿੰਦਰ ਸਿੰਘ ਦੇ ਬਿਆਨ 'ਤੇ ਅਣਪਛਾਤੇ ਹਮਲਾਵਰਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਫੋਨ ਦੀ ਲੁੱਟ-ਖੋਹ, ਪੁਰਾਣੀ ਰੰਜਿਸ਼ ਸਮੇਤ ਹੋਰਨਾਂ ਵੱਖ-ਵੱਖ ਐਂਗਲਾਂ 'ਤੇ ਵੀ ਪੜਤਾਲ ਕੀਤੀ ਜਾ ਰਹੀ ਹੈ।

# ਘਰ 'ਚ ਅੱਗ ਲੱਗਣ ਨਾਲ ਮਜ਼ਦੂਰ ਪਤੀ-ਪਤਨੀ ਦੀ ਮੌਤ

ਮਹਿਲ ਕਲਾਂ, 2 ਜੁਲਾਈ (ਚ.ਨ.ਸ.): ਇਥੋਂ ਨੇੜਲੇ ਪਿੰਡ ਮੂੰਮ ਵਿਚ ਮਜ਼ਦੂਰ ਪਤੀ-ਪਤਨੀ ਦੀ ਅੱਗ ਲੱਗਣ ਕਾਰਨ ਮੌਤ ਹੋ ਗਈ। ਜਾਣਕਾਰੀ ਅਨੁਸਾਰ ਜੁਗਰਾਜ ਸਿੰਘ (45) ਅਤੇ ਉਸ ਦੀ ਪਤਨੀ ਅੰਗਰੇਜ਼ ਕੌਰ (40) ਰਾਤ ਸਮੇਂ ਘਰ ਵਿੱਚ ਸੁੱਤੇ ਪਏ ਸਨ। ਕਰੀਬ ਤਿੰਨ ਵਜੇ ਘਰ ਵਿੱਚ ਸ਼ਾਰਟ ਸਰਕਟ ਕਾਰਨ ਅੱਗ ਲੱਗ ਗਈ ਅਤੇ ਦੋਵਾਂ ਜੀਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਜੁਗਰਾਜ ਸਿੰਘ ਦੀ ਘਰ ਵਿੱਚ ਹੀ ਮੌਤ ਹੋ ਗਈ, ਜਦਕਿ ਉਸ ਦੀ ਪਤਨੀ ਅੰਗਰੇਜ਼ ਕੌਰ ਨੂੰ ਬਰਨਾਲਾ ਸਰਕਾਰੀ ਹਸਪਤਾਲ ਪਹੁੰਚਾਇਆ ਗਿਆ, ਜਿੱਥੋਂ ਉਸ ਦੀ ਗੰਭੀਰ ਹਾਲਤ ਦੇ ਮੱਦਨਜ਼ਰ ਫ਼ਰੀਦਕੋਟ ਐਮਰਜੈਂਸੀ ਰੈਫਰ ਕਰ ਦਿੱਤਾ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪਿੰਡ ਵਾਸੀਆਂ ਨੇ ਬੜੀ ਮੁਸ਼ਕਲ ਨਾਲ ਅੱਗ ਉਪਰ ਕਾਬੂ ਪਾਇਆ। ਇਸ ਜੋੜੇ ਦਾ 10 ਸਾਲਾਂ ਦਾ ਬੱਚਾ ਆਪਣੇ ਚਾਚੇ ਦੇ ਘਰੇ ਪੈ ਗਿਆ ਸੀ, ਜਿਸ ਕਾਰਨ ਉਸ ਦਾ ਬਚਾਅ ਰਹਿ ਗਿਆ।

# ਰੁੱਖ ਧਰਤੀ 'ਤੇ ਜੀਵਨ ਨੂੰ ਕਾਇਮ ਰੱਖਣ ਦਾ ਆਧਾਰ: ਸਵਾਮੀ ਵਿਗਿਆਨਾਨੰਦ




ਫਾਜ਼ਿਲਕਾ, 2 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): 11ਵੇਂ ਅੰਤਰਰਾਸ਼ਟਰੀ ਯੋਗ ਦਿਵਸ 2025 ਦੇ ਮੌਕੇ 'ਤੇ ਸਥਾਨਕ ਨਗਰ ਕੌਂਸਲ ਪਾਰਕ ਵਿੱਚ ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਵੱਲੋਂ ਆਯੋਜਿਤ ਵਿਲੱਖਣ ਯੋਗ ਕੈਂਪ ਦੌਰਾਨ ਸੰਸਥਾਨ ਵੱਲੋਂ ਵਿਸ਼ੇਸ਼ ਤੌਰ 'ਤੇ ਸਵਾਮੀ ਵਿਗਿਆਨਾਨੰਦ ਜੀ ਨੇ ਕਿਹਾ ਕਿ 'ਮਨੁੱਖ' ਜਿਸ ਨੂੰ ਬ੍ਰਹਿਮੰਡ ਦਾ ਰਾਜਾ ਕਿਹਾ ਜਾਂਦਾ ਹੈ, ਆਧੁਨਿਕਤਾ ਅਤੇ ਵਿਕਾਸ ਦੀ ਅੰਨ੍ਹੀ ਦੌੜ ਵਿੱਚ ਕੁਦਰਤੀ ਸਰੋਤਾਂ ਦਾ ਅੰਨ੍ਹੇਵਾਹ ਸ਼ੋਸ਼ਣ ਕਰ ਰਹੇ ਹਨ। ਜਿਸ ਵਿੱਚ ਪੌਦਿਆਂ ਦੀ ਦੁਨੀਆਂ ਤਬਾਹੀ ਦੇ ਕੰਢੇ 'ਤੇ ਹੈ। ਵਾਤਾਵਰਣ ਵਿੱਚ ਵਧਦੇ ਪ੍ਰਦੂਸ਼ਣ ਕਾਰਨ, ਇਨ੍ਹੀਂ ਦਿਨੀਂ ਰੁੱਖ ਲਗਾਉਣ ਦੀ ਜ਼ਰੂਰਤ ਵੱਧ ਗਈ ਹੈ। ਵ੍ਰਿਕਸ਼ਰੋਪਨ ਦਾ ਅਰਥ ਹੈ ਰੁੱਖਾਂ ਦੇ ਵਾਧੇ ਅਤੇ ਹਰਿਆਲੀ ਫੈਲਾਉਣ ਲਈ ਰੁੱਖ ਲਗਾਉਣਾ। ਰੁੱਖ ਲਗਾਉਣਾ ਮਹੱਤਵਪੂਰਨ ਹੋਣ ਦੇ ਪਿੱਛੇ ਕਈ ਕਾਰਨ ਹਨ। ਇੱਕ ਮੁੱਖ ਕਾਰਨ ਇਹ ਹੈ ਕਿ ਰੁੱਖ ਜੀਵਨ ਦੇਣ ਵਾਲੀ ਆਕਸੀਜਨ ਪ੍ਰਦਾਨ ਕਰਦੇ ਹਨ, ਜਿਸ ਤੋਂ ਬਿਨਾਂ ਮਨੁੱਖਤਾ ਦਾ ਵਜੂਦ ਅਸੰਭਵ ਹੈ। ਕਿਉਂਕਿ ਰੁੱਖ ਧਰਤੀ ਤੇ ਜੀਵਨ ਨੂੰ ਕਾਇਮ ਰੱਖਣ ਦਾ ਆਧਾਰ ਹਨ। ਵਿਕਾਸ ਦੀ ਅੰਨ੍ਹੀ ਦੌੜ ਵਿੱਚ, ਅੱਜ ਧਰਤੀ ਦਾ ਤਾਪਮਾਨ ਬਹੁਤ ਵੱਧ ਰਿਹਾ ਹੈ। ਇਸ ਨਾਲ ਲੜਨ ਦਾ ਇੱਕੋ ਇੱਕ ਤਰੀਕਾ ਹੈ ਵੱਧ ਤੋਂ ਵੱਧ ਰੁੱਖ ਲਗਾਉਣਾ।

ਭੂਮੀਗਤ ਜਲ ਸਰੋਤਾਂ ਦੇ ਵਿਕਾਸ 'ਤੇ ਜ਼ੋਰ ਦਿੰਦੇ ਹੋਏ, ਸਵਾਮੀ ਜੀ ਨੇ ਮੌਜੂਦ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ, ਉਨ੍ਹਾਂ ਨੂੰ ਭਾਰਤ ਦੀਆਂ ਪਵਿੱਤਰ ਨਦੀਆਂ ਦੀ ਸਫਾਈ ਬਣਾਈ ਰੱਖਣ ਅਤੇ ਪਾਣੀ ਦੀ ਸੰਭਾਲ ਕਰਨ ਲਈ ਪ੍ਰੇਰਿਤ ਕੀਤਾ। ਕਿਉਂਕਿ ਜੇਕਰ ਹਰਿਆਲੀ ਹੋਵੇਗੀ, ਤਾਂ ਜਲ ਸਰੋਤਾਂ ਦਾ ਵਿਕਾਸ ਵੀ ਆਪਣੇ ਸਿਖਰ 'ਤੇ ਹੋਵੇਗਾ। ਸਵੱਛ ਹਵਾ ਅਤੇ ਭੂਮੀਗਤ ਜਲ ਸਰੋਤਾਂ ਦੇ ਵਿਕਾਸ 'ਤੇ ਜ਼ੋਰ ਦਿੰਦੇ ਹੋਏ, ਸਵਾਮੀ ਜੀ ਨੇ ਮੌਜੂਦ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕੀਤਾ। ਇਸ ਤੱਥ ਦੀ ਨੀਂਹ 'ਤੇ, ਅੱਜ ਸੰਸਥਾ ਵੱਲੋਂ, ਤਿੰਨੋਂ ਦਿਨਾਂ 'ਤੇ ਮੌਜੂਦ ਲੋਕਾਂ ਨੂੰ ਉੱਚ ਆਕਸੀਜਨ ਪ੍ਰਦਾਨ ਕਰਨ ਵਾਲੇ ਅਤੇ ਸਹੀ ਗੁਣਵੱਤਾ ਵਾਲੇ ਪੌਦੇ ਵੰਡੇ ਗਏ। ਇਸ ਦੇ ਨਾਲ, ਸਵਾਮੀ ਵਿਗਿਆਨਾਨੰਦ ਜੀ ਨੇ ਮੌਜੂਦ ਯੋਗ ਅਭਿਆਸੀਆਂ ਦੇ ਨਾਲ ਪਾਰਕ ਪਰਿਸਰ ਵਿੱਚ ਰੁੱਖ ਵੀ ਲਗਾਏ।

ਇਹ ਧਿਆਨ ਦੇਣ ਯੋਗ ਹੈ ਕਿ ਵਾਤਾਵਰਣ ਵਿਕਾਸ ਵੱਲ ਧਿਆਨ ਕੇਂਦਰਿਤ ਆਪਣੇ 'ਸੰਰਕਸ਼ਣ' ਪ੍ਰੋਜੈਕਟ ਦੇ ਤਹਿਤ, ਸੰਸਥਾ ਵੱਧ ਤੋਂ ਵੱਧ ਰੁੱਖ ਲਗਾਉਂਦੀ ਹੈ ਅਤੇ ਸੰਭਾਲਦੀ ਹੈ। ਇਸ ਦੇ ਨਾਲ, ਪ੍ਰੋਗਰਾਮ ਦੇ ਅੰਤ ਵਿੱਚ, ਸਾਰੇ ਪ੍ਰਕਿਰਤੀ ਪ੍ਰੇਮੀਆਂ ਨੇ ਜਲ ਸਰੋਤਾਂ ਦੀ ਸੰਭਾਲ ਅਤੇ ਵਾਧਾ ਕਰਨ, ਰੁੱਖ ਲਗਾਉਣ, ਪੂਰੇ ਪੌਦੇ ਸੰਸਾਰ ਦਾ ਵਿਕਾਸ ਕਰਨ ਅਤੇ ਇੱਕ ਸਾਫ਼ ਭਾਰਤ ਬਣਾਉਣ ਲਈ ਇੱਕ ਸਮੂਹਿਕ ਪ੍ਰਣ ਵੀ ਲਿਆ।

# ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਡੀ.ਸੀ. ਵੱਲੋਂ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ



ਫ਼ਿਰੋਜ਼ਪੁਰ, 2 ਜੁਲਾਈ (ਤਿਵਾੜੀ): ਜ਼ਿਲ੍ਹੇ ਵਿੱਚ ਸੰਭਾਵੀ ਹੜ੍ਹਾਂ ਦੀ ਸਥਿੱਤੀ ਨਾਲ ਨਜਿੱਠਣ ਲਈ ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਵੱਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਦਮਨਜੀਤ ਸਿੰਘ ਮਾਨ, ਐਸ.ਡੀ.ਐਮ. ਫ਼ਿਰੋਜ਼ਪੁਰ ਗੁਰਮੀਤ ਸਿੰਘ ਮਾਨ, ਐਸ.ਡੀ.ਐਮ. ਗੁਰੂਹਰਸਹਾਏ ਉਦੇਦੀਪ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਮੇਜਰ ਗੁਰਜਿੰਦਰ ਸਿੰਘ ਬੈਨੀਪਾਲ ਵੀ ਹਾਜ਼ਰ ਸਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹਾਲਾਂਕਿ ਹੁਣ ਤੱਕ ਜ਼ਿਲ੍ਹੇ ਅੰਦਰ ਸਥਿਤੀ ਨਾਰਮਲ ਹੈ, ਪਰੰਤੂ ਮਾਨਸੂਨ ਦੇ ਮੱਦੇਨਜ਼ਰ ਵੱਧ ਬਾਰਸ਼ਾਂ ਅਤੇ ਆਗਾਮੀ ਦਿਨਾਂ ਵਿੱਚ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਦੀ ਸੰਭਾਵਨਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੂਹ ਵਿਭਾਗਾਂ ਦੇ ਅਧਿਕਾਰੀ ਹੜ੍ਹ ਪ੍ਰਬੰਧਨ ਦੀਆਂ ਤਿਆਰੀਆਂ ਨੂੰ ਤਰਜੀਹ ਦੇਣ ਅਤੇ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਿਪਟਣ ਲਈ ਪਹਿਲਾਂ ਤੋਂ ਤਿਆਰੀ ਮੁਕੰਮਲ ਰੱਖਣ। ਉਨ੍ਹਾਂ ਸਮੂਹ ਐਸ.ਡੀ.ਐਮਜ਼ ਨੂੰ ਹੜ੍ਹਾਂ ਦੌਰਾਨ ਨਾਜ਼ੁਕ ਸਥਿਤੀ ਵਾਲੇ ਪਿੰਡਾਂ ਦੀ ਸੂਚੀ ਤਿਆਰ ਕਰਨ ਲਈ ਕਿਹਾ ਤਾਂ ਜੋ ਕਿਸੇ ਵੀ ਐਮਰਜੈਂਸੀ ਸਥਿਤੀ ਵਿੱਚ ਅਜਿਹੇ ਪਿੰਡਾਂ ਦੇ ਲੋਕਾਂ ਨੂੰ ਸੁਰੱਖਿਅਤ ਸਥਾਨਾਂ 'ਤੇ ਪਹੁੰਚਾਉਣ ਵਿੱਚ ਕੋਈ ਦਿੱਕਤ ਨਾ ਆਵੇ। ਇਸ ਤੋਂ ਇਲਾਵਾ ਸਮੂਹ ਵਿਭਾਗਾਂ ਨੂੰ ਆਪਸੀ ਤਾਲਮੇਲ ਕਾਇਮ ਰੱਖਣ ਲਈ ਕਿਹਾ ਅਤੇ ਜ਼ਿਲ੍ਹੇ ਦੀਆਂ ਐਨ.ਜੀ.ਓਜ਼ ਅਤੇ ਵਲੰਟੀਅਰਾਂ ਨਾਲ ਵੀ ਰਾਬਤਾ ਰੱਖਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਖੇ ਕਮਰਾ ਨੰ: 106 ਵਿਖੇ ਹੜ੍ਹ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਨੰ: 01632-244017 ਹੈ, ਜ਼ਿਲ੍ਹਾ ਵਾਸੀ ਹੜ੍ਹਾਂ ਸਬੰਧੀ ਕਿਸੇ ਵੀ ਕਿਸਮ ਦੀ ਹੰਗਾਮੀ ਸਥਿਤੀ ਦੌਰਾਨ ਇਸ ਨੰਬਰ 'ਤੇ ਸੰਪਰਕ ਕਰ ਸਕਦੇ ਹਨ। ਮੀਟਿੰਗ ਵਿੱਚ ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਹਰਜਿੰਦਰ ਸਿੰਘ, ਡਿਪਟੀ ਡਾਇਰੈਕਟਰ ਪਸ਼ੂ ਪਾਲਣ ਡਾ. ਹਿਮਾਂਸ਼ੂ ਸਿਆਲ, ਐਕਸੀਅਨ ਡਰੇਨੇਜ਼ ਗਿਤੇਸ਼ ਉਪਵੇਜਾ ਤੋਂ ਇਲਾਵਾ ਜਲ ਸਰੋਤ, ਬੀ.ਐਸ.ਐਫ਼, ਖੁਰਾਕ ਤੇ ਸਿਵਲ ਸਪਲਾਈ ਸਮੇਤ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਕੋਰ ਕਮੇਟੀ ਮੈਂਬਰ ਬਣਾਉਣ 'ਤੇ ਰਾਜੂ ਖੰਨਾ ਨੇ ਸੁਖਬੀਰ ਬਾਦਲ ਦਾ ਕੀਤਾ ਧੰਨਵਾਦ



ਅਮਲੋਹ, 2 ਜੁਲਾਈ (ਜਸਵੰਤ ਸਿੰਘ): ਸ਼੍ਰੋਮਣੀ ਅਕਾਲੀ ਦਲ ਵੱਲੋਂ ਐਲਾਨ ਕੀਤੀ ਜੱਥੇਬੰਦੀ ਵਿੱਚ ਹਲਕਾ ਅਮਲੋਹ ਦੇ ਕੋਰ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਸੀਨੀਅਰ ਲੀਡਰਸ਼ਿਪ ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸ੍ਰੀ ਰਾਜੂ ਖੰਨਾ ਪਾਰਟੀ ਨੂੰ ਸਮਰਪਿਤ ਤੇ ਮਿਹਨਤੀ ਆਗੂ ਹਨ, ਜਿਸ ਵਲੋਂ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ, ਜਿਸ ਨੂੰ ਮੁੱਖ ਰੱਖਦੇ ਹੋਏ ਉਸ ਨੂੰ ਪਾਰਟੀ ਦੀ ਇਹ ਅਹਿਮ ਜ਼ਿੰਮੇਵਾਰੀ ਦਿੱਤੀ ਗਈ ਹੈ। ਉਨ੍ਹਾਂ ਆਸ ਕੀਤੀ ਕਿ ਉਹ ਪਾਰਟੀ ਦੀ ਚੜ੍ਹਦੀਕਲਾ ਲਈ ਹਮੇਸ਼ਾ ਦੀ ਤਰ੍ਹਾਂ ਕਾਰਜ ਕਰਦੇ ਰਹਿਣਗੇ। ਸ੍ਰੀ ਰਾਜੂ ਖੰਨਾ ਨੇ ਪਾਰਟੀ ਪ੍ਰਧਾਨ ਅਤੇ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਪਾਰਟੀ ਦੀ ਮਜ਼ਬੂਤੀ ਲਈ ਸਖਤ ਮਿਹਨਤ ਜਾਰੀ ਰੱਖਣਗੇ।

# 26ਵੇਂ ਸਾਲਾਨਾ ਲੰਗਰ ਦੀਆਂ ਤਿਆਰੀਆਂ ਸਬੰਧੀ ਅਹਿਮ ਮੀਟਿੰਗ

ਕੋਟ ਈਸੇ ਖਾਂ, 2 ਜੁਲਾਈ (ਗਾਂਧੀ/ਖੁਰਾਣਾ): ਸਥਾਨਕ ਕਸਬੇ ਦੀ ਨਾਮਵਰ ਪੁਰਾਣੀ ਧਾਰਮਿਕ ਸੰਸਥਾ ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ, ਕੋਟ ਈਸੇ ਖਾਂ (ਰਜਿ:) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼੍ਰੀ ਸ਼ੀਤਲਾ ਮਾਤਾ ਮੰਦਰ, ਹਿਮਾਚਲ ਪ੍ਰਦੇਸ਼ 'ਚ 26ਵਾਂ ਸਾਲਾਨਾ ਲੰਗਰ ਲਗਾਉਣ ਸਬੰਧੀ ਕਮੇਟੀ ਦੇ ਸੇਵਾਦਾਰਾਂ ਦੀ ਇੱਕ ਅਹਿਮ ਮੀਟਿੰਗ ਸ੍ਰੀ ਸ਼ਿਵ ਸ਼ਕਤੀ ਮੰਦਰ, ਕੋਟ ਈਸੇ ਖਾਂ, ਦਾਤਾ ਰੋਡ ਵਿਖੇ ਹੋਈ। ਇਸ ਮੌਕੇ ਹੋਰ ਜਾਣਕਾਰੀ ਦਿੰਦਿਆਂ ਹੋਇਆਂ ਸ਼੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ ਦੇ ਸੇਵਾਦਾਰਾਂ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਕਸਬਾ,ਇਲਾਕਾ ਨਿਵਾਸੀਆਂ ਅਤੇ ਐਨ.ਆਰ.ਆਈ. ਵੀਰਾਂ-ਭੈਣਾਂ ਦੇ ਸਹਿਯੋਗ ਨਾਲ ਸ੍ਰੀ ਸ਼ੀਤਲਾ ਮਾਤਾ ਲੰਗਰ ਕਮੇਟੀ ਵੱਲੋਂ ਸ੍ਰੀ ਸ਼ੀਤਲਾ ਮਾਤਾ ਮੰਦਰ, ਹਿਮਾਚਲ ਪ੍ਰਦੇਸ਼ 'ਚ 26ਵਾਂ ਸਾਲਾਨਾ ਲੰਗਰ 26 ਜੁਲਾਈ ਤੋਂ 01 ਅਗਸਤ ਤੱਕ ਬੜੀ ਸ਼ਰਧਾ ਨਾਲ ਲਗਾਇਆ ਜਾ ਰਿਹਾ ਹੈ। ਲੰਗਰ ਲਗਾਉਣ ਸਬੰਧੀ ਸਾਰੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਜਿਸ ਵਿੱਚ ਸਥਾਨਕ ਕਸਬੇ ਵਿੱਚੋਂ ਲੰਗਰ ਲਗਾਉਣ ਲਈ ਦਾਨ ਰਾਸ਼ੀ ਅਤੇ ਰਸਦ ਵੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ। ਉਹਨਾਂ ਅੱਗੇ ਕਿਹਾ ਕਿ ਲੰਗਰ ਲਗਾਉਣ ਲਈ ਕਸਬੇ ਅਤੇ ਇਲਾਕੇ ਵਿੱਚ ਪਹਿਲਾਂ ਨਾਲੋਂ ਵੀ ਜ਼ਿਆਦਾ ਸਹਿਯੋਗ ਮਿਲ ਰਿਹਾ ਹੈ। ਉਨ੍ਹਾਂ ਅੱਗੇ ਦੱਸਿਆ ਕਿ 23 ਜੁਲਾਈ ਬੁੱਧਵਾਰ ਨੂੰ ਮਾਤਾ ਰਾਣੀ ਦੇ ਸਾਲਾਨਾ ਝੰਡੇ ਦੀ ਸ਼ੋਭਾ ਯਾਤਰਾ ਵੀ ਕੱਢੀ ਜਾਵੇਗੀ।

# ਨਸਲ ਸੁਧਾਰ ਲਈ 59,221 ਗਊਆਂ ਤੇ ਮੱਝਾਂ ਨੂੰ ਲਗਾਏ ਮਨਸੂਈ ਗਰਭਦਾਨ ਦੇ ਟੀਕੇ: ਡਾ. ਨਵਦੀਪ ਸ਼ਰਮਾ



ਮੰਡੀ ਗੋਬਿੰਦਗੜ੍ਹ, 2 ਜੁਲਾਈ (ਸੂਦ): ਪਸ਼ੂ ਪਾਲਣ ਵਿਭਾਗ ਪਸ਼ੂ ਪਾਲਕਾਂ ਨੂੰ ਵੱਖ-ਵੱਖ ਸਕੀਮਾਂ ਦਾ ਲਾਭ ਦੇਣ ਲਈ ਦ੍ਰਿੜਤਾ ਨਾਲ ਕੰਮ ਕਰ ਰਿਹਾ ਹੈ ਅਤੇ ਵਿਭਾਗ ਵੱਲੋਂ ਲੰਘੇ ਮਾਲੀ ਸਾਲ ਦੌਰਾਨ ਪਸ਼ੂਆਂ ਦੀ ਨਸਲ ਸੁਧਾਰ ਲਈ 59,221 ਗਊਆਂ ਅਤੇ ਮੱਝਾਂ ਨੂੰ ਮਨਸੂਈ ਗਰਭਦਾਨ ਦੇ ਟੀਕੇ ਲਗਾਏ ਗਏ ਹਨ। ਇਹ ਜਾਣਕਾਰੀ ਦਿੰਦਿਆਂ ਪਸ਼ੂ ਪਾਲਣ ਵਿਭਾਗ ਦੇ ਸਹਾਇਕ ਡਾਇਰੈਕਟਰ ਡਾ: ਨਵਦੀਪ ਸ਼ਰਮਾ ਨੇ ਦੱਸਿਆ ਕਿ ਇਹ ਟੀਕੇ ਬਹੁਤ ਹੀ ਘੱਟ ਰੇਟ 'ਤੇ ਉਪਲਬਧ ਕਰਵਾਏ ਗਏ ਤਾਂ ਜੋ ਵਧੀਆ ਕਿਸਮ ਦੀਆਂ ਦੁੱਧ ਦੇਣ ਵਾਲੀਆਂ ਵੱਛੀਆਂ ਅਤੇ ਕੱਟੀਆਂ ਪੈਦਾ ਹੋ ਸਕਣ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਦੀ ਏ.ਬੀ.ਆਈ.ਪੀ.-ਐਸ.ਐਸ. ਸਕੀਮ ਅਧੀਨ ਕੇਵਲ ਕੱਟੀਆਂ ਤੇ ਵੱਛੀਆਂ ਪੈਦਾ ਹੋਣ ਦੇ ਮੰਤਵ ਨਾਲ 2357 ਸੈਕਸਡ ਸੀਮਨ ਦੀਆਂ ਖੁਰਾਕਾਂ ਨਾਲ ਮਨਸੂਈ ਗਰਭਦਾਨ ਵੀ ਕੀਤਾ ਗਿਆ, ਤਾਂ ਜੋ ਅਵਾਰਾ ਪਸ਼ੂਆਂ ਦੀ ਗਿਣਤੀ ਘੱਟ ਸਕੇ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਜ਼ਿਲ੍ਹੇ ਦੀਆਂ ਪਸ਼ੂ ਸੰਸਥਾਵਾਂ ਵਿੱਚ 1,29,086 ਪਸ਼ੂਆਂ ਦਾ ਇਲਾਜ ਕੀਤਾ ਗਿਆ ਅਤੇ 1,82,000 ਨੂੰ ਪੇਟ ਦੇ ਕੀੜਿਆਂ ਦੀ ਮੁਫਤ ਦਵਾਈ ਦਿੱਤੀ ਗਈ। ਪਸ਼ੂਆਂ ਨੂੰ ਗਲਘੋਟੂ ਤੇ ਮੂੰਹ-ਖੁਰ ਦੀ ਬਿਮਾਰੀ ਤੋਂ ਬਚਾਅ ਲਈ ਵੈਕਸੀਨ ਵੀ ਕੀਤੀ ਗਈ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਕੌਮੀ ਦੁੱਧ ਰਿਕਾਰਡ ਪ੍ਰੋਗਰਾਮ ਅਧੀਨ ਵੱਧ ਦੁੱਧ ਦੇਣ ਵਾਲੀਆਂ ਗਊਆਂ ਦੀ ਸ਼ਨਾਖਤ ਲਈ 380 ਪਸ਼ੂਆਂ ਦੀ ਮਹੀਨਾਵਾਰ ਚੁਆਈਆਂ ਚੱਲ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਪਸ਼ੂ ਪਾਲਣ ਦੇ ਧੰਦੇ ਨੂੰ ਉਤਸ਼ਾਹਤ ਕਰਨ ਲਈ ਪਿੰਡਾਂ ਵਿੱਚ ਵੱਡੇ ਪੱਧਰ 'ਤੇ ਕੈਂਪ ਲਗਾਏ ਜਾ ਰਹੇ ਹਨ।

# ਰਿਮਟ ਯੂਨੀਵਰਸਿਟੀ ਦੇ ਸਕੂਲ ਆਫ਼ ਐਜੂਕੇਸ਼ਨ ਨੇ ਛੇ ਰੋਜ਼ਾ ਫ਼ੈਕਲਟੀ ਵਿਕਾਸ ਪ੍ਰੋਗਰਾਮ ਕਰਵਾਇਆ




ਮੰਡੀ ਗੋਬਿੰਦਗੜ੍ਹ, 2 ਜੁਲਾਈ (ਸੂਦ): ਰਿਮਟ ਯੂਨੀਵਰਸਿਟੀ ਮੰਡੀ ਗੋਬਿੰਦਗੜ੍ਹ ਦੇ ਸਕੂਲ ਆਫ਼ ਐਜੂਕੇਸ਼ਨ ਨੇ 'ਯੋਗਾ ਰਾਹੀਂ ਸੰਪੂਰਨ ਵਿਕਾਸ: ਇੱਕ ਫੈਕਲਟੀ ਤੰਦਰੁਸਤੀ ਪਹਿਲ' ਵਿਸ਼ੇ 'ਤੇ ਛੇ-ਦਿਨਾਂ ਫੈਕਲਟੀ ਵਿਕਾਸ ਪ੍ਰੋਗਰਾਮ ਕਰਵਾਇਆ, ਜਿਸ ਦਾ ਉਦੇਸ਼ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਵਿਕਾਸ ਰਾਹੀਂ ਅਧਿਆਪਕਾਂ ਦੀ ਸਮੁੱਚੀ ਸਿਹਤ ਅਤੇ ਕਾਰਜਸ਼ੀਲਤਾ ਨੂੰ ਵਧਾਉਣਾ ਸੀ। ਇਸ ਦੇ ਉਦਘਾਟਨ ਸਮਾਰੋਹ ਵਿੱਚ ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਡਾ. ਜੀਵਨਾਨੰਦ ਮਿਸ਼ਰਾ, ਪ੍ਰੋ-ਵਾਈਸ ਚਾਂਸਲਰ ਡਾ. ਸੀ.ਐਸ. ਸ਼ਰਮਾ, ਰਜਿਸਟਰਾਰ ਰਾਕੇਸ਼ ਮੋਹਨ ਅਤੇ ਵੱਖ-ਵੱਖ ਵਿਭਾਗਾਂ ਦੇ ਵਿਭਾਗਾਂ ਦੇ ਮੁਖੀ ਸ਼ਾਮਲ ਹੋਏ। ਸਕੂਲ ਆਫ਼ ਐਜੂਕੇਸ਼ਨ ਵਿਭਾਗ ਦੇ ਮੁੱਖੀ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਪ੍ਰੋਗਰਾਮ ਦੀ ਰੂਪ-ਰੇਖਾ ਪੇਸ਼ ਕਰਦੇ ਹੋਏ ਸਰੋਤ ਵਿਅਕਤੀ ਸਿਖਲਾਈ ਪ੍ਰਾਪਤ ਯੋਗਾ ਇੰਸਟਰਕਟਰ ਅਤੇ ਡੀਨ ਦੀ ਜਾਣ-ਪਹਿਚਾਣ ਕਰਵਾਈ। ਪ੍ਰੋਗਰਾਮ ਦਾ ਅਗਾਜ਼ ਸ਼ਮਾਂ ਰੌਸ਼ਨ ਨਾਲ ਹੋਇਆ ਅਤੇ 30 ਵਿਅਕਤੀਆਂ ਨੇ ਇਸ ਵਿਚ ਭਾਗ ਲਿਆ। ਜਿਨ੍ਹਾਂ ਵਿਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਫੈਕਲਟੀ ਮੈਂਬਰ ਸ਼ਾਮਲ ਸਨ। ਸਰੋਤ ਵਿਅਕਤੀ ਨੇ ਭਾਗੀਦਾਰਾਂ ਨੂੰ ਵੱਖ-ਵੱਖ ਯੋਗਾਸਨਾਂ, ਪ੍ਰਾਣਾਯਾਮ ਅਤੇ ਮੁਦਰਾਵਾਂ ਦੀ ਵਿਹਾਰਕ ਸਿਖਲਾਈ ਦਿੱਤੀ। ਉਨ੍ਹਾਂ ਯੋਗ ਦੇ ਫਾਇਦਿਆਂ 'ਤੇ ਚਾਨਣਾ ਪਾਇਆ ਅਤੇ ਦੱਸਿਆ ਕਿ ਕਿਵੇਂ ਨਿਯਮਤ ਅਭਿਆਸ ਅੰਦਰੂਨੀ ਸ਼ਾਂਤੀ, ਮਾਨਸਿਕ ਸੰਤੁਲਨ ਅਤੇ ਕੁਸ਼ਲਤਾ ਵਿੱਚ ਵਾਧਾ ਕਰ ਸਕਦਾ ਹੈ। ਯੂਨੀਵਰਸਿਟੀ ਦੇ ਚਾਂਸਲਰ ਵਿਜਯੰਤ ਬਾਂਸਲ ਨੇ ਇਸ ਕਾਰਜ਼ ਦੀ ਸ਼ਲਾਘਾ ਕੀਤੀ। ਸਮਾਪਤੀ ਮੌਕੇ ਪ੍ਰੋ. ਵਾਈਸ ਚਾਂਸਲਰ ਡਾ. ਬੀ.ਐਸ. ਭਾਟੀਆ ਨੇ ਪ੍ਰੋਗਰਾਮ ਦੀ ਸਫਲਤਾ ਲਈ ਪ੍ਰਬੰਧਕਾਂ ਨੂੰ ਵਧਾਈ ਦਿੰਦੇ ਹੋਏ ਭਵਿੱਖ ਵਿਚ ਵੀ ਅਜਿਹੇ ਪ੍ਰੋਗਰਾਮ ਜਾਰੀ ਰੱਖਣ ਦੀ ਗੱਲ ਆਖੀ। ਬਾਅਦ ਵਿਚ ਭਾਗ ਲੈਣ ਵਾਲਿਆਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ।

# ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਨੇ ਵੱਖ-ਵੱਖ ਪਿੰਡਾਂ ਦੇ ਖਿਡਾਰੀਆਂ ਨੂੰ ਸਪੋਰਟਸ ਬੂਟ ਵੰਡੇ



ਫਾਜ਼ਿਲਕਾ, 2 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਡਾ. ਬੀ. ਡੀ. ਸਚਦੇਵਾ ਮੈਮੋਰੀਅਲ ਵੈਲਫੇਅਰ ਸੋਸਾਇਟੀ, ਫਾਜ਼ਿਲਕਾ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਖਿਡਾਰੀਆਂ ਨੂੰ ਸਪੋਰਟਸ ਬੂਟ ਅਤੇ ਹੋਰ ਖੇਡ ਸਮੱਗਰੀ ਵੰਡਣ ਦੀ ਮੁਹਿੰਮ ਚਲਾਈ ਗਈ ਹੈ। ਚੇਅਰਮੈਨ ਅਜੈ ਸਚਦੇਵਾ ਨੇ ਕਿਹਾ ਖੇਡਾਂ ਨੌਜਵਾਨਾਂ ਨੂੰ ਸਕਾਰਾਤਮਕ ਦਿਸ਼ਾ ਵੱਲ ਲੈ ਜਾਣ ਦਾ ਸਰਵੋਤਮ ਸਾਧਨ ਹਨ। ਉਨ੍ਹਾਂ ਅੱਗੇ ਕਿਹਾ ਕਿ ਵੱਖ-ਵੱਖ ਪਿੰਡਾਂ ਅਤੇ ਵਾਰਡਾਂ ਦੇ ਖਿਡਾਰੀਆਂ ਨੂੰ ਮੁਫ਼ਤ ਖੇਡ ਸਮੱਗਰੀ ਦਿੱਤੀ ਜਾ ਰਹੀ ਹੈ ਤਾਂ ਜੋ ਉਹ ਆਪਣੀ ਖੇਡ ਪ੍ਰਤਿਭਾ ਨੂੰ ਨਿਖਾਰ ਸਕਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰਕ ਤੰਦਰੁਸਤੀ ਲਈ ਲਾਭਕਾਰੀ ਹਨ, ਸਗੋਂ ਇਹ ਟੀਮ ਵਰਕ, ਅਨੁਸ਼ਾਸਨ ਅਤੇ ਸਵੈ-ਵਿਸ਼ਵਾਸ ਵਰਗੇ ਗੁਣ ਵੀ ਵਿਕਸਿਤ ਕਰਦੀਆਂ ਹਨ। ਜਨਰਲ ਸਕੱਤਰ ਪੂਜਾ ਲੂਥਰਾ ਸਚਦੇਵਾ ਨੇ ਦੱਸਿਆ ਕਿ ਸੋਸਾਇਟੀ ਚਾਹੁੰਦੀ ਹੈ ਕਿ ਨੌਜਵਾਨ ਖੇਡਾਂ ਰਾਹੀਂ ਆਪਣੇ ਜੀਵਨ ਨੂੰ ਨਵੀਂ ਦਿਸ਼ਾ ਦੇਣ। ਉਨ੍ਹਾਂ ਦੱਸਿਆ ਕਿ ਹੁਣ ਤੱਕ ਸੈਂਕੜੇ ਨੌਜਵਾਨ ਖਿਡਾਰੀਆਂ ਨੂੰ ਕ੍ਰਿਕਟ, ਫੁੱਟਬਾਲ, ਵਾਲੀਬਾਲ ਆਦਿ ਨਾਲ ਸਬੰਧਤ ਖੇਡ ਸਮੱਗਰੀ ਵੰਡੀ ਜਾ ਚੁੱਕੀ ਹੈ। ਉਨ੍ਹਾਂ ਅਖੀਰ ਵਿੱਚ ਕਿਹਾ ਕਿ ਇਸ ਪਹਿਲਕਦਮੀ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਆਕਰਸ਼ਿਤ ਕਰਨਾ ਤੇ ਉਨ੍ਹਾਂ ਨੂੰ ਸਿਹਤਮੰਦ ਜੀਵਨਸ਼ੈਲੀ ਵੱਲ ਮੋੜਨਾ ਹੈ।

# ਬੈਂਕਾਂ ਨਾਲ ਜੁੜ ਕੇ ਪ੍ਰਾਪਤ ਕੀਤਾ ਜਾਵੇ ਲਾਭ: ਅਮਨਦੀਪ ਕੌਰ



ਤਰਨ ਤਾਰਨ, 2 ਜੁਲਾਈ (ਪ੍ਰਸ਼ਪਿੰਦਰ ਬੰਟੀ/ਗੁਰਵਿੰਦਰ ਸਿੰਘ): ਆਰ ਬੀ ਆਈ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਰੋਹ ਫਾਊਂਡੇਸ਼ਨ ਰਾਹੀਂ ਫ਼ਾਈਨੈਂਸ ਕੌਂਸਲਰ ਅਮਨਦੀਪ ਕੌਰ 'ਕੱਦ ਗਿੱਲ' ਵੱਲੋਂ ਸਟੇਟ ਮੁੱਖੀ ਪ੍ਰਦੀਪ ਪ੍ਰਜਾਪਤੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਬਲਾਕ ਤਰਨਤਾਰਨ ਦੇ ਅਧੀਨ ਆਉਂਦੇ ਪਿੰਡ ਮਾਨੋਚਾਹਲ ਵਿਖੇ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਵਿੱਤੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਦੌਰਾਨ ਵਿੱਤੀ ਸਾਖਰਤਾ ਨਾਲ ਸਬੰਧਤ ਜਾਣਕਾਰੀ ਸਾਂਝੀ ਕਰਦਿਆਂ ਐਫ ਸੀ ਅਮਨਦੀਪ ਕੌਰ 'ਕੱਦ ਗਿੱਲ' ਨੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਲੋਕਾਂ ਦਾ ਵਿੱਤੀ ਤੌਰ 'ਤੇ ਸਾਖਰ ਹੋਣਾ ਬਹੁਤ ਜ਼ਰੂਰੀ ਹੈ। ਇਸ ਮੌਕੇ ਇਨ੍ਹਾਂ ਬੈਂਕਿੰਗ ਸੇਵਾਵਾਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਪੈਸੇ ਨੂੰ ਸਮਝਦਾਰੀ ਨਾਲ ਖਰਚ ਕਰਨਾ ਚਾਹੀਦਾ ਹੈ। ਇਸ ਤੋਂ ਪਹਿਲਾਂ ਕੈਂਪ ਦੀ ਸ਼ੁਰੂਆਤ ਵਿੱਚ ਮੋਹਤਬਰ ਵਿਅਕਤੀਆਂ ਅਤੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਇਹਨਾਂ ਵੱਲੋਂ ਕੀਤੀ। ਪ੍ਰੋਜੈਕਟ ਰਾਹੀਂ ਵੱਖ-ਵੱਖ ਜਾਗਰੂਕਤਾ ਵੀਡੀਓ ਵੀ ਦਿਖਾ ਕਿ ਉਨ੍ਹਾਂ 'ਤੇ ਵਿਸਥਾਰ ਪੂਰਵਕ ਚਰਚਾ ਕੀਤੀ। ਇਸ ਮੌਕੇ ਆਰ ਬੀ ਆਈ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਰੋਹ ਫਾਊਂਡੇਸ਼ਨ ਰਾਹੀਂ ਚੱਲ ਰਹੇ ਇਸ ਪ੍ਰੋਜੈਕਟ ਬਾਰੇ ਜਾਣਕਾਰੀ ਸਾਂਝੀ ਕੀਤੀ। ਕਿਸੇ ਅਣਜਾਣ ਨੂੰ ਨਾ ਫੋਨ 'ਤੇ ਦਿਉ ਆਪਣੀ ਜਾਣਕਾਰੀ: ਇਨ੍ਹਾਂ ਸਾਈਬਰ ਧੋਖਾਦੇਹੀ ਬਾਰੇ ਜਾਗਰੂਕ ਕਰਦਿਆਂ ਇਹਨਾਂ ਦੱਸਿਆ ਕਿ ਮੋਬਾਇਲ 'ਤੇ ਆਇਆ ਉ ਟੀ ਪੀ ਕਿਸੇ ਵੀ ਅਣਜਾਣ ਵਿਅਕਤੀ ਨਾਲ ਸਾਂਝਾ ਨਾ ਕੀਤਾ ਜਾਵੇ ਤੇ ਸੋਸ਼ਲ ਮੀਡੀਆ 'ਤੇ ਭਰਮਾਉਣ ਵਾਲੇ ਆਉਂਦੇ ਸੁਨੇਹਿਆਂ ਤੋਂ ਜ਼ਰੂਰ ਬਚਿਆ ਜਾਵੇ ਕਿਉਂਕਿ ਸੋਸ਼ਲ ਮੀਡੀਆ ਦੇ ਅਜੋਕੇ ਸਮੇਂ ਵਿੱਚ ਇਹ ਸਾਈਬਰ ਧੋਖਾਦੇਹੀ ਵੱਧਣ ਦਾ ਸਭ ਤੋਂ ਵੱਡਾ ਕਾਰਨ ਹਨ। ਦੱਸਿਆ ਕਿ ਕਿਸੇ ਤਰ੍ਹਾਂ ਦੀ ਠੱਗੀ ਦੇ ਸ਼ਿਕਾਰ ਹੋਣ ਤੋਂ ਬਚਣ ਲਈ ਫੋਨ 'ਤੇ ਆਏ ਕਿਸੇ ਅਣਜਾਣ ਲਿੰਕ ਨੂੰ ਨਾ ਛੇੜੋ ਅਤੇ ਨਾ ਹੀ ਕਿਸੇ ਤੋਹਫ਼ੇ ਜਾਂ ਰਿਆਇਤ 'ਤੇ ਦਿੱਤੀਆਂ ਜਾਂਦੀਆਂ ਵਸਤੂਆਂ ਦੇ ਲਾਲਚ ਵਿੱਚ ਆ ਕੇ ਕਿਸੇ ਅਣਜਾਣ ਵਿਅਕਤੀ ਨੂੰ ਆਪਣੇ ਨਿੱਜੀ ਕਾਗਜ਼ਾਤ ਭੇਜੋ ; ਕਿਸੇ ਨੂੰ ਆਨਲਾਈਨ ਪੈਸੇ ਭੇਜਣ ਤੋਂ ਪਹਿਲਾਂ ਉਸ ਦੀ ਚੰਗੀ ਤਰ੍ਹਾਂ ਜਾਂਚ ਜ਼ਰੂਰ ਕਰ ਲਈ ਜਾਵੇ। ਠੱਗੀ ਦਾ ਸ਼ਿਕਾਰ ਹੋਣ 'ਤੇ 1930 'ਤੇ ਦਿਉ ਜਾਣਕਾਰੀ: ਆਨਲਾਈਨ ਠੱਗੀ ਦਾ ਸ਼ਿਕਾਰ ਹੋਣ 'ਤੇ 1930 'ਤੇ ਦੱਸੀ ਜਾਵੇ ਆਨਲਾਈਨ ਹੋ ਰਹੀ ਧੋਖਾਦੇਹੀ। ਇਨ੍ਹਾਂ ਕਿਹਾ ਕਿ ਅੱਜ ਕੱਲ੍ਹ ਫੋਨ 'ਤੇ ਵੱਖ-ਵੱਖ ਬੈਂਕਾਂ ਦੇ ਨਾਮ ਤੋਂ ਇਲਾਵਾ ਹੋਰ ਸਾਰੇ ਤਰੀਕਿਆਂ ਨਾਲ ਧੋਖਾ ਦੇਹੀ ਦੇ ਮਾਮਲਿਆਂ ਦੀ ਤਾਦਾਦ ਦਿਨੋਂ ਦਿਨ ਵੱਧ ਰਹੀ ਹੈ, ਜਿਸ ਨੂੰ ਰੋਕਣ ਲਈ ਦੇਸ਼ ਦੇ ਹਰੇਕ ਨਾਗਰਿਕ ਦਾ ਸਹਿਯੋਗ ਦੇਣ।

# ਨੌਜਵਾਨ 'ਤੇ ਭਿਆਨਕ ਹਮਲਾ, ਗੰਭੀਰ ਰੂਪ 'ਚ ਜ਼ਖ਼ਮੀ




ਭੋਗਪੁਰ, 2 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਭੋਗਪੁਰ ਦੇ ਗੁਰੂ ਰਾਮਦਾਸ ਨਗਰ ਵਾਰਡ ਨੰਬਰ 9 ਵਿਚ ਰਹਿਣ ਵਾਲੇ ਸਤਵਿੰਦਰ ਸਿੰਘ 'ਤੇ ਮੁਹੱਲੇ ਵਿੱਚ ਹੀ ਹਮਲਾ ਕਰ ਦਿੱਤਾ ਗਿਆ। ਸਤਵਿੰਦਰ ਸਿੰਘ ਦੇ ਪਿਤਾ ਬੂਟਾ ਸਿੰਘ ਨੇ ਦੱਸਿਆ ਕਿ ਉਹਨਾਂ ਦੇ ਹੀ ਮੁਹੱਲੇ ਵਿੱਚ ਰਹਿਣ ਵਾਲੇ 2 ਨੌਜਵਾਨ ਅਤੇ ਇਹਨਾਂ ਦੇ ਨਾਲ ਇੱਕ ਬਿਹਾਰੀ ਭਈਆ ਵੀ ਮੌਜੂਦ ਸਨ, ਦੱਸਿਆ ਕਿ ਇਹਨਾਂ 'ਤੇ ਭੋਗਪੁਰ ਥਾਣੇ ਵਿੱਚ ਪਹਿਲੇ ਵੀ ਮਾਮਲੇ ਦਰਜ ਹਨ ਅਤੇ ਹੁਣ ਵੀ ਇਹਨਾਂ ਨੇ ਸ਼ਰਾਬ ਦੇ ਨਸ਼ੇ ਵਿੱਚ ਸਤਵਿੰਦਰ ਸਿੰਘ 'ਤੇ ਬਿਨਾਂ ਕਾਰਨ ਭਿਆਨਕ ਹਮਲਾ ਕੀਤਾ ਹੈ। ਸਤਵਿੰਦਰ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋਇਆ ਤੇ ਉਸ ਨੂੰ ਕਾਲਾ ਬੱਕਰਾ ਦੇ ਸਿਵਲ ਹਸਪਤਾਲ ਵਿੱਚ ਲਿਜਾਇਆ ਗਿਆ। ਸਤਵਿੰਦਰ ਸਿੰਘ ਦੀ ਇੰਨੀ ਬੁਰੀ ਤਰ੍ਹਾਂ ਪਿਟਾਈ ਕੀਤੀ ਗਈ ਕਿ ਉਸ ਦੇ ਸਰੀਰ 'ਤੇ ਗਹਿਰੀਆਂ ਸੱਟਾਂ ਵੱਜੀਆਂ ਅਤੇ ਸਿਰ ਵਿੱਚ 9 ਟਾਂਕੇ ਵੀ ਲਗਾਏ ਗਏ। ਇਸ ਦੇ ਸਬੰਧ ਵਿੱਚ ਮੁਹੱਲਾ ਨਿਵਾਸੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਮੁਹੱਲਾ ਨਿਵਾਸੀਆਂ ਨੇ ਵੀ ਪ੍ਰਸ਼ਾਸਨ ਕੋਲੋਂ ਦੋਸ਼ੀਆਂ 'ਤੇ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਮੁਹੱਲਾ ਨਿਵਾਸੀਆਂ ਨੇ ਕਿਹਾ ਕਿ ਮੁਹੱਲੇ ਵਿੱਚ ਲਗਾਤਾਰ ਹੋ ਰਹੇ ਡਰਾਮਿਆਂ ਨੂੰ ਰੋਕਿਆ ਜਾਵੇ। ਕਿਹਾ ਕਿ ਖਾਸ ਕਰਕੇ ਇਸ ਗਲੀ ਵਿੱਚ ਸਦਾ ਹੀ ਲੜਾਈ ਝਗੜੇ ਰਹਿੰਦੇ ਹਨ ਪ੍ਰਸ਼ਾਸਨ ਸਖਤੀ ਨਾਲ ਦੋਸ਼ੀਆਂ 'ਤੇ ਕਾਨੂੰਨੀ ਕਾਰਵਾਈ ਕਰੇ ਤਾਂ ਕਿ ਲੋਕ ਸ਼ਾਂਤੀ ਨਾਲ ਰਹਿ ਸਕਣ।

# ਦਲਾਈ ਲਾਮਾ ਦੇ ਉੱਤਰਾਧਿਕਾਰੀ 'ਤੇ ਭਾਰਤ ਦਾ ਸਾਵਧਾਨੀ ਵਾਲਾ ਰਵੱਈਆ



ਨਵੀਂ ਦਿੱਲੀ, 2 ਜੁਲਾਈ (ਚ.ਨ.ਸ.): ਭਾਰਤੀ ਸੰਸਥਾਨ ਅਗਲੇ ਦਲਾਈ ਲਾਮਾ ਦੇ ਪੁਨਰ-ਅਵਤਾਰ ਦੀ ਪ੍ਰਕਿਰਿਆ 'ਤੇ ਹੋਣ ਵਾਲੇ ਸੰਭਾਵਿਤ ਐਲਾਨ ਦੇ ਸਬੰਧ ਵਿੱਚ 'ਉਡੀਕ ਅਤੇ ਵੇਖੋ' ਦੀ ਨੀਤੀ ਅਪਣਾਏਗਾ ਤੇ ਇਸ ਚੋਣ ਪ੍ਰਕਿਰਿਆ ਤੋਂ ਚੀਨ ਨੂੰ ਦੂਰ ਰੱਖਣ ਦਾ ਇੱਛੁਕ ਹੈ। ਇਹ ਐਲਾਨ 2 ਜੁਲਾਈ ਤੋਂ ਹਿਮਾਚਲ ਪ੍ਰਦੇਸ਼ ਦੇ ਮੈਕਲੋਡਗੰਜ ਵਿੱਚ ਸ਼ੁਰੂ ਹੋਈ ਤਿੰਨ-ਰੋਜ਼ਾ ਵਿਸ਼ਵ ਬੋਧੀ ਕਾਨਫਰੰਸ ਦੌਰਾਨ ਹੋਣ ਦੀ ਉਮੀਦ ਹੈ। ਸੂਤਰਾਂ ਦਾ ਕਹਿਣਾ ਹੈ ਕਿ ਨਵੀਂ ਦਿੱਲੀ ਇਸ ਮਾਮਲੇ ਵਿੱਚ ਕਿਸੇ ਵੀ ਚੀਨੀ ਦਖਲ-ਅੰਦਾਜ਼ੀ ਦਾ ਸਖ਼ਤ ਵਿਰੋਧ ਕਰੇਗੀ ਤੇ ਰਸਮੀ ਐਲਾਨ ਹੋਣ ਤੋਂ ਬਾਅਦ ਹੀ ਆਪਣਾ ਅਧਿਕਾਰਤ ਪੱਖ ਤੈਅ ਕਰੇਗੀ। 14ਵੇਂ ਦਲਾਈ ਲਾਮਾ, ਤੇਨਜ਼ਿਨ ਗਯਾਤਸੋ, ਪਹਿਲਾਂ ਹੀ ਜਨਤਕ ਤੌਰ 'ਤੇ ਕਹਿ ਚੁੱਕੇ ਹਨ ਕਿ ਪੁਨਰ-ਅਵਤਾਰ ਦੀ ਪ੍ਰਕਿਰਿਆ ਵਿੱਚ ਬੀਜਿੰਗ ਦੀ ਕੋਈ ਭੂਮਿਕਾ ਨਹੀਂ ਹੋਣੀ ਚਾਹੀਦੀ। 6 ਜੁਲਾਈ ਨੂੰ 90 ਸਾਲ ਦੇ ਹੋ ਜਾ ਰਹੇ 14ਵੇਂ ਦਲਾਈ ਲਾਮਾ ਨੇ ਪਹਿਲਾਂ ਐਲਾਨ ਕੀਤਾ ਸੀ ਕਿ ਦਲਾਈ ਲਾਮਾ ਸੰਸਥਾ ਦੇ ਜਾਰੀ ਰਹਿਣ ਤੇ ਪੁਨਰ-ਅਵਤਾਰ ਬਾਰੇ ਫ਼ੈਸਲੇ ਉਸ ਮੀਲ ਪੱਥਰ ਦੀ ਉਮਰ 'ਤੇ ਸੀਨੀਅਰ ਤਿੱਬਤੀ ਬੋਧੀ ਆਗੂਆਂ ਨਾਲ ਸਲਾਹ-ਮਸ਼ਵਰੇ ਨਾਲ ਕੀਤੇ ਜਾਣਗੇ। ਸੋਮਵਾਰ ਨੂੰ ਮੈਕਲੋਡਗੰਜ ਵਿੱਚ ਇੱਕ ਇਕੱਠ ਨੂੰ ਸੰਬੋਧਨ ਕਰਦਿਆਂ ਦਲਾਈ ਲਾਮਾ ਨੇ ਕਿਹਾ ਕਿ ਇੱਕ ਤਰ੍ਹਾਂ ਦਾ ਢਾਂਚਾ ਹੋਵੇਗਾ, ਜਿਸ ਦੇ ਅੰਦਰ ਅਸੀਂ ਦਲਾਈ ਲਾਮਾ ਸੰਸਥਾ ਦੇ ਜਾਰੀ ਰਹਿਣ ਬਾਰੇ ਗੱਲ ਕਰ ਸਕਦੇ ਹਾਂ। ਤਿੱਬਤੀ ਪ੍ਰਸ਼ਾਸਨ ਦੇ ਸੂਤਰਾਂ ਨੇ ਧੀਰਜ ਰੱਖਣ ਦੀ ਸਲਾਹ ਦਿੱਤੀ ਹੈ, ਇਹ ਸੁਝਾਅ ਦਿੰਦੇ ਹੋਏ ਕਿ ਫੈਸਲਾ ਜਲਦੀ ਹੀ ਐਲਾਨਿਆ ਜਾ ਸਕਦਾ ਹੈ, ਪਰ ਅਜੇ ਲੰਬਿਤ ਹੈ। ਰਵਾਇਤੀ ਤੌਰ 'ਤੇ ਆਪਣੀ ਮੌਤ ਤੋਂ ਪਹਿਲਾਂ ਇੱਕ ਦਲਾਈ ਲਾਮਾ ਆਪਣੇ ਪੁਨਰ-ਅਵਤਾਰ ਦੀ ਖੋਜ ਲਈ ਮਾਰਗਦਰਸ਼ਨ ਕਰਨ ਲਈ ਅਧਿਆਤਮਕ ਸੰਕੇਤ ਛੱਡ ਜਾਂਦੇ ਹਨ। ਜਿਨ੍ਹਾਂ ਦੀ ਵਿਆਖਿਆ ਸੀਨੀਅਰ ਭਿਕਸ਼ੂਆਂ ਦੁਆਰਾ ਕੀਤੀ ਜਾਂਦੀ ਹੈ, ਜੋ ਫਿਰ ਅਗਲੇ ਦਲਾਈ ਲਾਮਾ ਮੰਨੇ ਜਾਣ ਵਾਲੇ ਬੱਚੇ ਦਾ ਪਤਾ ਲਗਾਉਂਦੇ ਤੇ ਪੁਸ਼ਟੀ ਕਰਦੇ ਹਨ। ਮੌਜੂਦਾ ਦਲਾਈ ਲਾਮਾ ਨੂੰ ਪੰਜ ਸਾਲ ਦੀ ਉਮਰ ਵਿੱਚ ਮਾਨਤਾ ਦਿੱਤੀ ਗਈ ਸੀ ਤੇ 1940 ਵਿੱਚ ਤਾਜਪੋਸ਼ੀ ਹੋਈ ਸੀ। ਵੱਲੋਂ ਕਿ ਦਲਾਈ ਲਾਮਾ ਨੇ ਵਾਰ-ਵਾਰ ਪੁਨਰ-ਅਵਤਾਰ ਪ੍ਰਕਿਰਿਆ ਤੋਂ ਬੀਜਿੰਗ ਨੂੰ ਦੂਰ ਰੱਖਣ 'ਤੇ ਜ਼ੋਰ ਦਿੱਤਾ ਹੈ, ਚੀਨ ਲੰਬੇ ਸਮੇਂ ਤੋਂ ਇਹ ਕਹਿੰਦਾ ਆ ਰਿਹਾ ਹੈ ਕਿ ਅਜਿਹਾ ਕੋਈ ਵੀ ਉੱਤਰਾਧਿਕਾਰ ਨੂੰ ਉਸਦੇ ਕਾਨੂੰਨਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਭਾਰਤ ਜਿਸ ਨੇ ਜਲਾਵਤਨ ਤਿੱਬਤੀ ਭਾਈਚਾਰੇ ਨੂੰ ਸਮਰਥਨ ਦਿੱਤਾ ਹੈ, ਵੱਲੋਂ ਇਸ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਜਾਂ ਦਖਲ ਦੇਣ ਦੀ ਕਿਸੇ ਵੀ ਚੀਨੀ ਕੋਸ਼ਿਸ਼ ਦਾ ਵਿਰੋਧ ਕਰਨ ਦੀ ਉਮੀਦ ਹੈ।

# ਰਾਜੀਵ ਸ਼ਰਮਾ ਦੇ ਯਤਨਾਂ ਸਦਕਾ ਡੇਰਾ ਬਿਆਸ ਵਿਖੇ ਬਿਨਾਂ ਮੁਸ਼ਕਿਲ ਪਹੁੰਚੀਆਂ ਸੰਗਤਾਂ



ਫਤਹਿਗੜ੍ਹ ਚੂੜੀਆਂ, 2 ਜੁਲਾਈ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਦੇ ਵਸਨੀਕ ਰਾਜੀਵ ਸ਼ਰਮਾ ਜੋ ਲੋਕ ਸਭਾ ਹਲਕਾ ਗੁਰਦਾਸਪੁਰ ਦੇ ਲੋਕ ਸਭਾ ਇੰਚਾਰਜ, ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵੱਲੋਂ ਬੀਤੇ ਦਿਨੀਂ ਬਿਆਸ ਜਾਣ ਵਾਲੀਆਂ ਸੰਗਤਾਂ ਨੂੰ ਜੋ ਮੁਸ਼ਕਿਲ ਆ ਰਹੀ ਸੀ ਉਸ ਮੁਸ਼ਕਿਲ ਨੂੰ ਹੱਲ ਕਰਨ ਦੇ ਲਈ ਚੇਅਰਮੈਨ ਰਾਜੀਵ ਸ਼ਰਮਾ ਵੱਲੋਂ ਬੀਤੇ ਦਿਨੀ 28 ਤੇ 29 ਜੂਨ ਨੂੰ ਡੇਰਾ ਬਿਆਸ ਵਿਖੇ ਹੋਣ ਵਾਲੇ ਭੰਡਾਰੇ ਮੌਕੇ ਉੱਪਰ ਫਤਹਿਗੜ੍ਹ ਚੂੜੀਆਂ ਤੋਂ ਜੋ ਸਵੇਰੇ 4-40 ਵਜੇ ਬੱਸ ਰੋਡਵੇਜ਼ ਦੀ ਚੱਲਦੀ ਹੈ, ਉਸ ਬੱਸ ਉੱਪਰ ਸੰਗਤਾਂ ਨੂੰ ਡੇਰਾ ਬਿਆਸ ਉਤਾਰਨ ਦੀ ਬਜਾਏ ਬਿਆਸ ਰੇਲਵੇ ਸਟੇਸ਼ਨ ਨੂੰ ਤੇ ਉਤਾਰੇ ਜਾਣ ਉੱਪਰ ਸਵਾਰੀਆਂ ਨੂੰ ਕਾਫੀ ਮੁਸ਼ਕਿਲ ਆਉਂਦੀ ਸੀ। ਇਸ ਮੁਸ਼ਕਿਲ ਨੂੰ ਦੇਖਦੇ ਹੋਏ ਚੇਅਰਮੈਨ ਰਾਜੀਵ ਸ਼ਰਮਾ ਵੱਲੋਂ ਜੀ.ਐੱਮ. ਰੋਡਵੇਜ਼ ਬਟਾਲਾ ਨੂੰ ਬੇਨਤੀ ਕੀਤੀ ਗਈ ਸੀ। ਜੀ.ਐੱਮ. ਬਟਾਲਾ ਵੱਲੋਂ ਉਸ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਡੇਰਾ ਬਿਆਸ ਵਿਖੇ ਸੰਗਤਾਂ ਨੂੰ ਉਤਾਰਨ ਲਈ ਰੋਡਵੇਜ਼ ਦੇ ਡਰਾਈਵਰ ਨੂੰ ਕਿਹਾ ਗਿਆ ਸੀ ਰੋਡਵੇਜ਼ ਡਰਾਈਵਰ ਵੱਲੋਂ 28 ਤੇ 29 ਜੂਨ ਨੂੰ ਡੇਰਾ ਬਿਆਸ ਵਿਖੇ ਭੰਡਾਰੇ ਮੌਕੇ ਸੰਗਤਾਂ ਨੂੰ ਮੁੱਖ ਗੇਟ ਅੱਗੇ ਉਤਾਰਿਆ ਗਿਆ ਸੀ ਜਿਸ ਦੇ ਲਈ ਸਮੂਹ ਸਾਧ ਸੰਗਤ ਵੱਲੋਂ ਚੇਅਰਮੈਨ ਰਾਜੀਵ ਸ਼ਰਮਾ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ ਤੇ ਇਸ ਦੇ ਨਾਲ ਹੀ ਸੰਗਤਾਂ ਵਿੱਚ ਖੁਸ਼ੀ ਵੇਖਣ ਨੂੰ ਮਿਲੀ। ਆਖਿਰ ਵਿੱਚ ਰਾਜੀਵ ਸ਼ਰਮਾ ਨੇ ਗੱਲਬਾਤ ਦੌਰਾਨ ਕਿਹਾ ਕਿ ਇਹ ਸਾਡਾ ਫਰਜ਼ ਬਣਦਾ ਹੈ। ਇਸ ਦੇ ਨਾਲ ਹੀ ਚੇਅਰਮੈਨ ਰਾਜੀਵ ਸ਼ਰਮਾ ਵੱਲੋਂ ਜੀ.ਐੱਮ. ਰੋਡਵੇਜ਼ ਬਟਾਲਾ ਦਾ ਜਿਨ੍ਹਾਂ ਦੇ ਯਤਨ ਸਦਕਾ ਜੋ ਬਿਆਸ ਵਾਲੇ ਸੰਗਤਾਂ ਨੂੰ ਪਹੁੰਚਾਇਆ ਗਿਆ ਸੀ ਉਨ੍ਹਾਂ ਵੱਲੋਂ ਜੀ.ਐੱਮ. ਬਟਾਲਾ ਦਾ ਤਹਿ ਦਿਲ ਤੋਂ ਧੰਨਵਾਦ ਕੀਤਾ।

# ਜਿਨਸੀ ਇਰਾਦੇ ਤੋਂ ਬਿਨਾਂ 'ਮੈਂ ਤੈਨੂੰ ਪਿਆਰ ਕਰਦਾ ਹਾਂ' ਕਹਿਣਾ, ਪ੍ਰੇਸ਼ਾਨੀ ਨਹੀਂ: ਬੰਬੇ ਹਾਈ ਕੋਰਟ



ਨਾਗਪੁਰ, 2 ਜੁਲਾਈ (ਚ.ਨ.ਸ.): 'ਮੈਂ ਤੈਨੂੰ ਪਿਆਰ ਕਰਦਾ ਹਾਂ' ਇਹ ਕਹਿਣਾ ਜਿਨਸੀ ਇਰਾਦੇ ਤੋਂ ਬਿਨਾਂ, ਜਦੋਂ ਤੱਕ ਕਿ ਇਸ ਦੇ ਨਾਲ ਜਿਨਸੀ ਇਰਾਦਾ ਹੋਣ ਦਾ ਸੰਕੇਤ ਨਾ ਹੋਵੇ, ਬੰਬੇ ਹਾਈ ਕੋਰਟ ਦੀ ਨਾਗਪੁਰ ਬੈਂਚ ਨੇ ਸੋਮਵਾਰ ਨੂੰ ਪੋਕਸੋ ਐਕਟ ਦੇ ਤਹਿਤ 2017 ਦੀ ਸਜ਼ਾ ਨੂੰ ਉਲਟਾ ਦਿੰਦੇ ਹੋਏ ਫੈਸਲਾ ਸੁਣਾਇਆ। ਜਸਟਿਸ ਉਰਮਿਲਾ ਜੋਸ਼ੀ-ਫਾਲਕੇ ਨੇ ਨਾਗਪੁਰ ਜ਼ਿਲ੍ਹੇ ਦੇ ਕਾਟੋਲ ਦੇ ਇੱਕ 25 ਸਾਲਾ ਵਿਅਕਤੀ ਨੂੰ ਬਰੀ ਕਰ ਦਿੱਤਾ, ਲਗਭਗ ਅੱਠ ਸਾਲ ਬਾਅਦ ਜਦੋਂ ਉਸਨੂੰ 17 ਸਾਲ ਦੀ ਕੁੜੀ ਨੂੰ ਪ੍ਰੇਸ਼ਾਨ ਕਰਨ ਦੇ ਦੋਸ਼ ਵਿੱਚ ਤਿੰਨ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਸਨੇ ਹੇਠਲੀ ਕੋਰਟ ਵਿੱਚ ਸੈਸ਼ਨ ਕੋਰਟ ਦੇ ਫ਼ੈਸਲੇ ਵਿਰੁੱਧ ਅਪੀਲ ਕੀਤੀ ਸੀ ਤੇ ਜ਼ਮਾਨਤ 'ਤੇ ਰਿਹਾਅ ਹੋ ਗਿਆ। ਜੇਕਰ ਕੋਈ ਕਹਿੰਦਾ ਹੈ ਕਿ ਉਹ ਕਿਸੇ ਹੋਰ ਵਿਅਕਤੀ ਨਾਲ ਪਿਆਰ ਕਰਦਾ ਹੈ ਜਾਂ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਾ ਹੈ ਤਾਂ ਇਹ ਆਪਣੇ-ਆਪ ਵਿੱਚ ਕਿਸੇ ਕਿਸਮ ਦੇ ਜਿਨਸੀ ਇਰਾਦੇ ਨੂੰ ਦਰਸਾਉਣ ਦੇ ਇਰਾਦੇ ਦੇ ਬਰਾਬਰ ਨਹੀਂ ਹੋਵੇਗਾ। ਜੱਜ ਨੇ ਆਪਣੇ ਆਦੇਸ਼ ਵਿੱਚ ਕਿਹਾ ਕਿ 'ਮੈਂ ਤੈਨੂੰ ਪਿਆਰ ਕਰਦਾ ਹਾਂ' ਦੇ ਰੂਪ ਵਿੱਚ ਪ੍ਰਗਟ ਕੀਤੇ ਗਏ ਸ਼ਬਦ ਆਪਣੇ-ਆਪ ਵਿੱਚ ਵਿਧਾਨ ਸਭਾ ਦੁਆਰਾ ਵਿਚਾਰੇ ਗਏ 'ਜਿਨਸੀ ਇਰਾਦੇ' ਦੇ ਬਰਾਬਰ ਨਹੀਂ ਹੋਣਗੇ। ਇਹ ਮਾਮਲਾ ਅਕਤੂਬਰ 2015 ਦਾ ਹੈ, ਜਦੋਂ ਇੱਕ 11ਵੀਂ ਜਮਾਤ ਦੀ ਵਿਦਿਆਰਥਣ ਨੇ ਉਸ ਵਿਅਕਤੀ 'ਤੇ ਦੋਸ਼ ਲਗਾਇਆ ਕਿ ਉਸਨੇ ਉਸਨੂੰ ਤੇ ਉਸਦੇ ਚਚੇਰੇ ਭਰਾ ਨੂੰ ਰੋਕਿਆ, ਉਸਦਾ ਹੱਥ ਫੜਿਆ ਤੇ ਕਿਹਾ ਕਿ ਮੈਂ ਤੁਹਾਨੂੰ ਪਿਆਰ ਕਰਦਾ ਹਾਂ। ਉਸਦੀ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਉਸ 'ਤੇ ਪੋਕਸੋ ਐਕਟ ਦੀ ਧਾਰਾ 8 ਦੇ ਨਾਲ-ਨਾਲ ਆਈਪੀਸੀ ਦੀ ਧਾਰਾ 354ਏ (ਜਿਨਸੀ ਸ਼ੋਸ਼ਣ) ਤੇ 354ਡੀ (ਪਿੱਛਾ ਕਰਨਾ) ਦੇ ਤਹਿਤ ਦੋਸ਼ ਲਗਾਇਆ। ਦੋ ਸਾਲ ਬਾਅਦ ਸੈਸ਼ਨ ਅਦਾਲਤ ਨੇ ਉਸਨੂੰ ਦੋਸ਼ੀ ਠਹਿਰਾਇਆ। ਉਸਦੀ ਵਕੀਲ ਸੋਨਾਲੀ ਖੋਬਰਾਗੜੇ ਨੇ ਕਿਹਾ ਕਿ ਉਸਦੇ ਕੰਮ ਜਿਨਸੀ ਹਮਲੇ ਜਾਂ ਪਿੱਛਾ ਕਰਨ ਲਈ ਕਾਨੂੰਨੀ ਸੀਮਾ ਨੂੰ ਪੂਰਾ ਨਹੀਂ ਕਰਦੇ ਕਿਉਂਕਿ ਜਿਨਸੀ ਇਰਾਦੇ ਨੂੰ ਦਰਸਾਉਣ ਵਾਲਾ ਕੋਈ ਵਾਰ-ਵਾਰ ਸੰਪਰਕ ਜਾਂ ਸਰੀਰਕ ਕਾਰਵਾਈ ਨਹੀਂ ਸੀ। ਜਸਟਿਸ ਜੋਸ਼ੀ-ਫਾਲਕੇ ਸਹਿਮਤ ਹੋਏ। ਕੁਝ ਹੋਰ ਹੋਣਾ ਚਾਹੀਦਾ ਹੈ ਜਿਸ ਤੋਂ ਸੁਝਾਅ ਦੇਵੇ ਕਿ ਅਸਲ ਇਰਾਦਾ ਸੈਕਸ ਦੇ ਕੋਣ ਨੂੰ ਪੇਸ਼ ਕਰਨਾ ਹੈ। ਪੋਕਸੋ ਐਕਟ ਅਧੀਨ ਅਪਰਾਧ ਸਾਬਤ ਨਹੀਂ ਹੁੰਦਾ ਕਿਉਂਕਿ ਅਜਿਹਾ ਕੋਈ ਦੋਸ਼ ਨਹੀਂ ਹੈ ਕਿ ਦੋਸ਼ੀ ਨੇ ਜਿਨਸੀ ਇਰਾਦੇ ਨਾਲ ਲੜਕੀ ਨੂੰ ਛੂਹਿਆ।

# ਅਕਾਲੀ ਆਗੂ ਤੇ ਵਰਕਰ ਚੱਟਾਨ ਵਾਂਗ ਖੜ੍ਹੇ ਨੇ ਮਜੀਠੀਆ ਦੇ ਨਾਲ: ਖ਼ਾਲਸਾ



ਬਟਾਲਾ, 2 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਸਿੰਘ ਕਲਸੀ): ਮਾਝੇ ਦੇ ਜਰਨੈਲ ਬਿਕਰਮਜੀਤ ਸਿੰਘ ਮਜੀਠੀਆ ਦੀ ਗ੍ਰਿਫਤਾਰੀ ਮਹਿਜ਼ ਇੱਕ ਸਿਆਸੀ ਡਰਾਮਾ ਹੈ, ਜੋ ਪੰਜਾਬ ਦੀ ਜਨਤਾ ਦਾ ਧਿਆਨ ਅਸਲੀ ਮੁੱਦਿਆਂ ਤੋਂ ਭਟਕਾਉਣ ਲਈ ਕੀਤਾ ਜਾ ਰਿਹਾ ਹੈ। ਸਰਕਾਰ ਦੇ ਇਸ ਤਾਨਾਸ਼ਾਹੀ ਰਵੱਈਏ ਕਾਰਨ ਪੰਜਾਬ ਦੀ ਜਨਤਾ ਅਕਾਲੀ ਦਲ ਦੇ ਜੁਝਾਰੂ ਆਗੂ ਬਿਕਰਮਜੀਤ ਸਿੰਘ ਮਜੀਠੀਆ ਦੇ ਨਾਲ ਚੱਟਾਨ ਵਾਂਗ ਖੜ੍ਹੀ ਹੈ ਤੇ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਪੱਬਾਂ ਭਾਰ ਹੋਈ ਪਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਰਕਲ ਪੰਜਗਰਾਈਆਂ ਦੇ ਯੂਥ ਜਨਰਲ ਸਕੱਤਰ ਲਖਵਿੰਦਰ ਸਿੰਘ ਖ਼ਾਲਸਾ ਤੇ ਧਰਮਿੰਦਰ ਸਿੰਘ ਖ਼ਾਲਸਾ ਨੇ ਆਪਣੇ ਗ੍ਰਹਿ ਵਿਖੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਸਾਂਝਾ ਕੀਤਾ। ਖ਼ਾਲਸਾ ਭਰਾਵਾਂ ਨੇ ਕਿਹਾ ਕਿ ਮਜੀਠੀਆ ਦੀ ਗ੍ਰਿਫਤਾਰੀ, ਘਟੀਆ ਮਾਨਸਿਕਤਾ ਦਾ ਸਬੂਤ ਤੇ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ। ਉਕਤ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਕੁਝ ਲੋਕਾਂ ਦੀ ਨਹੀਂ, ਬਲਕਿ ਸਮੁੱਚੇ ਪੰਥ ਦੀ ਤੇ ਪੰਜਾਬ ਦੀ ਆਵਾਜ਼ ਹੈ, ਜੋ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਹੱਕਾਂ ਹਿੱਤਾਂ ਲਈ ਹਮੇਸ਼ਾ ਹਿੱਕ ਤਾਣ ਕੇ ਖੜ੍ਹਦੀ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਜੇ ਸਰਕਾਰ ਨੇ ਅਕਾਲੀ ਆਗੂਆਂ ਖ਼ਿਲਾਫ਼ ਧੱਕੇਸ਼ਾਹੀ ਬੰਦ ਨਾ ਕੀਤੀ ਤਾਂ ਅਕਾਲੀ ਦਲ ਦੇ ਜੁਝਾਰੂ ਆਗੂ ਤੇ ਵਰਕਰ, ਹਾਈਕਮਾਂਡ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੱਡੇ ਸੰਘਰਸ਼ ਦੀ ਤਿਆਰੀ ਕਰੀ ਬੈਠੇ ਹਨ।

# ਸਰਕਾਰ ਨੇ ਅਨੁਸੂਚਿਤ ਜਾਤੀਆਂ ਦੇ 2 ਲੱਖ 70 ਹਜ਼ਾਰ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦੇਣ ਦਾ ਟੀਚਾ ਮਿੱਥਿਆ: ਸੇਖਵਾਂ



ਗੁਰਦਾਸਪੁਰ, 2 ਜੁਲਾਈ (ਜਗੀਰ ਸਿੰਘ ਮੱਡ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਜਿੱਥੇ ਹਰ ਵਰਗਾਂ ਦੀ ਉੱਨਤੀ ਲਈ ਦਿਨ-ਰਾਤ ਕੰਮ ਕਰ ਰਹੀ ਹੈ, ਉੱਥੇ ਹੀ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਵੀ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਸ ਉਦੇਸ਼ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿੱਤੀ ਸਾਲ 2025-26 ਦੌਰਾਨ 245 ਕਰੋੜ ਰੁਪਏ ਦਾ ਬਜਟ ਉਪਬੰਧ ਕੀਤਾ ਗਿਆ ਹੈ। ਇਹ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਤੇ ਆਮ ਆਮ ਆਦਮੀ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ ਦੌਰਾਨ 2 ਲੱਖ 70 ਹਜ਼ਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਵਰ ਕਰਨ ਦਾ ਟੀਚਾ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਟੀਚਾ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਜੀਵਨ ਪੱਧਰ ਨੂੰ ਉੱਚਾ ਲਿਜਾਣ ਵਿੱਚ ਸਹਾਈ ਸਿੱਧ ਹੋਵੇਗਾ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪਿਛਲੇ ਵਿੱਤੀ ਸਾਲ ਦੌਰਾਨ ਵੀ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ 2 ਲੱਖ 36 ਹਜ਼ਾਰ 575 ਵਿਦਿਆਰਥੀਆਂ ਨੂੰ ਕਵਰ ਕੀਤਾ ਗਿਆ ਸੀ ਤੇ ਰਾਜ ਸਰਕਾਰ ਦੇ ਹਿੱਸੇ ਵੱਜੋਂ 266.57 ਕਰੋੜ ਰੁਪਏ ਦੀ ਰਾਸ਼ੀ ਅਦਾ ਕੀਤੀ ਗਈ ਸੀ। ਉਨ੍ਹਾਂ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਕੋਲੋਂ ਆਨ-ਲਾਈਨ ਐਪਲੀਕੇਸ਼ਨਾਂ ਪ੍ਰਾਪਤ ਕਰਨ ਲਈ ਜਲਦ ਹੀ ਡਾ. ਅੰਬੇਡਕਰ ਸਕਾਲਰਸ਼ਿਪ ਪੋਰਟਲ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਸਕੀਮ ਸਬੰਧੀ ਵਿਦਿਆਰਥੀਆਂ ਨੂੰ ਜਾਣੂ ਕਰਵਾਉਣ ਲਈ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਏ ਜਾਣਗੇ। ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੇ ਹਰ ਇੱਕ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਅਧੀਨ ਲਾਭ ਦੇ ਕੇ ਯਤਨ ਕਰ ਰਹੀ ਹੈ ਕਿ ਉਹ ਪੜ੍ਹ-ਲਿਖ ਕੇ ਆਤਮ-ਨਿਰਭਰ ਹੋ ਜਾਣ। ਉਨ੍ਹਾਂ ਨੇ ਕਿਹਾ ਕਿ ਇਹ ਸਕੀਮ ਵਿਦਿਆਰਥੀਆਂ ਨੂੰ ਕੇਵਲ ਆਰਥਿਕ ਮਦਦ ਹੀ ਨਹੀਂ, ਸਗੋਂ ਉਨ੍ਹਾਂ ਦੇ ਭਵਿੱਖ ਨੂੰ ਉੱਜਵੱਲ ਬਣਾਉਣ ਦਾ ਇੱਕ ਮਜ਼ਬੂਤ ਪਲੇਟਫਾਰਮ ਹੈ।

# ਸਰਕਾਰ ਨੇ ਸੂਬੇ 'ਚ ਉਦਯੋਗ ਪੱਖੀ ਮਾਹੌਲ ਸਿਰਜਿਆ: ਰਮਨ ਬਹਿਲ

☛ ਉਦਯੋਗਾਂ ਨੂੰ ਹੁਣ ਹਰ ਸਾਲ ਨਹੀਂ ਲੈਣਾ ਹੋਵੇਗਾ ਫਾਇਰ ਐੱਨ.ਓ.ਸੀ.



ਗੁਰਦਾਸਪੁਰ, 2 ਜੁਲਾਈ (ਜਗੀਰ ਸਿੰਘ ਮੱਡ/ਕੁਲਜੀਤ ਖੋਖਰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਵਿੱਚ ਉਦਯੋਗ ਪੱਖੀ ਮਾਹੌਲ ਸਿਰਜਣ ਲਈ ਲਗਾਤਾਰ ਕੰਮ ਕਰ ਰਹੀ ਹੈ, ਜਿਸਦੇ ਹਾਂ-ਪੱਖੀ ਨਤੀਜੇ ਵੀ ਸਾਹਮਣੇ ਆ ਰਹੇ ਹਨ। ਹਾਲ ਹੀ ਵਿੱਚ ਪੰਜਾਬ ਸਰਕਾਰ ਨੇ ਰਾਜ ਵਿੱਚ ਅੱਗ ਬੁਝਾਊ ਸੇਵਾਵਾਂ ਨੂੰ ਆਧੁਨਿਕ ਬਣਾਉਣ ਤੇ ਉਦਯੋਗਾਂ ਲਈ ਸੌਖ ਨਾਲ ਕਾਰੋਬਾਰ ਕਰਨ ਦੀ ਪ੍ਰਕਿਰਿਆ ਨੂੰ ਹੋਰ ਬਿਹਤਰ ਬਣਾਉਣ ਲਈ ਅਹਿਮ ਕਦਮ ਚੁੱਕੇ ਹਨ। ਉਦਯੋਗਾਂ ਤੇ ਆਮ ਨਾਗਰਿਕਾਂ ਲਈ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸ ਐਕਟ, 2024 ਲਾਗੂ ਕੀਤਾ ਗਿਆ ਹੈ। ਉਦਯੋਗਿਕ ਇਮਾਰਤਾਂ ਦੀ ਆਗਿਆਯੋਗ ਉਚਾਈ ਹੁਣ 18 ਮੀਟਰ ਤੋਂ ਵਧਾ ਕੇ 21 ਮੀਟਰ ਤੱਕ ਕਰ ਦਿੱਤੀ ਗਈ ਹੈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਬੀਤੀ 27 ਜੂਨ ਨੂੰ ਡਾਇਰੈਕਟੋਰੇਟ ਆਫ ਪੰਜਾਬ ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (ਸਥਾਨਕ ਸਰਕਾਰਾਂ ਵਿਭਾਗ) ਵੱਲੋਂ ਜਾਰੀ ਇੱਕ ਨੋਟੀਫਿਕੇਸ਼ਨ ਅਨੁਸਾਰ ਵੱਖ-ਵੱਖ ਉਦਯੋਗਾਂ ਦੇ ਜੋਖਮ ਵਰਗੀਕਰਨ ਦੇ ਆਧਾਰ 'ਤੇ ਕਈ ਉਦਯੋਗਾਂ ਲਈ ਫਾਇਰ ਸੇਫਟੀ ਐੱਨ.ਓ.ਸੀ. ਦੀ ਵੈਧਤਾ 1 ਸਾਲ ਤੋਂ ਵਧਾ ਕੇ 3 ਤੋਂ 5 ਸਾਲ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਉਦਯੋਗਾਂ ਨੂੰ 3 ਵਰਗਾਂ ਵਿੱਚ ਵੰਡਿਆ ਗਿਆ ਹੈ ਤੇ ਜਿਹੜੇ ਉਦਯੋਗ ਜੋਖਮ ਜਾਂ ਜ਼ਿਆਦਾ ਖਤਰਨਾਕ ਪੱਧਰ ਦੇ ਹਨ ਸਿਰਫ ਉਨ੍ਹਾਂ ਉਦਯੋਗਾਂ ਨੂੰ ਸਾਲਾਨਾ ਐੱਨ.ਓ.ਸੀ. ਦੀ ਲੋੜ ਹੋਵੇਗੀ। ਘੱਟ ਜੋਖਮ ਵਾਲੇ ਉਦਯੋਗਾਂ ਲਈ 5 ਸਾਲ ਤੇ ਦਰਮਿਆਨੇ ਜ਼ੋਖਮ ਵਾਲੇ ਉਦਯੋਗਾਂ ਲਈ ਐੱਨ.ਓ.ਸੀ. ਦੀ ਵੈਧਤਾ 3 ਸਾਲ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਲਾਲ ਫੀਤਾਸ਼ਾਹੀ ਨੂੰ ਨੱਥ ਪਵੇਗੀ ਤੇ ਉਦਯੋਗਪਤੀ ਆਪਣਾ ਕਾਰੋਬਾਰ ਹੋਰ ਸੌਖ ਨਾਲ ਕਰ ਸਕਣਗੇ। ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਯੋਗ ਆਰਕੀਟੈਕਟ ਵੱਲੋਂ ਬਣਾਈ ਗਈ ਅੱਗ ਬੁਝਾਊ ਡਰਾਇੰਗ/ਸਕੀਮ ਨੂੰ ਵਿਭਾਗ ਦੁਆਰਾ ਸਵੀਕਾਰ ਕੀਤਾ ਜਾਵੇਗਾ। ਕਿਸੇ ਹੋਰ ਸਲਾਹਕਾਰ ਜਾਂ ਏਜੰਸੀ ਤੋਂ ਅੱਗ ਬੁਝਾਊ ਡਰਾਇੰਗ/ਸਕੀਮ ਦੀ ਜਾਂਚ ਕਰਵਾਉਣ ਦੀ ਕੋਈ ਲੋੜ ਨਹੀਂ ਹੋਵੇਗੀ। ਰਮਨ ਬਹਿਲ ਨੇ ਅੱਗੇ ਕਿਹਾ ਕਿ ਫਾਇਰ ਐੱਨ.ਓ.ਸੀ. ਲੈਣ ਲਈ ਅਰਜ਼ੀ ਦੇਣ ਵੇਲੇ ਮਾਲਕ/ਕਾਬਜ਼ਕਾਰ ਵੱਲੋਂ 53 ਪੁਆਇੰਟਾਂ ਦੀ ਇੱਕ ਵਿਆਪਕ ਚੈੱਕਲਿਸਟ ਦੇਣ ਦੀ ਪ੍ਰਣਾਲੀ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਨੋਟੀਫਿਕੇਸ਼ਨ ਅਨੁਸਾਰ ਹੁਣ ਇਮਾਰਤ ਦੇ ਮਾਲਕ ਨੂੰ ਆਨਲਾਈਨ ਸਾਲਾਨਾ ਸਵੈ-ਪ੍ਰਮਾਣੀਕਰਨ ਪੇਸ਼ ਕਰਨ ਦੀ ਆਗਿਆ ਹੋਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਉਦਯੋਗਾਂ ਨੂੰ ਬੇਲੋੜੀਆਂ ਮਨਜ਼ੂਰੀਆਂ ਲੈਣ ਤੋਂ ਵੀ ਨਿਜਾਤ ਮਿਲੇਗੀ।

# ਮੀਰੀ-ਪੀਰੀ ਦਿਵਸ 5 ਨੂੰ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ



ਬਟਾਲਾ, 2 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਮੀਰੀ-ਪੀਰੀ ਦਿਵਸ 5 ਜੁਲਾਈ ਦਿਨ ਸ਼ਨੀਵਾਰ ਨੂੰ ਖ਼ਾਲਸਾਈ ਜਾਹੋ-ਜਲਾਲ ਨਾਲ ਮਨਾਇਆ ਜਾਵੇਗਾ। ਇਸ ਸਬੰਧੀ ਇੱਕ ਜ਼ਰੂਰੀ ਇੱਕਤਰਤਾ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਜੀ ਵਿਖੇ ਹੋਈ, ਜਿਸ ਵਿੱਚ ਮੀਰੀ-ਪੀਰੀ ਸੇਵਾ ਸੁਸਾਇਟੀ ਤੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਦੇ ਸਰਗਰਮ ਮੈਂਬਰਾਂ ਨੇ ਹਿੱਸਾ ਲਿਆ। ਇਸ ਮੀਟਿੰਗ ਤੋਂ ਬਾਅਦ ਮੀਰੀ-ਪੀਰੀ ਸੇਵਾ ਸੁਸਾਇਟੀ ਦੇ ਪ੍ਰਧਾਨ ਭਾਈ ਰਣਧੀਰ ਸਿੰਘ ਜਨਰਲ ਸਕੱਤਰ ਭਾਈ ਓਂਕਾਰ ਸਿੰਘ, ਬਲਜਿੰਦਰ ਸਿੰਘ ਕਿੱਟੂ ਨੇ ਪ੍ਰੈੱਸ ਨੋਟ ਜਾਰੀ ਕਰਕੇ ਦੱਸਿਆ ਕਿ 5 ਜੁਲਾਈ ਨੂੰ ਗੁਰਦੁਆਰਾ ਸਤਕਰਤਾਰੀਆਂ ਸਾਹਿਬ ਵਿਖੇ ਸ਼ਾਮ 7 ਤੋਂ ਰਾਤ 10 ਵਜੇ ਤੱਕ ਮਹਾਨ ਗੁਰਮਤਿ ਸਮਾਗਮ ਮੈਨੇਜਰ ਗੁਰਦੁਆਰਾ ਸਤਿਕਰਤਾਰੀਆਂ ਸਾਹਿਬ ਜੀ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਹਨ। ਇਨ੍ਹਾਂ ਗੁਰਮਤਿ ਸਮਾਗਮਾਂ ਵਿੱਚ ਪੰਥ ਪ੍ਰਸਿੱਧ ਰਾਗੀ ਭਾਈ ਮਨਜੀਤ ਸਿੰਘ ਮਹਾਕਾਲ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਤੇ ਭਾਈ ਜਸਵਿੰਦਰ ਸਿੰਘ ਜਸ ਤੇ ਉਨ੍ਹਾਂ ਦੇ ਸਾਥੀਆਂ ਦਾ ਢਾਡੀ ਜੱਥਾ ਮੀਰੀ-ਪੀਰੀ ਦਿਵਸ ਦੀ ਮਹਾਨਤਾ ਨੂੰ ਢਾਡੀ ਵਾਰਾਂ ਦੇ ਪ੍ਰਸੰਗ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਹੋਰ ਦੱਸਿਆ ਕਿ ਇਸ ਮੌਕੇ 'ਤੇ ਚਾਹ, ਠੰਡੇ ਮਿੱਠੇ ਜਲ ਦੀ ਛਬੀਲ ਤੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ। ਉਨ੍ਹਾਂ ਸੰਗਤਾਂ ਨੂੰ ਹੁੰਮ-ਹੁਮਾ ਕੇ ਇਨ੍ਹਾਂ ਸਮਾਗਮਾਂ ਵਿੱਚ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ। ਇਨ੍ਹਾਂ ਗੁਰਮਤਿ ਸਮਾਗਮਾਂ ਨੂੰ ਚੜ੍ਹਦੀਕਲਾ ਨਾਲ ਨੇਪਰੇ ਚਾੜ੍ਹਨ ਲਈ ਵੱਖ-ਵੱਖ ਕਾਰਜਾਂ ਲਈ ਸੇਵਾਦਾਰਾਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ। ਇਸ ਇਕੱਤਰਤਾ ਵਿੱਚ ਇਨ੍ਹਤਾਂ ਤੋਂ ਇਲਾਵਾ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਫਾਊਂਡੇਸ਼ਨ ਦੇ ਸਰਪ੍ਰਸਤ ਭਾਈ ਗੁਰਦਰਸ਼ਨ ਸਿੰਘ, ਕੁਲਬੀਰ ਸਿੰਘ, ਅਮਰਦੀਪ ਸਿੰਘ, ਗੁਰਸ਼ਰਨ ਸਿੰਘ, ਮਨਿੰਦਰ ਸਿੰਘ, ਰਵਿੰਦਰ ਸਿੰਘ, ਜਗਬੀਰ ਸਿੰਘ, ਰਛਪਾਲ ਸਿੰਘ, ਅਮਰਜੋਤ ਸਿੰਘ, ਪਰਮਿੰਦਰ ਸਿੰਘ, ਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ।

# ਗੁਰਮੇਲ ਸਿੰਘ ਲਈ ਵਰਦਾਨ ਸਾਬਿਤ ਹੋਇਆ ਸੀ.ਐੱਚ.ਸੀ.



ਕਾਦੀਆਂ, 2 ਜੁਲਾਈ (ਸਲਾਮ ਤਾਰੀ/ਸਿਕੰਦਰ ਸੰਧੂ): ਕਾਦੀਆਂ ਦੇ ਨਜ਼ਦੀਕ ਪਿੰਡ ਲੀਲ ਕਲਾਂ ਤੋਂ ਇੱਕ ਮੰਦਭਾਗੀ ਖਬਰ ਸਾਹਮਣੇ ਆਈ ਜਿੱਥੇ ਕਿ ਗੁਰਮੇਲ ਸਿੰਘ ਪੁੱਤਰ ਗੁਰਨਾਮ ਸਿੰਘ ਨੂੰ ਸੱਪ ਨੇ ਕੱਟ ਲਿਆ ਤੇ ਸੱਪ ਦੇ ਕੱਟਣ ਤੋਂ ਬਾਅਦ ਪਰਿਵਾਰ ਵਿੱਚ ਅਫਰਾ-ਤਫਰੀ ਦਾ ਮਾਹੌਲ ਪੈਦਾ ਹੋ ਗਿਆ। ਗੁਰਮੇਲ ਸਿੰਘ ਨੂੰ ਨਜ਼ਦੀਕ ਹੀ ਸਰਕਾਰੀ ਹਸਪਤਾਲ ਕਾਦੀਆਂ ਵਿਖੇ ਲਿਆਂਦਾ ਗਿਆ ਜਿੱਥੇ ਕਿ ਡਾਕਟਰ ਸ਼ੁਭਨੀਤ ਤੇ ਉਨ੍ਹਾਂ ਦੀ ਟੀਮ ਨੇ ਜਲਦੀ ਹੀ ਉਸ ਦਾ ਇਲਾਜ ਸ਼ੁਰੂ ਕਰ ਦਿੱਤਾ। ਮੌਕੇ 'ਤੇ ਤੁਰੰਤ ਹੀ ਇਲਾਜ ਹੋਣ ਦੇ ਕਾਰਨ ਗੁਰਮੇਲ ਸਿੰਘ ਦੀ ਜਾਨ ਬਚ ਗਈ ਤੇ ਅੱਜ ਉਸ ਨੂੰ ਡਿਸਚਾਰਜ ਕਰ ਦਿੱਤਾ ਗਿਆ। ਡਾ. ਸ਼ੁਭਨੀਤ ਨੇ ਕਿਹਾ ਕਿ ਮਰੀਜ਼ ਸਮੇਂ ਸਿਰ ਸਾਡੇ ਕੋਲ ਪਹੁੰਚ ਗਿਆ ਤੇ ਉਸ ਨੂੰ ਮੁੱਢਲੀ ਸਹਾਇਤਾ ਮਿਲਣ ਕਾਰਨ ਸਹੀ ਇਲਾਜ ਹੋ ਸਕਿਆ ਜਿਸ ਨਾਲ ਉਸ ਦੀ ਜਾਨ ਬਚਾਈ ਜਾ ਸਕੀ। ਡਾ. ਸ਼ੁਭਨੀਤ ਨੇ ਕਿਹਾ ਕਿ ਅੱਜ ਕੱਲ੍ਹ ਬਰਸਾਤ ਦਾ ਮੌਸਮ ਹੈ ਤੇ ਖੇਤਾਂ ਵਿੱਚ ਪਾਣੀ ਵੀ ਲਗਾਇਆ ਜਾ ਰਿਹਾ ਹੈ। ਜਿਸ ਕਾਰਨ ਸੱਪ ਅਕਸਰ ਹੀ ਘਰਾਂ ਵਿੱਚ ਤੇ ਹੋਰ ਇਰਦ ਗਿਰਦ ਇਲਾਕਿਆਂ ਵਿੱਚ ਲੁਕਣ ਦੀ ਕੋਸ਼ਿਸ਼ ਕਰਦੇ ਹਨ ਜਿਨ੍ਹਾਂ ਤੋਂ ਲੋਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਜੇ ਇਸ ਤਰ੍ਹਾਂ ਦੀ ਘਟਨਾ ਵਾਪਰਦੀ ਹੈ ਤਾਂ ਉਹ ਆਪਣੇ ਨਜ਼ਦੀਕੀ ਸੀ.ਐੱਚ.ਸੀ. ਵਿੱਚ ਜਾ ਕੇ ਆਪਣਾ ਇਲਾਜ ਤੁਰੰਤ ਕਰਾ ਸਕਦਾ ਹੈ। ਇਸ ਮੌਕੇ ਗੁਰਮੇਲ ਸਿੰਘ ਤੇ ਉਨ੍ਹਾਂ ਦੇ ਪਰਿਵਾਰ ਨੇ ਡਾ. ਸ਼ੁਭਨੀਤ, ਡਾ. ਪੱਲਵੀ ਤੇ ਸਟਾਫ ਦਾ ਧੰਨਵਾਦ ਕੀਤਾ।

# ਸਰਕਾਰ ਨੇ ਪਿਛਲੇ ਚਾਰ ਮਹੀਨਿਆਂ ਦੌਰਾਨ 19880 ਨਸ਼ਾ ਤਸਕਰ ਜੇਲ੍ਹਾਂ 'ਚ ਭੇਜੇ: ਵਿਧਾਇਕ ਰੰਧਾਵਾ



ਡੇਰਾ ਬਾਬਾ ਨਾਨਕ, 2 ਜੁਲਾਈ (ਹੈਪੀ ਕੋਟਲੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਚਲਾਈ ਫੈਸਲਾਕੁੰਨ ਜੰਗ 'ਯੁੱਧ ਨਸ਼ਿਆਂ ਵਿਰੁੱਧ' ਦੇ ਚਾਰ ਮਹੀਨਿਆਂ ਦੌਰਾਨ ਪੰਜਾਬ ਪੁਲਿਸ ਨੇ 12135 ਐੱਫ.ਆਈ.ਆਰਜ਼ ਦਰਜ ਕਰਕੇ 19880 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਇਸੇ ਦੌਰਾਨ ਇਨ੍ਹਾਂ ਨਸ਼ਾ ਸਮੱਗਲਰਾਂ ਕੋਲੋਂ 786 ਕਿਲੋਗ੍ਰਾਮ ਹੈਰੋਇਨ ਤੇ 11.5 ਕਰੋੜ ਰੁਪਏ ਦੀ ਡਰੱਗ ਮਨੀ ਬ੍ਰਾਮਦ ਕੀਤੀ ਹੈ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ ਲੋਕਾਂ ਦੇ ਸਹਿਯੋਗ ਨਾਲ ਪੰਜਾਬ ਪੁਲਿਸ ਨਸ਼ਾ ਤਸਕਰਾਂ ਉੱਪਰ ਸਿਕੰਜਾ ਕੱਸਣ ਵਿੱਚ ਕਾਮਯਾਬ ਹੋਈ ਹੈ ਤੇ ਸਰਕਾਰ ਦੀ ਸਖਤੀ ਕਾਰਨ ਨਸ਼ਿਆਂ ਦੀ ਸਪਲਾਈ ਲਾਈਨ ਟੁੱਟ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਤੇ ਐੱਸ.ਐੱਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ-ਕਮੇਟੀ ਵੀ ਬਣਾਈ ਗਈ ਹੈ। ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਦੱਸਿਆ ਕਿ 786 ਕਿਲੋਗ੍ਰਾਮ ਹੈਰੋਇਨ ਤੋਂ ਇਲਾਵਾ ਪੁਲਿਸ ਟੀਮਾਂ ਨੇ 301 ਕਿਲੋਗ੍ਰਾਮ ਅਫੀਮ, 158 ਕੁਇੰਟਲ ਭੁੱਕੀ, 11 ਕਿਲੋਗ੍ਰਾਮ ਚਰਸ, 300 ਕਿਲੋਗ੍ਰਾਮ ਗਾਂਜਾ, 2.9 ਕਿਲੋਗ੍ਰਾਮ ਆਈ.ਸੀ.ਈ., 27.99 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ ਤੇ 11.58 ਕਰੋੜ ਰੁਪਏ ਦੀ ਡਰੱਗ ਮਨੀ ਵੀ ਜ਼ਬਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ-ਇਨਫੋਰਸਮੈਂਟ, ਡੀ-ਅਡਿਕਸ਼ਨ ਤੇ ਪ੍ਰੀਵੈਂਸ਼ਨ (ਈਡੀਪੀ)-ਲਾਗੂ ਕੀਤੀ ਗਈ ਹੈ ਤੇ ਇਸ ਰਣਨੀਤੀ ਦੇ ਤਹਿਤ ਨਸ਼ੇ ਦੀ ਆਦਤ ਦੇ ਸ਼ਿਕਾਰ ਨੌਜਵਾਨਾਂ ਦਾ ਮੁਫ਼ਤ ਇਲਾਜ ਕਰਕੇ ਉਨ੍ਹਾਂ ਨੂੰ ਮੁੜ ਪੈਰਾਂ ਸਿਰ ਖੜ੍ਹਾ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਕੇ ਇੱਕ ਵਾਰ ਫਿਰ ਰੰਗਲਾ ਪੰਜਾਬ ਬਣਾਇਆ ਜਾਵੇਗਾ।

# ਪਰਮਿੰਦਰ ਸਿੰਘ ਸਿੱਧੂ ਨੇ ਬਤੌਰ ਐੱਸ.ਐੱਚ.ਓ. ਚਾਰਜ ਸੰਭਾਲਿਆ



ਧਾਰੀਵਾਲ, 2 ਜੁਲਾਈ (ਅਸ਼ੋਕ ਕੁਮਾਰ): ਪੁਲਿਸ ਥਾਣਾ ਧਾਰੀਵਾਲ ਵਿਖੇ ਤੈਨਾਤ ਐੱਸ.ਐੱਚ.ਓ. ਪਰਮਿੰਦਰ ਸਿੰਘ ਸਿੱਧੂ ਨੇ ਧਾਰੀਵਾਲ ਦੇ ਸਮੂਹ ਪੱਤਰਕਾਰ ਭਾਈਚਾਰੇ ਨਾਲ ਪਲੇਠੀ ਮੀਟਿੰਗ ਦੌਰਾਨ ਇਲਾਕੇ ਦੀ ਸਮੱਸਿਆਵਾਂ ਤੇ ਹੋਰ ਗਤੀਵਿਧੀਆਂ 'ਤੇ ਵਿਚਾਰ-ਵਟਾਂਦਰਾ ਕਰਦੇ ਹੋਏ ਇਲਾਕੇ ਨੂੰ ਨਸ਼ਾ-ਮੁਕਤ ਬਣਾਉਣ ਲਈ ਸਹਿਯੋਗ ਤੇ ਸੁਝਾਓ ਮੰਗੇ। ਇਸ ਮੌਕੇ 'ਤੇ ਐੱਸ.ਐੱਚ.ਓ. ਪਰਮਿੰਦਰ ਸਿੰਘ ਸਿੱਧੂ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਐੱਸ.ਐੱਸ.ਪੀ. ਗੁਰਦਾਸਪੁਰ ਆਦਿਤਯ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਇਲਾਕੇ ਵਿੱਚੋਂ ਨਸ਼ਾ ਖਤਮ ਕਰਨ ਸਬੰਧੀ ਪੁਲਿਸ ਪ੍ਰਸ਼ਾਸਨ ਪੂਰੀ ਮੁਸਤੈਦੀ ਨਾਲ ਨਸ਼ਾ-ਤਸਕਰਾਂ ਨੂੰ ਫੜ੍ਹ ਕੇ ਜੇਲ੍ਹਾਂ ਵਿੱਚ ਸੁੱਟ ਰਿਹਾ ਹੈ ਤੇ ਨਸ਼ਾ-ਤਸਕਰ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਪੁਲਿਸ ਪ੍ਰਸ਼ਾਸਨ ਆਮ ਜਨਤਾ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਨਾਲ ਵਚਨਬੱਧ ਹੈ ਤੇ ਆਮ ਜਨਤਾ ਨੂੰ ਪੁਲਿਸ ਦਾ ਸਾਥ ਦੇਣਾ ਚਾਹੀਦਾ ਹੈ। ਐੱਸ.ਐੱਚ.ਓ. ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਜਿਹੜੇ ਨੌਜਵਾਨ ਬੁਰੀ ਸੰਗਤ ਕਰਕੇ ਨਸ਼ਾ ਕਰਨ ਦੇ ਆਦੀ ਹੋ ਚੁੱਕੇ ਹਨ, ਉਨ੍ਹਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਤੇ ਓਟ ਸੈਂਟਰਾਂ ਵਿੱਚ ਭੇਜ ਕੇ ਨਸ਼ਾ ਛਡਵਾ ਕੇ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਮੌਕੇ ਦੇਵੇਗੀ। ਸ਼ਹਿਰ ਧਾਰੀਵਾਲ ਵਿੱਚ ਟ੍ਰੈਫਿਕ ਸਮੱਸਿਆ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਮੇਨ ਥਾਵਾਂ 'ਤੇ ਹੋਰ ਪੁਲਿਸ ਮੁਲਾਜ਼ਮ ਤੈਨਾਤ ਕਰਕੇ ਆਵਾਜਾਈ ਦੀ ਸਮੱਸਿਆ ਸੁਚਾਰੂ ਢੰਗ ਨਾਲ ਬਹਾਲ ਕੀਤੀ ਜਾਵੇਗੀ, ਇਸ ਸਬੰਧੀ ਦੁਕਾਨਦਾਰ ਸਹਿਯੋਗ ਕਰਨ ਤੇ ਆਪਣਾ ਸਮਾਨ ਆਪਣੀ ਹਦੂਦ ਤੱਕ ਹੀ ਰੱਖਣ। ਉਨ੍ਹਾਂ ਮੋਟਰਸਾਈਕਲ ਜਗਾੜੂ-ਰੇਹੜੀਆਂ ਵਾਲਿਆਂ ਨੂੰ ਸਖਤ ਚੇਤਾਵਨੀ ਦਿੰਦਿਆਂ ਕਿਹਾ ਕਿ ਬਿਨਾਂ ਨੰਬਰੀ ਤੇ ਬਿਨਾਂ ਦਸਤਾਵੇਜ਼ ਦੇ ਮੋਟਰਸਾਈਕਲ ਜਗਾੜੂ-ਰੇਹੜੀਆਂ ਨੂੰ ਜ਼ਬਤ ਕਰਕੇ ਕੇਸ ਦਰਜ ਕੀਤੇ ਜਾਣਗੇ।

# 31 ਤੱਕ ਚਲਾਈ ਜਾਵੇਗੀ 'ਸਫ਼ਾਈ ਅਪਣਾਓ ਬਿਮਾਰੀ ਭਗਾਓ' ਮੁਹਿੰਮ: ਈ.ਓ. ਨਰਿੰਦਰ ਕੁਮਾਰ



ਜ਼ੀਰਾ, 2 ਜੁਲਾਈ (ਦੀਪਕ ਭਾਰਗੋ): ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪੀ.ਐੱਮ ਆਈ.ਡੀ.ਸੀ. ਚੰਡੀਗੜ੍ਹ ਵੱਲੋਂ ਬਣਾਏ ਗਏ ਸ਼ਡਿਊਲ ਨੂੰ ਮੁੱਖ ਰੱਖਦੇ ਹੋਏ ਅੱਜ ਮਾਣਯੋਗ ਵਧੀਕ ਡਿਪਟੀ ਕਮਿਸ਼ਨਰ ਜਨਰਲ ਫਿਰੋਜ਼ਪੁਰ ਦਮਨਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਜ਼ੀਰਾ ਦੇ ਕਾਰਜ ਸਾਧਕ ਅਫਸਰ ਨਰਿੰਦਰ ਕੁਮਾਰ ਤੇ ਸੈਨੇਟਰੀ ਸੁਪਰਡੈਂਟ ਸੁਖਪਾਲ ਸਿੰਘ, ਸੈਨੇਟਰੀ ਇੰਚਾਰਜ ਸੁਸ਼ੀਲ ਕੁਮਾਰ ਵੱਲੋਂ ਸਾਂਝੇ ਤੌਰ 'ਤੇ ਦੱਸਿਆ ਗਿਆ ਹੈ ਕਿ ਮਿਤੀ 1 ਜੁਲਾਈ 2025 ਤੋਂ 31 ਜੁਲਾਈ 2025 ਤੱਕ ਸਫਾਈ ਅਪਨਾਓ ਬਿਮਾਰੀ ਭਗਾਓ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਸ਼ਹਿਰ ਦੇ ਸਮੂਹ ਵਾਰਡਾਂ ਅੰਦਰ ਕਚਰੇ ਦੀ ਕਲੈਕਸ਼ਨ ਕਚਰੇ ਤੋਂ ਖਾਦ ਤਿਆਰ ਕਰਨਾ ਸੜਕਾਂ ਤੋਂ ਕਚਰੇ ਦੇ ਢੇਰਾਂ ਨੂੰ ਹਟਾਉਣਾ ਅਤੇ ਉਨ੍ਹਾਂ ਸਥਾਨਾਂ ਦਾ ਸੁੰਦਰੀਕਰਨ ਕਰਨਾ ਸ਼ਹਿਰ ਦੇ ਵੱਖ-ਵੱਖ ਸਥਾਨਾਂ ਤੋਂ ਮਲਬੇ ਦੀ ਲਿਫਟਿੰਗ ਕਰਨਾ ਸੋਲਿਡ ਵੇਸਟ ਪਲਾਟਾਂ ਦੀ ਸਾਫ-ਸਫਾਈ ਤੇ ਖਾਦ ਨੂੰ ਲੋਕਾਂ ਨੂੰ ਮੁਫਤ ਵੰਡਣ ਲਈ ਕੈਂਪ ਸਟਾਲ ਲਗਾਉਣੇ ਸ਼ਹਿਰ ਦੇ ਸਕੂਲਾਂ ਦੇ ਵਿਦਿਆਰਥੀਆਂ ਨਾਲ ਮਿਲ ਕੇ ਸਵੱਛਤਾ ਪ੍ਰਤੀ ਰੈਲੀਆਂ ਕੱਢਣੀ ਸਕੂਲੀ ਵਿਦਿਆਰਥੀਆਂ ਨੂੰ ਹੱਥ ਧੋਣ ਦੀ ਜਾਂਚ ਲਈ ਸਿਖਲਾਈ ਦੇਣਾ ਆਂਗਨਵਾੜੀ ਵਰਕਰਾਂ ਨੂੰ ਘਰੇਲੂ ਕਚਰੇ ਤੋਂ ਖਾਦ ਤਿਆਰ ਕਰਨ ਦੀ ਸਿਖਲਾਈ ਦੇਣਾ ਇਸ ਤੋਂ ਇਲਾਵਾ ਸਵੱਛਤਾ ਪ੍ਰਤੀ ਵੱਖ-ਵੱਖ ਪ੍ਰਕਾਰ ਦੀਆਂ ਗਤੀਵਿਧੀਆਂ ਕੀਤੀਆਂ ਜਾਣਗੀਆਂ। ਇਸ ਮੌਕੇ 'ਤੇ ਪ੍ਰਧਾਨ ਨਗਰ ਕੌਂਸਲ ਜ਼ੀਰਾ ਸਰਬਜੀਤ ਕੌਰ ਪਤਨੀ ਗੁਰਪ੍ਰੀਤ ਸਿੰਘ (ਜੱਜ) ਵੱਲੋਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਘਰਾਂ ਦੇ ਆਲੇ ਦੁਆਲੇ ਸਾਫ-ਸਫਾਈ ਬਣਾਈ ਰੱਖਣ ਤੇ ਆਪਣੇ ਖਾਲੀ ਪਏ ਪਲਾਟਾਂ ਨੂੰ ਆਪਣੇ ਪੱਧਰ 'ਤੇ ਸਾਫ ਕਰਨ ਤਾਂ ਜੋ ਸ਼ਹਿਰ ਨੂੰ ਹੋਰ ਵਧੇਰੇ ਸਾਫ-ਸੁਥਰਾ ਕੀਤਾ ਜਾ ਸਕੇ।

# ਮਾਈਕਲ ਸਹੋਤਾ ਨੇ ਜੋਬਨ ਰੰਧਾਵਾ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਹੋਣ 'ਤੇ ਦਿੱਤੀ ਵਧਾਈ



ਧਾਰੀਵਾਲਠ, 2 ਜੁਲਾਈ (ਅਸ਼ੋਕ ਕੁਮਾਰ): ਆਪ ਆਗੂ ਮਾਈਕਲ ਸਹੋਤਾ ਨੇ ਜੋਬਨ ਰੰਧਾਵਾ ਨੂੰ ਜ਼ਿਲ੍ਹਾ ਪ੍ਰਧਾਨ ਨਿਯੁਕਤ ਹੋਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਜੋਬਨ ਰੰਧਾਵਾ ਪਾਰਟੀ ਦੇ ਵਫਾਦਾਰ ਆਗੂ ਹਨ। ਜੋ ਦਿਨ-ਰਾਤ ਆਮ ਆਦਮੀ ਪਾਰਟੀ ਨੂੰ ਸਮਰਪਿਤ ਹਨ। ਪਾਰਟੀ ਹਾਈ ਕਮਾਨ ਨੇ ਉਨ੍ਹਾਂ ਦੀ ਮਿਹਨਤ ਤੇ ਇਮਾਨਦਾਰੀ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਨਿਯੁਕਤ ਕਰਕੇ ਪਾਰਟੀ ਨੇ ਉਨ੍ਹਾਂ ਨੂੰ ਮਾਨ ਬਖਸ਼ਿਆ ਹੈ। ਆਗੂ ਮਾਈਕਲ ਸਹੋਤਾ ਨੇ ਅੱਗੇ ਕਿਹਾ ਕਿ ਮੈਂ ਹਾਈ ਕਮਾਨ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਪਾਰਟੀ ਪ੍ਰਤੀ ਸਮਰਪਿਤ ਉਸ ਹਰ ਆਪ ਆਗੂ ਨੂੰ ਨਾਲ ਲੈ ਕੇ ਚੱਲਣਗੇ ਤੇ ਉਨ੍ਹਾਂ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਗੁਰਦਾਸਪੁਰ 'ਚ ਆਮ ਆਦਮੀ ਪਾਰਟੀ ਦਾ ਗ੍ਰਾਫ ਬਹੁਤ ਉੱਚਾ ਹੋਵੇਗਾ।

# ਜਨਕ ਦੁਲਾਰੀ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਰੁੜ ਪੁਰਾਣ ਦੇ ਭੋਗ ਤੇ ਰਸਮ ਪੱਗੜੀ 6 ਨੂੰ



ਗੜ੍ਹਸ਼ੰਕਰ, 2 ਜੁਲਾਈ (ਅਜਮੇਰ ਸਿੰਘ ਭਨੋਟ): ਗੜ੍ਹਸ਼ੰਕਰ ਦੇ ਉੱਘੇ ਸਮਾਜ ਸੇਵੀ ਤੇ ਗਊ ਸੇਵਕ ਰਾਜੀਵ ਰਾਣਾ ਦੇ ਮਾਤਾ ਜਨਕ ਦੁਲਾਰੀ 21 ਜੂਨ ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰ ਪ੍ਰਭੂ ਚਰਨਾਂ ਵਿੱਚ ਜਾ ਵਿਰਾਜੇ ਸਨ, ਮਾਤਾ ਜਨਕ ਦੁਲਾਰੀ ਜੋ ਬਹੁਤ ਹੀ ਭਗਤੀ ਭਾਵਨਾ ਵਾਲੇ ਨੇਕ ਦਿਲ ਸਨ ਤੇ ਜਿਨ੍ਹਾਂ ਹਮੇਸ਼ਾ ਗਊ ਸੇਵਾ ਆਪ ਵੀ ਕੀਤੀ ਤੇ ਆਪਣੇ ਬੱਚਿਆਂ ਨੂੰ ਵੀ ਗਊ ਸੇਵਾ ਵਾਲੇ ਪਾਸੇ ਲਗਾਇਆ, ਇਸ ਦੁੱਖ ਦੀ ਘੜੀ ਵਿੱਚ ਇਲਾਕੇ ਦੀਆਂ ਵੱਖ-ਵੱਖ ਸ਼ਖਸੀਅਤਾਂ ਸਿਆਸੀ ਪਾਰਟੀਆਂ ਦੇ ਆਗੂ, ਧਾਰਮਿਕ ਤੇ ਸਮਾਜਿਕ ਲੋਕਾਂ ਨੇ ਰਾਜੀਵ ਰਾਣਾ ਦੇ ਨਾਲ ਸੋਗ ਵਿਅਕਤ ਕੀਤਾ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਸ੍ਰੀ ਕ੍ਰਿਸ਼ਨ ਗਊਸ਼ਾਲਾ ਗੜ੍ਹਸ਼ੰਕਰ ਦੇ ਪ੍ਰਧਾਨ ਰਾਣਾ ਉਦੇ ਭਾਨ (ਬਬਲੂ) ਨੇ ਕਿਹਾ ਕਿ ਮਾਤਾ ਜੀ ਜਿੰਨੇ ਧਾਰਮਿਕ ਵਿਚਾਰਾਂ ਵਾਲੇ ਸਨ ਹਰ ਵੇਲੇ ਹਰੀ ਸਿਮਰਨ ਕਰਦੇ ਸਨ, ਉਨ੍ਹਾਂ ਹੀ ਵੱਡਾ ਉਨ੍ਹਾਂ ਦਿਨ ਇਕਦਸ਼ੀ ਦਾ ਪਾਇਆ ਜੋ ਸਨਾਤਨ ਧਰਮ ਵਿੱਚ ਪਵਿੱਤਰ ਮੰਨਿਆ ਜਾਂਦਾ ਹੈ, ਮਾਤਾ ਜਨਕ ਦੁਲਾਰੀ ਦੀ ਆਤਮਿਕ ਸ਼ਾਂਤੀ ਦੇ ਲਈ ਰੱਖੇ ਗਏ ਗਰੁੜ ਪੁਰਾਣ ਜੀ ਦੇ ਪਾਠ ਦੇ ਭੋਗ ਤੇ ਰਸਮ ਪੱਗੜੀ 6 ਜੁਲਾਈ ਦਿਨ ਐਤਵਾਰ ਨੂੰ ਉਨ੍ਹਾਂ ਦੇ ਨਿਵਾਸ ਸਥਾਨ ਨੰਗਲ ਰੋਡ ਗੜ੍ਹਸ਼ੰਕਰ ਵਿਖੇ ਕੀਤੀ ਜਾਵੇਗੀ।

# ਬਿਮਾਰੀਆਂ ਤੋਂ ਬਚਣ ਤੇ ਸਫਾਈ ਰੱਖਣ ਲਈ ਲੋਕਾਂ ਨੂੰ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਲਈ ਕੀਤਾ ਜਾਗਰੂਕ



ਬਟਾਲਾ, 2 ਜੁਲਾਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਅੱਜ ਗਲੀ ਲੱਲੀਆਂ ਦੀ ਤੇ ਲੰਮੀ ਗਲੀ ਬਟਾਲਾ ਵਿਚ 'ਸਫਾਈ ਅਪਨਾਓ ਬਿਮਾਰੀ ਭਜਾਓ' ਮੁਹਿੰਮ ਤਹਿਤ ਲੋਕਾਂ ਨੂੰ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣ ਦੀ ਡੈਮੋ ਦਿੱਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਭਜੋਤ ਕੌਰ, ਆਈ.ਈ.ਸੀ. ਐਕਸਪਰਟ ਨੇ ਦੱਸਿਆ ਕਿ ਕਮਿਸ਼ਨਰ ਨਗਰ ਨਿਗਮ ਬਟਾਲਾ ਦੀ ਅਗਵਾਈ ਵਿੱਚ 'ਸਵੱਛ ਭਾਰਤ ਅਭਿਆਨ' ਨੂੰ ਮੁੱਖ ਰੱਖਦੇ ਹੋਏ ਸਥਾਨਕ ਸਰਕਾਰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਸ਼ਹਿਰ ਵਿੱਚ 'ਸਫ਼ਾਈ ਅਪਨਾਓ ਬਿਮਾਰੀ ਭਜਾਓ' ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਅੱਜ ਲੋਕਾਂ ਨੂੰ ਦੱਸਿਆ ਗਿਆ ਕਿ ਉਹ ਆਪਣੇ ਘਰਾਂ ਦੇ ਆਲੇ ਦੁਆਲੇ ਗੰਦਗੀ ਇਕੱਠੀ ਨਾ ਹੋਣ ਦੇਣ। ਪਾਣੀ ਨਾ ਇਕੱਠਾ ਹੋਣ ਦੇਣ ਤੇ ਘਰ ਦਾ ਕੂੜਾ ਬਾਹਰ ਨਾ ਸੁੱਟਿਆ ਜਾਵੇ। ਉਨ੍ਹਾਂ ਕਿਹਾ ਕਿ ਜੋ ਵੇਸਟ ਕੁਲੈਕਟਰ ਤੁਹਾਡੇ ਇਲਾਕੇ ਵਿੱਚ ਆਉਂਦਾ ਹੈ, ਉਸਨੂੰ ਵੀ ਅਲੱਗ-ਅਲੱਗ ਕੂੜਾ ਕਰਕੇ ਦਿੱਤਾ ਜਾਵੇ ਤਾਂ ਜੋ ਕੂੜੇ ਨੂੰ ਸਹੀ ਤਰ੍ਹਾਂ ਪ੍ਰੋਸੈਸਿੰਗ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਨੂੰ ਸ਼ਹਿਰ ਵਾਸੀਆਂ ਤੇ ਐੱਨ.ਜੀ.ਓਜ਼ ਦੇ ਸਾਥ ਨਾਲ ਸਫਲ ਬਣਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਮੁਹਿੰਮ 1 ਜੁਲਾਈ ਤੋਂ 31 ਜੁਲਾਈ ਤੱਕ ਜਾਰੀ ਰਹੇਗੀ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਸੁਹਿਰਦ ਨਾਗਰਿਕ ਦਾ ਸਬੂਤ ਦਿੰਦੇ ਹੋਏ ਨਗਰ ਨਿਗਮ ਦਾ ਸਾਥ ਦਿੱਤਾ ਜਾਵੇ ਤੇ ਸ਼ਹਿਰ ਵਾਸੀ ਸ਼ਹਿਰ ਨੂੰ ਸੁੰਦਰ ਬਣਾਉਣ ਵਿੱਚ ਆਪਣਾ ਬਣਦਾ ਯੋਗਦਾਨ ਜ਼ਰੂਰ ਪਾਉਣ। ਇਸ ਮੌਕੇ ਕੁਲਦੀਪ ਸਿੰਘ, ਸਵਰੂਪ ਸਿੰਘ, ਰੋਹਿਤ, ਜਸਵਿੰਦਰ ਕੌਰ ਤੇ ਜਸਵੰਤ ਸਿੰਘ ਆਦਿ ਹਾਜ਼ਰ ਸਨ।

# ਜ਼ਿਲ੍ਹੇ 'ਚ ਬਣਨਗੇ 25 ਆਂਗਨਵਾੜੀ ਸੈਂਟਰ, 9 ਸੈਂਟਰਾਂ ਦਾ ਨਿਰਮਾਣ ਕਾਰਜ ਮੁਕੰਮਲ: ਏ.ਡੀ.ਸੀ.



ਸ਼ਹੀਦ ਭਗਤ ਸਿੰਘ ਨਗਰ, 2 ਜੁਲਾਈ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ ਜ਼ਿਲ੍ਹੇ ਵਿੱਚ 25 ਆਂਗਨਵਾੜੀ ਸੈਂਟਰਾਂ ਦੀ ਉਸਾਰੀ ਕੀਤੀ ਜਾ ਰਹੀ ਹੈ, ਜਿਨ੍ਹਾਂ ਵਿੱਚੋਂ 9 ਸੈਂਟਰਾਂ ਦਾ ਨਿਰਮਾਣ ਕਾਰਜ ਮੁਕੰਮਲ ਹੋ ਚੁੱਕਾ ਹੈ ਤੇ ਬਾਕੀ ਸੈਂਟਰ ਵੀ ਜਲਦ ਕਾਰਜਸ਼ੀਲ ਹੋ ਜਾਣਗੇ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀਆਂ ਹਦਾਇਤਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਅਵਨੀਤ ਕੌਰ ਨੇ ਬਲਾਕ ਬਲਾਚੌਰ ਅਧੀਨ ਗ੍ਰਾਮ ਪੰਚਾਇਤ ਰੱਕੜਾਂ ਬੇਟ ਵਿਖੇ ਆਂਗਨਵਾੜੀ ਸੈਂਟਰ ਦੇ ਨਿਰਮਾਣ ਕਾਰਜ ਦਾ ਨਿਰੀਖਣ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਸਾਰੀ ਤੈਅ ਸਮੇਂ ਵਿੱਚ ਮੁਕੰਮਲ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਬਣ ਰਹੇ 25 ਸੈਂਟਰਾਂ 'ਤੇ ਕਰੀਬ 2.50 ਕਰੋੜ ਰੁਪਏ ਦੀ ਲਾਗਤ ਆਵੇਗੀ, ਜਿਨ੍ਹਾਂ ਵਿੱਚੋਂ ਪ੍ਰਤੀ ਸੈਂਟਰ 2 ਲੱਖ ਰੁਪਏ ਆਈ.ਸੀ.ਡੀ.ਐੱਸ. ਸਕੀਮ ਤਹਿਤ ਖਰਚੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਕੰਮਲ ਹੋ ਚੁੱਕੇ 9 ਸੈਂਟਰ ਜਲਦ ਹੀ ਜ਼ਿਲ੍ਹਾ ਵਾਸੀਆਂ ਨੂੰ ਸਮਰਪਿਤ ਕੀਤੇ ਜਾਣਗੇ। ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਸੈਂਟਰਾਂ ਦੇ ਨਿਰਮਾਣ ਨਾਲ 25 ਥਾਵਾਂ 'ਤੇ ਕਈ ਪਿੰਡਾਂ ਵਿੱਚ ਆਂਗਨਵਾੜੀ ਦੀ ਸਹੂਲਤ ਦਾ ਲੋਕਾਂ ਨੂੰ ਵੱਡਾ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਸੈਂਟਰਾਂ ਵਿੱਚ ਵੱਖ-ਵੱਖ ਸਹੂਲਤਾਂ ਦਿੱਤੀਆਂ ਜਾਣਗੀਆਂ ਤਾਂ ਜੋ ਜੱਚਾ-ਬੱਚਾ ਭਲਾਈ ਉਪਰਾਲਿਆਂ ਨੂੰ ਹਰ ਲਾਭਪਾਤਰੀ ਤੱਕ ਪੁੱਜਦਾ ਕੀਤਾ ਜਾ ਸਕੇ। ਜ਼ਿਕਰਯੋਗ ਹੈ ਕਿ ਬੱਚਿਆਂ ਨੂੰ ਸੁਰੱਖਿਅਤ ਤੇ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਲਈ ਇਨ੍ਹਾਂ ਸੈਂਟਰਾਂ ਵਿੱਚ ਆਰਾਮਦਾਇਕ ਫਰਨੀਚਰ, ਸਾਫ-ਸੁਥਰੇ ਪਖਾਨੇ, ਖਿਡੌਣੇ ਰਾਹੀਂ ਅਤਿ ਆਧੁਨਿਕ ਸਹੂਲਤਾਂ ਮੁਹੱਈਆ ਕਰਵਾਈਆਂ ਜਾਣਗੀਆਂ।

# ਪਿੰਡ ਘਰਾਲਾ ਦੀ 80 ਏਕੜ ਜ਼ਮੀਨ ਐਕੁਆਇਰ ਵਿਰੁੱਧ ਪਿੰਡ ਵਿੱਚ ਹੋਈ ਵਿਸ਼ਾਲ ਰੈਲੀ

ਗੁਰਦਾਸਪੁਰ, 2 ਜੁਲਾਈ (ਜਸਵਿੰਦਰ ਸਿੰਘ) -ਅੱਜ ਪਿੰਡ ਘਰਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਬਹੁਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਇਕੱਤਰ ਹੋਏ ਅਤੇ ਕਿਸਾਨ ਬਚਾਓ ਸੰਘਰਸ਼ ਕਮੇਟੀ ਪਿੰਡ ਘਰਾਲਾ (ਗੁਰਦਾਸਪੁਰ) ਦੇ ਸੱਦੇ ਤੇ ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਮਜ਼ਦੂਰ ਜਥੇਬੰਦੀਆਂ ਨੇ ਬਹੁਤ ਵੱਡੀ ਸਮੂਲੀਅਤ ਕੀਤੀ ਇਸ ਵਿਸ਼ਾਲ ਰੈਲੀ ਵਿਚ ਸਰਕਾਰ ਨੂੰ ਸਪਸ਼ਟ ਸੁਨੇਹਾ ਦਿੱਤਾ ਗਿਆ ਕਿ ਅਗਰ ਪੰਜਾਬ ਦਾ ਜਮੀਨ ਅਕਵਾਇਰ ਕਰਨ ਦਾ ਲੈਂਡ ਪੋਲਿੰਗ ਐਕਟ ਤਹਿਤ ਜਾਰੀ ਕੀਤਾ ਨੋਟੀਫਿਕੇਸ਼ਨ ਰੱਦ ਨਾ ਕੀਤਾ ਗਿਆ ਤਾਂ ਇਸਦੇ ਬਹੁਤ ਗੰਭੀਰ ਸਿੱਟੇ ਨਿਕਲਣਗੇ ਰੈਲੀ ਦੀ ਪ੍ਰਧਾਨਗੀ ਸਾਂਝੇ ਤੌਰ ਤੇ ਮੱਖਣ ਸਿੰਘ ਕੁਹਾੜ ਅਤੇ ਹਰਜੀਤ ਸਿੰਘ ਕਾਹਲੋਂ (ਜਮਹੂਰੀ ਕਿਸਾਨ ਸਭਾ), ਤਰਲੋਕ ਸਿੰਘ ਬਹਿਰਾਮਪੁਰ, ਸਤਬੀਰ ਸਿੰਘ ਸੁਲਤਾਨੀ (ਕਿਰਤੀ ਕਿਸਾਨ ਯੂਨੀਅਨ) ਬਲਬੀਰ ਸਿੰਘ ਕੱਤੋਵਾਲ (ਕੁਲ ਹਿੰਦ ਕਿਸਾਨ ਸਭਾ) ,ਲਖਵਿੰਦਰ ਸਿੰਘ ਮਰੜ (ਕੁਲ ਹਿੰਦ ਕਿਸਾਨ ਸਭਾ ਗਰੇਵਾਲ), ਰਾਜ ਗੁਰਵਿੰਦਰ ਸਿੰਘ ਲਾਡੀ (ਕ੍ਰਾਂਤੀਕਾਰੀ ਕਿਸਾਨ ਯੂਨੀਅਨ), ਸੁਖਦੇਵ ਸਿੰਘ ਭਾਗੋਕਾਵਾਂ (ਪੰਜਾਬ ਕਿਸਾਨ ਯੂਨੀਅਨ) ,ਸਤਨਾਮ ਸਿੰਘ (ਮਾਝਾ ਕਿਸਾਨ ਸੰਘਰਸ਼ ਕਮੇਟੀ), ਕਰਨੈਲ ਸਿੰਘ ਸ਼ੇਰਪੁਰ (ਬੀਕੇਯੂ ਕਾਦੀਆਂ ਰਾਜ), ਗੁਰਿੰਦਰ ਸਿੰਘ ਜੀਵਨ ਚੱਕ (ਬੀਕੇਯੂ ਡਕੌਂਦਾ)), ਲੱਖਵਿੰਦਰ ਸਿੰਘ ਮੰਜਿਆਂਵਾਲੀ (ਬੀਕੇਯੂ ਉਗਰਾਹਾਂ) ਪਲਵਿੰਦਰ ਸਿੰਘ ਮਠੋਲਾ (ਬੀਕੇਯੂ ਰਾਜੇਵਾਲ) ,ਐਸ ਪੀ ਸਿੰਘ ਗੋਸਲ (ਸਾਬਕਾ ਸੈਨਿਕ ਸੰਘਰਸ਼ ਕਮੇਟੀ) ਤੋਂ ਇਲਾਵਾ ਮਜ਼ਦੂਰ ਆਗੂਆਂ ਜੋਗਿੰਦਰ ਪਾਲ ਘਰਾਲਾ, ਸੁਖਦੇਵ ਸਿੰਘ ਬਹਿਰਾਮਪੁਰ, ਧਿਆਨ ਸਿੰਘ ਠਾਕੁਰ, ਐਮ ਸੀ ਐਡਵੋਕੇਟ ਸੁਖਵਿੰਦਰ ਸਿੰਘ, ਜਮੀਨ ਬਚਾਓ ਸੰਘਰਸ਼ ਕਮੇਟੀ ਦੇ ਦਵਿੰਦਰ ਸਿੰਘ ਸੋਨਾ ਅਤੇ ਸੰਘਰਸ਼ ਕਮੇਟੀ ਦੇ ਇੱਕ ਹੋਰ ਆਗੂ ਪਰਮਜੀਤ ਕੌਰ ਤੋਂ ਇਲਾਵਾ (ਗੁਰਬੀਰ ਸਿੰਘ ਰਾਜੂ ਘੁਰਾਲਾ) ਨੇ ਕੀਤੀ ਗੁਲਜਾਰ ਸਿੰਘ ਬਸੰਤਕੋਟ, ਅਸ਼ਵਨੀ ਕੁਮਾਰ ਲਖਣ ਕਲਾਂ ਆਦਿ ਨੇ ਵੀ ਸੰਬੋਧਨ ਕੀਤਾ ।ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਮਾਨ ਸਰਕਾਰ ਦੀ ਸਖਤ ਆਲੋਚਨਾ ਕੀਤੀ ਕਿ ਉਹ ਕਿਸਾਨਾਂ ਦੇ ਹਿਤੈਸ਼ੀ ਹੋਣ



ਦਾ ਵਾਦਾ ਕਰਕੇ ਸੱਤਾ ਵਿੱਚ ਆਈ ਸੀ ਪਰ ਹੁਣ ਸਭ ਤੋਂ ਵੱਧ ਕਿਸਾਨਾਂ ਨਾਲ ਦੁਸ਼ਮਣੀ ਪਾਲ ਰਹੀ ਹੈ। ਲੋਕਾਂ ਦੀ ਮੰਗ ਤਾਂ ਰੁਜ਼ਗਾਰ ਹੈ। ਕਿਸਾਨਾਂ ਦੀ ਮੰਗ ਹੈ ਕਿ ਐਮਐਸਪੀ ਦਿੱਤੀ ਜਾਵੇ। ਮਜ਼ਦੂਰਾਂ ਦੀ ਮੰਗ ਹੈ ਕਿ ਉਹਨਾਂ ਦੇ ਪੁਰਾਣੇ ਕਨੂੰਨ ਬਹਾਲ ਕੀਤੇ ਜਾਣ ਅਤੇ ਪੂਰਾ ਸਾਲ ਕੰਮ ਦਿੱਤਾ ਜਾਵੇ। ਇਹ ਮੰਗ ਤਾਂ ਕਿਸੇ ਨੇ ਕੀਤੀ ਹੀ ਨਹੀਂ ਕਿ ਸਾਨੂੰ ਪਲਾਟ ਚਾਹੀਦੇ ਹਨ ਜਾਂ ਕਲੋਨੀਆਂ ਚਾਹੀਦੀਆਂ ਹਨ? ਫਿਰ ਐਸੀਆਂ ਕਲੋਨੀਆਂ ਬਣਾਉਣ ਦੀ ਕੀ ਲੋੜ ਹੈ? ਸਿਰਫ ਅਮੀਰਾਂ ਤੋਂ ਪੈਸੇ ਉਗਰਾਹੁਣ ਵਾਸਤੇ ਸਸਤੇ ਭਾ ਜਮੀਨ ਖਰੀਦ ਕੇ ਬਹੁਤ ਮਹਿੰਗੇ ਭਾ ਵੇਚਣ ਵਾਸਤੇ ਮੁਨਾਫਾ ਕਮਾਉਣ ਵਾਸਤੇ ।ਇਹ ਕਿਸਾਨਾਂ ਨਾਲ ਧੱਕਾ ਕਿਸੇ ਵੀ ਹਾਲਤ ਵਿੱਚ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਹ ਪਿੰਡ ਘਰਾਲਾ ਪਹਿਲਾਂ ਵੀ ਦੋ ਵਾਰ ਉਜੜ ਚੁੱਕਾ ਹੈ ਇਸ ਦੀ ਜਮੀਨ ਪਹਿਲਾਂ ਹਾਈਵੇ ਵਿੱਚ ਅਤੇ ਫਿਰ ਇਮਪਰੂਵਮੈਂਟ ਟਰੱਸਟ ਵਿੱਚ ਆ ਚੁੱਕੀ ਹੈ ਤੇ ਜੋ ਰਹਿ ਗਈ ਸੀ ਉਸਦਾ ਹੁਣ ਸਫਾਇਆ ਕੀਤਾ ਜਾ ਰਿਹਾ ਹੈ ਅੱਗੋਂ ਸਪਸ਼ਟ ਕੀਤਾ ਕਿ ਇਸ ਨਾਲ ਕਿਸਾਨ ਭੁੱਖੇ ਮਰ ਜਾਣਗੇ। ਕਿਸਾਨੀ ਤੇ ਜੋ ਨਿਰਭਰ ਕਰਦੀ ਜਮੀਨਾਂ ਤੇ ਮਜ਼ਦੂਰ ਹਨ ਉਹ ਵੀ ਬੇਰੁਜ਼ਗਾਰ ਤੇ ਹੱਥਲ ਹੋਣਗੇ। ਫੈਸਲਾ ਕੀਤਾ ਗਿਆ ਕਿ ਇਸ ਸਬੰਧੀ ਪਹਿਲਾਂ ਦਰਖਾਸਤਾਂ ਪੰਜਾਬ ਦੇ ਚੀਫ ਸਕੱਤਰ ਨੂੰ ਈਮੇਲਾਂ ਰਾਹੀਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ ਹੁਣ ਐਫੀਡੈਵਟ ਸਾਰੇ ਉਚੱ ਅਧਿਕਾਰੀਆਂ ਨੂੰ ਦਿੱਤੇ ਜਾਣਗੇ ਕਿ ਉਹ ਜਮੀਨ ਨਹੀਂ ਦੇਣੀ ਚਾਹੁੰਦੇ ਇਸ ਮੌਕੇ ਸਾਰੇ ਹਾਜ਼ਰ ਲੋਕਾਂ ਨੇ ਇੱਕ ਮੱਤ ਹੋ ਕੇ ਇਸ ਦੀ ਪਰੋੜਤਾ ਕੀਤੀ ਕਿ ਲੈਂਡ ਫੁਲਿੰਗ ਐਕਟ ਤਹਿਤ ਜਾਰੀ ਕੀਤਾ ਨੋਟੀਫਿਕੇਸ਼ਨ ਫੌਰੀ ਰੱਦ ਕੀਤਾ ਜਾਵੇ ਇੱਕ ਹੋਰ ਮਤੇ ਰਾਹੀਂ ਮਾਓਵਾਦੀ ਕਹਿ ਕੇ ਜੋ ਗਰੀਬਾਂ ਦੇ ਪੱਖ ਚ ਬੋਲਣ ਵਾਲਿਆਂ ਨੂੰ ਮਾਰਿਆ ਜਾ ਰਿਹਾ ਹੈ ਅਤੇ ਉਹਨਾਂ ਨੂੰ ਨਕਸਲੀ ਕਿਹਾ ਜਾ ਰਿਹਾ ਹੈ ਇਸ ਲਈ ਕੇਂਦਰ ਸਰਕਾਰ ਦੀ ਸਖਤ ਨਿਖੇਧਿ ਕੀਤੀ ਗਈ। ਇੱਕ ਹੋਰ ਮਤੇ ਰਾਹੀਂ ਦਲਜੀਤ ਦੁਸਾਂਝ ਦੀ ਫਿਲਮ ਸਰਦਾਰ ਜੀ- 3 ਉਤੇ ਰੋਕ ਲਾਉਣ ਦੀ ਕੇਂਦਰ ਸਰਕਾਰ ਦੀ ਸਖਤ ਅਲੋਚਨਾ ਕੀਤੀ। ਇਸ ਤਰਾਂ ਹੀ ਮਤਾ ਪਾਸ ਕੀਤਾ ਗਿਆ ਕਿ ਨੌ ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਵਿੱਚ ਵੱਡੀ ਪੱਧਰ ਤੇ ਹਿੱਸਾ ਲਿਆ ਜਾਵੇਗਾ ਅਤੇ ਗੁਰਦਾਸਪੁਰ ਬਸ ਸਟੈਂਡ ਇਕੱਤਰ ਹੋਇਆ ਜਾਵੇਗਾ।ਅਖੀਰ ਵਿੱਚ ਜਮੀਨ ਬਚਾਓ ਸੰਘਰਸ਼ ਕਮੇਟੀ ਦੇ ਕਨਵੀਨਰ ਦਵਿੰਦਰ ਸਿੰਘ ਸੋਨਾ ਸ਼ਾਹ ਨੇ ਸਭ ਦਾ ਧੰਨਵਾਦ ਕੀਤਾ ਇਸ ਮੌਕੇ ਕਿਸਾਨ ਆਗੂ ਰਘਬੀਰ ਸਿੰਘ ਚਾਹਲ, ਗੁਰਦੀਪ ਸਿੰਘ ਮੁਸਤਫਾਬਾਦ, ਅਜੀਤ ਸਿੰਘ ਹੁੰਦਲ ,ਦਲਬੀਰ ਸਿੰਘ ਡੁਗਰੀ, ਗੁਰਪ੍ਰਤਾਪ ਸਿੰਘ ,ਮੰਗਤ ਸਿੰਘ ਜੀਵਨ ਚੱਕ, ਮੱਖਣ ਸਿੰਘ ਤਿੱਬੜ, ਜਗੀਰ ਸਿੰਘ ਸਲਾਚ,ਕਪੂਰ ਸਿੰਘ ਘੁੰਮਣ ' ਸਰਵਣ ਸਿੰਘ ਮਾਨ, ਡਾਕਟਰ ਬਲਬੀਰ ਸਿੰਘ ਪੀਰਾਂਬਾਗ ,ਬਲਬੀਰ ਸਿੰਘ ਬੈਂਸ, ਅਮਰਜੀਤ ਕੌਰ, ਰਣਜੀਤ ਸਿੰਘ ਰਾਣਾ, ਕੁਲਵਿੰਦਰ ਸਿੰਘ ਤਿੱਬੜ, ਗੁਰਮੀਤ ਸਿੰਘ ਮਗਰਾਲਾ, ਜਗਜੀਤ ਸਿੰਘ ਅਲੂਣਾ, ਜਿੰਮੀ, ਕੰਵਲਜੀਤ ਸਿੰਘ ਮਨਜੋਤ ਸਿੰਘ ਵਰਸੋਲਾ,ਰਕੇਸ਼ ਸ਼ਰਮਾ ਲੰਬਰਦਾਰ,ਆਦਿ ਵੀ ਹਾਜ਼ਰ ਸਨ

## ਸਿਲਸਿਲੇਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In the Court of Dr. Monika Goyal Principal Judge Family Court, Rupnagar**
CNR No.PBRO01-004431-2024
Next Date:17.10.2025
Sunita
Versus
Vipan Kumar
Notice to: Vipan Kumar Father:- Mohinder Singh R/o Village Nanheri, District Fatehabad, Haryana.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 17.10.2025 at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 01-07-2025
**Sd/- Principal Judge Family Court, Rupnagar**

**(U/o 5 Rule 20 CPC)**
**(Under Guardian and Ward Act) In the Court of Sh. Vijay Kumar, Additional District and Sessions Judge, Presiding Officer, Family Court, Fatehgarh Sahib Camp Court, Amloh**
CNR No. PBfgf2-000232-2024
Next Date:-30-07-2025
Case No. GW/05/2024
Nitika
Versus
General Public
Application under Section 7 of Guardian and Ward Act for appointment of Guardian in respect of person and property of minor kashish (aged about 17 years) residing under the care and Custody of the Petitioner.
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 30.07.2025 at 10:00 A.M.
For details logon to https://highcourtchd.gov.in/?mod=district_notice&district=Fatehgarh Sahib
Dated this day of 28th May 2025
**Sd/- Additional District and Sessions Judge, Presiding Officer, Family Court, Fatehgarh Sahib Camp Court, Amloh**

**(U/o 5 Rule 20 CPC)**
**In the Court of Sh. Sandeep Kumar Singla Principal Judge Family Court, Nabha**
CNR No.PBPTF3-000189-2023
Next Date: 02.08.2025
Habeeb
Versus
Amna
Notice to: Amna W/o Habeeb Khan Village Bahman Majra Near Purana Phatak Sirhind District Fatehgarh Sahib
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 02.08.2025 at 10:00 A.M.
For details logon to https://highcourtchd.gov.in/?mod=district_notice&district=patiala
Dated, this day of 01-07-2025
**Sd/- Principal Judge Family Court, Nabha**

**(U/o 5 Rule 20 CPC)**
**In the Court of Ms. Mamta Kakkar Additional Civil Judge (Senior Division), Fatehgarh Sahib**
CNR No.PBFG02-001252-2024
Next Date: 01.08.2025
EXE/15/2024
Harpal Singh
Versus
Gurmeet Kaur
Notice to: LR 2 Balwinder Singh S/o Malook Singh R/o Qila Harnam Nagar Village Alian Tehsil and District FGS Now Residing at Village Chak Mehra Tehsil Dasuya, Distt. Hoshiarpur
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 01.08.2025 at 10:00 A.M.
For details logon to https://highcourtchd.gov.in/?mod=district_notice&district=fatehgarh Sahib
Dated, this day of 02-07-2025
**Sd/- Additional Civil Judge (Senior Division), Fatehgarh Sahib**

**(U/o 5 Rule 20 CPC)**
**In the Court of Sh. Raman Kumar Principal Judge, Family Court, Samrala**
CNR No.PBLDF4-000302-2023
Next Date: 23.07.2025
Navjot Kaur
Versus
Sukhwinder Singh
Notice to: Sukhwinder Singh Father:- Sh. Mohinder Singh R/o Amar Colony, Near Defence Bandh, Word No. 6, Sirhind City Distt. Shri Fatehgarh Sahib
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 23.07.2025 at 10:00 A.M.
For details logon to https://highcourtchd.gov.in/?mod=district_notice&district=Ludhiana
Dated, this day of 02-07-2025
**Sd/- Principal Judge Family Court, Samrala**

**(U/o 5 Rule 20 CPC)**
**In the Court of Sh. Nitin Garg Civil Judge Junior Division-5, Abohar**
CNR No.PBFZE0-001457-2024
Next Date: 19.07.2025
Ishita
Versus
Central Board of Secondary Education etc.
Notice to: General Public:- General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 19.07.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-06-2025
**Sd/- Civil Judge Junior Division-5, Abohar**

**(U/o 5 Rule 20 CPC)**
**In the Court of Ms. Jaswinder Sheemar Addl. Distt. and Sessions Judge, Hoshiarpur**
CNR No. PBHO01-003425-2024
Next Date: 22.07.2025
Bhupinder Kaur Aged about 62 years D/o Late piara Singh w/o Richard john Allen resident of village purhiran, teh. and Distt. Hoshiarpur also r/o 208 Shadow ridge place, victoria, V8Z 7Y2, BC, Canada ...Appellant
Versus
Nasib Kaur @ Nasib Kaur Heer wd/o Late Piara Singh Heer R/o 6306 Waterbury Rd, Nanaimo BC, Candada V9V 1M3 also r/o Vill. Purhiran, Teh. and Distt. Hoshiarpur etc.
...Respondents
Notice to: 6. Gurbachan Singh S/o Bhagwan Singh, R/o Vill.Kaimpur Teh. and Distt.Hoshiarpur 7. Fateh Singh S/o Bhagwan Singh, R/o Vill. Kaimpur Teh. and Distt. Hoshiarpur 8. Jagjit Singh S/o Bhagwan Singh,R/o Vill. Kaimpur Teh. and Distt. Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 22.07.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 18-06-2025
**Sd/-Addl. Distt. and Sessions Judge,Hoshiarpur**

**(U/o 5 Rule 20 CPC)**
**In the Court of Ms. Mandeep Kaur Civil Judge (Junior Division), Amritsar**
CNR No. PBAS02-004583-2023
Next Date: 16.07.2025
Anil Anand
Versus
Naresh Kumar Sharma
Notice to: Ashok Kumar Son:: Satpal 526, Ranjit Avenue, Amritsar also having Adress at H.No.9, Abadi Shri Guru Amar Dass Avenue, Gumtala Sub urban, Amritsar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 16.07.2025 at 10:00 A.M.
For details logon to https://highcourtchd.gov.in/?trs=district_notice&district=Amritsar
Dated, this day of 01-07-2025
**Sd/- Civil Judge (Junior Division), Amritsar**

### ਆਮ ਸੂਚਨਾ

ਮੈਂ, ਰਵੀ ਕੁਮਾਰ ਪੁੱਤਰ ਸ੍ਰੀ ਪ੍ਰਕਾਸ਼ ਵਾਸੀ ਮੇਨ ਰੋਡ, ਨੇੜੇ ਫਾਟਕ, ਸ੍ਰੀ ਮੁਕਤਸਰ ਸਾਹਿਬ ਸੂਚਿਤ ਕਰਦਾ ਹਾਂ ਕਿ ਮੇਰੀਆਂ 2 ਪ੍ਰਾਪਰਟੀਆਂ ਰਜਿਸਟਰੀਆਂ ਜਿਨ੍ਹਾਂ ਦਾ ਵਸੀਕਾ ਨੰਬਰ 2562 ਮਿਤੀ 23.12.2002 ... ਮਿਤੀ 23.04.1992 ... [illegible] ... ਉਕਤ ਰਜਿਸਟਰੀਆਂ ਦੀ ਗੁੰਮਸ਼ੁਦਗੀ ਬਾਰੇ ਰਪਟ ਨੰ. 7 ਮਿਤੀ 29.05.2013 ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਵਿਚ ਦਰਜ ਹੈ।

### ਮੋਟਰ ਕੁਨੈਕਸ਼ਨ ਬਦਲੀ

ਰੇਹੀ ਸਿੰਘ ਪੁੱਤਰ ਹਾਕਮ ਸਿੰਘ ਪਿੰਡ ਨਮੋਲ ਜ਼ਿਲ੍ਹਾ ਸੰਗਰੂਰ ਦੇ ਨਾਮ 'ਤੇ ਖੇਤੀਬਾੜੀ 15 BHP ਮੋਟਰ ਕੁਨੈਕਸ਼ਨ ਚੱਲਦਾ ਹੈ, ਜਿਸ ਦਾ ਖਾਤਾ ਨੰ. KB/1210 ਹੈ, ਉਨ੍ਹਾਂ ਆਪਣੇ ਨਾਮ ਤਬਦੀਲ ਕਰਨ ਲਈ ਹੁਣ ਜਸਪਾਲ ਸਿੰਘ ਪੁੱਤਰ ਰੇਹੀ ਸਿੰਘ ਵਾਸੀ ਨਮੋਲ ਜ਼ਿਲ੍ਹਾ ਸੰਗਰੂਰ ਨੇ ਬਦਲੇ ਕਾਗਜ਼ਾਤ ਦਫਤਰ ਪੀ ਐਸ ਪੀ ਸੀ ਐੱਲ ਲੌਂਗੋਵਾਲ ਵਿਖੇ ਜਮ੍ਹਾਂ ਕਰਵਾ ਦਿੱਤੇ ਹਨ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ 15 ਦਿਨਾਂ ਦੇ ਅੰਦਰ ਦਰਜ ਕਰ ਸਕਦਾ ਹੈ। ਇਸਤੋਂ ਬਾਅਦ ਉਕਤ ਕੋਈ ਇਤਰਾਜ਼ ਨਹੀਂ ਹੋਵੇਗਾ।
ਸਹੀ/- ਉਪ ਮੰਡਲ ਪੀ ਐਸ.ਪੀ.ਸੀ ਐਲ. ਲੌਂਗੋਵਾਲ

### ਮੋਟਰ ਕੁਨੈਕਸ਼ਨ ਬਦਲੀ

ਰੇਹੀ ਸਿੰਘ ਪੁੱਤਰ ਹਾਕਮ ਸਿੰਘ ਪਿੰਡ ਨਮੋਲ ਜ਼ਿਲ੍ਹਾ ਸੰਗਰੂਰ ਦੇ ਨਾਮ 'ਤੇ ਖੇਤੀਬਾੜੀ 20 BHP ਮੋਟਰ ਕੁਨੈਕਸ਼ਨ ਚੱਲਦਾ ਹੈ, ਜਿਸ ਦਾ ਖਾਤਾ ਨੰ. AP16/1494 ਹੈ, ਉਨ੍ਹਾਂ ਆਪਣੇ ਨਾਮ ਤਬਦੀਲ ਕਰਨ ਲਈ ਹੁਣ ਜਸਪਾਲ ਸਿੰਘ ਪੁੱਤਰ ਰੇਹੀ ਸਿੰਘ ਵਾਸੀ ਨਮੋਲ ਜ਼ਿਲ੍ਹਾ ਸੰਗਰੂਰ ਨੇ ਬਦਲੇ ਕਾਗਜ਼ਾਤ ਦਫਤਰ ਪੀ ਐਸ ਪੀ ਸੀ ਐੱਲ ਉਭਾਵਾਲ ਵਿਖੇ ਜਮ੍ਹਾਂ ਕਰਵਾ ਦਿੱਤੇ ਹਨ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਉਹ ਆਪਣਾ ਇਤਰਾਜ਼ 15 ਦਿਨਾਂ ਦੇ ਅੰਦਰ ਦਰਜ ਕਰ ਸਕਦਾ ਹੈ। ਇਸਤੋਂ ਬਾਅਦ ਉਸਦਾ ਕੋਈ ਇਤਰਾਜ਼ ਨਹੀਂ ਹੋਵੇਗਾ।
ਸਹੀ/- ਉਪ ਮੰਡਲ ਪੀ ਐਸ.ਪੀ.ਸੀ ਐਲ. ਉਭਾਵਾਲ

**COURT NOTICE**
**(U/o 5 Rule 20 CPC)**
**IN THE COURT OF Sh. Kaushal Kumar Yadav Civil Judge Jr. Div., Chandigarh**
**SUNITA RANI**
**Vs.**
**SEEMA JAISWAL**
**SUIT FOR DECLARATION SPECIFIC PERFORMANCE MANDATORY AND PERMANENT INJUNCTION**
**CNR No. CHCH02-001506-2025**
**Next Date: 11-08-2025**
1) SEEMA JAISWAL
Father:- LATE SH BHARAT SINGH
R/O H.NO. 1593, Sector 18D, Chandigarh
2) Santosh Ahluwalia
R/O H.NO. 1593, Sector 18D, Chandigarh
In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 11-08-2025 at 10:00 a.m.
For details logon to https://highcourtchd.gov.in/?trs=district_notice&district=Chandigarh
**Civil Judge Jr. Div. Chandigarh**
Date, this day of 02.07.2025

### ਨਾਮ ਦੀ ਬਦਲੀ

ਮੈਂ, ਕੁਲਦੀਪ ਕੌਰ (Kuldip Kaur) ਪਤਨੀ ਭੁਪਿੰਦਰ ਸਿੰਘ ਵਾਸੀ-ਹਰਚੰਦਪੁਰਾ, ਤਹਿਸੀਲ-ਪਾਤੜਾਂ, ਜ਼ਿਲ੍ਹਾ-ਪਟਿਆਲਾ ਨੇ ਆਪਣਾ ਨਾਮ ਕੁਲਦੀਪ ਕੌਰ (Kuldip Kaur) ਤੋਂ ਬਦਲਕੇ ਕੁਲਦੀਪ ਕੌਰ (Kuldeep Kaur) ਰੱਖ ਲਿਆ ਹੈ।

### ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਇਸ਼ਤਿਹਾਰ ਦੇਣ ਵਾਲੇ ਦੀ ਹੋਵੇਗੀ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

**ਵਸੂਲੀ ਅਧਿਕਾਰੀ-I/II ਦਾ ਦਫ਼ਤਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**
**ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017**

**ਮੰਗ ਸੂਚਨਾ**
(ਪ੍ਰਕਾਸ਼ਨ ਰਾਹੀਂ)
**ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ**
**ਆਰ.ਸੀ./1698/2019** 15.04.2025
**ਸਟੇਟ ਬੈਂਕ ਆਫ ਇੰਡੀਆ**
**ਬਨਾਮ**
**ਦੀਪਕ ਵਰਮਾ**
**ਵੱਲ,**
**(ਸੀਡੀ 1) ਸ੍ਰੀ ਦੀਪਕ ਵਰਮਾ ਪੁੱਤਰ ਸ੍ਰੀ ਪਵਨ ਵਰਮਾ, ਮਕਾਨ ਨੰ. 262, ਜੱਟਾਵਾਲਾ ਚੌਂਤਰਾ, ਪਟਿਆਲਾ**
**(ਸੀਡੀ 2) ਸ੍ਰੀ ਹਰਸ਼ ਬਾਂਸਲ ਪੁੱਤਰ ਸ੍ਰੀ ਭਗਵਾਨ ਦਾਸ ਵਾਸੀ ਮਕਾਨ ਨੰ. 1099, ਛਪੜ ਬੰਦਾ-ਬੀ ਟੈਂਕ, ਪਟਿਆਲਾ**
ਇਹ ਸੂਚਿਤ ਕੀਤਾ ਜਾਂਦਾ ਹੈ ਕਿ **ਓਏ**/244/2019 ਵਿਚ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (**ਡੀਆਰਟੀ**-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ **21.12.2018 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 9.75% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ**. 15,42,120.45 (**ਰੁਪਏ ਪੰਦਰਾਂ ਲੱਖ ਬਿਆਲੀ ਹਜ਼ਾਰ ਇਕ ਸੌ ਵੀਹ ਅਤੇ ਪੰਤਾਲੀ ਪੈਸੇ ਕੇਵਲ**) **ਦੀ ਰਕਮ ਅਤੇ ਰੁ**. 45,005/- (**ਰੁਪਏ ਪੰਤਾਲੀ ਹਜ਼ਾਰ ਪੰਜ ਕੇਵਲ**) **ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**
2. **ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ** ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 09.07.2025 **ਨੂੰ ਸਵੇਰੇ** 10.30 **ਵਜੇ** ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. **ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ** ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
**ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ** 15.04.2025 **ਨੂੰ ਜਾਰੀ।**
**ਵਸੂਲੀ ਅਧਿਕਾਰੀ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)**

**ਜਨਤਕ ਸੂਚਨਾ**
ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਜਾਇਦਾਦ ਅਫ਼ਸਰ, ਯੂ.ਟੀ., ਚੰਡੀਗੜ੍ਹ।



ਵਿਸ਼ਾ:-ਸਵ. ਸ਼੍ਰੀ ਰਾਜੇਸ਼ ਸੱਤੀ ਦੀ ਗੈਰ-ਵਸਨੀਕ ਮੌਤ ਦੇ ਆਧਾਰ 'ਤੇ ਵਪਾਰਕ ਬੂਥ ਨੰਬਰ 137, ਸੈਕਟਰ 48-ਸੀ, ਚੰਡੀਗੜ੍ਹ (ਐਮ.ਐਮ.ਕੇ.ਟੀ. 137/48) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ 100% ਹਿੱਸੇਦਾਰੀ ਤੱਕ ਤਬਾਦਲਾ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ... [illegible] ... ਅਫ਼ਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ**

# ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

## ਨਿਲਾਮੀ ਨੋਟਿਸ

ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫਤਰ ਅਧੀਨ ਸਰਕਾਰੀ ਫਾਰਮ ਗੋਕੁਲ ਗ੍ਰਾਮ ਬੀੜ ਦੁਸਾਂਝ ਨਾਭਾ ਪਟਿਆਲਾ ਵਿਖੇ ਸਾਹੀਵਾਲ ਅਤੇ ਗਿਰ ਨਸਲ ਦੇ 50 ਪਸ਼ੂ (23 ਵੱਛੇ+ 27 ਗਾਵਾਂ ਅਤੇ ਵਹਿੜੀਆਂ) ਦੀ ਮਿਤੀ 15.07.2025 ਨੂੰ 10.00 ਵਜੇ ਸਵੇਰੇ ਵਿਭਾਗ ਦੀ ਗਠਿਤ ਕੀਤੀ ਗਈ ਕਮੇਟੀ ਦੀ ਹਾਜ਼ਰੀ ਵਿਚ ਆਮ ਬੋਲੀ ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਇਹ ਜਾਨਵਰ ਕਿਸੇ ਵੀ ਕੰਮ ਵਾਲੇ ਦਿਨ ਫਾਰਮ 'ਤੇ ਨਿੱਜੀ ਪੱਧਰ 'ਤੇ ਆ ਕੇ ਦੇਖੇ ਜਾ ਸਕਦੇ ਹਨ ਅਤੇ ਬੋਲੀ ਦੀਆਂ ਸ਼ਰਤਾਂ ਫਾਰਮ 'ਤੇ ਆ ਕੇ ਪੜ੍ਹੀਆਂ ਜਾ ਸਕਦੀਆਂ ਹਨ। ਬੋਲੀ ਵਾਲੇ ਦਿਨ ਬੋਲੀਕਾਰ ਨੂੰ ਪ੍ਰਤੀ ਨਗ 500/- ਰੁਪਏ ਬੋਲੀ ਦੇਣ ਤੋਂ ਪਹਿਲਾਂ ਬਤੌਰ ਸਕਿਓਰਿਟੀ ਜਮ੍ਹਾ ਕਰਵਾਉਣੀ ਪਵੇਗੀ। ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਜਮ੍ਹਾ ਕਰਵਾ ਕੇ ਉਸੇ ਦਿਨ ਜਾਨਵਰ ਨੂੰ ਸ਼ਿਫਟ ਕਰਨਾ ਹੋਵੇਗਾ।

**ਸਹੀ/-ਡਾ. ਰਾਜੀਵ ਗਰੋਵਰ, ਡਿਪਟੀ ਡਾਇਰੈਕਟਰ,**
**ਪਸ਼ੂ ਪਾਲਣ ਕੈਟਲ ਫਾਰਮ ਰੌਣੀ, ਪਟਿਆਲਾ।**
**ਮੋਬਾਇਲ ਨੰ.** 9814551648
**Ro No PR ADVT NO: 2885/12/2025-26/788/ Dated CHD: 02/07/2025**

## ਨਿਲਾਮੀ ਨੋਟਿਸ

ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕੈਟਲ ਫਾਰਮ ਰੌਣੀ ਪਟਿਆਲਾ ਵਿਖੇ ਫਾਰਮ ਦੀ ਲੋੜ ਤੋਂ ਵਾਧੂ ਵੱਖ-ਵੱਖ ਨਸਲ ਦੇ 60 ਪਸ਼ੂ (57 ਵੱਛੇ+ 3 ਗਾਵਾਂ) ਦੀ ਮਿਤੀ 16.07.2025 ਨੂੰ 10.00 ਵਜੇ ਸਵੇਰੇ ਵਿਭਾਗ ਦੀ ਗਠਿਤ ਕੀਤੀ ਗਈ ਕਮੇਟੀ ਦੀ ਹਾਜ਼ਰੀ ਵਿਚ ਆਮ ਬੋਲੀ ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਇਹ ਜਾਨਵਰ ਕਿਸੇ ਵੀ ਕੰਮ ਵਾਲੇ ਦਿਨ ਫਾਰਮ 'ਤੇ ਨਿੱਜੀ ਪੱਧਰ 'ਤੇ ਆ ਕੇ ਦੇਖੇ ਜਾ ਸਕਦੇ ਹਨ ਅਤੇ ਬੋਲੀ ਦੀਆਂ ਸ਼ਰਤਾਂ ਫਾਰਮ 'ਤੇ ਆ ਕੇ ਪੜ੍ਹੀਆਂ ਜਾ ਸਕਦੀਆਂ ਹਨ। ਬੋਲੀ ਵਾਲੇ ਦਿਨ ਬੋਲੀਕਾਰ ਨੂੰ ਪ੍ਰਤੀ ਨਗ 500/- ਰੁਪਏ ਬੋਲੀ ਦੇਣ ਤੋਂ ਪਹਿਲਾਂ ਬਤੌਰ ਸਕਿਓਰਿਟੀ ਜਮ੍ਹਾ ਕਰਵਾਉਣੀ ਪਵੇਗੀ। ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਜਮ੍ਹਾ ਕਰਵਾ ਕੇ ਉਸੇ ਦਿਨ ਜਾਨਵਰ ਨੂੰ ਸ਼ਿਫਟ ਕਰਨਾ ਹੋਵੇਗਾ।

**ਸਹੀ/-ਡਾ. ਰਾਜੀਵ ਗਰੋਵਰ, ਡਿਪਟੀ ਡਾਇਰੈਕਟਰ,**
**ਪਸ਼ੂ ਪਾਲਣ ਕੈਟਲ ਫਾਰਮ ਰੌਣੀ, ਪਟਿਆਲਾ।**
**ਮੋਬਾਇਲ ਨੰ.** 9814551648
**Ro No PR ADVT NO: 2885/12/2025-26/784/ Dated CHD: 02/07/2025**

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**
ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਪ੍ਰਵੀਨ ਕੁਮਾਰ ਗਰਗ ਸਪੁੱਤਰ ਸ੍ਰੀ ਧਰਮ ਪਾਲ ਗਰਗ** ਦੇ ਨਾਮ ਤੋਂ **ਸ੍ਰੀਮਤੀ ਕੀਰਤੀ ਅਰੋੜਾ ਸੁਪਤਨੀ ਸ੍ਰੀ ਇਸ਼ਾਨ ਸੂਦ, ਸਪੁੱਤਰੀ ਸ੍ਰੀ ਗੋਪਾਲ ਦਾਸ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 39-ਬੀ, ਚੰਡੀਗੜ੍ਹ ਵਿਚ ਐਮਆਈਜੀ-3 ਵਰਗ ਦੀ ਰਿਹਾਇਸ਼ੀ ਇਕਾਈ ਨੰ. 1719 (ਜ਼ਮੀਨੀ ਤਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 39-ਬੀ, ਚੰਡੀਗੜ੍ਹ ਵਿਚ ਐਮਆਈਜੀ-3 ਵਰਗ ਦੀ ਰਿਹਾਇਸ਼ੀ ਇਕਾਈ ਨੰ. 1719 (ਜ਼ਮੀਨੀ ਤਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਪ੍ਰਵੀਨ ਕੁਮਾਰ ਗਰਗ ਸਪੁੱਤਰ ਸ੍ਰੀ ਧਰਮ ਪਾਲ ਗਰਗ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਪ੍ਰਵੀਨ ਕੁਮਾਰ ਗਰਗ ਸਪੁੱਤਰ ਸ੍ਰੀ ਧਰਮ ਪਾਲ ਗਰਗ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ **12.03.2025** ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀਮਤੀ ਕੀਰਤੀ ਅਰੋੜਾ ਸੁਪਤਨੀ ਸ੍ਰੀ ਇਸ਼ਾਨ ਸੂਦ, ਸਪੁੱਤਰੀ ਸ੍ਰੀ ਗੋਪਾਲ ਦਾਸ** ਨੂੰ ਵੇਚ ਦਿੱਤੀ ਹੈ। **ਸ੍ਰੀਮਤੀ ਕੀਰਤੀ ਅਰੋੜਾ ਸੁਪਤਨੀ ਸ੍ਰੀ ਇਸ਼ਾਨ ਸੂਦ, ਸਪੁੱਤਰੀ ਸ੍ਰੀ ਗੋਪਾਲ ਦਾਸ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।
ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।
**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-1)**
**ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ**

**ਮਾਮਲਾ ਨੰ.: ਓਏ/1930/2019**
**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**
**ਈਐਕਸਐਚ: 27695**
**ਪੰਜਾਬ ਐਂਡ ਸਿੰਧ ਬੈਂਕ**
**ਬਨਾਮ**
**ਗੁਰਪ੍ਰੀਤ ਸਿੰਘ ਉਰਫ ਲਵਲੀ**
**ਵੱਲ,**
(1) **ਗੁਰਪ੍ਰੀਤ ਸਿੰਘ ਉਰਫ ਲਵਲੀ ਪੁੱਤਰੀ/ਪਤਨੀ/ਪੁੱਤਰ-ਪੁੱਤਰ ਤਰਸੇਮ ਸਿੰਘ** ਮਕਾਨ ਨੰਬਰ 108 ਨੈਸ਼ਨਲ ਐਵੇਨਿਊ, ਵਾਰਡ ਨੰ. 18 ਦਕੋਹਾ ਬਰਾਂਚ ਮੰਡੀ ਜ਼ਿਲ੍ਹਾ ਜਲੰਧਰ, ਪੰਜਾਬ ਗੁਰਪ੍ਰੀਤ ਸਿੰਘ ਉਰਫ ਲਵਲੀ ਪੁੱਤਰ ਤਰਸੇਮ ਸਿੰਘ ਵਾਸੀ ਮਕਾਨ ਨੰਬਰ 808 ਮਾਨ ਨਗਰ ਬਟਾਲਾ ਜਿਲਾ ਗੁਰਦਾਸਪੁਰ
(2) **ਪੁਨੀਤ ਕਾਲੀਆ ਪੁੱਤਰ ਰਮੇਸ਼ ਚੰਦਰ ਕਾਲੀਆ** ਵਾਸੀ ਮਕਾਨ ਨੰਬਰ 90 ਕਮਲ ਵਿਹਾਰ ਜਲੰਧਰ, ਪੰਜਾਬ।
(3) **ਗੁਰਪ੍ਰੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ** ਮਕਾਨ ਨੰ. 108 ਨੈਸ਼ਨਲ ਐਵੇਨਿਊ ਵਾਰਡ ਨੰ 18 ਦਕੋਹਾ ਰਾਮਾ ਮੰਡੀ ਜਲੰਧਰ, ਪੰਜਾਬ। ਹੋਰ ਪਤਾ : ਗੁਰਪ੍ਰੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਵਾਸੀ ਮਕਾਨ ਨੰ. 808 ਮਾਨ ਨਗਰ ਬਟਾਲਾ ਜ਼ਿਲ੍ਹਾ ਗੁਰਦਾਸਪੁਰ।
**ਸੰਮਨ**
**ਜਿਥੇ ਕਿ, ਓ.ਏ./1930/2019, 04.04.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**
ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 11,13,490/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (**ਓ.ਏ.**) **ਕਾਨੂੰਨ ਦੀ ਧਾਰਾ 19** (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। (**ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ**)।
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 23.07.2025 **ਨੂੰ ਸਵੇਰੇ 10.30 ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।
**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 08.04.2025 ਨੂੰ ਜਾਰੀ।**
**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**
**ਛੱਡ ਦਿਓ, ਜੋ ਵੀ ਲਾਗੂ ਨਾ ਹੋਵੇ।**

---

**SMFG Grihashakti** Nayi Asha. Naya Vishwas.
# ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.
ਕਾਰਪੋਰੇਟ ਦਫਤਰ : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇੰਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051
ਰਜਿ. ਦਫ਼ਤਰ : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰ. 111, ਮਾਊਂਟ ਪੂਨਾਮਾਲੀ ਰੋਡ, ਪੋਰੂਰ, ਚੇਨੱਈ-600116, ਤਾਮਿਲਨਾਡੂ

**ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਵਿਕਰੀ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਣ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 30 ਰੋਜ਼ਾ ਈ-ਨਿਲਾਮੀ ਵਿਕਰੀ ਸੂਚਨਾ।**
**ਆਮ ਕਰਕੇ ਜਨਤਾ ਨੂੰ** ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਸੂਚੀਬੱਧ ਅਚੱਲ ਸੰਪੱਤੀਆਂ (''ਸੁਰੱਖਿਅਤ ਅਸਾਸੇ''), ਜਿਨ੍ਹਾਂ ਦਾ ਕਬਜ਼ਾ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** (ਇਥੇ ਬਾਅਦ ਵਿਚ **ਐਸਐਮਐਚਐਫਸੀ** ਵਜੋਂ ਸੰਦਰਭਿਤ) (''**ਸੁਰੱਖਿਅਤ ਕਰਜ਼ਦਾਤਾ**'') ਦੇ **ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਨਿਮਨ ਦਰਸਾਏ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ **ਐਸਐਮਐਚਐਫਸੀ** ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੀ ਮਿਤੀ ਤੱਕ ਨਿਮਨ ਦਰਸਾਈ ਬਕਾਇਆ ਰਕਮ ਅਤੇ ਅਗਲੇਰੇ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਨਿਮਨ ਦਰਸਾਈ ਮਿਤੀ ਅਤੇ ਸਮੇਂ ਨੂੰ **''ਜਿਵੇਂ ਹੈ ਜਿਥੇ ਹੈ'', ''ਜਿਵੇਂ ਹੈ ਜੋ ਹੈ'' ਅਤੇ ''ਜੋ ਵੀ ਉਥੇ ਹੈ''** 'ਤੇ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ ਜਮ੍ਹਾਂ | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬਿਆਨਾ ਰਕਮ ਜਮ੍ਹਾਂ ਕਰਨ ਦੀ ਮਿਤੀ |
|---|---|---|---|---|---|
| 1. | Lan No. - 609839511112043<br>1. ਵੀਰ ਪਾਲ<br>2. ਮਮਤਾ, ਪਤਨੀ ਵੀਰ ਪਾਲ | ਪਲਾਟ ਮਾਪ 4 ਮਰਲੇ 7 ਸਰਸਾਹੀ ਅਧੀਨ 43/2196 ਹਿੱਸਾ ਆਫਲੈਂਡ ਮਾਪ 12 ਕਨਾਲ 4 ਮਰਲੇ ਖੇਵਟ/ਖਤੌਨੀ ਨੰ: 398/464 ਖਸਰਾ ਨੰ. 9//18/2 (5-2), 19(7-2), ਐਬੀ ਨੰ.49, ਪਿੰਡ ਸ਼ਾਮਪੁਰਾ, ਤਹਿਸੀਲ ਅਤੇ ਜ਼ਿਲ੍ਹਾ ਰੂਪਨਗਰ, ਪੰਜਾਬ ਵਿਖੇ ਸਥਿਤ। | Rs. 22,80,000/-<br>Rs. 2,28,000/- | 11.08.2025 at 11.00 AM to 01.00 PM | 09.08.2025 |
| 2. | Lan No. - 610138311485974<br>1. ਲਖਮੀ ਚੰਦ ਪੁੱਤਰ ਜਿਓਣਾ ਰਾਮ<br>2. ਮਹਿਕ | ਇੱਕ ਪਲਾਟ ਮਾਪ 147 ਵਰਗ ਗਜ਼, ਖਸਰਾ ਨੰ: 85//14, ਖਾਤਾ ਨੰ: 96/107, ਸਾਲ 2000-01 ਲਈ ਜਮ੍ਹਾਂਬੰਦੀ ਪਿੰਡ ਸ਼ਨੇਵਾਲ-2, ਐੱਚ.ਬੀ. ਨੰ. 220 ਆਬਾਦੀ ਬਾਲਮੀਕ ਮੁਹੱਲਾ ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੱਦਬੰਦੀ **ਪੂਰਬ** :- ਗਲੀ 8' ਚੌੜਾ ਪਾਸਾ 28'-7", **ਪੱਛਮ**:- ਸਾਧੂ ਸਿੰਘ ਪਾਸਾ 25'-5" **ਉੱਤਰ**:- ਮੁਖਤਿਆਰ ਰਾਮ ਪਾਸਾ 39'-3" ਕਵਰ ਆਊਟ ਪਾਸਾ 3'-9" ਜਾਮਾ 9'-8", **ਦੱਖਣ**:- ਖਲ ਖੁਰ ਇੱਕ ਕਰਮ ਪਾਸਾ 47' 3 | Rs. 17,30,000/-<br>Rs. 1,73,000/- | 11.08.2025 at 11.00 AM to 01.00 PM | 09.08.2025 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਨਿਮਨ ਦਰਸਾਏ ਅਨੁਸਾਰ ਹਨ ਅਤੇ ਵੇਰਵੇ ਨਿਮਨਲਿਖਤ ਲਿੰਕ ਵੈਬਸਾਈਟ ਪਤੇ (**https://BidDeal.in** ਅਤੇ **www.grihashakti.com/pdf/E-Auction.pdf**) 'ਤੇ ਸਾਡੀ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਵਿਚ ਵੀ ਵਿਵਸਥਿਤ ਹਨ। ਇਛੁੱਕ ਬੋਲੀਕਾਰ **ਸ੍ਰੀ ਹਨੂਵੰਤ ਸਿੰਘ**, ਅਧਿਕਾਰਤ ਵਿਅਕਤੀ ਦਾ ਨਾਮ, ਮੋਬ.ਨੰ. 9988898312, ਈ-ਮੇਲ : **Hanuwant.Singh@grihashakti.com** ਅਤੇ ਸ੍ਰੀ ਨਿਲੋਏ ਡੇਅ ਨੂੰ ਉਨ੍ਹਾਂ ਦੇ ਮੋਬ.ਨੰ. 9920697801, ਈ-ਮੇਲ : **Niloy.Dey@grihashakti.com** 'ਤੇ ਵੀ ਸੰਪਰਕ ਕਰ ਸਕਦੇ ਹਨ।
ਸਥਾਨ : ਰੂਪਨਗਰ, ਲੁਧਿਆਣਾ, ਪੰਜਾਬ
ਮਿਤੀ :- 02.07.2025
ਸਹੀ/-
**ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ**

**ਕੇਨਰਾ ਬੈਂਕ** Canara Bank (A Government of India Undertaking) ਭਾਰਤ ਸਰਕਾਰ ਦਾ ਅਦਾਰਾ — ਸਿੰਡੀਕੇਟ Syndicate
## ਤਲਵੰਡੀ ਭਾਈ ਸ਼ਾਖਾ

**[ਨਿਯਮ-8 (1)]ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**
ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਕੇਨਰਾ ਬੈਂਕ ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ (ਾਂ)/ਜ਼ਾਮਨ (ਾਂ) ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲੀ, ਜੇਕਰ ਕੋਈ ਹੈ, ਮਨਫੀ ਕਰਕੇ ਬਾਕੀ ਰਕਮ, ਹੋਰ ਫੀਸਾਂ/ਖਰਚਿਆਂ, ਲਾਗਤਾਂ ਦੇ ਲਈ **ਕੇਨਰਾ ਬੈਂਕ, ਤਲਵੰਡੀ ਭਾਈ ਸ਼ਾਖਾ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।
**ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ(ਾਂ)/ਗਿਰਵੀਕਾਰ/ਸਹਿ ਕਰਜ਼ਦਾਰਾਂ/ਜ਼ਾਮਨ (ਾਂ) ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਰਣਜੀਤ ਠਾਕੁਰ ਪੁੱਤਰ ਨਰੇਸ਼ ਕੁਮਾਰ** ਨੇੜੇ ਲੜਕੇ ਸਕੂਲ ਵਾਰਡ ਨੰ. 1, ਤਲਵੰਡੀ ਭਾਈ ਜ਼ਿਲ੍ਹਾ। ਫਿਰੋਜ਼ਪੁਰ-ਪੀਬੀ-ਇੰਡੀਆ (ਕਰਜ਼ਦਾਰ) **ਸੋਨੀ ਕੁਮਾਰੀ ਪਤਨੀ ਰਣਜੀਤ ਠਾਕੁਰ** ਬੈਕ ਸਾਈਡ ਪੁਰਾਣੀ ਮਾਰਕੀਟ ਕਮੇਟੀ ਡਬਲਯੂ. ਨੰਬਰ 1, ਤਲਵੰਡੀ ਭਾਈ ਜ਼ਿਲ੍ਹਾ ਫਿਰੋਜ਼ਪੁਰ - ਪੰਜਾਬ - ਇੰਡੀਆ (**ਸਹਿ ਕਰਜ਼ਦਾਰ**) ਦੇਸਰਾਜ ਆਹੂਜਾ ਪੁੱਤਰ ਅਮਰ ਨਾਥ ਗਲੀ ਨੰਬਰ 1, ਸ਼ਕਤੀ ਨਗਰ, ਖੋਸਾ ਦਲ ਸਿੰਘ ਰੋਡ, ਟੀ. ਫਿਰੋਜ਼ਪੁਰ - ਪੰਜਾਬ - ਇੰਡੀਆ (ਜ਼ਾਮਨ) | ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ ਜਿਸ ਵਿੱਚ 3 ਮਰਲੇ ਦੀ ਰਿਹਾਇਸ਼ੀ ਸੰਪੱਤੀ ਸ਼ਾਮਲ ਹੈ, ਜਿਸ ਵਿਚ 2 ਕਨਾਲ 9 ਮਰਲੇ ਦੀ ਜ਼ਮੀਨ ਦਾ 3/49 ਹਿੱਸਾ ਹੈ, ਜਿਸ ਵਿੱਚ ਤਲਵੰਡੀ ਭਾਈ ਤਹਿਸੀਲ ਅਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਖੇਤਰ ਵਿੱਚ ਸਥਿਤ ਰੈਕਟ ਨੰਬਰ 71 ਕਿਲ੍ਹਾ ਨੰਬਰ 25/1/1 (2-9) ਸ਼ਾਮਲ ਹੈ, ਜੋ ਕਿ ਸਬ ਰਜਿਸਟਰਾਰ ਦਫ਼ਤਰ ਤਲਵੰਡੀ ਭਾਈ ਵਿੱਚ ਦਸਤਾਵੇਜ਼ ਨੰਬਰ 2020-21/118/1/325 ਮਿਤੀ 02.09.2020 ਰਾਹੀਂ ਰਣਜੀਤ ਠਾਕੁਰ ਪੁੱਤਰ ਨਰੇਸ਼ ਕੁਮਾਰ ਦੇ ਨਾਮ 'ਤੇ ਰਜਿਸਟਰਡ ਹੈ। ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਸਮੇਨਾਲਾ, ਪੱਛਮ: ਰਸਤਾ, ਉੱਤਰ: ਜਗਦੇਵ ਸਿੰਘ, ਦੱਖਣ: ਜਗਦੇਵ ਸਿੰਘ। | 10.04.2025 | 01.07.2025 | Rs. 9,84,837.49 **ਅਨੁਸਾਰ ਉਦੋਂ ਤੋਂ ਅਗਲੇਰੇ ਵਿਆਜ ਅਤੇ ਖਰਚਿਆਂ ਸਮੇਤ** |

ਮਿਤੀ: 03.07.2025 ਸਥਾਨ : ਤਲਵੰਡੀ ਭਾਈ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ

---

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ 16 ਦੇ ਅਧੀਨ ਆਪਣੇ ਨਾਂਵਾਂ 'ਤੇ **ਲਹੂ ਸਬੰਧ ਤਬਾਦਲਾ ਨੀਤੀ** ਦੇ ਅਧੀਨ ਨਿਮਨ ਦਰਸਾਈ ਰਿਹਾਇਸ਼ੀ ਇਕਾਈ ਦੀ ਅਲਾਟਮੈਂਟ ਦੇ ਤਬਾਦਲੇ ਲਈ ਬਿਨੈ ਕੀਤਾ ਹੈ :-

| ਲ. ਨ. | ਬਿਨੈਕਾਰ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰੀ) ਸ੍ਰੀ/ਸ੍ਰੀਮਤੀ/ਕੁਮਾਰੀ | ਅਲਾਟੀ/ਟ੍ਰਾਂਸਫਰੀ ਦਾ ਨਾਮ (ਪ੍ਰਸਤਾਵਿਤ ਟ੍ਰਾਂਸਫਰਰ) ਸ੍ਰੀ/ਸ੍ਰੀਮਤੀ/ਕੁਮਾਰੀ | ਡੀਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀ ਰੋਹਿਤ ਕੁਮਾਰ ਸਪੁੱਤਰ ਸ੍ਰੀ ਪ੍ਰੀਤਮ ਪਾਲ | ਸ੍ਰੀ ਪ੍ਰੀਤਮ ਪਾਲ ਬਾਰਯੇਹ ਸਪੁੱਤਰ ਸ੍ਰੀ ਸਰਵਣ ਦਾਸ | 1720 | MIG-III | 39-ਬੀ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।
**ਸਕੱਤਰ,**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ



### ਜਨਤਕ ਸੂਚਨਾ

**ਵਿਸ਼ਾ** :- ਪੰਜੀਕ੍ਰਿਤ ਵਸੀਅਤ ਦੇ ਆਧਾਰ 'ਤੇ ਅਲਾਟੀ/ਟ੍ਰਾਂਸਫਰੀ **ਸ੍ਰੀ ਹਰੀ ਸਿੰਘ ਸੰਧੂ ਸਪੁੱਤਰ ਸ੍ਰੀ ਮੰਗਲ ਸਿੰਘ** ਦੇ ਨਾਮ ਤੋਂ (1) **ਸ੍ਰੀ ਤੇਜਿੰਦਰ ਸਿੰਘ ਸਪੁੱਤਰ ਸਵਰਗੀ ਸ੍ਰੀ ਹਰੀ ਸਿੰਘ**, (2) **ਸ੍ਰੀ ਰਮਿੰਦਰ ਸਿੰਘ ਸਪੁੱਤਰ ਸਵਰਗੀ ਸ੍ਰੀ ਹਰੀ ਸਿੰਘ**, (3) **ਸ੍ਰੀ ਨਵਪ੍ਰੀਤ ਸਿੰਘ ਸਪੁੱਤਰ ਸਵਰਗੀ ਸ੍ਰੀ ਸੁਖਜਿੰਦਰ ਸਿੰਘ, ਸਪੁੱਤਰ ਸਵਰਗੀ ਸ੍ਰੀ ਹਰੀ ਸਿੰਘ** ਦੇ ਨਾਮ 'ਤੇ **ਸੈਕਟਰ 44-ਏ, ਚੰਡੀਗੜ੍ਹ ਵਿਚ ਐਚਆਈਜੀ ਯੂ.ਟੀ. ਵਰਗ ਦੇ ਡੀਯੂ ਨੰਬਰ 417** ਦੇ ਸਬੰਧ ਵਿਚ ਮਾਲਕੀ ਦਾ ਤਬਾਦਲਾ/ਪਰਿਵਰਤਨ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ (1) **ਸ੍ਰੀ ਤੇਜਿੰਦਰ ਸਿੰਘ ਸਪੁੱਤਰ ਸਵਰਗੀ ਸ੍ਰੀ ਹਰੀ ਸਿੰਘ**, (2) **ਸ੍ਰੀ ਰਮਿੰਦਰ ਸਿੰਘ ਸਪੁੱਤਰ ਸਵਰਗੀ ਸ੍ਰੀ ਹਰੀ ਸਿੰਘ**, (3) **ਸ੍ਰੀ ਨਵਪ੍ਰੀਤ ਸਿੰਘ ਸਪੁੱਤਰ ਸਵਰਗੀ ਸ੍ਰੀ ਸੁਖਜਿੰਦਰ ਸਿੰਘ, ਸਪੁੱਤਰ ਸਵਰਗੀ ਸ੍ਰੀ ਹਰੀ ਸਿੰਘ** ਨੇ ਆਪਣੇ ਨਾਮ 'ਤੇ ਸੈਕਟਰ 44-ਏ, ਚੰਡੀਗੜ੍ਹ ਵਿਚ ਐਚਆਈਜੀ ਯੂ.ਟੀ. ਵਰਗ ਦੇ ਡੀਯੂ ਨੰਬਰ 417 ਦੇ ਤਬਾਦਲੇ ਲਈ ਅਲਾਟੀ/ਟ੍ਰਾਂਸਫਰੀ **ਸ੍ਰੀ ਹਰੀ ਸਿੰਘ ਸੰਧੂ ਸਪੁੱਤਰ ਸ੍ਰੀ ਮੰਗਲ ਸਿੰਘ** ਦੀ ਮੌਤ ਉਪਰੰਤ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਬਿਨੈ ਕੀਤਾ ਹੈ। **ਸ੍ਰੀ ਹਰੀ ਸਿੰਘ ਸੰਧੂ ਸਪੁੱਤਰ ਸ੍ਰੀ ਮੰਗਲ ਸਿੰਘ ਦੀ ਸੈਕਰਾਮੈਂਟੋ ਦੀ ਕਾਊਂਟੀ ਵਿਖੇ** 11.08.2024 ਨੂੰ ਮੌਤ ਹੋ ਗਈ ਸੀ ਅਤੇ ਉਹ ਆਪਣੇ ਪਿਛੇ ਉਨ੍ਹਾਂ ਦੇ ਪੱਖ ਵਿਚ ਮਿਤੀ 28.02.2017 ਦੀ ਸਬ ਰਜਿਸਟਰਾਰ ਚੰਡੀਗੜ੍ਹ ਕੋਲ ਪੰਜੀਕ੍ਰਿਤ ਇੱਕ ਵਸੀਅਤ ਛੱਡ ਗਏ ਸਨ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਮ੍ਰਿਤਕ ਅਲਾਟੀ/ਟ੍ਰਾਂਸਫਰੀ ਦੀ ਵਸੀਅਤ ਉਨ੍ਹਾਂ ਵੱਲੋਂ ਕਾਰਜਰੂਪ ਕੀਤੀ ਆਖ਼ਰੀ ਵਸੀਅਤ ਹੈ, ਜੋ ਕਿ ਮ੍ਰਿਤਕ ਦੀ ਮੌਤ ਤੱਕ ਨਾ ਤਾਂ ਬਦਲੀ ਗਈ ਅਤੇ ਨਾ ਹੀ ਰੱਦ ਕੀਤੀ ਗਈ ਹੈ।
ਜੇਕਰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸਬੰਧੀ ਕਿਸੇ ਨੂੰ ਵੀ ਕੋਈ ਇਤਰਾਜ਼ ਹੈ, ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ ਦੀ ਸੂਰਤ ਵਿਚ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਰਸਾਏ ਦਾਅਵੇਕਾਰਾਂ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।
**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**
ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਅਮਰ ਜੀਤ ਸਿੰਘ ਸਪੁੱਤਰ ਸ੍ਰੀ ਚਰਨਜੀਤ ਸਿੰਘ ਕਾਲਰਾ** ਦੇ ਨਾਮ ਤੋਂ **ਸ੍ਰੀ ਚੇਤਨਦੀਪ ਸਿੰਘ ਸਪੁੱਤਰ ਸ੍ਰੀ ਅਮਰ ਜੀਤ ਸਿੰਘ** ਦੇ ਨਾਮ 'ਤੇ **ਤਬਾਦਲਾ ਡੀਡ** ਦੇ ਆਧਾਰ 'ਤੇ **ਸੈਕਟਰ 51-ਏ, ਚੰਡੀਗੜ੍ਹ ਦੇ ਵਰਗ-2 ਦੀ ਰਿਹਾਇਸ਼ੀ ਇਕਾਈ ਨੰਬਰ 169-ਏ (ਪਹਿਲੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।
(ਪਿਤਾ ਤੋਂ ਪੁੱਤਰ ਨੂੰ)
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 51-ਏ, ਚੰਡੀਗੜ੍ਹ ਦੇ ਵਰਗ-2 ਦੀ ਰਿਹਾਇਸ਼ੀ ਇਕਾਈ ਨੰਬਰ 169-ਏ (ਪਹਿਲੀ ਮੰਜ਼ਿਲ) ਸ੍ਰੀ ਅਮਰ ਜੀਤ ਸਿੰਘ ਸਪੁੱਤਰ ਸ੍ਰੀ ਚਰਨਜੀਤ ਸਿੰਘ ਕਾਲਰਾ** ਦੇ ਨਾਮ 'ਤੇ ਦਰਜ ਹੈ। **ਸ੍ਰੀ ਚੇਤਨਦੀਪ ਸਿੰਘ ਸਪੁੱਤਰ ਸ੍ਰੀ ਅਮਰ ਜੀਤ ਸਿੰਘ** ਵੱਲੋਂ ਸੂਚਨਾ ਦਿੱਤੀ ਗਈ ਹੈ, ਜਿਨ੍ਹਾਂ ਨੇ 13.06.2025 ਨੂੰ ਸਬ ਰਜਿਸਟਰਾਰ, ਚੰਡੀਗੜ੍ਹ ਦੇ ਦਫ਼ਤਰ ਵਿਚ ਉਨ੍ਹਾਂ ਦੇ ਨਾਮ 'ਤੇ ਕਾਰਜਰੂਪ ਅਤੇ ਪੰਜੀਕ੍ਰਿਤ ਤਬਾਦਲਾ ਡੀਡ ਦੇ ਆਧਾਰ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਮਾਲਕੀ ਅਧਿਕਾਰ ਦੇ ਤਬਾਦਲੇ ਬਿਨੈ ਕੀਤਾ ਹੈ।
ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸੰਬੰਧੀ ਕੋਈ ਵੀ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਕੋਲ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।
**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**
ਵਿਸ਼ਾ : ਅਲਾਟੀ **ਸ੍ਰੀ ਰਤਨ ਲਾਲ ਨੇਗੀ ਸਪੁੱਤਰ ਸਵਰਗੀ ਦੇਵੀ ਸਿੰਘ ਨੇਗੀ** ਦੇ ਨਾਮ ਤੋਂ **ਸ੍ਰੀ ਗਗਨਦੀਪ ਸਿੰਘ ਲੂਥਰਾ ਸਪੁੱਤਰ ਸ੍ਰੀ ਇਕਬਾਲ ਸਿੰਘ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 44-ਡੀ, ਚੰਡੀਗੜ੍ਹ ਵਿਚ ਐਮਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰ. 3129-2 (ਦੂਜੀ ਮੰਜ਼ਿਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 44-ਡੀ, ਚੰਡੀਗੜ੍ਹ ਵਿਚ ਐਮਆਈਜੀ ਵਰਗ ਦੀ ਰਿਹਾਇਸ਼ੀ ਇਕਾਈ ਨੰ. 3129-2 (ਦੂਜੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਰਤਨ ਲਾਲ ਨੇਗੀ ਸਪੁੱਤਰ ਸਵਰਗੀ ਦੇਵੀ ਸਿੰਘ ਨੇਗੀ** ਦੇ ਨਾਮ 'ਤੇ ਦਰਜ ਹੈ। ਹੁਣ, **ਸ੍ਰੀ ਰਤਨ ਲਾਲ ਨੇਗੀ ਸਪੁੱਤਰ ਸਵਰਗੀ ਦੇਵੀ ਸਿੰਘ ਨੇਗੀ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 24.06.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਗਗਨਦੀਪ ਸਿੰਘ ਲੂਥਰਾ ਸਪੁੱਤਰ ਸ੍ਰੀ ਇਕਬਾਲ ਸਿੰਘ** ਨੂੰ ਵੇਚ ਦਿੱਤੀ ਹੈ। **ਸ੍ਰੀ ਗਗਨਦੀਪ ਸਿੰਘ ਲੂਥਰਾ ਸਪੁੱਤਰ ਸ੍ਰੀ ਇਕਬਾਲ ਸਿੰਘ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।
ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।
**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

### ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**
ਵਿਸ਼ਾ : ਅਲਾਟੀ/ਟ੍ਰਾਂਸਫਰੀ **ਮਿਸ ਹਿਮਾਂਸ਼ੀ ਸਪੁੱਤਰੀ ਸ੍ਰੀ ਇੰਦਰ ਪਾਲ, ਰਾਹੀਂ ਆਪਣੇ ਮੁਖਤਿਆਰਨਾਮਾ ਆਮ ਧਾਰਕ ਸ੍ਰੀ ਇੰਦਰਪਾਲ ਜਿੰਦਲ ਸਪੁੱਤਰ ਸ੍ਰੀ ਜਯੋਤੀ ਪ੍ਰਸ਼ਾਦ** ਦੇ ਨਾਂਵਾਂ ਤੋਂ **ਸ੍ਰੀ ਮਹਿੰਦਰ ਸਿੰਘ ਢਿੱਲੋਂ ਸਪੁੱਤਰ ਸ੍ਰੀ ਹਰਦਿਆਲ ਸਿੰਘ** ਦੇ ਨਾਮ 'ਤੇ **ਵਿਕਰੀ ਡੀਡ** ਦੇ ਅਧਾਰ 'ਤੇ **ਸੈਕਟਰ 51-ਏ, ਚੰਡੀਗੜ੍ਹ ਵਿਚ ਦੋ ਬੈਡ ਰੂਮ ਫਲੈਟ ਵਰਗ ਦੀ ਰਿਹਾਇਸ਼ੀ ਇਕਾਈ ਨੰ. 40 (ਜ਼ਮੀਨੀ ਤਲ)** ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 51-ਏ, ਚੰਡੀਗੜ੍ਹ ਵਿਚ ਦੋ ਬੈਡ ਰੂਮ ਫਲੈਟ ਵਰਗ ਦੀ ਰਿਹਾਇਸ਼ੀ ਇਕਾਈ ਨੰ. 40 (ਜ਼ਮੀਨੀ ਤਲ)** ਅਲਾਟੀ/ਟ੍ਰਾਂਸਫਰੀ **ਮਿਸ ਹਿਮਾਂਸ਼ੀ ਸਪੁੱਤਰੀ ਸ੍ਰੀ ਇੰਦਰ ਪਾਲ** ਦੇ ਨਾਮ 'ਤੇ ਦਰਜ ਹੈ। ਹੁਣ, **ਮਿਸ ਹਿਮਾਂਸ਼ੀ ਸਪੁੱਤਰੀ ਸ੍ਰੀ ਇੰਦਰ ਪਾਲ, ਰਾਹੀਂ ਆਪਣੇ ਮੁਖਤਿਆਰਨਾਮਾ ਆਮ ਧਾਰਕ ਸ੍ਰੀ ਇੰਦਰਪਾਲ ਜਿੰਦਲ ਸਪੁੱਤਰ ਸ੍ਰੀ ਜਯੋਤੀ ਪ੍ਰਸ਼ਾਦ** ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 12.06.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ **ਸ੍ਰੀ ਮਹਿੰਦਰ ਸਿੰਘ ਢਿੱਲੋਂ ਸਪੁੱਤਰ ਸ੍ਰੀ ਹਰਦਿਆਲ ਸਿੰਘ** ਨੂੰ ਵੇਚ ਦਿੱਤੀ ਹੈ। **ਸ੍ਰੀ ਮਹਿੰਦਰ ਸਿੰਘ ਢਿੱਲੋਂ ਸਪੁੱਤਰ ਸ੍ਰੀ ਹਰਦਿਆਲ ਸਿੰਘ** ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।
ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।
**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**










# ਈਰਾਨ ਵਿੱਚ ਸਿੱਖਾਂ ਦੀ ਸਥਿਤੀ



1953 ਵਿੱਚ ਈਰਾਨ ਦੇ ਕਸਬੇ ਜ਼ਾਹੇਦਾਨ ਵਿੱਚ ਜੰਮੇ ਲਾਜਪਾਲ ਸਿੰਘ ਫ਼ਿਲਹਾਲ ਦਿੱਲੀ ਵਿੱਚ ਹਨ ਪਰ ਉਨ੍ਹਾਂ ਨਾਲ ਗੱਲ ਕਰਕੇ ਇੰਝ ਲੱਗਾ ਜਿਵੇਂ ਉਨ੍ਹਾਂ ਦਾ ਦਿਲ ਕਿਤੇ ਹੋਰ ਹੋਵੇ...ਉਨ੍ਹਾਂ ਨੇ ਇਸ ਦੇ ਜਵਾਬ ਵਿੱਚ ਕਿਹਾ - ਤਹਿਰਾਨ।

ਲਾਜਪਾਲ ਸਿੰਘ ਆਨੰਦ ਤੇ ਉਨ੍ਹਾਂ ਦੀ ਪਤਨੀ ਤਹਿਰਾਨ ਵਿੱਚ ਰਹਿੰਦੇ ਕਰੀਬ 60 ਸਿੱਖ ਪਰਿਵਾਰਾਂ ਦੇ ਨਿੱਕੇ ਜਿਹੇ ਭਾਈਚਾਰੇ ਦੇ ਮੈਂਬਰ ਹਨ।

ਈਰਾਨ ਅਤੇ ਇਜ਼ਰਾਈਲ ਵਿਚਾਲੇ ਬੀਤੇ ਦਿਨੀਂ ਚੱਲੇ ਸੰਘਰਸ਼ ਕਰਕੇ ਪੂਰੇ ਮੁਲਕ ਵਿੱਚ ਤਣਾਅ ਦਾ ਮਾਹੌਲ ਰਿਹਾ। ਹੁਣ ਹਾਲਾਤ ਵਿੱਚ ਸੁਧਾਰ ਹੋਇਆ ਹੈ।

ਈਰਾਨ ਵਿੱਚ ਖ਼ਾਸ ਕਰਕੇ ਤਹਿਰਾਨ ਵਿੱਚੋਂ ਵੀ ਸਿੱਖਾਂ ਦਾ ਪੁਰਾਣਾ ਪਿਛੋਕੜ ਹੈ।

ਜਦੋਂ ਈਰਾਨ-ਇਜ਼ਰਾਈਲ ਵਿਚਾਲੇ ਸੰਘਰਸ਼ ਸ਼ੁਰੂ ਹੋਇਆ ਤਾਂ ਉਸ ਵੇਲੇ ਲਾਜਪਾਲ ਸਿੰਘ ਇੱਕ ਪਰਿਵਾਰਕ ਸਮਾਗਮ ਲਈ ਜਰਮਨੀ ਵਿੱਚ ਸਨ।

ਉਸ ਵੇਲੇ ਈਰਾਨ ਦੀ ਏਅਰਸਪੇਸ ਬੰਦ ਹੋਣ ਕਰਕੇ ਉਨ੍ਹਾਂ ਨੂੰ ਦਿੱਲੀ ਆਉਣਾ ਪਿਆ। ਉਹ ਚਾਹੁੰਦੇ ਹਨ ਕਿ ਉਹ ਜਲਦੀ ਤੋਂ ਜਲਦੀ ਤਹਿਰਾਨ ਚਲੇ ਜਾਣ।

ਉਹ ਕਹਿੰਦੇ ਹਨ, “ਮੈਂ ਰਿਟਾਇਰ ਹੋ ਚੁੱਕਾ ਹਾਂ, ਹੁਣ ਮੈਨੂੰ ਭਾਰਤ ਆ ਜਾਣਾ ਚਾਹੀਦਾ ਸੀ, ਪਰ ਮੈਂ ਤਹਿਰਾਨ ਵਿੱਚ ਹੀ ਰਹਿ ਕੇ ਖੁਸ਼ੀ ਮਹਿਸੂਸ ਕਰਦਾ ਹਾਂ ਤੇ ਉੱਥੇ ਹੀ ਸਮਾਂ ਬਿਤਾਉਣਾ ਚਾਹੁੰਦਾ ਹਾਂ।”

ਲਾਜਪਾਲ ਸਿੰਘ ਤਹਿਰਾਨ ਵਿਚਲੇ ਭਾਈ ਗੰਗਾ ਸਿੰਘ ਗੁਰਦੁਆਰੇ ਦੇ ਵਾਈਸ ਪ੍ਰਧਾਨ ਰਹਿ ਚੁੱਕੇ ਹਨ। ਉਹ ਗੁਰਦੁਆਰੇ ਵਿੱਚ ਹੋਰ ਸੇਵਾਵਾਂ ਦੇ ਨਾਲ-ਨਾਲ ਕੀਰਤਨ ਵੀ ਕਰਦੇ ਹਨ।

ਇਸ ਦੇ ਨਾਲ ਹੀ ਉਹ ਤਹਿਰਾਨ ਵਿਚਲੇ ਇੰਡੀਅਨ ਸਕੂਲ ਵਿੱਚ ਵੀ ਅਹੁਦੇਦਾਰ ਸਨ।

## ਲਾਜਪਾਲ ਸਿੰਘ ਦਾ ਪਰਿਵਾਰ ਕਿਵੇਂ ਵਸਿਆ ਈਰਾਨ?

ਭਾਰਤ-ਪਾਕਿਸਤਾਨ ਵੰਡ ਤੋਂ ਪਹਿਲਾਂ ਬ੍ਰਿਟਿਸ਼ ਭਾਰਤ ਦੀ ਸਰਹੱਦ ਈਰਾਨ ਨਾਲ ਲੱਗਦੀ ਸੀ।

ਲਾਜਪਾਲ ਦੱਸਦੇ ਹਨ, “ਦੂਜੀ ਵਿਸ਼ਵ ਜੰਗ ਦੌਰਾਨ ਜ਼ਾਹੇਦਾਨ ਵਿੱਚ ਸਿੱਖ ਟਰਾਂਸਪੋਰਟੇਸ਼ਨ ਦੇ ਵਪਾਰ ਨਾਲ ਜੁੜੇ ਸਨ, ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਕਈਆਂ ਨੇ ਉੱਥੇ ਰਹਿਣਾ ਚੁਣਿਆ।”

“ਇੱਥੇ ਪਹਿਲਾਂ ਗੁਰਦੁਆਰਾ ਬਣਿਆ ਅਤੇ ਫਿਰ ਸਕੂਲ, ਮੇਰੇ ਪਿਤਾ ਨੂੰ ਲਹਿੰਦੇ ਪੰਜਾਬ ਤੋਂ ਇੱਕ ਅਧਿਆਪਕ ਵਜੋਂ ਬੁਲਾਇਆ ਗਿਆ, ਉਹ ਗਣਿਤ ਦੇ ਨਾਲ-ਨਾਲ ਉਰਦੂ ਵਿੱਚ ਵੀ ਮੁਹਾਰਤ ਰੱਖਦੇ ਸਨ।”

ਉਹ ਦੱਸਦੇ ਹਨ ਕਿ ਜ਼ਾਹੇਦਾਨ ਵਿੱਚੋਂ ਕਈ ਸਿੱਖ ਪਰਿਵਾਰ ਚੰਗੇ ਮੌਕਿਆਂ ਦੀ ਭਾਲ ਵਿੱਚ ਤਹਿਰਾਨ ਆ ਗਏ ਸਨ, ਈਰਾਨ ਦੀ ਰਾਜਧਾਨੀ ਹੋਣ ਕਰਕੇ ਇੱਥੇ ਕਾਫੀ ਮੌਕੇ ਸਨ।

ਉਹ ਦੱਸਦੇ ਹਨ, “ਕਿਉਂਕਿ ਜ਼ਾਹੇਦਾਨ ਵਿੱਚ ਉਨ੍ਹਾਂ ਦਾ ਕੰਮ ਟਰੱਕ ਚਲਾਉਣਾ ਜਾਂ ਬੱਸ ਚਲਾਉਣਾ ਸੀ ਇਸ ਲਈ ਉਨ੍ਹਾਂ ਨੇ ਤਹਿਰਾਨ ਵਿੱਚ ਆ ਕੇ ਆਟੋ ਸਪੇਅਰ ਪਾਰਟਸ ਦਾ ਕੰਮ ਸ਼ੁਰੂ ਕੀਤਾ, ਸਿੱਖ ਈਰਾਨ ਵਿੱਚ ਆਟੋ-ਸਪੇਅਰ ਪਾਰਟਸ ਦੇ ਕੰਮ ਕਰਨ ਵਾਲੇ ਪਹਿਲੇ ਲੋਕਾਂ ਵਿੱਚੋਂ ਇੱਕ ਸਨ।”

ਇੱਥੇ ਪਹੁੰਚ ਕੇ ਗੁਰਦੁਆਰੇ ਦੀ ਲੋੜ ਮਹਿਸੂਸ ਕੀਤੀ ਗਈ। ਲਾਜਪਾਲ ਦੱਸਦੇ ਹਨ ਕਿ ਇਸ ਗੁਰਦੁਆਰੇ ਦਾ ਨਾਮ ਗੰਗਾ ਸਿੰਘ ਦੇ ਨਾਮ ਉੱਤੇ ਰੱਖਿਆ ਗਿਆ ਜੋ ਕਿ ਤਹਿਰਾਨ ਪਹੁੰਚਣ ਵਾਲੇ ਪਹਿਲੇ ਸਿੱਖ ਸਨ।

### 300 ਤੋਂ 60 ਪਰਿਵਾਰਾਂ ਤੱਕ ਕਿਉਂ ਘਟੀ ਗਿਣਤੀ?

ਉਨ੍ਹਾਂ ਨੇ ਦੱਸਿਆ ਕਿ ਇੱਕ ਸਮੇਂ ਈਰਾਨ ਵਿੱਚ 300 ਸਿੱਖ ਪਰਿਵਾਰ ਸਨ ਅਤੇ 4000 ਭਾਰਤੀ ਡਾਕਟਰ ਵੀ ਭਾਰਤ ਸਰਕਾਰ ਵੱਲੋਂ ਈਰਾਨ ਭੇਜੇ ਗਏ ਸਨ, ਇਸ ਕਰਕੇ ਗੁਰਦੁਆਰੇ ਵਿੱਚ ਕਾਫੀ ਰੌਣਕ ਹੁੰਦੀ ਸੀ ਅਤੇ ਲੰਗਰ ਹਾਲ ਵਿੱਚ ਕਈ-ਕਈ ਵਾਰੀ ਲੰਗਰ ਵਰਤਾਇਆ ਜਾਂਦਾ।

ਇੱਥੇ ਗੁਰਦੁਆਰੇ ਵੱਲੋਂ ਇੱਕ ਸਕੂਲ ਵੀ ਖੋਲ੍ਹਿਆ ਗਿਆ ਜੋ ਕਿ ਮਿਡਲ ਸਕੂਲ ਸੀ, ਫਿਰ ਇਹ ਹਾਈ ਸਕੂਲ ਬਣਿਆ ਫਿਰ ਹਾਇਰ ਸੈਕੰਡਰੀ, ਇਹ ਸਕੂਲ ਸੀਬੀਐੱਸਈ ਤੋਂ ਮਾਨਤਾ ਪ੍ਰਾਪਤ ਸੀ, ਇੱਥੇ ਕਰੀਬ 300 ਵਿਦਿਆਰਥੀ ਪੜ੍ਹਦੇ ਸਨ।

ਲਾਜਪਾਲ ਦੱਸਦੇ ਹਨ, “ਅਸੀਂ ਕੋਸ਼ਿਸ਼ ਕੀਤੀ ਕਿ ਇਸ ਸਕੂਲ ਨੂੰ ਹੋਰ ਵੱਡਾ ਕੀਤਾ ਜਾਵੇ ਪਰ ਈਰਾਨ ਵਿੱਚ ਹਾਲਾਤ ਬਦਲ ਗਏ, ਜਿਹੜੇ ਬੱਚੇ 12ਵੀਂ ਤੋਂ ਬਾਅਦ ਬਾਹਰ ਗਏ ਉਹ ਵਾਪਸ ਨਹੀਂ ਆਏ।”

“ਕੋਈ ਯੂਕੇ ਚਲਾ ਗਿਆ, ਕੋਈ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਜਿਹੜੇ ਬੱਚੇ ਬਾਹਰ ਸੈਟਲ ਹੋ ਗਏ ਉਨ੍ਹਾਂ ਨੇ ਆਪਣੇ ਮਾਪਿਆਂ ਨੂੰ ਵੀ ਬੁਲਾ ਲਿਆ।”

“ਜਦੋਂ ਈਰਾਨ ਵਿੱਚ 300 ਸਿੱਖ ਪਰਿਵਾਰ ਸਨ ਹਰੇਕ ਕੋਲ ਵਾਹਿਗੁਰੂ ਦਾ ਦਿੱਤਾ ਬਹੁਤ ਕੁਝ ਸੀ, ਹੁਣ ਜਦੋਂ ਇਹ ਗਿਣਤੀ ਘੱਟ ਗਈ ਹੈ ਤਾਂ ਚੰਗਾ ਨਹੀਂ ਲੱਗ ਰਿਹਾ।”

ਲਾਜਪਾਲ ਸਿੰਘ ਨੇ ਅੱਗੇ ਦੱਸਿਆ, ਇਸ ਕਰਕੇ ਸਿਰਫ਼ 60 ਪਰਿਵਾਰ ਹੀ ਰਹਿ ਗਏ ਹਨ ਜੋ ਬਚੇ ਹਨ ਇਨ੍ਹਾਂ ਵਿੱਚੋਂ ਵੀ ਕਰੀਬ ਸਾਰੇ ਬਜ਼ੁਰਗ ਹਨ, ਗੁਰਦੁਆਰੇ ਵਿੱਚ ਸੰਗਤ ਘਟਣ ਕਰਕੇ ਆਮਦਨ ਨਹੀਂ ਰਹੀ ਅਤੇ ਸਕੂਲ ਭਾਰਤੀ ਅੰਬੈਸੀ ਨੂੰ ਹੈਂਡਓਵਰ ਕਰਨਾ ਪਿਆ।

ਹੁਣ ਇੰਡੀਅਨ ਸੀਨੀਅਰ ਸੈਕੰਡਰੀ ਸਕੂਲ ਦਾ ਨਾਮ ਹੈ ਕੇਂਦਰੀ ਵਿਦਿਆਲਿਆ ।

### ਈਰਾਨ ਵਿੱਚ ਸਿੱਖਾਂ ਨੂੰ ਕਿਵੇਂ ਬੁਲਾਇਆ ਜਾਂਦਾ?

ਲਾਜਪਾਲ ਸਿੰਘ ਕਹਿੰਦੇ ਹਨ ਸਿੱਖਾਂ ਨੂੰ ਈਰਾਨ ਵਿੱਚ ਕਾਫੀ ਸਤਿਕਾਰ ਦਿੱਤਾ ਜਾਂਦਾ ਹੈ।

“ਜਦੋਂ ਮੈਂ ਕੰਪਨੀ ਦਾ ਮੈਨੇਜਿੰਗ ਡਾਇਰੈਕਟਰ ਸੀ ਤਾਂ ਮੇਰੇ ਕੋਲ 15 ਤੋਂ 20 ਜਣੇ ਕੰਮ ਕਰਦੇ ਸਨ, ਹਰੇਕ ਈਰਾਨੀ ਆਪਣੇ ਤੋਂ ਵੱਡਿਆਂ ਲਈ ‘ਅਘੋਇ’ ਸ਼ਬਦ ਦੀ ਵਰਤੋਂ ਕਰਦਾ ਹੈ ਜਿਸ ਦਾ ਮਤਲਬ ਹੈ ਆਕਾ ਜਾਂ ਮਿਸਟਰ, ਸਰਦਾਰਾਂ ਲਈ ‘ਅਘੋਇ’ ਸਰਦਾਰ।”

“ਇੱਕ ਘੱਟਗਿਣਤੀ ਹੁੰਦਿਆਂ ਵੀ ਸਾਡੀ ਉੱਥੇ ਕਾਫੀ ਟੌਹਰ ਹੈ।”



ਉਹ ਦੱਸਦੇ ਹਨ ਕਿ ਈਰਾਨੀ ਲੋਕਾਂ ਦਾ ਉਨ੍ਹਾਂ ਦੇ ਘਰ ਅਤੇ ਗੁਰਦੁਆਰੇ ਵਿੱਚ ਆਉਣ ਜਾਣ ਬਣਿਆ ਰਹਿੰਦਾ ਹੈ ਅਤੇ ਹੁਣ ਵੀ ਉਨ੍ਹਾਂ ਦੇ ਈਰਾਨੀ ਦੋਸਤਾਂ ਵੱਲੋਂ ਉਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਵਾਪਸ ਆਉਣ ਲਈ ਕਿਹਾ ਜਾ ਰਿਹਾ ਹੈ।

### ਤਹਿਰਾਨ ਦੇ ਮੌਸਮ ਅਤੇ ਈਰਾਨੀ ਖਾਣੇ ਨਾਲ ਪਿਆਰ

ਤਹਿਰਾਨ ਬਾਰੇ ਗੱਲ ਕਰਦਿਆਂ ਲਾਜਪਾਲ ਸਿੰਘ ਦੀਆਂ ਅੱਖਾਂ ਵਿੱਚ ਚਮਕ ਆ ਜਾਂਦੀ ਹੈ।

ਉਹ ਦੱਸਦੇ ਹਨ ਕਿ ਇਹ ਸ਼ਹਿਰ ਅਲਬੋਰਜ਼ ਮਾਊਂਟਨ ਰੇਂਜ ਦੇ ਥੱਲੇ ਵਸਿਆ ਹੋਇਆ ਹੈ, “60 ਕਿਲੋਮੀਟਰ ਦੂਰ ਜਾ ਕੇ ਤੁਸੀਂ ਸਕੀ ਕਰਨ ਲਈ ਜਾ ਸਕਦੇ ਹੋ, 150 ਕਿਲੋਮੀਟਰ ਦੂਰ ਕੈਸਪੀਅਨ ਸਮੁੰਦਰ ਵਿੱਚ ਸਵਿੱਮ ਕਰ ਸਕਦੇ ਹੋ।”

“ਸਾਡੇ ਘਰ ਵਿੱਚ ਹਫ਼ਤੇ ਵਿੱਚ ਤਿੰਨ ਦਿਨ ਈਰਾਨੀ ਖਾਣਾ ਬਣਦਾ ਹੈ ਜਿਸ ਵਿੱਚ ਬਹੁਤ ਘੱਟ ਮਸਾਲੇ ਵਰਤੇ ਜਾਂਦੇ ਹਨ, ਈਰਾਨੀ ਲੋਕ ਚੌਲ ਵੱਧ ਖਾਂਦੇ ਹਨ ਜਦਕਿ ਅਸੀਂ ਵੱਧ ਕਣਕ ਖਾਂਦੇ ਹਾਂ।”

### ਈਰਾਨ ਵਿੱਚ ਇਸਲਾਮਿਕ ਕ੍ਰਾਂਤੀ

ਈਰਾਨ ਵਿੱਚ 1979 ਦੀ ਇਸਲਾਮਿਕ ਕ੍ਰਾਂਤੀ ਹੋਈ ਸੀ। ਇਹ ਕ੍ਰਾਂਤੀ ਜਿੰਨੀ ਮੁਹੰਮਦ ਰਜ਼ਾ ਪਹਿਲਵੀ ਦੇ ਖਿਲਾਫ਼ ਬਗਾਵਤ ਵਿੱਚ ਸੀ, ਉੱਥੇ ਹੀ ਇਹ ਅਮਰੀਕਾ ਦੇ ਖਿਲਾਫ਼ ਗੁੱਸੇ ਦਾ ਇਜ਼ਹਾਰ ਸੀ।

ਇਸ ਦੌਰਾਨ ਸੱਤਾਧਾਰੀ ਸ਼ਾਹ ਮੁਹੰਮਦ ਰਜ਼ਾ ਪਹਿਲਵੀ ਨੂੰ ਦੇਸ਼ ਛੱਡਣਾ ਪਿਆ ਸੀ। ਲੋਕਾਂ ਨੇ ਧਾਰਮਿਕ ਆਗੂ ਖ਼ੋਮਿਨੀ ਦੀ ਵਾਪਸੀ ਦਾ ਸਵਾਗਤ ਕੀਤਾ ਸੀ। ਅਯਾਤੁੱਲ੍ਹਾ ਖ਼ੋਮਿਨੀ 14 ਸਾਲ ਤੱਕ ਦੇਸ਼ ਤੋਂ ਬਾਹਰ ਰਹੇ ਸਨ। ਇਸ ਸਮੇਂ ਰਾਏਸ਼ੁਮਾਰੀ ਤੋਂ ਬਾਅਦ ਈਰਾਨ ਇੱਕ ਇਸਲਾਮਿਕ ਗਣਰਾਜ ਬਣ ਗਿਆ ਸੀ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਧਰਮ ਅਧਿਐਨ ਦੇ ਸਾਬਕਾ ਪ੍ਰੋਫੈਸਰ ਹਰਪਾਲ ਸਿੰਘ ਪੰਨੂ ਈਰਾਨ ਦੀ ਯੂਨੀਵਰਸਿਟੀ ਆਫ਼ ਰੀਲਜਨ ਵਿੱਚ ਵੀਜ਼ਟਿੰਗ ਪ੍ਰੋਫੈਸਰ ਹਨ।

ਉਨ੍ਹਾਂ ਨੇ ਬੀਬੀਸੀ ਨਾਲ ਗੱਲ ਕਰਦਿਆਂ ਕਿਹਾ ਸੀ ਕਿ ਈਰਾਨੀ ਲੋਕ ਉਦਾਰਵਾਦੀ ਹਨ ਪਰ ਇਸਲਾਮਿਕ ਕ੍ਰਾਂਤੀ ਤੋਂ ਬਾਅਦ ਹਿੰਦੂ ਅਤੇ ਸਿੱਖ ਉੱਥੋਂ ਵਾਪਿਸ ਆਉਣ ਲੱਗੇ।

ਦੂਜੇ ਪਾਸੇ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ‘ਤੇ ਈਰਾਨ ਵਿੱਚ ਪੈਦਾ ਹੋਏ ਇੱਕ ਸਿੱਖ ਦਾ ਕਹਿਣਾ ਹੈ ਕਿ ਈਰਾਨ ਅਤੇ ਸਿੱਖ ਭਾਈਚਾਰੇ ਦੇ ਸਬੰਧ ਸਦਾ ਹੀ ਚੰਗੇ ਰਹੇ ਹਨ ਅਤੇ ਉਹ ਭਵਿੱਖ ਵਿੱਚ ਵੀ ਚੰਗੇ ਰਿਸ਼ਤਿਆਂ ਦੀ ਉਮੀਦ ਰੱਖਦੇ ਹਨ।

ਸਿੱਖਾਂ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਦੀਆਂ ਜ਼ਿਆਦਤਰ ਕਵਿਤਾਵਾਂ ਫ਼ਾਰਸੀ ਵਿੱਚ ਹਨ। ਉਨ੍ਹਾਂ ਨੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ਉਸ ਦੇ ਜ਼ੁਲਮਾਂ ਵਿਰੁੱਧ ਸਾਲ 1705 ਵਿੱਚ ‘ਜ਼ਫਰਨਾਮਾ’ ਲਿਖਿਆ ਸੀ, ਜੋ ਫ਼ਾਰਸੀ ਭਾਸ਼ਾ ਵਿੱਚ ਸੀ।

***



# 135 ਬਿਲੀਅਨ ਡਾਲਰ ਪ੍ਰਵਾਸੀ ਭਾਰਤੀਆਂ ਨੇ ਘਰ ਭੇਜੇ

## ਪਿਛਲੇ ਸਾਰੇ ਰਿਕਾਰਡ ਤੋੜੇ

ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀਆਂ ਨੇ ਆਪਣੇ ਦੇਸ਼ ਵਿੱਚ ਸਭ ਤੋਂ ਵੱਧ ਪੈਸਾ ਵਾਪਸ ਭੇਜਿਆ। ਭਾਰਤੀ ਰਿਜ਼ਰਵ ਬੈਂਕ (RBI) ਦੇ ਅੰਕੜਿਆਂ ਅਨੁਸਾਰ, ਪਿਛਲੇ ਵਿੱਤੀ ਸਾਲ ਵਿੱਚ, ਭਾਰਤੀ ਪ੍ਰਵਾਸੀਆਂ ਨੇ 135 ਬਿਲੀਅਨ ਡਾਲਰ ਯਾਨੀ ਵਿਦੇਸ਼ਾਂ ਤੋਂ ਆਪਣੇ ਘਰ ਪੈਸੇ ਭੇਜੇ, ਜੋ ਕਿ ਹੁਣ ਤੱਕ ਦਾ ਸਭ ਤੋਂ ਵੱਡਾ ਰਿਕਾਰਡ ਹੈ ਅਤੇ ਪਿਛਲੇ ਸਾਲ ਨਾਲੋਂ 14 ਪ੍ਰਤੀਸ਼ਤ ਵੱਧ ਹੈ।

ਪਿਛਲੇ ਦਸ ਸਾਲਾਂ ਵਿੱਚ, ਭਾਰਤ ਵਿੱਚ ਆਉਣ ਵਾਲੇ ਪੈਸੇ ਲਗਭਗ ਦੁੱਗਣੇ ਹੋ ਗਏ ਹਨ। ਜਦੋਂ ਕਿ ਇਹ ਸਾਲ 2014-15 ਵਿੱਚ 69 ਬਿਲੀਅਨ ਡਾਲਰ ਸੀ, ਇਹ 2024-25 ਵਿੱਚ ਵੱਧ ਕੇ 135.46 ਬਿਲੀਅਨ ਡਾਲਰ ਹੋ ਗਿਆ, ਯਾਨੀ 94.21 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਗਿਆ। ਜੇਕਰ ਦੇਖਿਆ ਜਾਵੇ ਤਾਂ ਭਾਰਤ 2001 ਤੋਂ ਬਾਅਦ ਤੋਂ ਪੈਸੇ ਪ੍ਰਾਪਤ ਕਰਨ ਵਾਲਾ ਸਭ ਤੋਂ ਵੱਡਾ ਦੇਸ਼ ਬਣਿਆ ਹੋਇਆ ਹੈ। ਵਿਸ਼ਵ ਬੈਂਕ ਦੇ ਅਨੁਸਾਰ, 2023-24 ਵਿੱਚ, ਭਾਰਤ ਨੂੰ 118 ਬਿਲੀਅਨ ਡਾਲਰ ਦਾ ਪੈਸਾ ਪ੍ਰਾਪਤ ਹੋਇਆ ਜੋ ਕਿ ਸਭ ਤੋਂ ਵੱਧ ਹੈ। ਇਸ ਤੋਂ ਬਾਅਦ ਮੈਕਸੀਕੋ (68 ਬਿਲੀਅਨ ਡਾਲਰ) ਅਤੇ ਚੀਨ (48 ਬਿਲੀਅਨ ਡਾਲਰ) ਦਾ ਨੰਬਰ ਆਉਂਦਾ ਹੈ। ਆਰਬੀਆਈ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਨੂੰ ਭੇਜੇ ਜਾਣ ਵਾਲੇ ਪੈਸੇ ਆਮ ਤੌਰ ‘ਤੇ ਸਿੱਧੇ ਵਿਦੇਸ਼ੀ ਨਿਵੇਸ਼ (ਐਫਡੀਆਈ) ਨਾਲੋਂ ਵੱਧ ਹੁੰਦੇ ਹਨ, ਜਿਸ ਨਾਲ ਇਹ ਬਾਹਰੀ ਫੰਡਿੰਗ ਦਾ ਇੱਕ ਸਥਿਰ ਸਰੋਤ ਬਣ ਜਾਂਦਾ ਹੈ। 2023-24 ਵਿੱਚ, ਸਭ ਤੋਂ ਵੱਧ ਪੈਸੇ ਅਮਰੀਕਾ (27.7 ਪ੍ਰਤੀਸ਼ਤ) ਤੋਂ ਆਏ, ਇਸ ਤੋਂ ਬਾਅਦ ਯੂਏਈ (19.2 ਪ੍ਰਤੀਸ਼ਤ), ਯੂਕੇ (10.8 ਪ੍ਰਤੀਸ਼ਤ), ਸਾਊਦੀ ਅਰਬ (6.7 ਪ੍ਰਤੀਸ਼ਤ) ਅਤੇ ਸਿੰਗਾਪੁਰ (6.6 ਪ੍ਰਤੀਸ਼ਤ) ਆਏ।

ਮਹਾਰਾਸ਼ਟਰ ਨੂੰ 2023-24 ਵਿੱਚ ਸਭ ਤੋਂ ਵੱਧ ਪੈਸੇ (20.5 ਪ੍ਰਤੀਸ਼ਤ) ਮਿਲੇ, ਜੋ ਕਿ 2020-21 ਵਿੱਚ 35.2 ਪ੍ਰਤੀਸ਼ਤ ਤੋਂ ਘੱਟ ਹਨ। ਇਸ ਤੋਂ ਬਾਅਦ ਕੇਰਲ (19.7 ਪ੍ਰਤੀਸ਼ਤ, ਪਹਿਲਾਂ 10 ਪ੍ਰਤੀਸ਼ਤ ਤੋਂ ਵੱਧ), ਤਾਮਿਲਨਾਡੂ (10.4 ਪ੍ਰਤੀਸ਼ਤ), ਤੇਲੰਗਾਨਾ (8.1 ਪ੍ਰਤੀਸ਼ਤ) ਅਤੇ ਕਰਨਾਟਕ (7.7 ਪ੍ਰਤੀਸ਼ਤ) ਆਉਂਦਾ ਹੈ।

ਔਸਤਨ, 26.5 ਪ੍ਰਤੀਸ਼ਤ ਪੈਸੇ ਨਕਦ ਅਤੇ 73.5 ਪ੍ਰਤੀਸ਼ਤ ਡਿਜੀਟਲ ਰੂਪ ਵਿੱਚ ਆਏ। ਸਾਊਦੀ ਅਰਬ ਤੋਂ 92.7 ਪ੍ਰਤੀਸ਼ਤ ਪੈਸੇ ਡਿਜੀਟਲ ਰੂਪ ਵਿੱਚ ਆਏ, ਇਸ ਤੋਂ ਬਾਅਦ ਆਸਟ੍ਰੇਲੀਆ (89.5 ਪ੍ਰਤੀਸ਼ਤ) ਹੈ, ਜਦੋਂ ਕਿ ਇਟਲੀ ਤੋਂ 65 ਪ੍ਰਤੀਸ਼ਤ ਅਤੇ ਕੈਨੇਡਾ ਤੋਂ 60 ਪ੍ਰਤੀਸ਼ਤ ਨਕਦੀ ਵਿੱਚ ਆਏ।

### ਦੁਨੀਆ ਵਿੱਚ ਪੈਸੇ ਪ੍ਰਾਪਤ ਕਰਨ ਵਾਲੇ ਚੋਟੀ ਦੇ 3 ਦੇਸ਼, ਭਾਰਤ ਨੰਬਰ 1

ਵਿਸ਼ਵ ਬੈਂਕ ਦੇ ਅੰਕੜਿਆਂ ਅਨੁਸਾਰ, ਭਾਰਤ ਦੁਨੀਆ ਵਿੱਚ ਸਭ ਤੋਂ ਵੱਧ ਪੈਸੇ ਪ੍ਰਾਪਤ ਕਰਨ ਵਾਲਾ ਦੇਸ਼ ਬਣਿਆ ਹੋਇਆ ਹੈ। 2024 ਵਿੱਚ, ਮੈਕਸੀਕੋ ਦੂਜੇ ਨੰਬਰ ‘ਤੇ ਸੀ (68 ਬਿਲੀਅਨ ਡਾਲਰ) ਅਤੇ ਚੀਨ ਤੀਜੇ ਨੰਬਰ ‘ਤੇ (48 ਬਿਲੀਅਨ ਡਾਲਰ)।

### ਪੈਸੇ ਭੇਜਣਾ ਕੀ ਹੈ?

ਪੈਸੇ ਭੇਜਣਾ ਅਸਲ ਵਿੱਚ ਉਹ ਪੈਸਾ ਹੈ ਜੋ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਆਪਣੇ ਪਰਿਵਾਰਾਂ ਨੂੰ ਭੇਜਦੇ ਹਨ। ਇਹ ਭਾਰਤੀ ਸਥਾਈ ਜਾਂ ਅਸਥਾਈ ਤੌਰ ‘ਤੇ ਵਿਦੇਸ਼ਾਂ ਵਿੱਚ ਰਹਿੰਦੇ ਹਨ। IMF ਪਰਿਭਾਸ਼ਾ (2009) ਦੇ ਅਨੁਸਾਰ, ਇਹ ਰਕਮ ਦੋ ਸ਼੍ਰੇਣੀਆਂ ਵਿੱਚ ਆਉਂਦੀ ਹੈ -

- ਕਰਮਚਾਰੀਆਂ ਦਾ ਮੁਆਵਜ਼ਾ
- ਨਿੱਜੀ ਟ੍ਰਾਂਸਫਰ

ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਦੇ ਮਾਮਲੇ ਵਿੱਚ, ਨਿੱਜੀ ਟ੍ਰਾਂਸਫਰ, ਭਾਵ ਘਰੇਲੂ ਖਰਚਿਆਂ ਲਈ ਭੇਜਿਆ ਗਿਆ ਪੈਸਾ ਅਤੇ NRI ਜਮ੍ਹਾਂ ਖਾਤਿਆਂ ਤੋਂ ਸਥਾਨਕ ਕਢਵਾਉਣਾ, ਸਭ ਤੋਂ ਵੱਡਾ ਹਿੱਸਾ ਬਣਦਾ ਹੈ।

### ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਦੇ ਬਾਵਜੂਦ ਪੈਸੇ ਭੇਜਣ ਵਿੱਚ ਜ਼ਬਰਦਸਤ ਵਾਧਾ

ਟਾਈਮਜ਼ ਆਫ਼ ਇੰਡੀਆ ਦੀ ਰਿਪੋਰਟ ਦੇ ਅਨੁਸਾਰ, ਆਈਡੀਐਫਸੀ ਫਸਟ ਬੈਂਕ ਦੇ ਮੁੱਖ ਅਰਥਸ਼ਾਸਤਰੀ ਗੌਰਾ ਸੇਨਗੁਪਤਾ ਨੇ ਕਿਹਾ, ‘ਕੱਚੇ ਤੇਲ ਦੀਆਂ ਕੀਮਤਾਂ ਵਿੱਚ ਗਿਰਾਵਟ ਦੇ ਬਾਵਜੂਦ, ਪੈਸੇ ਭੇਜਣ ਵਿੱਚ ਜ਼ਬਰਦਸਤ ਵਾਧਾ ਹੋਇਆ ਹੈ। ਇਸਦਾ ਕਾਰਨ ਇਹ ਹੈ ਕਿ ਹੁਨਰਮੰਦ ਕਾਮੇ ਹੁਣ ਵੱਡੀ ਗਿਣਤੀ ਵਿੱਚ ਅਮਰੀਕਾ, ਯੂਕੇ ਅਤੇ ਸਿੰਗਾਪੁਰ ਵਰਗੇ ਵਿਕਸਤ ਦੇਸ਼ਾਂ ਵਿੱਚ ਜਾ ਰਹੇ ਹਨ।’

### ਲਗਭਗ 45% ਪੈਸੇ ਭੇਜਣ ਵਾਲੇ ਅਮਰੀਕਾ, ਬ੍ਰਿਟੇਨ ਅਤੇ ਸਿੰਗਾਪੁਰ ਤੋਂ ਆਉਂਦੇ ਹਨ

ਆਰਬੀਆਈ ਦੇ ਅੰਕੜਿਆਂ ਅਨੁਸਾਰ, ਭਾਰਤ ਵਿੱਚ ਆਉਣ ਵਾਲੇ ਕੁੱਲ ਪੈਸੇ ਭੇਜਣ ਵਾਲੇ ਦਾ ਲਗਭਗ 45% ਅਮਰੀਕਾ, ਬ੍ਰਿਟੇਨ ਅਤੇ ਸਿੰਗਾਪੁਰ ਤੋਂ ਆਉਂਦੇ ਹਨ। ਇਸ ਦੇ ਨਾਲ ਹੀ, ਜੀਸੀਸੀ ਦੇਸ਼ਾਂ (ਖਾੜੀ ਦੇਸ਼ਾਂ) ਦਾ ਯੋਗਦਾਨ ਘਟਿਆ ਹੈ, ਕਿਉਂਕਿ ਉਨ੍ਹਾਂ ਦੀ ਕਮਾਈ ਤੇਲ ਦੀਆਂ ਕੀਮਤਾਂ ‘ਤੇ ਨਿਰਭਰ ਕਰਦੀ ਹੈ। ਇਹ ਵੀ ਧਿਆਨ ਦੇਣ ਯੋਗ ਹੈ ਕਿ ਸਾਫਟਵੇਅਰ ਸੇਵਾਵਾਂ ਅਤੇ ਵਪਾਰਕ ਸੇਵਾਵਾਂ ਤੋਂ ਹੋਣ ਵਾਲੀ ਕਮਾਈ ਵੀ ਪੈਸੇ ਭੇਜਣ ਜਿੰਨੀ ਹੀ ਵੱਡੀ ਹੈ। ਦੋਵਾਂ ਸ਼੍ਰੇਣੀਆਂ ਨੇ ਪਿਛਲੇ ਸਾਲ $100 ਬਿਲੀਅਨ ਤੋਂ ਵੱਧ ਦੀ ਆਮਦਨ ਦਰਜ ਕੀਤੀ।

### ਭਾਰਤ ਨੂੰ ਪ੍ਰਾਪਤ ਪੈਸੇ ਭੇਜਣ ਵਾਲੇ ਦੇਸ਼ ਵਿੱਚ ਆਉਣ ਵਾਲੇ ਸਿੱਧੇ ਵਿਦੇਸ਼ੀ ਨਿਵੇਸ਼ ਨਾਲੋਂ ਵੱਧ ਹਨ

ਇਹਨਾਂ ਤਿੰਨ ਸਰੋਤਾਂ, ਜਿਨ੍ਹਾਂ ਵਿੱਚ ਪੈਸੇ ਭੇਜਣ ਵਾਲੇ ਸ਼ਾਮਲ ਹਨ, ਨੇ ਮਿਲ ਕੇ ਚਾਲੂ ਖਾਤੇ ਦੇ ਪ੍ਰਵਾਹ ਵਿੱਚ 40% ਤੋਂ ਵੱਧ ਯੋਗਦਾਨ ਪਾਇਆ ਹੈ। ਆਰਬੀਆਈ ਦੀ ਇੱਕ ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਨੂੰ ਪ੍ਰਾਪਤ ਹੋਣ ਵਾਲਾ ਰੈਮਿਟੈਂਸ ਦੇਸ਼ ਵਿੱਚ ਆਉਣ ਵਾਲੇ ਐਫਡੀਆਈ (ਵਿਦੇਸ਼ੀ ਸਿੱਧਾ ਨਿਵੇਸ਼) ਨਾਲੋਂ ਵੱਧ ਹੈ, ਯਾਨੀ ਕਿ ਇਹ ਇੱਕ ਮਜ਼ਬੂਤ ਅਤੇ ਸਥਿਰ ਵਿੱਤੀ ਸਹਾਇਤਾ ਹੈ। ਇੰਨਾ ਹੀ ਨਹੀਂ, 2024 ਵਿੱਚ, ਰੈਮਿਟੈਂਸ ਨੇ ਭਾਰਤ ਦੇ ਵਪਾਰ ਘਾਟੇ ਨੂੰ ਵੀ ਵੱਡੀ ਹੱਦ ਤੱਕ ਕਵਰ ਕੀਤਾ। 287 ਬਿਲੀਅਨ ਡਾਲਰ







# ਖ਼ਤਰੇ ਤੋ ਖਾਲੀ ਨਹੀਂ AI ਨੂੰ ਸਵਾਲ ਪੁੱਛਣਾ!

ਅੱਜ ਦੇ ਡਿਜੀਟਲ ਯੁੱਗ ਵਿਚ, ਚੈਟਜੀਪੀਟੀ ਅਤੇ ਹੋਰ ਏਆਈ ਟੂਲ ਸਾਡੀ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਇਹ ਟੂਲ ਸਾਡੇ ਕੰਮ ਨੂੰ ਆਸਾਨ ਬਣਾਉਂਦੇ ਹਨ, ਸਵਾਲਾਂ ਦੇ ਜਵਾਬ ਦਿੰਦੇ ਹਨ ਅਤੇ ਨਵੀਂ ਜਾਣਕਾਰੀ ਪ੍ਰਦਾਨ ਕਰਦੇ ਹਨ ਪਰ ਕੀ ਤੁਸੀਂ ਜਾਣਦੇ ਹੋ ਕਿ ਕੁਝ ਸਵਾਲ ਹਨ ਜੋ ਤੁਹਾਨੂੰ ਕਦੇ ਵੀ ਚੈਟਜੀਪੀਟੀ ਜਾਂ ਕਿਸੇ ਏਆਈ ਟੂਲ ਤੋਂ ਨਹੀਂ ਪੁੱਛਣੇ ਚਾਹੀਦੇ? ਜੇਕਰ ਤੁਸੀਂ ਉਨ੍ਹਾਂ ਦੀ ਸਲਾਹ ‘ਤੇ ਭਰੋਸਾ ਕਰਦੇ ਹੋ, ਤਾਂ ਇਹ ਤੁਹਾਡੇ ਲਈ ਸਮੱਸਿਆ ਬਣ ਸਕਦਾ ਹੈ। ਅਸੀਂ ਤੁਹਾਨੂੰ ਵਿਸਥਾਰ ਵਿਚ ਦੱਸਾਂਗੇ ਕਿ ਕਿਹੜੇ ਸਵਾਲ ਏਆਈ ਤੋਂ ਪੁੱਛਣਾ ਖ਼ਤਰਨਾਕ ਹੋ ਸਕਦਾ ਹੈ ਅਤੇ ਤੁਹਾਨੂੰ ਏਆਈ ਤੋਂ ਮਦਦ ਲੈਣ ਤੋਂ ਕਦੋਂ ਬਚਣਾ ਚਾਹੀਦਾ ਹੈ। ਨਾਲ ਹੀ, ਅਸੀਂ ਜਾਣਾਂਗੇ ਕਿ ਚੈਟਜੀਪੀਟੀ ਦੀ ਮਦਦ ਸਹੀ ਤਰੀਕੇ ਨਾਲ ਕਿੱਥੋਂ ਲਈ ਜਾ ਸਕਦੀ ਹੈ।

### AI ‘ਤੇ ਨਾ ਕਰੋ ਅੰਨ੍ਹੇਵਾਹ ਭਰੋਸਾ

ਏਆਈ ਜਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਆਗਮਨ ਨੇ ਸਾਡੀ ਜ਼ਿੰਦਗੀ ਵਿਚ ਬਹੁਤ ਸਾਰੇ ਬਦਲਾਅ ਲਿਆਂਦੇ ਹਨ। ਸਾਨੂੰ ਚੈਟਜੀਪੀਟੀ ਵਰਗੇ ਟੂਲਸ ਤੋਂ ਤੁਰੰਤ ਜਵਾਬ ਮਿਲਦੇ ਹਨ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਹਰ ਜਵਾਬ ਬਿਲਕੁਲ ਸਹੀ ਹੋਵੇਗਾ। ਕਈ ਵਾਰ ਏਆਈ ਗਲਤ ਜਾਣਕਾਰੀ ਵੀ ਦੇ ਸਕਦਾ ਹੈ ਕਿਉਂਕਿ ਇਹ ਇਕ ਮਸ਼ੀਨ ਹੈ ਅਤੇ ਮਨੁੱਖੀ ਮਾਹਰ ਵਾਂਗ ਨਹੀਂ ਸੋਚ ਸਕਦੀ। ਇਸ ਲਈ, ਏਆਈ ਦੇ ਜਵਾਬਾਂ ਨੂੰ ਸਿੱਧੇ ਤੌਰ ‘ਤੇ ਸੱਚ ਮੰਨਣਾ ਸਹੀ ਨਹੀਂ

### ਫਾਇਨਾਂਸ਼ੀਅਲ ਸਲਾਹ ਨਾ ਲਓ

ਜੇਕਰ ਤੁਸੀਂ ਸਟਾਕ ਮਾਰਕੀਟ ਵਿਚ ਨਿਵੇਸ਼ ਕਰਨ ਬਾਰੇ ਸੋਚ ਰਹੇ ਹੋ ਜਾਂ ਕਿਸੇ ਹੋਰ ਵਿੱਤੀ ਯੋਜਨਾ ਬਾਰੇ ਜਾਣਨਾ ਚਾਹੁੰਦੇ ਹੋ, ਤਾਂ Chat-GPT ਤੋਂ ਸਲਾਹ ਲੈਣਾ ਤੁਹਾਡੇ ਲਈ ਨੁਕਸਾਨਦੇਹ ਸਾਬਤ ਹੋ ਸਕਦਾ ਹੈ। AI ਸਿਰਫ਼ ਪਿਛਲੇ ਡੇਟਾ ਅਤੇ ਜਾਣਕਾਰੀ ਦੇ ਆਧਾਰ ‘ਤੇ ਜਵਾਬ ਦਿੰਦਾ ਹੈ, ਪਰ AI ਲਈ ਬਾਜ਼ਾਰ ਦੇ ਉਤਰਾਅ-ਚੜ੍ਹਾਅ ਅਤੇ ਅਣਜਾਣ ਜੋਖਮਾਂ ਨੂੰ ਸਮਝਣਾ ਮੁਸ਼ਕਲ ਹੈ। ਇਸ ਲਈ, ਨਿਵੇਸ਼ ਦੇ ਮਾਮਲੇ ਵਿਚ ਹਮੇਸ਼ਾ ਆਪਣੀ ਖੋਜ ਕਰੋ ਜਾਂ ਕਿਸੇ ਤਜਰਬੇਕਾਰ ਵਿੱਤੀ ਸਲਾਹਕਾਰ ਨਾਲ ਸੰਪਰਕ ਕਰੋ।

### ਸਿਹਤ ਸਬੰਧੀ ਸਲਾਹ

ਤੁਹਾਡੇ ਸਿਹਤ ਸੰਬੰਧੀ ਸਵਾਲਾਂ ਦੇ ਜਵਾਬ ਦੇਣਾ AI ਦੇ ਅਧਿਕਾਰ ਵਿਚ ਨਹੀਂ ਹੈ। ChatGPT ਅਤੇ ਹੋਰ AI ਟੂਲ ਕਈ ਵਾਰ ਆਮ ਜਾਣਕਾਰੀ ਪ੍ਰਦਾਨ ਕਰ ਸਕਦੇ ਹਨ, ਪਰ ਸਿਰਫ਼ ਇਕ ਡਾਕਟਰ ਹੀ ਬਿਮਾਰੀ ਦਾ ਸਹੀ ਨਿਦਾਨ ਅਤੇ ਇਲਾਜ ਕਰ ਸਕਦਾ ਹੈ। ਗਲਤ ਜਾਂ ਅਧੂਰੀ ਜਾਣਕਾਰੀ ਪ੍ਰਾਪਤ ਕਰਨਾ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਇਸ ਲਈ, ਜੇਕਰ ਤੁਸੀਂ ਬਿਮਾਰ ਹੋ ਜਾਂ ਕਿਸੇ ਸਿਹਤ ਸਮੱਸਿਆ ਦਾ ਸਾਹਮਣਾ ਕਰ ਰਹੇ ਹੋ, ਤਾਂ ਤੁਰੰਤ ਡਾਕਟਰ ਨਾਲ ਸਲਾਹ ਕਰੋ।

### ਕਾਨੂੰਨੀ ਸਲਾਹ

ਕਾਨੂੰਨੀ ਮਾਮਲੇ ਬਹੁਤ ਸੰਵੇਦਨਸ਼ੀਲ ਹੁੰਦੇ ਹਨ। ਚੈਟਜੀਪੀਟੀ ਕਾਨੂੰਨੀ ਨਿਯਮਾਂ ਅਤੇ ਸ਼ਰਤਾਂ ਨੂੰ ਸਮਝ ਸਕਦਾ ਹੈ ਪਰ ਏਆਈ ਲਈ ਹਰ ਮਾਮਲੇ ਦੀਆਂ ਬਾਰੀਕੀਆਂ ਨੂੰ ਸਮਝਣਾ ਸੰਭਵ ਨਹੀਂ ਹੈ। ਜੇਕਰ ਤੁਹਾਨੂੰ ਗਲਤ ਕਾਨੂੰਨੀ ਸਲਾਹ ਮਿਲਦੀ ਹੈ, ਤਾਂ ਤੁਸੀਂ ਮੁਕੱਦਮੇ ਜਾਂ ਹੋਰ ਕਾਨੂੰਨੀ ਪੇਚੀਦਗੀਆਂ ਵਿਚ ਫਸ ਸਕਦੇ ਹੋ। ਅਜਿਹੀ ਸਥਿਤੀ ਵਿਚ, ਆਪਣੀ ਸੁਰੱਖਿਆ ਲਈ ਹਮੇਸ਼ਾ ਇਕ ਯੋਗ ਵਕੀਲ ਤੋਂ ਕਾਨੂੰਨੀ ਸਲਾਹ ਲਓ।

### ਨਿੱਜੀ ਜਾਣਕਾਰੀ ਨਾ ਕਰੋ ਸ਼ੇਅਰ

ਕੁਝ ਸਮਾਂ ਪਹਿਲਾਂ, ਇਕ ਟ੍ਰੈਂਡ ਆਇਆ ਸੀ ਜਿਸ ਵਿਚ ਲੋਕ ਚੈਟਜੀਪੀਟੀ ‘ਤੇ ਆਪਣੀਆਂ ਨਿੱਜੀ ਫੋਟੋਆਂ ਅਪਲੋਡ ਕਰ ਰਹੇ ਸਨ ਅਤੇ ਘਿਬਲੀ ਕਲਾ ਦੀ ਸ਼ੈਲੀ ਵਿਚ ਤਸਵੀਰਾਂ ਬਣਾ ਰਹੇ ਸਨ। ਇਹ ਰੁਝਾਨ ਜ਼ਰੂਰ ਆਕਰਸ਼ਕ ਸੀ ਪਰ ਇਸਦੇ ਪਿੱਛੇ ਖ਼ਤਰਨਾਕ ਜੋਖਮ ਸਨ। ਤੁਹਾਡੀਆਂ ਨਿੱਜੀ ਫੋਟੋਆਂ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ। ਇਸ ਲਈ, ਕਦੇ ਵੀ ਆਪਣੀਆਂ ਨਿੱਜੀ ਫੋਟੋਆਂ ਜਾਂ ਸੰਵੇਦਨਸ਼ੀਲ ਜਾਣਕਾਰੀ ਨੂੰ ਏਆਈ ਟੂਲਸ ਨਾਲ ਸਾਂਝਾ ਨਾ ਕਰੋ। ਹਮੇਸ਼ਾ ਆਪਣੀ ਪ੍ਰਾਇਵੇਸੀ ਦੀ ਸੁਰੱਖਿਆ ਨੂੰ ਪਹਿਲ ਦਿਓ।

### ਇਨ੍ਹਾਂ ਕੰਮਾਂ ‘ਚ ਲਾਹੇਵੰਦ ਹੈ ChatGPT!

**ਯਾਤਰਾ ਯੋਜਨਾਵਾਂ ਬਣਾਉਣਾ**

- ਜੇਕਰ ਤੁਸੀਂ ਕਿਤੇ ਜਾਣਾ ਚਾਹੁੰਦੇ ਹੋ, ਤਾਂ AI ਤੋਂ ਸਹੀ ਸੁਝਾਅ ਲੈ ਕੇ ਆਪਣੀ ਯਾਤਰਾ ਦੀ ਯੋਜਨਾ ਬਣਾਓ।

**ਪੜ੍ਹਾਈ ਅਤੇ ਹੋਮਵਰਕ**

- ਜੇਕਰ ਤੁਹਾਨੂੰ ਸਕੂਲ ਜਾਂ ਕਾਲਜ ਦੇ ਵਿਸ਼ਿਆਂ ਵਿਚ ਮਦਦ ਦੀ ਲੋੜ ਹੈ, ਤਾਂ ChatGPT ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਦਾ ਹੈ।

**ਸ਼ਹਿਰ ਜਾਂ ਦੇਸ਼ ਦੀ ਜਾਣਕਾਰੀ**

- ਤੁਸੀਂ ਕਿਸੇ ਨਵੇਂ ਸ਼ਹਿਰ ਜਾਂ ਇਸਦੇ ਮੌਸਮ, ਭਾਸ਼ਾ ਆਦਿ ਬਾਰੇ ਜਾਣਕਾਰੀ ਮੰਗ ਸਕਦੇ ਹੋ।

**ਹੁਨਰ ਵਿਚ ਸੁਧਾਰ**

- ਜੇਕਰ ਤੁਸੀਂ ਕੋਈ ਨਵੀਂ ਭਾਸ਼ਾ ਸਿੱਖਣਾ ਚਾਹੁੰਦੇ ਹੋ ਜਾਂ ਕੰਪਿਊਟਰ ਪ੍ਰੋਗਰਾਮਿੰਗ ਵਰਗੇ ਹੁਨਰਾਂ ਵਿਚ ਮਦਦ ਦੀ ਲੋੜ ਹੈ, ਤਾਂ AI ਮਦਦਗਾਰ ਹੋ ਸਕਦਾ ਹੈ।

# ਸਿੱਖ ਪੰਥ ਦੀ ਦਸ਼ਾ ਅਤੇ ਦਿਸ਼ਾ: ਇੱਕ ਗੰਭੀਰ ਅਤੇ ਆਲੋਚਨਾਤਮਕ ਪੜਚੋਲ



ਵਿਕਰਮਜੀਤ ਸਿੰਘ ਸਰਾ
9501477889

ਸਿੱਖ ਕੌਮ, ਜਿਸਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਨਕਲਾਬੀ 'ਸਰਬੱਤ ਦੇ ਭਲੇ' ਦੇ ਫਲਸਫੇ ਅਤੇ ਦਸ ਗੁਰੂ ਸਾਹਿਬਾਨ ਦੀ ਲਾਸਾਨੀ ਕੁਰਬਾਨੀਆਂ, ਤਸੀਹੇ, ਸ਼ਹਾਦਤਾਂ ਭਰੀ ਵਿਰਾਸਤ 'ਤੇ ਰੱਖੀ ਗਈ ਹੈ, ਅੱਜ ਇੱਕ ਇਤਿਹਾਸਕ ਅਤੇ ਵਿਚਾਰਧਾਰਕ ਦੋਰਾਹੇ 'ਤੇ ਖੜ੍ਹੀ ਹੈ। ਇੱਕ ਪਾਸੇ ਸਾਡਾ ਉਹ ਸ਼ਾਨਾਮੱਤਾ ਵਿਰਸਾ ਹੈ ਜਿਸਨੇ 'ਸਵਾ ਲਾਖ ਸੇ ਏਕ ਲੜਾਊਂ' ਦਾ ਜਜ਼ਬਾ ਪੈਦਾ ਕੀਤਾ ਅਤੇ ਖਾਲਸਾ ਰਾਜ ਦੀ ਸਥਾਪਨਾ ਕੀਤੀ। ਦੂਜੇ ਪਾਸੇ, ਉਹ ਸੰਸਥਾ ਹੈ, ਜਿਸ ਨੂੰ ਇਸ ਵਿਰਸੇ ਦੀ ਸੰਭਾਲ ਅਤੇ ਪ੍ਰਸਾਰ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਅਣਗਿਣਤ ਕੁਰਬਾਨੀਆਂ ਤੋਂ ਬਾਅਦ 1925 ਵਿੱਚ ਹੋਂਦ ਵਿੱਚ ਆਈ ਇਹ 'ਸਿੱਖਾਂ ਦੀ ਮਿਨੀ ਸੰਸਦ' ਅੱਜ ਖੁਦ ਆਪਣੀ ਪ੍ਰਸੰਗਿਕਤਾ ਅਤੇ ਭਰੋਸੇਯੋਗਤਾ ਦੇ ਗੰਭੀਰ ਸਵਾਲਾਂ ਦੇ ਘੇਰੇ ਵਿੱਚ ਹੈ। ਕੀ ਇਹ ਸੰਸਥਾ ਸੱਚਮੁੱਚ ਪੰਥ ਦੀ ਅਗਵਾਈ ਕਰ ਰਹੀ ਹੈ ਜਾਂ ਇੱਕ ਖਾਸ ਸਿਆਸੀ ਧਿਰ ਦੇ ਹਿੱਤਾਂ ਦੀ ਪੂਰਤੀ ਦਾ ਇੱਕ ਬੇਜਾਨ ਸਾਧਨ ਬਣ ਕੇ ਰਹਿ ਗਈ ਹੈ?

**ਅਰਬਾਂ ਦਾ ਬਜਟ, ਗੋਲਕਾਂ ਭਰਪੂਰ, ਪਰ ਪੰਥਕ ਭਵਿੱਖ ਖਾਲੀ ਕਿਉਂ?** ਵਿਸ਼ਾਲ ਬਜਟ, ਨਿਗੂਣੇ ਨਤੀਜੇ: ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਹੁਣ ਅਰਬਾਂ ਰੁਪਈਆਂ ਵਿੱਚ ਹੈ। ਸਾਲ 2024-25 ਲਈ ਇਹ ਬਜਟ ਲੱਗਭੱਗ 12.60 ਅਰਬ (1260 ਕਰੋੜ) ਰੁਪਏ ਹੈ, ਜਿਸਦਾ ਮੁੱਖ ਸਰੋਤ ਦੁਨੀਆਂ ਭਰ ਦੇ ਸ਼ਰਧਾਲੂਆਂ ਦੁਆਰਾ ਗੁਰੂ ਦੀ ਗੋਲਕ ਵਿੱਚ ਪਾਇਆ ਦਸਵੰਧ ਹੈ। ਇਸ ਵਿੱਚੋਂ ਵੱਡਾ ਹਿੱਸਾ ਗੁਰਦੁਆਰਿਆਂ ਦੇ ਪ੍ਰਬੰਧ, ਸਟਾਫ ਦੀਆਂ ਤਨਖਾਹਾਂ, ਲੰਗਰ ਅਤੇ ਇਮਾਰਤਾਂ ਦੀ ਸਾਂਭ-ਸੰਭਾਲ 'ਤੇ ਖਰਚ ਹੁੰਦਾ ਹੈ, ਜੋ ਕਿ ਜ਼ਰੂਰੀ ਹੈ।

ਪਰ ਅਸਲ ਚਿੰਤਾ ਅਤੇ ਵਿਸ਼ਲੇਸ਼ਣ ਦਾ ਵਿਸ਼ਾ ਇਹ ਹੈ ਕਿ ਇਸ ਵਿਸ਼ਾਲ ਬਜਟ ਦਾ ਕਿੰਨਾ ਹਿੱਸਾ ਪੰਥ ਦੇ ਭਵਿੱਖ ਨੂੰ ਸੰਵਾਰਨ 'ਤੇ ਲੱਗ ਰਿਹਾ ਹੈ?

**ਧਰਮ ਪ੍ਰਚਾਰ:** ਧਰਮ ਪ੍ਰਚਾਰ ਲਈ ਰੱਖੀ ਗਈ ਰਾਸ਼ੀ (ਲੱਗਭੱਗ 98 ਕਰੋੜ) ਕੁੱਲ ਬਜਟ ਦਾ 8% ਤੋਂ ਵੀ ਘੱਟ ਹੈ, ਜੋ ਕਿ ਸਿੱਖੀ ਨੂੰ ਦਰਪੇਸ਼ ਆਧੁਨਿਕ ਚੁਣੌਤੀਆਂ ਸਾਹਮਣੇ ਨਿਗੂਣੀ ਹੈ।

**ਸਿੱਖਿਆ:** ਸਿੱਖਿਆ ਦੇ ਖੇਤਰ ਲਈ ਰੱਖੀ ਰਾਸ਼ੀ ਵੀ ਨਾਮਾਤਰ ਹੈ, ਜਦਕਿ ਪੰਥ ਨੂੰ ਅੱਜ ਵਿਸ਼ਵ-ਪੱਧਰੀ ਵਿੱਦਿਅਕ ਅਤੇ ਖੋਜ ਸੰਸਥਾਵਾਂ ਦੀ ਸਖ਼ਤ ਲੋੜ ਹੈ।

**ਸਿਆਸੀ ਲੜਾਈਆਂ 'ਤੇ ਖਰਚ:** ਇਸਦੇ ਉਲਟ, ਹਰਿਆਣਾ ਕਮੇਟੀ ਵਰਗੇ ਮੁੱਦਿਆਂ 'ਤੇ ਕਾਨੂੰਨੀ ਲੜਾਈਆਂ ਅਤੇ ਸਿਆਸੀ ਤੌਰ 'ਤੇ ਪ੍ਰੇਰਿਤ ਗਤੀਵਿਧੀਆਂ 'ਤੇ ਕਰੋੜਾਂ ਰੁਪਏ ਖਰਚ ਕੀਤੇ ਜਾ ਰਹੇ ਹਨ। ਇਹ ਪੈਸਾ ਗੁਰੂ ਦਾ ਹੈ, ਪਰ ਇਸਦੀ ਵਰਤੋਂ ਪੰਥ ਨੂੰ ਜੋੜਨ ਅਤੇ ਉਸਾਰਨ ਦੀ ਬਜਾਏ, ਸਿਆਸੀ ਸ਼ਕਤੀ ਬਚਾਉਣ ਲਈ ਵੰਡੀਆਂ ਪਾਉਣ 'ਤੇ ਹੋ ਰਹੀ ਹੈ।

**ਸਿੱਖੀ ਦਾ ਸੁਨੇਹਾ: ਲੰਗਰਾਂ ਤੋਂ ਅੱਗੇ, ਗਿਆਨ ਤੱਕ ਕਿਉਂ ਨਹੀਂ?** ਇਸ ਵਿੱਚ ਕੋਈ ਸ਼ੱਕ ਨਹੀਂ ਕਿ 'ਲੰਗਰ' ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਚਲਾਇਆ ਗਿਆ ਸੀ ਅਤੇ ਇਹ ਸਿੱਖ ਧਰਮ ਦਾ ਇੱਕ ਮਹਾਨ ਅਤੇ ਮਾਨਵਤਾਵਾਦੀ ਸੰਕਲਪ ਹੈ। ਪਰ ਇਹ ਇੱਕ ਦੁਖਦਾਈ ਸੱਚਾਈ ਹੈ ਕਿ ਸਿੱਖੀ ਦੀ ਵਿਸ਼ਵ-ਵਿਆਪੀ ਪਛਾਣ ਸਿਰਫ਼ ਲੰਗਰ ਸੇਵਾ ਤੱਕ ਸਿਮਟਦੀ ਜਾ ਰਹੀ ਹੈ। ਸਾਡੇ ਆਗੂ ਇਸ 'ਤੇ ਮਾਣ ਕਰਦੇ ਹਨ, ਪਰ ਇਹ ਸਵਾਲ ਨਹੀਂ ਪੁੱਛਦੇ ਕਿ ਗੁਰੂ ਨਾਨਕ ਦੇਵ ਜੀ ਦਾ ਗਿਆਨ, ਗੁਰੂ ਗ੍ਰੰਥ ਸਾਹਿਬ ਦਾ ਇਨਕਲਾਬੀ ਫਲਸਫਾ ਅਤੇ ਸਿੱਖ ਇਤਿਹਾਸ ਦੀ ਬਹਾਦਰੀ ਦਾ ਸੁਨੇਹਾ ਕਿਉਂ ਪਿੱਛੇ ਰਹਿ ਗਿਆ ਹੈ?

ਕਾਰਨ ਸਪੱਸ਼ਟ ਹੈ: ਗਿਆਨ ਸਿਰਜਣ ਅਤੇ ਸੰਵਾਦ ਦੀ ਘਾਟ। ਸ਼੍ਰੋਮਣੀ ਕਮੇਟੀ ਨੇ ਇੱਕੀ ਸਦੀ ਦੇ ਆਪਣੇ ਕਾਰਜਕਾਲ ਵਿੱਚ ਇੱਕ ਵੀ ਅਜਿਹੀ ਵਿਸ਼ਵ-ਪੱਧਰੀ ਯੂਨੀਵਰਸਿਟੀ ਜਾਂ ਖੋਜ ਕੇਂਦਰ ਸਥਾਪਤ ਨਹੀਂ ਕੀਤਾ ਜੋ ਆਕਸਫੋਰਡ, ਹਾਰਵਰਡ ਜਾਂ ਅਲ-ਅਜ਼ਹਰ (ਕਾਹਿਰਾ) ਦੇ ਪੱਧਰ 'ਤੇ ਸਿੱਖ ਧਰਮ, ਦਰਸ਼ਨ ਅਤੇ ਇਤਿਹਾਸ ਦੀ ਖੋਜ ਦਾ ਧੁਰਾ ਬਣ ਸਕੇ। ਜੇਕਰ ਹਰ ਜ਼ਿਲ੍ਹੇ ਵਿੱਚ ਅਜਿਹੇ ਆਧੁਨਿਕ ਸਕੂਲ ਕਾਲਜ ਖੋਲ੍ਹੇ ਜਾਂਦੇ ਜਿੱਥੇ ਹਰ ਵਰਗ ਦੇ ਬੱਚਿਆਂ ਨੂੰ ਮੁਫ਼ਤ ਜਾਂ ਬਹੁਤ ਸਸਤੀ 'ਤੇ ਉੱਚ-ਪੱਧਰੀ ਸਿੱਖਿਆ ਦੇ ਨਾਲ-ਨਾਲ ਗੁਰਮਤਿ ਦੀ ਸਿਖਲਾਈ ਦਿੱਤੀ ਜਾਵੇ, ਤਾਂ ਧਰਮ ਪਰਿਵਰਤਨ ਦੀ ਸਮੱਸਿਆ ਖੁਦ-ਬ-ਖੁਦ ਹੱਲ ਹੋ ਜਾਵੇਗੀ।

**ਇੱਕ ਯੋਜਨਾਬੱਧ ਬੇਪਰਵਾਹੀ?**

ਐਸ.ਜੀ.ਪੀ.ਸੀ. ਕੋਲ ਹਜ਼ਾਰਾਂ ਕਰੋੜਾਂ ਦੀਆਂ ਜਾਇਦਾਦਾਂ ਅਤੇ ਆਮਦਨ ਹੈ, ਪਰ ਇਸ ਸੰਸਥਾ ਨੇ ਪੰਜਾਬ ਵਿੱਚ ਇੱਕ ਵੀ ਅਜਿਹਾ ਵਿਸ਼ਵ-ਪੱਧਰੀ, ਆਧੁਨਿਕ ਸਹੂਲਤਾਂ ਅਤੇ ਕਦਰਾਂ-ਕੀਮਤਾਂ 'ਤੇ ਅਧਾਰਿਤ ਮਲਟੀ-ਸਪੈਸ਼ਲਿਟੀ ਹਸਪਤਾਲ ਸਥਾਪਤ ਨਹੀਂ ਕੀਤਾ, ਜਿੱਥੇ ਗਰੀਬਾਂ ਦਾ ਮੁਫ਼ਤ ਜਾਂ ਸਸਤਾ ਇਲਾਜ ਹੋ ਸਕੇ। ਜਿੱਥੇ ਦੁਨੀਆਂ ਭਰ ਦੀਆਂ ਛੋਟੀਆਂ-ਵੱਡੀਆਂ ਧਾਰਮਿਕ ਸੰਸਥਾਵਾਂ ਆਪਣੀ ਕੌਮ ਲਈ ਆਧੁਨਿਕ ਹਸਪਤਾਲ ਅਤੇ ਵਿੱਦਿਅਕ ਅਦਾਰੇ ਚਲਾ ਰਹੀਆਂ ਹਨ, ਉੱਥੇ ਐਸ.ਜੀ.ਪੀ.ਸੀ. ਦੀ ਇਸ ਖੇਤਰ ਵਿੱਚ ਨਿਸ਼ਕ੍ਰਿਅਤਾ ਇੱਕ ਇਤਿਹਾਸਕ ਅਣਗਹਿਲੀ ਹੈ।

**ਤਰਜੀਹਾਂ ਦਾ ਟਕਰਾਅ:** ਇੱਕ ਪਾਸੇ ਪੰਜਾਬ ਦੀ ਜਵਾਨੀ ਨਸ਼ਿਆਂ ਵਿੱਚ ਗਰਕ ਰਹੀ ਹੈ, ਸਿੱਖ ਨੌਜਵਾਨ ਪਤਿਤ ਹੋ ਰਹੇ ਹਨ, ਪਰ ਐਸ.ਜੀ.ਪੀ.ਸੀ. ਦੇ ਬਜਟ ਵਿੱਚ 'ਨਸ਼ਾ-ਛੁਡਾਊ ਕੇਂਦਰਾਂ', ਉੱਚ-ਪੱਧਰੀ ਵਿੱਦਿਅਕ ਵਜ਼ੀਫਿਆਂ ਜਾਂ ਆਧੁਨਿਕ ਲਾਇਬ੍ਰੇਰੀਆਂ ਲਈ ਕੋਈ ਠੋਸ ਪਲੈਨ ਜਾਂ ਰਾਸ਼ੀ ਨਹੀਂ, ਸਿਆਸੀ ਲੜਾਈਆਂ 'ਤੇ ਹੋਣ ਵਾਲੇ ਕਰੋੜਾਂ ਦੇ ਖਰਚੇ ਸਾਹਮਣੇ ਊਠ ਦੇ ਮੂੰਹ ਵਿੱਚ ਜ਼ੀਰੇ ਸਮਾਨ ਹੈ।

**ਗੁਰੂ ਸਾਹਿਬਾਨ ਦੇ ਫਲਸਫੇ ਦੀ ਅਸਲ ਪਾਲਣਾ:** ਜੇਕਰ ਐਸ.ਜੀ.ਪੀ.ਸੀ. ਸੱਚਮੁੱਚ ਚਾਹੇ ਤਾਂ ਆਪਣੇ ਅਰਬਾਂ ਦੇ ਬਜਟ ਅਤੇ ਵਸੀਲਿਆਂ ਨਾਲ ਹਰ ਜ਼ਿਲ੍ਹੇ ਵਿੱਚ ਇੱਕ ਆਧੁਨਿਕ ਸਕੂਲ ਅਤੇ ਕਾਲਜ ਸਥਾਪਤ ਕਰ ਸਕਦੀ ਹੈ, ਅਤੇ ਨਾਲ ਹੀ ਇੱਕ ਅਜਿਹਾ ਮਲਟੀ-ਸਪੈਸ਼ਲਿਟੀ ਹਸਪਤਾਲ ਖੋਲ੍ਹ ਸਕਦੀ ਹੈ, ਜਿੱਥੇ ਸਿੱਖ ਬੱਚਿਆਂ ਨੂੰ ਵਜ਼ੀਫਿਆਂ ਨਾਲ ਉੱਚ-ਪੱਧਰੀ ਸਿੱਖਿਆ ਮਿਲੇ ਅਤੇ ਹਸਪਤਾਲਾਂ ਵਿੱਚ ਹਰ ਗਰੀਬ ਅਤੇ ਲੋੜਵੰਦ ਦਾ ਇਲਾਜ ਮੁਫ਼ਤ ਜਾਂ ਬਹੁਤ ਹੀ ਘੱਟ ਕੀਮਤ 'ਤੇ ਹੋਵੇ। ਇਹ ਕਾਰਜ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ **'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ'** ਨੂੰ ਧਰਤੀ 'ਤੇ ਲਾਗੂ ਕਰਨਾ ਹੋਵੇਗਾ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਭਾਈ ਘਨੱਈਆ ਜੀ ਨੂੰ ਦਿੱਤੀ ਉਸ ਸਿੱਖਿਆ 'ਤੇ ਪਹਿਰਾ ਦੇਣਾ ਹੋਵੇਗਾ ਕਿ (ਉਹ ਜ਼ਖਮੀ ਸਿਖ ਦੇ ਨਾਲ-ਨਾਲ ਮੁਸਲਮਾਨ ਜ਼ਖਮੀ ਫੌਜੀਆਂ ਨੂੰ ਵੀ ਪਾਣੀ ਪਿਲਾਉਂਦੇ ਸਨ ਤਾਂ ਛਕਾਇਤ ਲਗਾਈ ਤਾਂ) ਸਿਰਫ਼ ਪਾਣੀ ਹੀ ਨਹੀਂ, ਸਗੋਂ ਮੱਲ੍ਹਮ ਵੀ ਲਗਾਇਆ ਕਰੋ। ਭਾਵ, ਸਿੱਖੀ ਸਿਰਫ਼ ਲੰਗਰ ਛਕਾਉਣ ਤੱਕ ਸੀਮਤ ਨਹੀਂ, ਸਗੋਂ ਸਮਾਜ ਨੂੰ ਗਿਆਨ ਅਤੇ ਸਿਹਤ ਦਾ ਦਾਨ ਦੇ ਕੇ ਉਸਦੇ ਅਸਲ ਜ਼ਖਮਾਂ ਨੂੰ ਭਰਨ ਦਾ ਨਾਮ ਹੈ।

**ਪ੍ਰਚਾਰ ਦੀ ਰਣਨੀਤੀ ਜਾਂ ਬਿਆਨਬਾਜ਼ੀ ਦਾ ਸ਼ੋਰ?** ਸਾਡਾ ਧਰਮ ਪ੍ਰਚਾਰ ਅੱਜ ਵੀ ਪੁਰਾਣੇ ਢੰਗਾਂ-ਦੀਵਾਨ, ਨਗਰ ਕੀਰਤਨ ਅਤੇ ਸਟੇਜੀ ਬਿਆਨਬਾਜ਼ੀ—'ਤੇ ਨਿਰਭਰ ਹੈ। ਅਸੀਂ ਆਪਣੇ ਹੀ ਲੋਕਾਂ ਨੂੰ ਸੰਬੋਧਨ ਕਰਕੇ ਖੁਸ਼ ਹੋ ਜਾਂਦੇ ਹਾਂ। ਦੂਜੇ ਪਾਸੇ, ਦੂਜੇ ਧਰਮਾਂ ਦੀਆਂ ਮਿਸ਼ਨਰੀਆਂ ਪਿੰਡ-ਪਿੰਡ ਜਾ ਕੇ ਲੋਕਾਂ ਦੀਆਂ ਜ਼ਮੀਨੀ ਸਮੱਸਿਆਵਾਂ (ਸਿੱਖਿਆ, ਸਿਹਤ, ਗਰੀਬੀ) ਨੂੰ ਸਮਝ ਕੇ ਉਨ੍ਹਾਂ ਨਾਲ ਜੁੜਦੀਆਂ ਹਨ ਅਤੇ ਉਨ੍ਹਾਂ ਦਾ ਧਰਮ ਪਰਿਵਰਤਨ ਕਰਦੀਆਂ ਹਨ।

**ਸਿੱਖ ਇਤਿਹਾਸ ਦੀ ਨਕਲੀ ਤੇ ਜਵਾਬਦੇਹੀ ਦਾ ਸਵਾਲ:** ਸਿੱਖ ਧਰਮ ਦੇ ਅਸਲ ਇਤਿਹਾਸਕ ਰਿਕਾਰਡ – ਗੁਰੂ ਸਾਹਿਬਾਨ ਦੇ ਹੁਕਮਨਾਮੇ, ਪੁਰਾਤਨ ਗ੍ਰੰਥ ਸਾਹਿਬ, ਖਾਲਸਾ ਰਾਜ ਦੇ ਦਸਤਾਵੇਜ਼ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਦੀਆਂ ਅਮੋਲਕ ਲਿਖਤਾਂ – ਜਾਂ ਤਾਂ ਨਸ਼ਟ ਕਰ ਦਿੱਤੀਆਂ ਗਈਆਂ ਜਾਂ ਰਾਜਨੀਤਕ ਹਿੱਤਾਂ ਵਾਸਤੇ ਦਬਾਅ ਕਰ ਦਿੱਤੀਆਂ ਗਈਆਂ। 1984 ਵਿੱਚ ਦਰਬਾਰ ਸਾਹਿਬ ਉੱਤੇ ਹਮਲੇ ਦੌਰਾਨ ਕਈ ਅਨਮੋਲ ਰਿਕਾਰਡ ਸਾੜ ਦਿੱਤੇ ਗਏ, ਪਰ ਐਸ.ਜੀ.ਪੀ.ਸੀ. ਵੱਲੋਂ ਇਸ ਦੀ ਜਾਂਚ ਜਾਂ ਰਿਕਵਰੀ ਲਈ ਕੋਈ ਗੰਭੀਰ ਉਪਰਾਲਾ ਨਹੀਂ ਕੀਤਾ ਗਿਆ।

ਅਸਲ ਸਵਾਲ ਇਹ ਹੈ ਕਿ ਜੇ ਇਤਿਹਾਸ ਮੌਜੂਦ ਹੈ, ਤਾਂ ਉਹ ਆਮ ਲੋਕਾਂ ਤੱਕ ਕਿਉਂ ਨਹੀਂ ਪਹੁੰਚਦਾ? ਕੀ ਐਸ.ਜੀ.ਪੀ.ਸੀ. ਜਾਂ ਅਕਾਲ ਤਖ਼ਤ ਨੇ ਇਹ ਯਕੀਨੀ ਬਣਾਇਆ ਕਿ ਇਤਿਹਾਸਕ ਲਿਖਤਾਂ ਡਿਜੀਟਲ ਰੂਪ ਵਿੱਚ ਨੌਜਵਾਨ ਪੀੜ੍ਹੀ ਤੱਕ ਪਹੁੰਚਣ? ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਿੱਖ ਕੌਮ ਆਪਣੇ ਇਤਿਹਾਸ ਤੋਂ ਹੀ ਅਣਭਿੱਜੀ ਬਣਾਈ ਜਾ ਰਹੀ ਹੈ, ਅਤੇ ਕੋਈ ਇਸ ਦੀ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ।

**ਡਿਜੀਟਲ ਪਲੇਟਫਾਰਮਾਂ ਦੀ ਘਾਟ:** ਅੱਜ ਦੀ ਪੀੜ੍ਹੀ ਯੂਟਿਊਬ, ਇੰਸਟਾਗ੍ਰਾਮ ਅਤੇ ਨੈੱਟਫਲਿਕਸ 'ਤੇ ਹੈ। ਐਸ.ਜੀ.ਪੀ.ਸੀ. ਦਾ ਡਿਜੀਟਲ ਮੀਡੀਆ ਵਿੰਗ ਕਿੱਥੇ ਹੈ ਜੋ ਆਕਰਸ਼ਕ ਅਤੇ ਛੋਟੀਆਂ ਵੀਡੀਓਜ਼, ਦਸਤਾਵੇਜ਼ੀ ਫਿਲਮਾਂ ਅਤੇ ਐਨੀਮੇਟਡ ਕਹਾਣੀਆਂ ਰਾਹੀਂ ਸਿੱਖ ਇਤਿਹਾਸ ਅਤੇ ਸਿਧਾਂਤਾਂ ਨੂੰ ਨੌਜਵਾਨਾਂ ਦੀ ਭਾਸ਼ਾ ਵਿੱਚ ਪੇਸ਼ ਕਰੇ? ਇਸਦਾ ਸਭ ਤੋਂ ਵੱਡਾ ਸਬੂਤ 'ਚਾਰ ਸਾਹਿਬਜ਼ਾਦੇ' ਐਨੀਮੇਟਡ ਫਿਲਮ ਹੈ। ਜਦੋਂ ਇੱਕ ਨਿੱਜੀ ਉੱਦਮ ਨੇ ਸਿੱਖ ਇਤਿਹਾਸ ਨੂੰ ਇਸ ਰੂਪ ਵਿੱਚ ਪੇਸ਼ ਕਰਕੇ ਪੀੜ੍ਹੀ ਦੇ ਦਿਲਾਂ ਵਿੱਚ ਵਸਾ ਦਿੱਤਾ, ਤਾਂ ਐਸ.ਜੀ.ਪੀ.ਸੀ. ਨੇ ਅਜਿਹੇ ਉਪਰਾਲੇ ਦੀ ਹੌਸਲਾ ਅਫ਼ਜ਼ਾਈ ਕਰਨ ਦੀ ਬਜਾਏ, ਚੁੱਪ ਵੱਟ ਲਈ। ਸਵਾਲ ਇਹ ਨਹੀਂ ਕਿ ਫਿਲਮ ਕਿਸਨੇ ਬਣਾਈ, ਸਵਾਲ ਇਹ ਹੈ ਕਿ ਐਸ.ਜੀ.ਪੀ.ਸੀ. ਨੇ ਖੁਦ ਅਜਿਹਾ ਇਨਕਲਾਬੀ ਕਦਮ ਕਿਉਂ ਨਹੀਂ ਚੁੱਕਿਆ?

**ਸਿਆਸੀ ਜਕੜ ਅਤੇ ਸੰਸਥਾਵਾਂ ਦਾ ਨਿਘਾਰ:** ਇਹ ਇੱਕ ਜੱਗ-ਜ਼ਾਹਿਰ ਸੱਚਾਈ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਸ਼੍ਰੋਮਣੀ ਕਮੇਟੀ 'ਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦਾ ਸਿੱਧਾ ਅਤੇ ਸੰਪੂਰਨ ਕਬਜ਼ਾ ਰਿਹਾ ਹੈ।

**ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ:** ਸਿੱਖ ਪੰਥ ਦੀ ਸਰਵਉੱਚ ਅਥਾਰਟੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਸਿਆਸੀ ਦਖਲਅੰਦਾਜ਼ੀ ਕਾਰਨ ਭਾਰੀ ਢਾਹ ਲੱਗੀ ਹੈ। ਜਥੇਦਾਰਾਂ ਦੀ ਨਿਯੁਕਤੀ ਅਤੇ ਉਨ੍ਹਾਂ ਦੁਆਰਾ ਲਏ ਗਏ ਫੈਸਲਿਆਂ 'ਤੇ ਅਕਸਰ ਸਿਆਸੀ ਪ੍ਰਭਾਵ ਦੇ ਦੋਸ਼ ਲੱਗਦੇ ਰਹੇ ਹਨ, ਜਿਸ ਨਾਲ ਸੰਗਤ ਦਾ ਵਿਸ਼ਵਾਸ ਕਮਜ਼ੋਰ ਹੋਇਆ ਹੈ।

**ਹਰਿਆਣਾ ਗੁਰਦੁਆਰਾ ਕਮੇਟੀ:** ਹਰਿਆਣਾ ਕਮੇਟੀ ਦਾ ਬਣਨਾ ਐਸ.ਜੀ.ਪੀ.ਸੀ. ਦੀ ਰਾਜਨੀਤੀ ਤੋਂ ਪ੍ਰੇਰਿਤ ਲੀਡਰਸ਼ਿਪ ਦੀ ਸਭ ਤੋਂ ਵੱਡੀ ਅਸਫਲਤਾ ਹੈ। ਜੇਕਰ ਹਰਿਆਣੇ ਦੀ ਸੰਗਤ ਦੀਆਂ ਭਾਵਨਾਵਾਂ ਅਤੇ ਲੋੜਾਂ ਦਾ ਸਤਿਕਾਰ ਕੀਤਾ ਜਾਂਦਾ, ਤਾਂ ਸ਼ਾਇਦ ਪੰਥ ਨੂੰ ਵੰਡਣ ਵਾਲੀ ਇਹ ਨੌਬਤ ਹੀ ਨਾ ਆਉਂਦੀ।

**ਅਹੁਦਿਆਂ ਦੀ ਲਾਲਸਾ:** ਪੰਥ ਦੀ ਸੇਵਾ ਦਾ ਜਜ਼ਬਾ ਅਹੁਦਿਆਂ ਦੀ ਲਾਲਸਾ ਅਤੇ ਧੜੇਬੰਦੀ ਹੇਠ ਦੱਬ ਗਿਆ ਹੈ। ਪੰਥ ਦੇ ਅਸਲ ਮੁੱਦੇ—ਪੜ੍ਹਾਈ, ਸਿਹਤ, ਗਰੀਬੀ, ਨਸ਼ੇ, ਕਿਸਾਨੀ ਸੰਕਟ, ਪਤਿਤਪੁਣਾ, ਵਾਤਾਵਰਣ—ਇਸ ਅੰਦਰੂਨੀ ਲੜਾਈ ਦੇ ਸ਼ੋਰ ਵਿੱਚ ਗੁਆਚ ਜਾਂਦੇ ਹਨ।

**ਗਿਆਨ, ਵਿਰਸਾ ਅਤੇ ਇਤਿਹਾਸ: ਇੱਕ ਯੋਜਨਾਬੱਧ ਅਣਗਹਿਲੀ** : ਇਤਿਹਾਸ ਨੂੰ ਲਿਖਣ ਵਿੱਚ ਅਸਫਲਤਾ: ਇਹ ਕੌਮ ਲਈ ਸ਼ਰਮ ਦੀ ਗੱਲ ਹੈ ਕਿ ਸਾਡੇ ਕੋਲ ਐਸ.ਜੀ.ਪੀ.ਸੀ. ਵੱਲੋਂ ਪ੍ਰਮਾਣਿਤ, ਇੱਕਸਾਰ ਅਤੇ ਸਰਲ ਭਾਸ਼ਾ ਵਿੱਚ ਲਿਖਿਆ 'ਸਿੱਖ ਇਤਿਹਾਸ' ਮੌਜੂਦ ਹੀ ਨਹੀਂ ਹੈ। ਇਸ ਖਲਾਅ ਕਾਰਨ ਸੋਸ਼ਲ ਮੀਡੀਆ 'ਤੇ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਵਾਲਿਆਂ ਨੂੰ ਖੁੱਲ੍ਹਾ ਮੈਦਾਨ ਮਿਲਿਆ ਹੋਇਆ ਹੈ।

**ਵਿਰਾਸਤੀ ਧਰੋਹਰਾਂ ਦੀ ਤਬਾਹੀ:** ਇਤਿਹਾਸਕ ਗੁਰਦੁਆਰਿਆਂ ਦੀ ਪੁਰਾਤਨ ਦਿੱਖ ਨੂੰ ਸੰਗਮਰਮਰ ਅਤੇ ਸਟੀਲ ਨਾਲ ਬਦਲ ਕੇ ਉਨ੍ਹਾਂ ਦੀ ਇਤਿਹਾਸਕ ਰੂਹ ਨੂੰ ਖਤਮ ਕੀਤਾ ਜਾ ਰਿਹਾ ਹੈ। ਜਲ੍ਹਿਆਂਵਾਲਾ ਬਾਗ ਦੇ ਨਵੀਨੀਕਰਨ ਦੇ ਨਾਂ 'ਤੇ ਉਸਦੀ ਇਤਿਹਾਸਕ ਦਿੱਖ ਨੂੰ ਮਿਟਾਉਣਾ ਇਸ ਦੀ ਸਭ ਤੋਂ ਵੱਡੀ ਉਦਾਹਰਣ ਹੈ।

**ਭਵਿੱਖ ਦਾ ਰਾਹ: ਕ੍ਰਾਂਤੀਕਾਰੀ ਕਦਮਾਂ ਦੀ ਫੌਰੀ ਲੋੜ** : ਸਥਿਤੀ ਨਿਰਾਸ਼ਾਜਨਕ ਹੈ, ਪਰ ਨਾ-ਮੁਮਕਿਨ ਨਹੀਂ। ਜੇ ਪੰਥ ਨੂੰ ਮੁੜ ਸੁਰਜੀਤ ਕਰਨਾ ਹੈ ਤਾਂ ਹੇਠਾਂ ਦਿੱਤੇ ਕਦਮ ਚੁੱਕਣੇ ਲਾਜ਼ਮੀ ਹਨ।

**ਸਿਆਸਤ ਤੋਂ ਪੂਰਨ ਮੁਕਤੀ:** ਇੱਕ ਮਤਾ ਪਾਸ ਹੋਵੇ ਕਿ ਐਸ.ਜੀ.ਪੀ.ਸੀ. ਦਾ ਕੋਈ ਵੀ ਅਹੁਦੇਦਾਰ ਕਿਸੇ ਵੀ ਸਿਆਸੀ ਪਾਰਟੀ ਦਾ ਮੈਂਬਰ ਜਾਂ ਅਹੁਦੇਦਾਰ ਨਹੀਂ ਹੋ ਸਕਦਾ। ਧਰਮ ਅਤੇ ਸਿਆਸਤ ਨੂੰ ਪੂਰੀ ਤਰ੍ਹਾਂ ਵੱਖ ਕੀਤਾ ਜਾਵੇ।

**ਵਿੱਤੀ ਪਾਰਦਰਸ਼ਤਾ ਅਤੇ ਜਵਾਬਦੇਹੀ:** ਇੱਕ ਆਨਲਾਈਨ ਪਬਲਿਕ ਡੈਸ਼ਬੋਰਡ ਬਣਾਇਆ ਜਾਵੇ ਜਿੱਥੇ ਹਰ ਰੁਪਏ ਦਾ ਹਿਸਾਬ ਜਨਤਕ ਹੋਵੇ। ਇੱਕ ਸੁਤੰਤਰ, ਬਾਹਰੀ ਏਜੰਸੀ ਤੋਂ ਹਰ ਸਾਲ ਲਾਜ਼ਮੀ ਆਡਿਟ ਕਰਵਾ ਕੇ ਜਨਤਕ ਕੀਤਾ ਜਾਵੇ।

**ਸਿੱਖਿਆ, ਸਿਹਤ ਅਤੇ ਖੋਜ 'ਤੇ ਨਿਵੇਸ਼:** ਬਜਟ ਦਾ ਘੱਟੋ-ਘੱਟ 50% ਹਿੱਸਾ ਸਿੱਖਿਆ, ਸਿਹਤ, ਖੋਜ, ਸਕਾਲਰਸ਼ਿਪ ਅਤੇ ਇਤਿਹਾਸ ਦੀ ਸਾਂਭ-ਸੰਭਾਲ 'ਤੇ ਖਰਚ ਹੋਵੇ। 'ਵਰਲਡ ਸਿੱਖ ਯੂਨੀਵਰਸਿਟੀ' ਦੀ ਸਥਾਪਨਾ ਦਾ ਟੀਚਾ ਮਿੱਥਿਆ ਜਾਵੇ।

**ਪ੍ਰੋਫੈਸ਼ਨਲ ਪ੍ਰਬੰਧਨ:** ਐਸ.ਜੀ.ਪੀ.ਸੀ. ਦੇ ਪ੍ਰਬੰਧਕੀ ਢਾਂਚੇ ਵਿੱਚ ਯੋਗਤਾ ਅਤੇ ਮੈਰਿਟ ਦੇ ਆਧਾਰ 'ਤੇ ਪ੍ਰੋਫੈਸ਼ਨਲ (ਮੈਨੇਜਰ, IT ਮਾਹਿਰ, ਇਤਿਹਾਸਕਾਰ, ਵਿੱਤੀ ਸਲਾਹਕਾਰ) ਭਰਤੀ ਕੀਤੇ ਜਾਣ, ਨਾ ਕਿ ਸਿਆਸੀ ਵਫ਼ਾਦਾਰੀ ਦੇ ਅਧਾਰ 'ਤੇ।

**ਜ਼ਮੀਨੀ ਹਕੀਕਤਾਂ ਨਾਲ ਜੁੜਨਾ:** ਨਸ਼ਿਆਂ, ਵਾਤਾਵਰਨ, ਕਿਸਾਨੀ ਸੰਕਟ ਅਤੇ ਸਿਹਤ ਸੇਵਾਵਾਂ ਲਈ ਇੱਕ ਸਮਰਪਿਤ ਵਿੰਗ ਬਣਾਇਆ ਜਾਵੇ ਜੋ ਪਿੰਡ-ਪੱਧਰ 'ਤੇ ਠੋਸ ਕੰਮ ਕਰੇ।

**ਸਿੱਟਾ:** ਸਾਡਾ ਇਤਿਹਾਸ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਨਕਲਾਬੀ ਫਲਸਫੇ, ਬਾਬਾ ਬੰਦਾ ਸਿੰਘ ਬਹਾਦਰ ਦੇ ਰਾਜ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਖਾਲਸਾ ਰਾਜ ਦੀ ਵਿਰਾਸਤ ਨਾਲ ਭਰਪੂਰ ਹੈ। ਪਰ ਅੱਜ ਅਸੀਂ 'ਗੋਲਕਾਂ ਵੱਧ ਗਈਆਂ' ਜਾਂ 'ਵਿਰੋਧੀ ਨੂੰ ਹਰਾ ਦਿੱਤਾ' ਵਰਗੀਆਂ ਖੋਖਲੀਆਂ ਪ੍ਰਾਪਤੀਆਂ 'ਤੇ ਮਾਣ ਕਰ ਰਹੇ ਹਾਂ। ਸਮੱਸਿਆ ਸਿਰਫ਼ ਲੀਡਰਸ਼ਿਪ ਦੀ ਨਹੀਂ, ਬਲਕਿ ਸੰਗਤ ਦੀ ਚੁੱਪੀ ਦੀ ਵੀ ਹੈ। ਅਸੀਂ ਗੁਰੂ ਨੂੰ ਮੱਥਾ ਟੇਕ ਕੇ ਅਤੇ ਗੋਲਕ ਵਿੱਚ ਪੈਸੇ ਪਾ ਕੇ ਆਪਣੀ ਜ਼ਿੰਮੇਵਾਰੀ ਪੂਰੀ ਸਮਝ ਲੈਂਦੇ ਹਾਂ, ਪਰ ਇਹ ਪੁੱਛਣ ਦੀ ਹਿੰਮਤ ਨਹੀਂ ਕਰਦੇ ਕਿ ਸਾਡੀ ਸ਼ਰਧਾ ਅਤੇ ਪੈਸੇ ਦਾ ਇਸਤੇਮਾਲ ਕਿੱਥੇ ਹੋ ਰਿਹਾ ਹੈ।

ਜੇਕਰ ਸਿੱਖ ਪੰਥ ਨੇ ਸਿਆਸੀ ਗੁਲਾਮੀ, ਅਹੁਦਿਆਂ ਦੀ ਲਾਲਸਾ ਅਤੇ ਅੰਦਰੂਨੀ ਲੜਾਈਆਂ ਤੋਂ ਉੱਪਰ ਉੱਠ ਕੇ ਗੁਰੂ ਦੇ ਦਰਸਾਏ ਮਾਰਗ 'ਤੇ ਚੱਲਣ ਦਾ ਫੈਸਲਾ ਨਾ ਕੀਤਾ, ਤਾਂ ਇਤਿਹਾਸ ਸਾਨੂੰ ਕਦੇ ਮੁਆਫ ਨਹੀਂ ਕਰੇਗਾ। ਭਵਿੱਖ ਦੀਆਂ ਪੀੜ੍ਹੀਆਂ ਇਹ ਪੁੱਛਣਗੀਆਂ ਕਿ ਜਦੋਂ ਕੌਮ ਦਾ ਵਿਰਸਾ ਮਿਟ ਰਿਹਾ ਸੀ ਅਤੇ ਪੰਜਾਬ ਬਰਬਾਦ ਹੋ ਰਿਹਾ ਸੀ, ਤਾਂ ਉਸਦੇ ਰਾਖੇ ਕੀ ਕਰ ਰਹੇ ਸਨ?

# ਚੰਡੀਗੜ੍ਹ ਪ੍ਰਸ਼ਾਸਨ ਨੇ ਨਾਜਾਇਜ਼ ਕਬਜ਼ੇ ਹਟਾਉਣ ਲਈ ਮੁਹਿੰਮ ਚਲਾਈ

ਮਨੀਮਾਜਰਾ, 2 ਜੁਲਾਈ (ਅੰਮ੍ਰਿਤਪਾਲ ਸਿੰਘ) : ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਮਨੀਮਾਜਰਾ ਖੇਤਰ ਵਿੱਚ ਨਾਜਾਇਜ਼ ਕਬਜ਼ੇ ਹਟਾਉਣ ਲਈ ਇੱਕ ਸਫਲ ਕਬਜ਼ਾ ਵਿਰੋਧੀ ਮੁਹਿੰਮ ਚਲਾਈ। ਇਸ ਮੁਹਿੰਮ ਦਾ ਉਦੇਸ਼ ਸਾਲਾਂ ਤੋਂ ਨਾਜਾਇਜ਼ ਕਬਜ਼ੇ ਵਾਲੀ ਸਰਕਾਰੀ ਜ਼ਮੀਨ ਨੂੰ ਮੁੜ ਪ੍ਰਾਪਤ ਕਰਨਾ ਸੀ। ਇਹ ਮੁਹਿੰਮ ਸਥਾਨਕ ਪੁਲਿਸ ਪ੍ਰਸ਼ਾਸਨ ਦੇ ਸਹਿਯੋਗ ਨਾਲ ਸਬ-ਡਵੀਜ਼ਨਲ ਮੈਜਿਸਟ੍ਰੇਟ (ਪੂਰਬੀ) ਦੀ ਨੇੜਲੀ ਨਿਗਰਾਨੀ ਹੇਠ ਚਲਾਈ ਗਈ ਸੀ।ਇਹ ਜ਼ਿਕਰਯੋਗ ਹੈ ਕਿ ਲੱਗਭੱਗ 38 ਏਕੜ ਦੇ ਖੇਤਰ ਵਿੱਚ ਫੈਲੀ ਇਸ ਜ਼ਮੀਨ ਨੂੰ ਚੰਡੀਗੜ੍ਹ ਪ੍ਰਸ਼ਾਸਨ ਨੇ ਸਾਲ 1998 ਵਿੱਚ ਜਨਤਕ ਵਰਤੋਂ ਲਈ ਕਾਨੂੰਨੀ ਤੌਰ 'ਤੇ ਪ੍ਰਾਪਤ ਕੀਤਾ ਸੀ। ਸਮੇਂ ਦੇ ਨਾਲ, ਇਸ ਜ਼ਮੀਨ ਦੇ ਲੱਗਭੱਗ 1.5 ਏਕੜ 'ਤੇ ਕਬਜ਼ਾ ਕੀਤਾ ਗਿਆ ਸੀ ਅਤੇ ਅਣਅਧਿਕਾਰਤ ਉਸਾਰੀਆਂ



ਕੀਤੀਆਂ ਗਈਆਂ ਸਨ, ਜੋ ਕਿ ਪ੍ਰਚਲਿਤ ਕਾਨੂੰਨਾਂ ਅਤੇ ਨਿਯਮਾਂ ਦੀ ਉਲੰਘਣਾ ਸਨ।ਮੁਹਿੰਮ ਦੌਰਾਨ ਕੁੱਲ ਦਸ ਗੈਰ-ਕਾਨੂੰਨੀ ਢਾਂਚਿਆਂ ਨੂੰ ਸਫਲਤਾਪੂਰਵਕ ਢਾਹ ਦਿੱਤਾ ਗਿਆ। ਇਹ ਮੁਹਿੰਮ ਸ਼ਾਂਤੀਪੂਰਨ ਅਤੇ ਵਿਵਸਥਾਪੂਰਨ ਢੰਗ ਨਾਲ ਚਲਾਈ ਗਈ। ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਣ ਲਈ ਮੌਕੇ 'ਤੇ ਲੋੜੀਂਦੀ ਪੁਲਿਸ ਫੋਰਸ ਤਾਇਨਾਤ ਕੀਤੀ ਗਈ ਸੀ।ਇਹ ਕਾਰਵਾਈ ਪ੍ਰਸ਼ਾਸਨ ਦੇ ਸਰਕਾਰੀ ਜ਼ਮੀਨ ਨੂੰ ਗੈਰ-ਕਾਨੂੰਨੀ ਕਬਜ਼ਿਆਂ ਤੋਂ ਮੁਕਤ ਕਰਨ ਅਤੇ ਇਸਦੀ ਜਨਤਕ ਭਲਾਈ ਅਤੇ ਯੋਜਨਾਬੱਧ ਵਰਤੋਂ ਨੂੰ ਯਕੀਨੀ ਬਣਾਉਣ ਦੇ ਨਿਰੰਤਰ ਯਤਨਾਂ ਦਾ ਹਿੱਸਾ ਹੈ। ਮੁੜ ਪ੍ਰਾਪਤ ਕੀਤੀ ਗਈ ਜ਼ਮੀਨ ਨੂੰ ਹੁਣ ਸ਼ਹਿਰ ਦੇ ਪ੍ਰਵਾਨਿਤ ਵਿਕਾਸ ਯੋਜਨਾਵਾਂ ਦੇ ਅਨੁਸਾਰ ਜਨਤਕ ਵਰਤੋਂ ਲਈ ਬਹਾਲ ਕੀਤਾ ਜਾਵੇਗਾ।

# ਨੌਜਵਾਨਾਂ ਦੇ ਵਿਕਾਸ ਲਈ ਐਨ.ਸੀ.ਸੀ. ਗਤੀਵਿਧੀਆਂ ਨੂੰ ਹੁਲਾਰਾ ਦੇਣ ਲਈ ਏਡੀਜੀ ਐਨਸੀਸੀ ਮੇਜਰ ਜਨਰਲ ਜੇਐਸ ਚੀਮਾ ਨੇ ਹਰਿਆਣਾ ਦੇ ਸਿੱਖਿਆ ਮੰਤਰੀ ਨਾਲ ਕੀਤੀ ਮੁਲਾਕਾਤ

ਚੰਡੀਗੜ੍ਹ, 2 ਜੁਲਾਈ (ਅੰਮ੍ਰਿਤਪਾਲ ਸਿੰਘ) : ਐਨਸੀਸੀ ਡਾਇਰੈਕਟੋਰੇਟ ਪੰਜਾਬ ਹਰਿਆਣਾ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ (ਪੀਐਚਐਚਪੀ ਐਂਡ ਸੀ) ਦੇ ਵਧੀਕ ਡਾਇਰੈਕਟਰ ਜਨਰਲ, ਮੇਜਰ ਜਨਰਲ ਜੇਐਸ ਚੀਮਾ ਨੇ ਕੱਲ੍ਹ ਹਰਿਆਣਾ ਦੇ ਸਿੱਖਿਆ ਮੰਤਰੀ ਮਹੀਪਾਲ ਢਾਂਡਾ ਨਾਲ ਮੁਲਾਕਾਤ ਕਰਕੇ ਰਾਜ ਵਿੱਚ ਐਨਸੀਸੀ ਨਾਲ ਸਬੰਧਤ ਵੱਖ-ਵੱਖ ਗਤੀਵਿਧੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਵਿੱਚ ਗਰੁੱਪ ਕਮਾਂਡਰ ਅੰਬਾਲਾ, ਬ੍ਰਿਗੇਡੀਅਰ ਰੋਹਿਤ ਸਹਿਗਲ ਅਤੇ ਸ਼੍ਰੀ ਐਸ ਨਾਰਾਇਣਨ (ਆਈਐਫਐਸ), ਉੱਚ ਸਿੱਖਿਆ ਡਾਇਰੈਕਟੋਰੇਟ, ਹਰਿਆਣਾ ਸਮੇਤ ਸੀਨੀਅਰ ਅਧਿਕਾਰੀਆਂ ਨੇ ਸ਼ਿਰਕਤ ਕੀਤੀ। ਮੀਟਿੰਗ ਵਿੱਚ ਡਾਇਰੈਕਟੋਰੇਟ ਵਿਖੇ ਇੱਕ ਸਟੇਟ ਐਨਸੀਸੀ ਸੈੱਲ, ਸਿਰਸਾ ਵਿੱਚ ਇੱਕ



ਨਵੀਂ ਐਨਸੀਸੀ ਯੂਨਿਟ ਅਤੇ ਰੋਹਤਕ ਗਰੁੱਪ ਲਈ ਇੱਕ ਨਵੀਂ ਐਨਸੀਸੀ ਸਿਖਲਾਈ ਅਕੈਡਮੀ ਸਥਾਪਤ ਕਰਨ ਦੇ ਪ੍ਰਸਤਾਵ ਬਾਰੇ ਚਰਚਾ ਹੋਈ।

ਸਿੱਖਿਆ ਮੰਤਰੀ ਨੇ ਨੌਜਵਾਨਾਂ ਨੂੰ ਆਕਾਰ ਦੇਣ ਵਿੱਚ ਐਨਸੀਸੀ ਦੀ ਮਹੱਤਤਾ ਨੂੰ ਸਵੀਕਾਰ ਕਰਦੇ ਹੋਏ, ਇਨ੍ਹਾਂ ਪ੍ਰਸਤਾਵਾਂ ਲਈ ਆਪਣਾ ਪੂਰਾ ਸਮਰਥਨ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ, ਹਰਿਆਣਾ ਨੇ 9248 ਕੈਡੇਟ ਅਸਾਮੀਆਂ ਨੂੰ ਸਹਿਮਤੀ ਦੇ ਕੇ ਐਨਸੀਸੀ ਦੀ ਦੇਸ਼ ਵਿਆਪੀ ਵਿਸਥਾਰ ਯੋਜਨਾ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ। ਏਡੀਜੀ, ਮੇਜਰ ਜਨਰਲ ਜੇਐਸ ਚੀਮਾ ਨੇ ਸਿੱਖਿਆ ਮੰਤਰੀ ਦਾ ਹਰਿਆਣਾ ਵਿੱਚ ਐਨਸੀਸੀ ਦੇ ਵਿਕਾਸ ਦਾ ਰਾਹ ਪੱਧਰਾ ਕਰਨ ਲਈ ਉਨ੍ਹਾਂ ਦੇ ਪ੍ਰੋਤਸਾਹਨ ਅਤੇ ਸਹਿਯੋਗ ਲਈ ਧੰਨਵਾਦ ਕੀਤਾ। ਉਨ੍ਹਾਂ ਨੇ ਮੰਤਰੀ ਦੇ ਸਾਕਾਰਾਤਮਕ ਦ੍ਰਿਸ਼ਟੀਕੋਣ ਅਤੇ ਐਨਸੀਸੀ ਪਹਿਲਕਦਮੀਆਂ ਪ੍ਰਤੀ ਨਿਰੰਤਰ ਸਮਰਥਨ ਦੀ ਵੀ ਸ਼ਲਾਘਾ ਕੀਤੀ।

# ਡਾ. ਬਲਜਿੰਦਰ ਸਿੰਘ ਭੁੱਲਰ ਦੀ ਅਗਵਾਈ ਹੇਠ ਖੇਤੀਬਾੜੀ ਵਿਭਾਗ ਵੱਲੋਂ ਅਚਨਚੇਤ ਚੈਕਿੰਗ

ਰਈਆ, 2 ਜੁਲਾਈ (ਰਾਕੇਸ਼ ਸਲਵਾਨ ):ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਮਾਣਯੋਗ ਮੰਤਰੀ ਸਰਦਾਰ ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ ਅਤੇ ਮੁੱਖ ਖੇਤੀਬਾੜੀ ਅਫਸਰ ਅੰਮ੍ਰਿਤਸਰ ਡਾ. ਬਲਜਿੰਦਰ ਸਿੰਘ ਭੁੱਲਰ ਦੇ ਹੁਕਮਾਂ ਤਹਿਤ ਅਤੇ ਬਲਾਕ ਖੇਤੀਬਾੜੀ ਅਫਸਰ ਰਈਆ ਡਾ. ਬਲਵਿੰਦਰ



ਸਿੰਘ ਛੀਨਾ ਜੀ ਦੀ ਯੋਗ ਅਗਵਾਈ ਹੇਠ ਬਲਾਕ ਰਈਆ ਅਧੀਨ ਆਉਂਦੇ ਵੱਖ-ਵੱਖ ਖਾਦਾਂ ਦੇ ਰਿਟੇਲ ਅਤੇ ਹੋਲਸੇਲ ਵਿਕਰੇਤਾਵਾਂ ਦੀ ਅਚਨਚੇਤ ਚੈਕਿੰਗ ਕਰਕੇ ਬਾਇਓ ਖਾਦਾਂ ਅਤੇ ਆਰਗਨਿਕ ਮਨਿਓਰ ਦੇ ਨਮੂਨੇ ਭਰੇ ਗਏ। ਇਸ ਮੌਕੇ ਡਾ.ਬਲਵਿੰਦਰ ਸਿੰਘ ਛੀਨਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਕਿਸਾਨਾਂ ਨੂੰ ਮਿਆਰੀ ਖਾਦਾਂ ਮੁਹੱਈਆ ਕਰਾਉਣ ਦੇ ਮੱਤਵ ਨਾਲ ਅੱਜ ਬਲਾਕ ਰਈਆ ਦੇ ਵੱਖ-ਵੱਖ ਰਿਟੇਲ/ਹੋਲਸੇਲ ਖਾਦ ਵਿਕਰੇਤਾਵਾਂ ਦੀ ਅਚਨਚੇਤ ਚੈਕਿੰਗ ਕਰਕੇ ਬਾਇਓਖਾਦਾਂ ਅਤੇ ਆਰਗੈਨਿਕ ਮਨਿਓਰ ਦੀ ਗੁਣਵੱਤਾ ਚੈੱਕ ਕਰਨ ਲਈ ਸੈਂਪਲ ਭਰੇ ਗਏ ਹਨ ਅਤੇ ਉਹਨਾਂ ਖਾਦ ਵਿਕਰੇਤਾਵਾਂ ਨੂੰ ਤਾੜਨਾ ਵੀ ਕੀਤੀ ਕਿ ਕਿਸਾਨਾਂ ਨੂੰ ਖਾਦਾਂ ਦੇ ਨਾਲ ਕਿਸੇ ਵੀ ਵਸਤੂ ਦੀ ਟੈਗਿੰਗ ਨਾ ਕੀਤੀ ਜਾਵੇ। ਜੇਕਰ ਸ਼ਿਕਾਇਤ ਜਾਂ ਚੈਕਿੰਗ ਦੌਰਾਨ ਅਜਿਹਾ ਪਾਇਆ ਜਾਂਦਾ ਹੈ ਤਾਂ ਖਾਦ ਕੰਟਰੋਲ ਆਰਡਰ 1985 ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਨੇ ਕਿਸਾਨਾਂ ਨੂੰ ਖਾਦ, ਬੀਜ ਅਤੇ ਕੀਟਨਾਸ਼ਕਾਂ ਦੀ ਖਰੀਦ 'ਤੇ ਪੱਕਾ ਬਿੱਲ ਲੈਣ ਦੀ ਵੀ ਅਪੀਲ ਕੀਤੀ। ਜੇਕਰ ਕੋਈ ਵੀ ਡੀਲਰ ਪੱਕਾ ਖਰੀਦ ਬਿੱਲ ਦੇਣ ਤੋਂ ਇਨਕਾਰ ਕਰਦਾ ਹੈ ਤਾਂ ਤੁਰੰਤ ਖੇਤੀਬਾੜੀ ਵਿਭਾਗ ਨਾਲ ਰਾਬਤਾ ਕੀਤਾ ਜਾਵੇ।

# ਮਲੇਰੀਏ ਸਬੰਧੀ ਰਿਕਸ਼ਾ ਮਾਈਕਿੰਗ ਨੂੰ ਸਿਵਲ ਸਰਜਨ ਨੇ ਦਿੱਤੀ ਹਰੀ ਝੰਡੀ

## *ਮਲੇਰੀਏ 'ਤੇ ਪਕੜ ਜਾਰੀ ਰੱਖਣ ਲਈ ਸਾਂਝੇ ਯਤਨਾਂ ਦੀ ਲੋੜ: ਸਿਵਲ ਸਰਜਨ ਡਾ. ਦਵਿੰਦਰਜੀਤ ਕੌਰ*

ਫਤਹਿਗੜ੍ਹ ਸਾਹਿਬ, 2 ਜੁਲਾਈ (ਹਰਪ੍ਰੀਤ ਕੌਰ ਟਿਵਾਣਾ): ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਸਿਵਲ ਸਰਜਨ ਫਤਹਿਗੜ੍ਹ ਸਾਹਿਬ ਡਾ ਦਵਿੰਦਰਜੀਤ ਕੌਰ ਦੀ ਅਗਵਾਈ ਹੇਠ ਜ਼ਿਲ੍ਹੇ ਅੰਦਰ ਡੇਂਗੂ/ ਮਲੇਰੀਏ ਵਿਰੋਧੀ ਲਗਾਤਾਰ ਗਤੀਵਿਧੀਆਂ ਕੀਤੀਆਂ ਜਾ ਰਹੀਆਂ। ਜਿਸ ਤਹਿਤ ਉੱਚ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਆਮ ਲੋਕਾਂ ਨੂੰ ਮਲੇਰੀਏ ਸਬੰਧੀ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਕੜੀ ਵਜੋਂ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਸਿਵਲ ਸਰਜਨ ਦਫਤਰ ਤੋਂ ਰਿਕਸ਼ਾ ਮਾਈਕਿੰਗ ਰੈਲੀ ਨੂੰ ਵੀ ਸਿਵਲ ਸਰਜਨ ਡਾ ਦਵਿੰਦਰਜੀਤ ਕੌਰ ਦੁਆਰਾ ਹਰੀ ਝੰਡੀ ਦੇਕੇ ਰਵਾਨਾ ਕੀਤਾ ਗਿਆ। ਸਰਹਿੰਦ ਅਤੇ ਫਤਹਿਗੜ੍ਹ ਸਾਹਿਬ ਦੇ ਵੱਖ ਵੱਖ ਖੇਤਰਾਂ ਵਿੱਚ ਇਸ ਰਿਕਸੇ ਤੋਂ ਅਨਾਊਂਸਮੈਂਟ ਕਰਕੇ ਲੋਕਾਂ ਨੂੰ ਮਲੇਰੀਏ





ਦੇ ਲੱਛਣ ਅਤੇ ਇਸ ਦੇ ਬਚਾਓ ਸਬੰਧੀ ਜਾਗਰੂਕ ਕੀਤਾ ਗਿਆ। ਰਿਕਸ਼ਾ ਮਾਈਕਿੰਗ ਨੂੰ ਹਰੀ ਝੰਡੀ ਦਿੰਦਿਆਂ ਡਾ ਦਵਿੰਦਰਜੀਤ ਕੌਰ ਨੇ ਕਿਹਾ ਕਿ ਸਾਰਿਆਂ ਦੇ ਸਹਿਯੋਗ ਨਾਲ ਹੀ ਮਲੇਰੀਏ ਦੀ ਸਥਿਤੀ 'ਤੇ ਆਪਣੀ ਪਕੜ ਨੂੰ ਜਾਰੀ ਰੱਖਿਆ ਜਾ ਸਕਦਾ ਹੈ। ਇਸ ਲਈ ਇਸ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਸੁਝਾਏ ਨਿਯਮਾਂ ਦੀ ਪਾਲਨਾ ਕੀਤੀ ਜਾਵੇ। ਇਸ ਮੌਕੇ ਉਨ੍ਹਾਂ ਨੇ ਮਲੇਰੀਏ ਦੇ ਲੱਛਣ ਤੇ ਬਚਾਅ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਜ਼ਿਲ੍ਹਾ ਐਪੀਡਿਮੋਲੋਜਿਸਟ ਡਾ ਪ੍ਰਭਜੋਤ ਕੌਰ ਨੇ ਦੱਸਿਆ ਕਿ ਮੱਛਰਾਂ ਦਾ ਲਾਰਵਾ ਪੈਂਦਾ ਹੋਣ ਵਾਲੀਆ ਥਾਵਾਂ ਜਿਵੇਂ ਕੂਲਰਾਂ, ਗਮਲਿਆਂ, ਫਰਿੱਜਾਂ ਦੀਆਂ ਟ੍ਰੇਆਂ ਆਦਿ ਨੂੰ ਘੱਟੋ ਘੱਟ ਹਫਤੇ ਵਿੱਚ ਇੱਕ ਵਾਰੀ ਸਾਫ ਕਰਨਾ ਤੇ ਸੁਕਾਉਣਾ ਚਾਹੀਦਾ ਹੈ। ਉਹਨਾਂ ਇਹ ਵੀ ਦੱਸਿਆ ਕਿ ਸਰਕਾਰੀ ਹਸਪਤਾਲਾਂ ਵਿੱਚ ਮਲੇਰੀਏ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫਤ ਕੀਤਾ ਜਾਂਦਾ ਹੈ, ਲੋੜ ਪੈਣ 'ਤੇ ਸਾਨੂੰ ਇਹ ਸੇਵਾਵਾਂ ਲੈਣੀਆਂ ਚਾਹੀਦੀਆਂ ਹਨ । ਇਸ ਮੌਕੇ 'ਤੇ ਜ਼ਿਲ੍ਹਾ ਐਪੀਡਿਮੋਲੋਜਿਸਟ ਡਾ ਪ੍ਰਭਜੋਤ ਕੌਰ , ਸੀਨੀਅਰ ਮੈਡੀਕਲ ਅਫਸਰ ਡਾ ਕੰਵਲਦੀਪ ਸਿੰਘ, ਜਿਲ੍ਹਾ ਸਮੂਹ ਸਿੱਖਿਆਂ ਤੇ ਸੂਚਨਾ ਅਫਸਰ ਬਲਜਿੰਦਰ ਸਿੰਘ , ਅਮਨਪ੍ਰੀਤ ਸਿੰਘ, ਸਹਾਇਕ ਮਲੇਰੀਆ ਅਫਸਰ ਸੋਮਨਾਥ, ਇਨਸੈਕਟ ਕਲੈਕਟਰ ਮਨਦੀਪ ਕੌਰ,ਜਗਰੂਪ ਸਿੰਘ, ਹਰੀ ਸਿੰਘ, ਤੇਜਿੰਦਰ ਸਿੰਘ,ਗੁਰਵਿੰਦਰ ਸਿੰਘ, ਮਨਵੀਰ, ਸਿੰਘ, ਧਰਮ ਸਿੰਘ ਆਦਿ ਹਾਜ਼ਰ ਸਨ।

# ਡੀ .ਐਸ. ਪੀ. ਮਨਮੀਤ ਸਿੰਘ ਦਾ ਗਲੈਕਸੀ ਰੈਸਟੋਰੈਂਟ ਤੇ ਸਨਮਾਨ

ਚੌਂਕ ਮਹਿਤਾ, 2 ਜੁਲਾਈ (ਬਲਜਿੰਦਰ ਸਿੰਘ ਰੰਧਾਵਾ) : ਮਹਿਤਾ ਤੋਂ ਬਟਾਲਾ ਰੋਡ 'ਤੇ ਸਥਿਤ ਗਲੈਕਸੀ ਰੈਸਟੋਰੈਂਟ ਤੇ ਡੀ ਐਸ ਪੀ ਮਨਮੀਤ ਸਿੰਘ ਦਾ ਤਰਸੇਮ ਸਿੰਘ ਰੰਧਾਵਾ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ



ਗਿਆ। ਇਸ ਮੌਕੇ ਉਹਨਾਂ ਦੇ ਨਾਲ ਇੰਸਪੈਕਟਰ ਹਰਮੀਕ ਸਿੰਘ ਐਸ ਐਚ ਓ ਰੰਗੜ ਨੰਗਲ ਅਤੇ ਇੰਸਪੈਕਟਰ ਪ੍ਰਭਜੋਤ ਸਿੰਘ ਤੇ ਹੋਰ ਪੁਲਸ ਮੁਲਾਜ਼ਮ ਹਾਜਰ ਸਨ।

**ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ**
(Regd. Office PSEB Head Office, The Mall, Patiala)
Corporate Identity Number U40109PP20SGC033813 website (www.pspcl.in)
Contact Number : 96461-13020
ਟੈਂਡਰ ਇਨਕੁਆਇਰੀ ਨੰ. 01/2025-26 ਮਿਤੀ 27.06.2025
ਵਧੀਕ ਨਿਗਰਾਨ ਇੰਜੀਨੀਅਰ/ਸੰਚਾ:, ਮੰਡਲ ਰਈਆ ਮੰਡਲ ਬਿਆਸ ਵੱਲੋਂ ਸਹਾਇਕ ਕਾਰਜਕਾਰੀ ਇੰਜੀਨੀਅਰ ਸੰਚਾਲਣ ਉਪ ਮੰਡਲ ਮਹਿਤਾ ਚੌਂਕ ਲਈ ਇੱਕ ਨੰਬਰ ਗੱਡੀ (ਮਹਿੰਦਰਾ ਜੈਨਿਉ/ਬੋਲੈਰੋ/ਟਾਟਾ 207/408 ਜਾਂ ਇਸ ਦੇ ਬਰਾਬਰ ਕੀਮਤ ਦੀ) ਇੱਕ ਸਾਲ ਲਈ ਕਿਰਾਏ ਤੇ ਲੈਣ ਸਬੰਧੀ (ਗੱਡੀ 4 ਸਾਲ ਤੋਂ ਵੱਧ ਪੁਰਾਣੀ ਨਹੀਂ ਹੋਣੀ ਚਾਹੀਦੀ)। ਵਧੇਰੇ ਜਾਣਕਾਰੀ ਲਈ ਸਰਕਾਰੀ ਦੀ ਵੈੱਬਸਾਈਟ www.pspcl.in ਟੈਂਡਰ ਪ੍ਰਕਾਸ਼ਿਤ ਕੀਤਾ ਜਾਵੇਗਾ।
**ਨੋਟ : ਟੈਂਡਰ ਵਿੱਚ ਕਿਸੇ ਵੀ ਤਰ੍ਹਾਂ ਦਾ ਕੋਈ ਕੋਰੀਜ਼ੰਡਮ ਜਾਂ ਬਦਲਾਵ ਜੇਕਰ ਹੁੰਦਾ ਹੈ, ਤਾਂ ਸਰਕਾਰ ਦੀ ਵੈੱਬਸਾਈਟ www.pspcl.in ਤੇ ਪ੍ਰਕਾਸ਼ਿਤ ਕਰ ਦਿੱਤਾ ਜਾਵੇਗਾ।**
**C 462 / 25**
**Ro No. PR-Advt. No. 1076 / 12 / 2025-26 / 799 / Dated CHD : 02.07.2025**

# ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਵੱਲੋਂ ਕਰਵਾਲੀਆਂ ਵਿੱਚ ਮੀਟਿੰਗ

## *ਪਾਰਟੀ ਦੇ ਹਰ ਵਰਕਰ ਦੀ ਹੋਵੇਗੀ ਮੁਸ਼ਕਿਲ ਹੱਲ : ਜੋਬਨ ਰੰਧਾਵਾ*

ਫਤਿਹਗੜ੍ਹ ਚੂੜੀਆਂ, 2 ਜੁਲਾਈ (ਚ.ਨ.ਸ.) : ਹਲਕਾ ਫਤਿਹਗੜ੍ਹ ਚੂੜੀਆਂ ਦੇ ਪਿੰਡ ਕੁਲਦੀਪ ਸਿੰਘ ਕਰਵਾਲੀਆਂ ਦੇ ਗ੍ਰਿਹਿ ਵਿਖੇ ਆਮ ਆਦਮੀ ਪਾਰਟੀ ਦੇ ਵਰਕਰ ਅਤੇ ਅਹੁਦੇਦਾਰਾਂ ਦੀ ਮੀਟਿੰਗ





ਹੋਈ। ਜਿਸ ਵਿੱਚ ਪਾਰਟੀ ਨਾਲ ਜੁੜੇ ਹਰ ਉਸ ਮੁੱਦੇ ਦੀ ਵਿਚਾਰ ਕੀਤੀ ਗਈ ਜੋ ਪਿਛਲੇ ਸਮੇਂ ਵਿੱਚ ਵਰਕਰਾਂ ਨੂੰ ਅਣਗੌਲਿਆਂ ਕੀਤਾ ਗਿਆ ਸੀ। ਇਸ ਸਮੇਂ ਨਵ ਨਿਯੁਕਤ ਜਿਲਾ ਪ੍ਰਧਾਨ ਜੋਗਣ ਰੰਧਾਵਾ ਨੇ ਹਰ ਵਰਕਰ ਨੂੰ ਅਸ਼ਵਾਸਨ ਦਵਾਇਆ ਕਿ ਆਮ ਆਦਮੀ ਪਾਰਟੀ ਦੇ ਹਰ ਵਰਕਰ ਦੀ ਮੁਸ਼ਕਲ ਹੱਲ ਹੋਵੇਗੀ ਜੋ ਪਿਛਲੇ ਸਮੇਂ ਵਿੱਚ ਉਹਨਾਂ ਨੂੰ ਅਣਗੌਲਿਆ ਕੀਤਾ ਗਿਆ ਸੀ, ਪਾਰਟੀ ਵਰਕਰ ਨੂੰ ਕੋਈ ਵੀ ਮੁਸ਼ਕਿਲ ਆਉਂਦੀ ਹੈ ਉਹਨਾਂ ਦੇ ਧਿਆਨ ਵਿੱਚ ਲਿਆਂਦੀ ਜਾਵੇ ਤਾਂ ਕੇ ਉਸ ਨੂੰ ਤੁਰੰਤ ਹੱਲ ਕੀਤਾ ਜਾਵੇਗਾ। ਕੁਲਦੀਪ ਸਿੰਘ ਲਾਲੀ,ਲਖਵਿੰਦਰ ਸਿੰਘ ਸੰਘੇੜਾ ਤੇ ਪਿੰਡ ਵਾਸੀਆਂ ਵੱਲੋਂ ਵੱਲੋਂ ਨਵ ਨਿਯੁਕਤ ਜਿਲਾ ਪ੍ਰਧਾਨ ਆਮ ਆਦਮੀ ਪਾਰਟੀ ਜੋਬਨ ਰੰਧਾਵਾ ਨੂੰ ਫੁੱਲਾਂ ਦੇ ਹਾਰ ਅਤੇ ਸਿਰਪਾਓ ਦੇ ਕੇ ਜੀ ਆਇਆ ਆਖਿਆ ਗਿਆ ਤੇ ਕਿਹਾ ਕਿ ਅਸੀਂ ਪਾਰਟੀ ਦਾ ਹਰ ਸਮੇਂ ਸਾਥ ਦੇਵਾਂਗੇ। ਇਸ ਮੌਕੇ ਅਨਮੋਲਜੀਤ ਸਿੰਘ ਰੰਧਾਵਾ ਯੂਥ ਪ੍ਰਧਾਨ ਵਿਲੀਅਮ ਦਿਆਲਗੜ,ਕੁਲਵਿੰਦਰ ਕੌਰ ਹਲਕਾ ਕੋਾਡੀਨੇਟਰ ਨੰਗਲ, ਮੋਹਣ ਸਿੰਘ, ਸੋਹਣ ਸਿੰਘ, ਬੇਅੰਤ ਸਿੰਘ, ਗੁਰਲਾਲ ਸਿੰਘ ਗੁਰਵਿੰਦਰ ਸਿੰਘ, ਰਜੇਸ਼ਵਰ ਸਿੰਘਬਲਵਿੰਦਰ ਵਿਝਵਾਂ,ਨਿਸ਼ਾਨ ਸਿੰਘ ਚੱਠਾ, ਸਤਨਾਮ ਸਿੰਘ ਡਾਲੇ ਚੱਕ, ਪ੍ਰਗਟ ਸਿੰਘ ਧਰਮਕੋਟ ਬੱਗਾ, ਗੁਰਬਿੰਦਰ ਸਿੰਘ ਧਰਮਕੋਟ ਬੱਗਾ, ਲਾਡਾ ਵੀਰ, ਬਲਜੀਤ ਸਿੰਘ ਤਾਰਾਗੜ੍ਹ, ਜਸਬੀਰ ਸਿੰਘ , ਸਿਮਰਤ ਸਿੰਘ ਬਾਲੇਵਾਲ, ਗੌਰਵ ਡਾਲੇ ਚੱਕ, ਦਲਜੀਤ ਸਿੰਘ, ਬਲਕਾਰ ਸਿੰਘ ਸੰਘੇੜਾ ਆਦਿ ਹਾਜਰ ਸਨ ।

# ਸਰਕਾਰੀ ਸਕੂਲ ਦੀ ਵਿਰਾਸਤੀ ਇਮਾਰਤ ਦੀ 5 ਕਰੋੜ ਨਾਲ ਬਦਲੀ ਜਾ ਰਹੀ ਹੈ ਨੁਹਾਰ

ਸ੍ਰੀ ਅਨੰਦਪੁਰ ਸਾਹਿਬ 2 ਜੁਲਾਈ (ਤਰਲੋਚਨ ਸਿੰਘ) : ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਕਦਮ ਪੁੱਟੇ ਗਏ ਹਨ। ਸ੍ਰੀ ਅਨੰਦਪੁਰ ਸਾਹਿਬ ਦੇ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਨੂੰ ਪਹਿਲਾਂ ਸਕੂਲ ਪ੍ਰਿੰਸੀਪਲ ਅਤੇ ਅਧਿਆਪਕਾਂ ਨੇ ਰਲ ਕੇ ਸਰਕਾਰ ਵੱਲੋਂ ਆਉਂਦੀਆਂ ਛੋਟੀਆਂ ਮੋਟੀਆਂ ਗ੍ਰਾਂਟਾਂ ਨੂੰ ਵਰਤਣ ਲਈ ਆਪਣੇ ਕੋਲੋਂ ਵੀ ਲੱਖਾਂ ਰੁਪਿਆ ਲਗਾ ਅਤੇ ਕਾਰ ਸੇਵਾ ਦੇ ਪੁੰਜ ਸੰਤ ਬਾਬਾ ਲਾਭ ਸਿੰਘ ਜੀ ਕਾਰ ਸੇਵਾ ਕਿਲਾ ਸ਼੍ਰੀ ਅਨੰਦਗੜ੍ਹ ਸਾਹਿਬ ਤੋਂ ਸਹਿਯੋਗ ਲੈ ਕੇ ਇਸ ਸਕੂਲ ਨੂੰ ਵਧੀਆ ਬਣਾਉਣ ਦੀ ਕੋਸ਼ਿਸ਼ ਕੀਤੀ। ਵਿਰਾਸਤੀ ਇਮਾਰਤ ਹੋਣ ਕਾਰਨ ਇਸ ਨੂੰ ਸੰਭਾਲਣ ਲਈ ਵੱਡੀ ਰਕਮ ਦੀ ਲੋੜ ਸੀ।ਪਰ ਜਦੋਂ ਸ੍ਰੀ ਅਨੰਦਪੁਰ ਸਾਹਿਬ ਦੇ ਨਵੇਂ ਬਣੇ ਐਮ.ਐਲ.ਏ ਅਤੇ ਮਾਨਯੋਗ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਵਿੱਚ ਆਏ ਤਾਂ ਉਸ ਸਮੇਂ ਮੌਜੂਦਾ ਸਿੱਖਿਆ ਕੋਆਰਡੀਨੇਟਰ ਰਿਟਾ. ਲੈਕਚਰਾਰ ਦਇਆ ਸਿੰਘ ਅਤੇ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ ਨੇ ਸਕੂਲ ਦੀ ਪੂਰੀ ਜਾਣਕਾਰੀ ਮੰਤਰੀ ਸਾਹਿਬ ਨੂੰ ਦਿੱਤੀ ਤਾਂ ਉਹ ਇਸ ਦੀ ਤਰਸ ਵਾਲੀ ਹਾਲਤ ਦੇਖ ਕੇ ਭਾਵੁਕ ਹੋ ਗਏ। ਉਨਾਂ ਨੇ ਉਸੇ ਸਮੇਂ ਅਧਿਕਾਰੀਆਂ ਨੂੰ ਇਸ ਨੂੰ ਸ਼ਾਨਦਾਰ





ਬਣਾਉਣ ਲਈ ਹੁਕਮ ਕਰ ਦਿੱਤੇ ਅਤੇ ਅੱਜ ਇਹ ਜੁਮਲਾ ਨਹੀਂ ਸੱਚ ਪ੍ਰਤੀਤ ਹੋ ਰਿਹਾ ਹੈ ਕਿ ਹੁਣ ਦੋ ਕਰੋੜ ਰੁਪਏ ਦੇ ਕੰਮ ਜਾਰੀ ਹਨ, ਕਾਫੀ ਕੰਮ ਹੋ ਵੀ ਚੁੱਕਾ ਹੈ। ਨਵੇਂ ਮਾਰਬਲ ਦੇ ਫਰਸ਼, ਹਾਲ ਅਤੇ ਕਮਰੇ ,ਚਾਰ ਦੀਵਾਰੀ ਦਾ ਸ਼ਾਨਦਾਰ ਨਵੀਨੀਕਰਣ ਅਤੇ ਨਵਾਂ ਸਟੇਜ,ਨਵੇਂ ਟਾਇਲਟ ਬਲਾਕ ਬਣ ਰਹੇ ਹਨ। ਸਕੂਲ ਦੀਆਂ ਵਿਦਿਆਰਥਣਾਂ ਲਈ ਬੱਸਾਂ ਦੀ ਸਹੂਲਤ ਮਿਲ ਰਹੀ ਹੈ ਅਤੇ ਹੋਰ ਬਹੁਤ ਕੁਝ ਜਿਸ ਵਿੱਚ ਪੜ੍ਹਾਉਣ ਲਈ ਨਵੇਂ ਤਕਨੀਕੀ ਸਾਧਨ ਜਿਵੇਂ ਇੰਟਰ ਐਕਟਿਵ/ਟੱਚ ਪੈਨਲ, ਨਵੀਂ ਤਕਨੀਕ ਦੇ ਕੰਪਿਊਟਰ ਆਦਿ ਮਿਲਣ ਜਾ ਰਹੇ ਹਨ । ਇਸ ਦੇ ਨਾਲ ਹੀ ਹੋਰ ਤਿੰਨ ਕਰੋੜ ਰੁਪਿਆ ਲਗਾ ਕੇ ਭਾਵ ਕੁੱਲ ਪੰਜ ਕਰੋੜ ਰੁਪਏ ਨਾਲ ਇਹ ਸਕੂਲ ਇਲਾਕੇ ਦਾ ਸ਼ਾਨਾਮਤੀ ਸਕੂਲ ਹੋਵੇਗਾ। ਇਲਾਕਾ ਨਿਵਾਸੀ ਸ. ਹਰਜੋਤ ਸਿੰਘ ਬੈਂਸ ਜੀ ਦੇ ਬਹੁਤ ਧੰਨਵਾਦੀ ਹਨ ਅਤੇ ਖੁਸ਼ੀ ਮਹਿਸੂਸ ਕਰ ਰਹੇ ਹਨ ਕਿ ਉਹਨਾਂ ਦੀਆਂ ਬੱਚੀਆਂ ਇੱਕ ਸ਼ਾਨਦਾਰ ਸਕੂਲ ਵਿੱਚ ਸਿੱਖਿਆ ਹਾਸਿਲ ਕਰਕੇ ਉੱਚੇ ਮੁਕਾਮਾਂ ਉੱਤੇ ਪਹੁੰਚਣਗੀਆਂ। ਸਿੱਖਿਆ ਕੁਆਰਡੀਨੇਟਰ ਵਿਧਾਨ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਦਇਆ ਸਿੰਘ ਨੇ ਕਿਹਾ ਕਿ ਸਕੂਲ ਵਿੱਚ ਚੱਲ ਰਹੇ ਕੰਮਾਂ ਨੂੰ ਸਕੂਲ ਸਟਾਫ ਨਾਲ ਦੇਖਕੇ ਬਹੁਤ ਖੁਸ਼ੀ ਮਹਿਸੂਸ ਹੋਈ। ਉਹਨਾਂ ਦੱਸਿਆ ਕਿ ਸਕੂਲ ਦੇ ਸਮੁੱਚੇ ਸਟਾਫ ਨੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦਾ ਸਕੂਲ ਵਿੱਚ ਕਰਵਾਏ ਜਾ ਰਹੇ ਵਿਕਾਸ ਦੇ ਕੰਮਾਂ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਸਾਨੂੰ ਮਾਣ ਹੈ ਕਿ ਸਾਨੂੰ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਵਰਗਾ ਨਿਮਰ ਸੁਭਾਅ ਦਾ ਸਿੱਖਿਆ ਮੰਤਰੀ ਮਿਲਿਆ ਹੈ ਜੋ ਕੰਮ ਅਤੇ ਲੋਕਾਂ ਦੀ ਸੇਵਾ ਕਰਨ ਵਿੱਚ ਵਿਸ਼ਵਾਸ਼ ਰੱਖਦਾ ਹੈ। ਇਸ ਮੌਕੇ ਪ੍ਰਿੰਸੀਪਲ ਨੀਰਜ ਕੁਮਾਰ ਵਰਮਾ, ਲੈਕਚਰਾਰ ਸੰਗੀਤਾ ਗੇਰਾ, ਡਾਕਟਰ ਜਤਿੰਦਰ ਪਾਲ ਸਿੰਘ, ਗੁਰਦੀਪ ਕੋਰ, ਗੁਰਪ੍ਰੀਤ ਕੌਰ ਚਾਨਾ, ਅਨਾਮਿਕਾ ਸ਼ਰਮਾ,ਜਸਵਿੰਦਰ ਕੌਰ, ਸੁਮਨ ਚਾਂਦਲਾ, ਸੁਨੀਤਾ ਧਰਮਾਣੀ, ਰੇਨੂ ਬਾਲਾ, ਪੂਜਾ,ਮੈਡਮ ਪੁਸ਼ਪਾ, ਮੀਨਾ ਕੁਮਾਰੀ ਆਦਿ ਹਾਜ਼ਰ ਸਨ।

ਜਨਤਕ ਸੂਚਨਾ



**ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ।**
ਵਿਸ਼ਾ:-ਸਵ. ਸ਼੍ਰੀ ਓਮ ਪ੍ਰਕਾਸ਼ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਬੂਥ ਨੰਬਰ 221, ਸੈਕਟਰ 41-ਸੀ, ਚੰਡੀਗੜ੍ਹ (ਆਰਬੀਐਲ 2255) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ 100.00% ਹਿੱਸੇ ਦੀ ਹੱਦ ਤੱਕ ਤਬਾਦਲਾ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਓਮ ਪ੍ਰਕਾਸ਼ ਵਪਾਰਕ ਬੂਥ ਨੰਬਰ 221, ਸੈਕਟਰ 41-ਸੀ, ਚੰਡੀਗੜ੍ਹ ਦੇ 100.00% ਹਿੱਸੇ ਦੀ ਹੱਦ ਤੱਕ ਮਾਲਕ ਹਨ।
ਰੋਹਿਤ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਓਮ ਪ੍ਰਕਾਸ਼ ਦੀ ਮੌਤ 26.12.2024 ਨੂੰ ਹੋ ਗਈ ਸੀ ਅਤੇ ਉਸਨੇ ਮ੍ਰਿਤਕ ਮਾਲਕ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) **ਨਰੇਸ਼ ਕੁਮਾਰ ਪੁੱਤਰ**, (2) **ਨਿਰਮਲਾ ਦੇਵੀ ਪੁੱਤਰੀ**, (3) **ਸੰਤੋਸ਼ ਦੇਵੀ ਪੁੱਤਰੀ**, (4) **ਰਵਿੰਦਰ ਕੁਮਾਰ-ਪੁੱਤਰ**
ਹੁਣ, ਰੋਹਿਤ ਨੇ 16.11.2015 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਮਰਹੂਮ ਸ਼੍ਰੀ ਓਮ ਪ੍ਰਕਾਸ਼ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 100.00% ਸ਼ੇਅਰ ਦੀ ਹੱਦ ਤੱਕ ਵਪਾਰਕ ਬੂਥ ਨੰਬਰ 221, ਸੈਕਟਰ 41-ਸੀ, ਚੰਡੀਗੜ੍ਹ ਦੇ ਸੰਬੰਧ ਵਿੱਚ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ।
ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਦੇ ਸਮਰਥਨ ਵਿੱਚ) ਇਸਨੂੰ ਜਮ੍ਹਾਂ ਕਰਵਾ ਸਕਦਾ ਹੈ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਰੋਜ਼ਾਨਾ ਚੜ੍ਹਦੀਕਲਾ

## ਸਿਹਤ ਖ਼ਬਰਨਾਮਾ

# ਕਿਸੇ ਵਰਦਾਨ ਤੋਂ ਘੱਟ ਨਹੀਂ ਹੈ ਕੜ੍ਹੀ ਪੱਤਾ, ਕਈ ਬਿਮਾਰੀਆਂ ਤੋਂ ਦਿਵਾਉਂਦੈ ਛੁਟਕਾਰਾ

ਕੜ੍ਹੀ ਪੱਤੇ ਦੀ ਵਰਤੋਂ ਲਗਭਗ ਹਰ ਘਰ ਦੀ ਰਸੋਈ ਵਿੱਚ ਕੀਤੀ ਜਾਂਦੀ ਹੈ। ਇਸਦੀ ਵਰਤੋਂ ਭੋਜਨ ਦੇ ਸੁਆਦ ਅਤੇ ਖੁਸ਼ਬੂ ਨੂੰ ਵਧਾਉਣ ਲਈ ਕੀਤੀ ਜਾਂਦੀ ਹੈ ਪਰ ਕੀ ਤੁਸੀਂ ਜਾਣਦੇ ਹੋ ਕਿ ਕੜ੍ਹੀ ਪੱਤੇ ਨਾ ਸਿਰਫ਼



ਭੋਜਨ ਦਾ ਸੁਆਦ ਵਧਾਉਂਦੇ ਹਨ, ਸਗੋਂ ਸਿਹਤ ਲਈ ਵੀ ਬਹੁਤ ਫਾਇਦੇਮੰਦ ਹੁੰਦੇ ਹਨ ਹਾਂ, ਜੇਕਰ ਤੁਸੀਂ ਹਰ ਸਵੇਰੇ ਖਾਲੀ ਪੇਟ ਕੜ੍ਹੀ ਪੱਤੇ ਚਬਾਉਣਾ ਸ਼ੁਰੂ ਕਰਦੇ ਹੋ, ਤਾਂ ਤੁਹਾਡੀ ਸਿਹਤ ਨੂੰ ਬਹੁਤ ਸਾਰੇ ਫਾਇਦੇ ਮਿਲ ਸਕਦੇ ਹਨ।

**ਕੋਲੈਸਟ੍ਰੋਲ ਘਟਾਉਣ 'ਚ ਕਰਦੇ ਮਦਦ :** ਕੜ੍ਹੀ ਪੱਤੇ ਵਿੱਚ ਮੌਜੂਦ ਐਂਟੀਆਕਸੀਡੈਂਟ ਅਤੇ ਐਂਟੀ-ਇਨਫਲੇਮੇਟਰੀ ਗੁਣ ਸਰੀਰ ਵਿੱਚੋਂ ਮਾੜੇ ਕੋਲੈਸਟ੍ਰੋਲ ਨੂੰ ਘਟਾਉਂਦੇ ਹਨ ਅਤੇ ਚੰਗੇ ਕੋਲੈਸਟ੍ਰੋਲ ਨੂੰ ਵਧਾਉਂਦੇ ਹਨ। ਇਹ ਦਿਲ ਦੀਆਂ ਬਿਮਾਰੀਆਂ ਦੇ ਜੋਖਮ ਨੂੰ ਘਟਾਉਂਦਾ ਹੈ ਅਤੇ ਬਲੱਡ ਪ੍ਰੈਸ਼ਰ ਨੂੰ ਵੀ ਕੰਟਰੋਲ ਵਿੱਚ ਰੱਖਦਾ ਹੈ।

**ਚਮੜੀ ਅਤੇ ਵਾਲਾਂ ਲਈ ਫਾਇਦੇਮੰਦ :** ਕੜ੍ਹੀ ਪੱਤਿਆਂ ਵਿੱਚ ਵਿਟਾਮਿਨ-ਸੀ, ਏ ਅਤੇ ਐਂਟੀਆਕਸੀਡੈਂਟ ਹੁੰਦੇ ਹਨ, ਜੋ ਚਮੜੀ ਨੂੰ ਚਮਕਦਾਰ ਬਣਾਉਂਦੇ ਹਨ ਅਤੇ ਝੁਰੜੀਆਂ ਨੂੰ ਘੱਟ ਕਰਦੇ ਹਨ। ਇਸ ਤੋਂ ਇਲਾਵਾ, ਇਹ ਵਾਲਾਂ ਦੇ ਝੜਨ ਅਤੇ ਡੈਂਡਰਫ ਦੀ ਸਮੱਸਿਆ ਨੂੰ ਵੀ ਦੂਰ ਕਰਦਾ ਹੈ। ਰੋਜ਼ਾਨਾ ਕੜ੍ਹੀ ਪੱਤੇ ਖਾਣ ਨਾਲ ਵਾਲ ਮਜ਼ਬੂਤ ਅਤੇ ਸੰਘਣੇ ਹੁੰਦੇ ਹਨ।

**ਅਨੀਮੀਆ ਦੀ ਰੋਕਥਾਮ :** ਕੜ੍ਹੀ ਪੱਤਿਆਂ ਵਿੱਚ ਆਇਰਨ ਅਤੇ ਫੋਲਿਕ ਐਸਿਡ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ, ਜੋ ਖੂਨ ਦੀ ਕਮੀ ਨੂੰ ਦੂਰ ਕਰਨ ਵਿੱਚ ਮਦਦ ਕਰਦਾ ਹੈ। ਇਨ੍ਹਾਂ ਨੂੰ ਨਿਯਮਿਤ ਤੌਰ ਤੇ ਖਾਣ ਨਾਲ ਹੀਮੋਗਲੋਬਿਨ ਦਾ ਪੱਧਰ ਵਧਦਾ ਹੈ ਅਤੇ ਸਰੀਰ ਨੂੰ ਊਰਜਾ ਵੀ ਪ੍ਰਦਾਨ ਕਰਦਾ ਹੈ।

**ਜਿਗਰ ਅਤੇ ਗੁਰਦੇ ਨੂੰ ਰੱਖਦਾ ਹੈ ਸਿਹਤਮੰਦ:** ਕੜ੍ਹੀ ਪੱਤੇ ਵਿੱਚ ਮੌਜੂਦ ਡੀਟੌਕਸੀਫਾਈ ਕਰਨ ਵਾਲੇ ਗੁਣ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਦੇ ਹਨ, ਜੋ ਜਿਗਰ ਅਤੇ ਗੁਰਦੇ ਨੂੰ ਸਿਹਤਮੰਦ ਰੱਖਦੇ ਹਨ। ਇਹ ਪੀਲੀਆ ਅਤੇ ਹੋਰ ਜਿਗਰ ਨਾਲ ਸਬੰਧਤ ਬਿਮਾਰੀਆਂ ਤੋਂ ਵੀ ਬਚਾਉਂਦਾ ਹੈ।

**ਇਮਿਊਨਿਟੀ ਬੂਸਟਰ :** ਕੜ੍ਹੀ ਪੱਤੇ ਵਿੱਚ ਮੌਜੂਦ ਵਿਟਾਮਿਨ-ਸੀ ਅਤੇ ਹੋਰ ਪੌਸ਼ਟਿਕ ਤੱਤ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਨੂੰ ਮਜ਼ਬੂਤ ਕਰਦੇ ਹਨ। ਇਹ ਜ਼ੁਕਾਮ ਅਤੇ ਹੋਰ ਆਮ ਲਾਗਾਂ ਨਾਲ ਲੜਨ ਵਿੱਚ ਮਦਦ ਕਰਦਾ ਹੈ।

# ਯੂਰਪ ਟੂਰ: ਹਾਕੀ ਇੰਡੀਆ ਵੱਲੋਂ 20 ਮੈਂਬਰੀ ਭਾਰਤ 'ਏ' ਪੁਰਸ਼ ਟੀਮ ਦਾ ਐਲਾਨ



ਨਵੀਂ ਦਿੱਲੀ, 2 ਜੁਲਾਈ (ਚ.ਨ.ਸ.) : ਹਾਕੀ ਇੰਡੀਆ ਨੇ ਯੂਰਪ ਟੂਰ ਲਈ 20 ਮੈਂਬਰੀ ਭਾਰਤੀ ਪੁਰਸ਼ਾਂ ਦੀ 'ਏ' ਟੀਮ ਐਲਾਨ ਦਿੱਤੀ ਹੈ। ਟੂਰ ਦੌਰਾਨ 8 ਤੋਂ 20 ਜੁਲਾਈ ਦਰਮਿਆਨ ਅੱਠ ਮੈਚ ਖੇਡੇ ਜਾਣਗੇ। ਹਾਕੀ ਇੰਡੀਆ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਸ ਦੌਰੇ ਦਾ ਉਦੇਸ਼ 'ਉਭਰਦੇ ਅਤੇ ਤਜਰਬੇਕਾਰ ਖਿਡਾਰੀਆਂ ਦੇ ਮਿਸ਼ਰਣ ਨੂੰ ਕੌਮਾਂਤਰੀ ਟੀਮਾਂ ਨਾਲ ਖੇਡਣ ਦਾ ਮੌਕਾ ਦੇਣਾ ਹੈ।'ਭਾਰਤ ਦੀ 'ਏ' ਟੀਮ ਫਰਾਂਸ, ਆਇਰਲੈਂਡ ਅਤੇ ਨੀਦਰਲੈਂਡਜ਼ ਵਿਰੁੱਧ ਦੋ ਮੈਚਾਂ ਦੇ ਨਾਲ-ਨਾਲ ਇੰਗਲੈਂਡ ਅਤੇ ਬੈਲਜੀਅਮ ਵਿਰੁੱਧ ਇੱਕ-ਇੱਕ ਮੈਚ ਖੇਡੇਗੀ।

ਹਾਕੀ ਇੰਡੀਆ ਨੇ ਕਿਹਾ, "ਇਨ੍ਹਾਂ ਮੈਚਾਂ ਨਾਲ ਭਾਰਤ ਦੇ ਪ੍ਰਤਿਭਾ ਪੂਲ ਦੀ ਡੂੰਘਾਈ ਅਤੇ ਤਿਆਰੀ ਦੀ ਪਰਖ ਕੀਤੇ ਜਾਣ ਦੀ ਉਮੀਦ ਹੈ। ਕਿਉਂਕਿ ਇਨ੍ਹਾਂ ਖਿਡਾਰੀਆਂ 'ਚੋਂ ਅੱਗੇ ਸੀਨੀਅਰ ਟੀਮ ਲਈ ਨੀਂਹ ਰੱਖੀ ਜਾਣੀ ਹੈ।"ਭਾਰਤੀ 'ਏ' ਟੀਮ ਦੀ ਅਗਵਾਈ ਸੰਜੈ ਕਰੇਗਾ ਜਦੋਂਕਿ ਮੋਇਰਾਂਗਥਾਮ ਰਬੀਚੰਦਰ ਸਿੰਘ ਉਪ ਕਪਤਾਨ ਦੀ ਭੂਮਿਕਾ ਵਿਚ ਰਹੇਗਾ। ਗੋਲਕੀਪਰ ਅੰਕਿਤ ਮਲਿਕ, ਡਿਫੈਂਡਰ ਸੁਨੀਲ ਜੋਜੋ ਤੇ ਫਾਰਵਰਗ ਸੁਦੀਪ ਚਿਰਮਾਕੋ ਸਟੈਂਡਬਾਈ 'ਤੇ ਹੋਣਗੇ।

ਟੀਮ ਇਸ ਤਰ੍ਹਾਂ ਹੈ: ਗੋਲਕੀਪਰ: ਪਵਨ, ਮੋਹਿਤ ਹੋਨੇਨਹੱਲੀ ਸ਼ਸ਼ੀਕੁਮਾਰ ਡਿਫੈਂਡਰ: ਪ੍ਰਤਾਪ ਲਾਕੜਾ, ਵਰੁਣ ਕੁਮਾਰ, ਅਮਨਦੀਪ ਲਾਕੜਾ, ਪਰਮੋਦ, ਸੰਜੈ (ਕਪਤਾਨ)। ਮਿਡਫੀਲਡਰ: ਪੂਵੰਨਾ ਚੰਦੂਰਾ ਬੌਬੀ, ਮੁਹੰਮਦ ਰਾਹੀਲ ਮੌਸੀਨ, ਮੋਇਰਾਂਗਥਾਮ ਰਬੀਚੰਦਰ ਸਿੰਘ (ਉਪ ਕਪਤਾਨ), ਵਿਸ਼ਨੂਕਾਂਤ ਸਿੰਘ, ਪਰਦੀਪ ਸਿੰਘ, ਰਾਜਿੰਦਰ ਸਿੰਘ। ਫਾਰਵਰਡ: ਅੰਗਦਬੀਰ ਸਿੰਘ, ਬੌਬੀ ਸਿੰਘ ਧਾਮੀ, ਮਨਿੰਦਰ ਸਿੰਘ, ਵੈਂਕਟੇਸ਼ ਕੈਂਚੇ, ਆਦਿੱਤਿਆ ਅਰਜੁਨ ਲੈਥੇ, ਸੇਲਵਮ ਕਾਰਥੀ, ਉੱਤਮ ਸਿੰਘ। ਸਟੈਂਡਬਾਏ: ਅੰਕਿਤ ਮਲਿਕ (ਗੋਲਕੀਪਰ), ਸੁਨੀਲ ਜੋਜੋ (ਡਿਫੈਂਡਰ), ਸੁਦੀਪ ਚਿਰਮਾਕੋ (ਫਾਰਵਰਡ)।

# ਜਾਪਾਨ ਏਅਰਲਾਈਨਜ਼ 'ਚ ਆਈ ਅਚਾਨਕ ਤਕਨੀਕੀ ਖ਼ਰਾਬੀ

ਸ਼ੰਘਾਈ , 2 ਜੁਲਾਈ (ਚ.ਨ.ਸ.) : ਚੀਨ ਦੇ ਸ਼ੰਘਾਈ ਤੋਂ ਜਾਪਾਨ ਦੀ ਰਾਜਧਾਨੀ ਟੋਕੀਓ ਜਾ ਰਹੀ ਇੱਕ ਉਡਾਣ ਵਿੱਚ 191 ਯਾਤਰੀਆਂ ਦੀ ਜਾਨ ਖ਼ਤਰੇ ਵਿੱਚ ਪੈ ਗਈ ਜਦੋਂ ਜਹਾਜ਼ ਅਚਾਨਕ 26,000 ਫੁੱਟ ਦੀ ਉਚਾਈ ਤੋਂ ਤੇਜ਼ੀ ਨਾਲ ਡਿੱਗਣ ਲੱਗ ਪਿਆ। ਇਹ ਘਟਨਾ 30 ਜੂਨ ਨੂੰ ਜਾਪਾਨ ਏਅਰਲਾਈਨਜ਼ ਅਤੇ ਇਸਦੇ ਘੱਟ ਕੀਮਤ ਵਾਲੇ ਭਾਈਵਾਲ ਸਪਰਿੰਗ ਜਾਪਾਨ ਦੀ ਇੱਕ ਉਡਾਣ ਵਿੱਚ ਵਾਪਰੀ।ਸ਼ੰਘਾਈ ਪੁਡੋਂਗ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਬਾਅਦ, ਜਦੋਂ ਉਡਾਣ ਲਗਭਗ 36,000 ਫੁੱਟ ਦੀ ਉਚਾਈ ਤੇ ਸੀ, ਤਾਂ ਅਚਾਨਕ ਇੱਕ ਤਕਨੀਕੀ ਖਰਾਬੀ ਆ ਗਈ। 10 ਮਿੰਟਾਂ ਦੇ ਅੰਦਰ ਜਹਾਜ਼ ਲਗਭਗ 10,500 ਫੁੱਟ ਦੀ ਉਚਾਈ ਤੇ ਹੇਠਾਂ ਆ ਗਿਆ। ਇਸ ਦੌਰਾਨ, ਆਕਸੀਜਨ ਮਾਸਕ ਆਪਣੇ ਆਪ ਬਾਹਰ ਆ ਗਏ ਅਤੇ ਜਹਾਜ਼ ਵਿੱਚ ਮੌਜੂਦ ਲੋਕਾਂ ਵਿੱਚ ਘਬਰਾਹਟ ਫੈਲ ਗਈ।ਪਾਇਲਟ ਨੇ ਤੁਰੰਤ ਐਮਰਜੈਂਸੀ ਘੋਸ਼ਿਤ ਕੀਤੀ ਅਤੇ ਉਡਾਣ ਨੂੰ ਓਸਾਕਾ ਦੇ ਕੰਸਾਈ ਅੰਤਰਰਾਸ਼ਟਰੀ ਹਵਾਈ ਅੱਡੇ ਵੱਲ ਮੋੜ ਦਿੱਤਾ ਗਿਆ। ਉਡਾਣ ਰਾਤ 8:50 ਵਜੇ ਸੁਰੱਖਿਅਤ ਉਤਰੀ। ਸ਼ੁਕਰ ਹੈ ਕਿ ਕੋਈ ਵੀ ਜ਼ਖ਼ਮੀ ਨਹੀਂ ਹੋਇਆ।ਹੁਣ ਇਸ ਘਟਨਾ ਨੇ ਬੋਇੰਗ ਦੇ ਸੁਰੱਖਿਆ ਮਿਆਰਾਂ ਤੇ ਫਿਰ ਸਵਾਲ ਖੜ੍ਹੇ ਕੀਤੇ ਹਨ।

# 5 ਤੋਂ 21 ਸਤੰਬਰ ਤੱਕ ਹੋ ਖੇਡਿਆ ਜਾ ਸਕਦੈ ਏਸ਼ੀਆ ਕੱਪ-2025, ਬੀ.ਸੀ.ਸੀ.ਆਈ. ਨੇ ਦਿੱਤੀ ਮਨਜ਼ੂਰੀ

## *2 ਵਾਰ ਆਹਮੋ-ਸਾਹਮਣੇ ਹੋ ਸਕਦੇ ਨੇ ਭਾਰਤ ਤੇ ਪਾਕਿਸਤਾਨ*

ਮੁੰਬਈ, 2 ਜੁਲਾਈ (ਚ.ਨ.ਸ.) : ਏਸ਼ੀਆ ਕੱਪ 5 ਸਤੰਬਰ ਤੋਂ ਸੰਯੁਕਤ ਅਰਬ ਅਮੀਰਾਤ (ਯੂਏਈ) ਵਿੱਚ ਸ਼ੁਰੂ ਹੋ ਸਕਦਾ ਹੈ। ਟੂਰਨਾਮੈਂਟ ਦਾ ਫਾਈਨਲ 21 ਸਤੰਬਰ ਨੂੰ ਖੇਡਿਆ ਜਾਵੇਗਾ। ਗਰੁੱਪ ਸਟੇਜ ਅਤੇ ਸੁਪਰ-4 ਫਾਰਮੈਟ ਦੇ ਤਹਿਤ, ਏਸ਼ੀਆ ਕੱਪ ਵਿੱਚ ਭਾਰਤ ਅਤੇ ਪਾਕਿਸਤਾਨ ਦਾ ਪਹਿਲਾ ਮੈਚ 7 ਸਤੰਬਰ ਨੂੰ ਖੇਡਿਆ ਜਾਵੇਗਾ। ਜੇਕਰ ਦੋਵੇਂ ਟੀਮਾਂ ਸੁਪਰ-4 ਵਿੱਚ ਪਹੁੰਚ ਜਾਂਦੀਆਂ ਹਨ, ਤਾਂ ਉਨ੍ਹਾਂ ਦਾ ਦੂਜਾ ਮੁਕਾਬਲਾ 14 ਸਤੰਬਰ ਨੂੰ ਹੋ ਸਕਦਾ ਹੈ। ਇਹ ਦਾਅਵਾ ਇੱਕ ਰਿਪੋਰਟ ਵਿੱਚ ਕੀਤਾ ਗਿਆ ਹੈ।ਇਸ ਤੋਂ ਪਹਿਲਾਂ, ਏਸ਼ੀਆ ਕੱਪ ਦੀ ਮੇਜ਼ਬਾਨੀ ਭਾਰਤ ਕੋਲ ਸੀ। ਮੀਡੀਆ ਰਿਪੋਰਟਾਂ ਅਨੁਸਾਰ, ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਕਾਰਨ, ਯੂਏਈ ਨੂੰ ਟੂਰਨਾਮੈਂਟ ਦੀ ਮੇਜ਼ਬਾਨੀ ਕਰਨ ਲਈ ਕਿਹਾ ਗਿਆ ਹੈ। ਇਸ 17 ਦਿਨਾਂ ਦੇ ਟੂਰਨਾਮੈਂਟ ਵਿੱਚ 6 ਟੀਮਾਂ ਹਿੱਸਾ ਲੈਣਗੀਆਂ।ਏਸ਼ੀਅਨ ਕ੍ਰਿਕਟ ਕੌਂਸਲ (ਏਸੀਸੀ) ਨੇ ਅਗਲੇ 3 ਏਸ਼ੀਆ ਕੱਪ ਚੱਕਰਾਂ ਬਾਰੇ ਵੀ ਦੱਸਿਆ ਹੈ। 2027 ਵਿੱਚ, ਇਹ ਟੂਰਨਾਮੈਂਟ ਪਾਕਿਸਤਾਨ ਵਿੱਚ ਵਨਡੇ ਫਾਰਮੈਟ ਵਿੱਚ ਖੇਡਿਆ ਜਾਵੇਗਾ। ਬੰਗਲਾਦੇਸ਼ 2029 ਵਿੱਚ ਅਤੇ ਸ਼੍ਰੀਲੰਕਾ 2031 ਵਿੱਚ ਇਸਦੀ ਮੇਜ਼ਬਾਨੀ ਕਰੇਗਾ।ਬੀਸੀਸੀਆਈ ਨੇ ਦਿੱਤੀ ਮਨਜ਼ੂਰੀ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀਸੀਸੀਆਈ) ਅਤੇ ਪਾਕਿਸਤਾਨ ਕ੍ਰਿਕਟ ਬੋਰਡ (ਪੀਸੀਬੀ) ਨੂੰ ਟੂਰਨਾਮੈਂਟ ਖੇਡਣ ਲਈ ਆਪਣੀਆਂ-ਆਪਣੀਆਂ ਸਰਕਾਰਾਂ ਤੋਂ ਲਗਭਗ ਮਨਜ਼ੂਰੀ ਮਿਲ ਗਈ ਹੈ। ਟੂਰਨਾਮੈਂਟ ਦੇ ਅਧਿਕਾਰਤ ਪ੍ਰਸਾਰਕ ਸੋਨੀ ਸਪੋਰਟਸ ਨੇ ਪ੍ਰਮੋਸ਼ਨਲ ਪੋਸਟਰ ਵੀ ਜਾਰੀ ਕੀਤਾ ਹੈ।



# ਯੂ. ਕੇ. ਦਾ ਵੀਜ਼ਾ ਮਿਲਣਾ ਹੋਵੇਗਾ ਔਖਾ ! ਵੀਜ਼ਾ ਨਿਯਮ ਹੋਣਗੇ ਸਖ਼ਤ, ਭਾਰਤੀਆਂ ਲਈ ਵੱਧਣਗੀਆਂ ਮੁਸ਼ਕਲਾਂ

ਲੰਡਨ, 2 ਜੁਲਾਈ (ਚ.ਨ.ਸ.) : ਯੂਕੇ ਦਾ ਵੀਜ਼ਾ ਪ੍ਰਾਪਤ ਕਰਨਾ ਮੁਸ਼ਕਲ ਹੋ ਸਕਦਾ ਹੈ। ਵੱਖ-ਵੱਖ ਖੇਤਰਾਂ ਵਿੱਚ ਵਿਦੇਸ਼ੀ ਕਾਮਿਆਂ ਦੀ ਭਰਤੀ ਨੂੰ ਰੋਕਣ ਲਈ, ਬ੍ਰਿਟਿਸ਼ ਸਰਕਾਰ ਨੇ ਸੰਸਦ ਦੇ ਹੇਠਲੇ ਸਦਨ, ਹਾਊਸ ਆਫ ਕਾਮਨਜ਼ ਵਿੱਚ ਸਖ਼ਤ ਵੀਜ਼ਾ ਨਿਯਮਾਂ ਵਾਲਾ ਇੱਕ ਬਿੱਲ ਪੇਸ਼ ਕੀਤਾ, ਜਿਸ ਨਾਲ ਕੇਅਰ ਟੇਕਰ ਵਰਗੀਆਂ ਨੌਕਰੀਆਂ ਲਈ ਵਿਦੇਸ਼ੀ ਭਰਤੀ ਬੰਦ ਹੋਵੇਗੀ ਤੇ ਇਮੀਗ੍ਰੇਸ਼ਨ ਸਕਿੱਲ ਤੇ ਅੰਗਰੇਜ਼ੀ ਦੀਆਂ ਸ਼ਰਤਾਂ ਵੀ ਸਖਤ ਹੋ ਜਾਣਗੀਆਂ।ਯੂਕੇ ਦੇ ਪ੍ਰਧਾਨ ਮੰਤਰੀ ਕੀਰ ਸਟਾਰਮਰ ਦੀ ਅਗਵਾਈ ਵਾਲੀ ਸਰਕਾਰ ਨੇ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਵੱਡੇ ਬਦਲਾਅ ਕੀਤੇ ਹਨ। ਇਨ੍ਹਾਂ ਬਦਲਾਅ ਦਾ ਉਦੇਸ਼ ਵਰਕ ਵੀਜ਼ਾ ਨੂੰ ਸਖ਼ਤ ਕਰਕੇ ਪ੍ਰਵਾਸ ਨੂੰ ਘਟਾਉਣਾ, ਹੁਨਰਮੰਦ ਕਾਮਿਆਂ ਨੂੰ ਵਧਾਉਣਾ ਅਤੇ ਵਿਦੇਸ਼ੀ ਕਾਮਿਆਂ 'ਤੇ ਨਿਰਭਰਤਾ ਘਟਾਉਣਾ ਹੈ। ਨਵੇਂ ਇਮੀਗ੍ਰੇਸ਼ਨ ਵ੍ਹਾਈਟ ਪੇਪਰ ਦੇ ਤਹਿਤ ਸੁਧਾਰਾਂ ਦਾ ਪਹਿਲਾ ਸੈੱਟ ਬ੍ਰਿਟਿਸ਼ ਸੰਸਦ ਦੇ ਹੇਠਲੇ ਸਦਨ ਵਿੱਚ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਨੇ ਇਸ ਨੂੰ ਬ੍ਰਿਟੇਨ ਦੀ ਇਮੀਗ੍ਰੇਸ਼ਨ ਰਣਨੀਤੀ ਦਾ ਇੱਕ ਪੂਰਾ ਰੀਸੈਟ (ਵੱਡਾ ਬਦਲਾਅ) ਕਿਹਾ ਹੈ। ਇਮੀਗ੍ਰੇਸ਼ਨ ਪ੍ਰਣਾਲੀ ਦੇ ਇਹ ਨਵੇਂ ਨਿਯਮ ਇਸ ਸਾਲ 22 ਜੁਲਾਈ ਤੋਂ ਲਾਗੂ ਹੋਣਗੇ।ਵ੍ਹਾਈਟ ਪੇਪਰ ਵਿੱਚ ਸਿਫ਼ਾਰਸ਼ਾਂ 'ਤੇ ਨਵੇਂ ਨਿਯਮ ਇਸ ਸਾਲ ਦੇ ਅੰਤ ਤੱਕ ਲਾਗੂ ਕੀਤੇ ਜਾਣੇ ਹਨ। ਇਸ ਦੇ ਤਹਿਤ, ਯੂਕੇ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਨਵੇਂ ਨਿਯਮਾਂ ਵਿੱਚ ਹੁਨਰਮੰਦ ਵਰਕਰ ਵੀਜ਼ਾ ਰੂਟ ਦੇ ਤਹਿਤ 100 ਤੋਂ ਵੱਧ ਕਿੱਤਿਆਂ ਨੂੰ ਯੋਗਤਾ ਤੋਂ ਹਟਾ ਦਿੱਤਾ ਜਾਵੇਗਾ। ਹੁਨਰ ਪੱਧਰ ਅਤੇ ਤਨਖਾਹ ਦੀਆਂ ਜ਼ਰੂਰਤਾਂ ਦੀ ਸੀਮਾ ਵਧਾਈ ਜਾਵੇਗੀ ਅਤੇ ਵਿਦੇਸ਼ੀ ਸਮਾਜਿਕ ਕੇਅਰ ਟੇਕਰ ਲਈ ਵੀਜ਼ਾ ਰੂਟ ਬੰਦ ਕਰ ਦਿੱਤਾਬ੍ਰਿਟਿਸ਼ ਗ੍ਰਹਿ ਸਕੱਤਰ ਯਵੇਟ ਕੂਪਰ ਨੇ ਕਿਹਾ ਹੈ ਕਿ ਨਵੇਂ ਨਿਯਮਾਂ ਵਿੱਚ ਜਾਵੇਗਾ। ਇਸ ਤੋਂ ਇਲਾਵਾ, ਵੀਜ਼ਾ ਬਿਨੈਕਾਰਾਂ ਲਈ ਅੰਗਰੇਜ਼ੀ ਭਾਸ਼ਾ ਦੀਆਂ ਜ਼ਰੂਰਤਾਂ ਨੂੰ ਵੀ ਸਖ਼ਤ ਕੀਤਾ ਜਾਵੇਗਾ। ਸਰਕਾਰ ਦੀ ਕੋਸ਼ਿਸ਼ ਸਥਾਨਕ ਲੋਕਾਂ ਲਈ ਮੌਕੇ ਵਧਾਉਣ ਦੀ ਹੈ। ਬਦਲਾਅ ਦੇ ਚਾਰ ਸਭ ਤੋਂ ਮਹੱਤਵਪੂਰਨ ਨੁਕਤਿਆਂ ਵਿੱਚੋਂ ਪਹਿਲਾ ਹੁਨਰਮੰਦ ਵਰਕਰ ਵੀਜ਼ਾ ਸੂਚੀ ਵਿੱਚੋਂ 111 ਕਿੱਤਿਆਂ ਨੂੰ ਹਟਾਉਣਾ ਹੈ, ਦੂਜਾ ਦੇਖਭਾਲ ਕਰਮਚਾਰੀਆਂ ਲਈ ਵਿਦੇਸ਼ੀ ਭਰਤੀ ਨੂੰ ਖਤਮ ਕਰਨਾ ਹੈ, ਤੀਜਾ ਸਖ਼ਤ ਸ਼ਰਤਾਂ ਦੇ ਨਾਲ ਹੇਠਲੇ ਡਿਗਰੀ ਪੱਧਰ 'ਤੇ ਕੰਮ ਨੂੰ ਸੀਮਤ ਕਰਨਾ ਹੈ ਅਤੇ ਚੌਥਾ ਮਾਈਗ੍ਰੇਸ਼ਨ ਸਲਾਹਕਾਰ ਕਮੇਟੀ ਦੀਆਂ ਭੂਮਿਕਾਵਾਂ, ਤਨਖਾਹਾਂ ਅਤੇ ਲਾਭਾਂ ਦੀ ਸਮੀਖਿਆ ਦਾ ਆਦੇਸ਼ ਦੇਣਾ ਹੈ ਜਿਨ੍ਹਾਂ ਦੀ ਘਾਟ ਹੈ।ਸਰਕਾਰ ਦਾ ਕਹਿਣਾ ਹੈ ਕਿ ਇਹ ਬਦਲਾਅ ਇਮੀਗ੍ਰੇਸ਼ਨ ਪ੍ਰਣਾਲੀ 'ਤੇ ਨਿਯੰਤਰਣ ਵਧਾਉਣ ਅਤੇ ਘਰੇਲੂ ਕਾਰਜਬਲ ਵਿਕਾਸ ਨੂੰ ਤਰਜੀਹ ਦੇਣ ਲਈ ਹਨ। ਭਾਰਤੀ ਬ੍ਰਿਟੇਨ ਵਿੱਚ ਵੱਡੀ ਗਿਣਤੀ ਵਿੱਚ ਰਹਿੰਦੇ ਹਨ ਅਤੇ ਕੰਮ ਲਈ ਵੀ ਜਾਂਦੇ ਹਨ। ਅਜਿਹੀ ਸਥਿਤੀ ਵਿੱਚ ਇਹ ਫੈਸਲਾ ਭਾਰਤੀਆਂ ਲਈ ਮੁਸ਼ਕਲਾਂ ਪੈਦਾ ਕਰ ਸਕਦਾ ਹੈ। ਯਵੇਟ ਕੂਪਰ ਨੇ ਕਿਹਾ ਕਿ ਅਸੀਂ ਸਹੀ ਕੰਟਰੋਲ ਅਤੇ ਸਿਸਟਮ ਨੂੰ ਬਹਾਲ ਕਰਨ ਲਈ ਆਪਣੇ ਇਮੀਗ੍ਰੇਸ਼ਨ ਪ੍ਰਣਾਲੀ ਵਿੱਚ ਵੱਡੇ ਬਦਲਾਅ ਕਰ ਰਹੇ ਹਾਂ।




# ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਬ੍ਰਿਕਸ ਸੰਮੇਲਨ 'ਚ ਨਹੀਂ ਹੋਣਗੇ ਸ਼ਾਮਲ

ਬੀਜਿੰਗ, 2 ਜੁਲਾਈ (ਚ.ਨ.ਸ.) : ਚੀਨ ਨੇ ਬੁੱਧਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਲੀ ਕੇਕਿਆਂਗ ਇਸ ਹਫਤੇ ਦੇ ਅੰਤ ਵਿੱਚ ਬ੍ਰਾਜ਼ੀਲ ਵਿੱਚ ਹੋਣ ਵਾਲੇ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣਗੇ। ਇਸ ਨਾਲ ਉਨ੍ਹਾਂ ਰਿਪੋਰਟਾਂ ਦੀ ਪੁਸ਼ਟੀ ਹੋਈ ਹੈ ਕਿ ਰਾਸ਼ਟਰਪਤੀ ਸ਼ੀ ਜਿਨਪਿੰਗ 12 ਸਾਲ ਪਹਿਲਾਂ ਸੱਤਾ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਸਮੂਹ ਦੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਣਗੇ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਇੱਥੇ ਇੱਕ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਲੀ 5 ਤੋਂ 8 ਜੁਲਾਈ ਤੱਕ ਬ੍ਰਾਜ਼ੀਲ ਦੇ ਰੀਓ ਡੀ ਜਨੇਰੀਓ ਵਿੱਚ ਹੋਣ ਵਾਲੇ 17ਵੇਂ ਬ੍ਰਿਕਸ ਸੰਮੇਲਨ ਵਿੱਚ ਸ਼ਾਮਲ ਹੋਣਗੇ। ਹਾਲਾਂਕਿ ਉਨ੍ਹਾਂ ਨੇ ਇਸ ਸਵਾਲ ਨੂੰ ਟਾਲ ਦਿੱਤਾ ਕਿ ਸ਼ੀ ਜਿਨਪਿੰਗ ਨੇ ਇਸ ਸਮਾਗਮ ਵਿੱਚ ਸ਼ਾਮਲ ਨਾ ਹੋਣ ਦਾ ਫੈਸਲਾ ਕਿਉਂ ਕੀਤਾ। ਸ਼ੀ ਨੇ ਆਪਣੇ 12 ਸਾਲਾਂ ਦੇ ਸੱਤਾ ਵਿੱਚ ਰਹਿਣ ਦੌਰਾਨ ਹਮੇਸ਼ਾ ਬ੍ਰਿਕਸ ਸੰਮੇਲਨ ਵਿੱਚ ਸ਼ਿਰਕਤ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੀਓ ਸੰਮੇਲਨ ਵਿੱਚ ਸ਼ਾਮਲ ਹੋਣਗੇ। ਬ੍ਰਾਜ਼ੀਲ, ਰੂਸ, ਭਾਰਤ, ਚੀਨ ਅਤੇ ਦੱਖਣੀ ਅਫਰੀਕਾ ਤੋਂ ਬਣੇ ਬ੍ਰਿਕਸ ਵਿੱਚ ਪੰਜ ਵਾਧੂ ਮੈਂਬਰ ਮਿਸਰ, ਇਥੋਪੀਆ, ਈਰਾਨ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਏ.ਈ) ਹਨ। ਪਿਛਲੇ ਸਾਲ ਰੂਸ ਦੇ ਕਜ਼ਾਨ ਵਿੱਚ ਹੋਇਆ ਬ੍ਰਿਕਸ ਸੰਮੇਲਨ ਮਹੱਤਵਪੂਰਨ ਬਣ ਗਿਆ ਕਿਉਂਕਿ ਮੋਦੀ ਅਤੇ ਸ਼ੀ ਦੋਵਾਂ ਨੇ ਉਥੇ ਮੁਲਾਕਾਤ ਕੀਤੀ, ਜਿਸ ਨਾਲ ਪੂਰਬੀ ਲੱਦਾਖ ਵਿੱਚ ਗਤੀਰੋਧ ਕਾਰਨ ਦੁਵੱਲੇ ਸਬੰਧਾਂ ਵਿੱਚ ਚਾਰ ਸਾਲਾਂ ਤੋਂ ਚੱਲ ਰਹੀ ਰੁਕਾਵਟ ਖਤਮ ਹੋ ਗਈ। ਮੀਟਿੰਗ ਤੋਂ ਬਾਅਦ ਦੋਵੇਂ ਧਿਰਾਂ ਵੱਖ-ਵੱਖ ਦੁਵੱਲੇ ਸੰਵਾਦ ਵਿਧੀਆਂ ਨੂੰ ਬਹਾਲ ਕਰਨ 'ਤੇ ਸਹਿਮਤ ਹੋਈਆਂ। ਮੋਦੀ-ਸ਼ੀ ਗੱਲਬਾਤ ਤੋਂ ਬਾਅਦ ਦੋਵਾਂ ਧਿਰਾਂ ਨੇ ਪਿਛਲੇ ਕੁਝ ਮਹੀਨਿਆਂ ਵਿੱਚ ਦੁਵੱਲੇ ਸਬੰਧਾਂ ਨੂੰ ਆਮ ਬਣਾਉਣ ਦੇ ਉਦੇਸ਼ ਨਾਲ ਕਈ ਮੀਟਿੰਗਾਂ ਕੀਤੀਆਂ।



# ਸੋਮਾਲੀਆ ਦੀ ਰਾਜਧਾਨੀ ਵਿੱਚ ਅਫਰੀਕੀ ਯੂਨੀਅਨ ਦਾ ਫ਼ੌਜੀ ਜਹਾਜ਼ ਹਾਦਸਾਗ੍ਰਸਤ

ਮੋਗਾਦਿਸ਼ੂ, 2 ਜੁਲਾਈ (ਚ.ਨ.ਸ.) : ਸੋਮਾਲੀਆ ਵਿੱਚ ਅਫਰੀਕੀ ਯੂਨੀਅਨ ਸ਼ਾਂਤੀ ਮਿਸ਼ਨ ਦੀ ਸੇਵਾ ਕਰ ਰਿਹਾ ਇੱਕ ਛੋਟਾ ਫੌਜੀ ਜਹਾਜ਼ ਬੁੱਧਵਾਰ ਨੂੰ ਰਾਜਧਾਨੀ ਮੋਗਾਦਿਸ਼ੂ ਦੇ ਹਵਾਈ ਅੱਡੇ 'ਤੇ ਹਾਦਸਾਗ੍ਰਸਤ ਹੋ ਗਿਆ। ਸੋਮਾਲੀ ਨੈਸ਼ਨਲ ਨਿਊਜ਼ ਏਜੰਸੀ ਦੇ ਅਨੁਸਾਰ ਅਦਨ ਐਡੇ ਹਵਾਈ ਅੱਡੇ 'ਤੇ ਉਤਰਦੇ ਸਮੇਂ ਜਹਾਜ਼ ਹਾਦਸਾਗ੍ਰਸਤ ਹੋ ਗਿਆ ਅਤੇ ਅੱਗ ਲੱਗ ਗਈ।ਏਜੰਸੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਹਾ ਕਿ ਅੱਗ 'ਤੇ ਕਾਬੂ ਪਾ ਲਿਆ ਗਿਆ ਹੈ ਅਤੇ ਅਧਿਕਾਰੀ ਸਥਿਤੀ ਦਾ ਮੁਲਾਂਕਣ ਕਰ ਰਹੇ ਹਨ। ਸੋਮਾਲੀ ਇਸ ਬਾਰੇ ਅਧਿਕਾਰੀਆਂ ਵੱਲੋਂ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ ਅਤੇ ਮਾਰੇ ਗਏ ਲੋਕਾਂ ਦੀ ਗਿਣਤੀ ਬਾਰੇ ਹੁਣ ਤੱਕ ਪਤਾ ਨਹੀਂ ਲੱਗ ਸਕਿਆ ਹੈ। ਅਫਰੀਕੀ ਯੂਨੀਅਨ ਸ਼ਾਂਤੀ ਮਿਸ਼ਨ, ਜਿਸਨੂੰ AUSSOM ਵਜੋਂ ਜਾਣਿਆ ਜਾਂਦਾ ਹੈ, ਸੋਮਾਲੀ ਅਧਿਕਾਰੀਆਂ ਨੂੰ ਅਲ-ਸ਼ਬਾਬ ਦੇ ਕੱਟੜਪੰਥੀ ਬਾਗੀਆਂ ਨਾਲ ਲੜਨ ਵਿੱਚ ਮਦਦ ਕਰ ਰਿਹਾ ਹੈ, ਜੋ ਕਿ ਹੌਰਨ ਆਫ਼ ਅਫਰੀਕਾ ਦੇਸ਼ ਵਿੱਚ ਵਿਦੇਸ਼ੀ ਫੌਜਾਂ ਦੀ ਮੌਜੂਦਗੀ ਦਾ ਵਿਰੋਧ ਕਰਦਾ ਹੈ। ਮਿਸ਼ਨ ਵਿੱਚ ਯੂਗਾਂਡਾ ਅਤੇ ਕੀਨੀਆ ਵਰਗੇ ਦੇਸ਼ਾਂ ਦੇ ਫੌਜੀ ਸ਼ਾਮਲ ਹਨ।



# ਇੰਟਰਨੈਸ਼ਨਲ ਸੈਂਟਰ ਫਾਰ ਆਟੋਮੋਟਿਵ ਦੇ ਪਹਿਲੇ ਰਾਸ਼ਟਰੀ ਸੰਮੇਲਨ ਦਾ ਉਦਘਾਟਨ ਅੱਜ

ਨਵੀਂ ਦਿੱਲੀ, 2 ਜੁਲਾਈ (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਸਪੀਕਰ, ਸ਼੍ਰੀ ਓਮ ਬਿਰਲਾ ਵੀਰਵਾਰ, 03 ਜੁਲਾਈ, 2025 ਨੂੰ ਗੁਰੂਗ੍ਰਾਮ ਦੇ ਮਾਨੇਸਰ ਵਿੱਚ ਇੰਟਰਨੈਸ਼ਨਲ ਸੈਂਟਰ ਫਾਰ ਆਟੋਮੋਟਿਵ ਟੈਕਨਾਲੋਜੀ ਵਿਖੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਚੇਅਰਮੈਨਾਂ ਦੇ ਪਹਿਲੇ ਰਾਸ਼ਟਰੀ ਸੰਮੇਲਨ ਦਾ ਉਦਘਾਟਨ ਕਰਨਗੇ।ਭਾਰਤ ਸਰਕਾਰ ਦੇ ਰਿਹਾਇਸ਼ ਅਤੇ ਸ਼ਹਿਰੀ ਮਾਮਲਿਆਂ ਦੇ ਮੰਤਰੀ, ਸ਼੍ਰੀ ਮਨੋਹਰ ਲਾਲ; ਹਰਿਆਣਾ ਦੇ ਮੁੱਖ ਮੰਤਰੀ, ਸ਼੍ਰੀ ਨਾਇਬ ਸਿੰਘ; ਹਰਿਆਣਾ ਵਿਧਾਨ ਸਭਾ ਦੇ ਸਪੀਕਰ, ਸ਼੍ਰੀ ਹਰਵਿੰਦਰ ਕਲਿਆਣ ਅਤੇ ਹੋਰ ਪਤਵੰਤੇ ਉਦਘਾਟਨੀ ਸੈਸ਼ਨ ਵਿੱਚ ਮੌਜੂਦ ਰਹਿਣਗੇ।4 ਜੁਲਾਈ ਨੂੰ ਹੋਣ ਵਾਲੇ ਸਮਾਪਤੀ ਸੈਸ਼ਨ ਵਿੱਚ, ਹਰਿਆਣਾ ਦੇ ਰਾਜਪਾਲ, ਸ਼੍ਰੀ ਬੰਡਾਰੂ ਦੱਤਾਤ੍ਰੇਅ ਹਾਜ਼ਰ ਪਤਵੰਤਿਆਂ ਨੂੰ ਸੰਬੋਧਨ ਕਰਨਗੇ। ਰਾਜ ਸਭਾ ਦੇ ਡਿਪਟੀ ਚੇਅਰਮੈਨ, ਸ਼੍ਰੀ ਹਰਿਵੰਸ਼; ਹਰਿਆਣਾ ਵਿਧਾਨ ਸਭਾ ਦੇ ਸਪੀਕਰ, ਸ਼੍ਰੀ ਹਰਵਿੰਦਰ ਕਲਿਆਣ ਅਤੇ ਹੋਰ ਪਤਵੰਤੇ ਇਸ ਮੌਕੇ 'ਤੇ ਮੌਜੂਦ ਰਹਿਣਗੇ।ਕਾਨਫਰੰਸ ਦੇ ਸਮਾਪਤੀ ਦਿਨ, ਡੈਲੀਗੇਟਾਂ ਨੂੰ ਪ੍ਰੇਰਨਾ ਸਥਲ, ਸੰਵਿਧਾਨ ਸਦਨ ਅਤੇ ਸੰਸਦ ਭਵਨ ਦਾ ਦੌਰਾ ਕਰਵਾਇਆ ਜਾਵੇਗਾ।



# ਕਬਾੜ ਇਕੱਠਾ ਕਰਨ ਵਾਲੇ ਦੀ ਧੀ ਬਣੀ ਇੰਜੀਨੀਅਰ

## *ਅਮਰੀਕੀ ਮਾਈਕ੍ਰੋਸਾਫਟ ਕੰਪਨੀ ਨੇ 55 ਲੱਖ ਸਾਲਾਨਾ ਦਾ ਦਿੱਤਾ ਪੈਕੇਜ*

ਹਿਸਾਰ, 2 ਜੁਲਾਈ (ਚ.ਨ.ਸ.) : ਹਰਿਆਣਾ ਦੇ ਹਿਸਾਰ ਜ਼ਿਲ੍ਹੇ ਦੇ ਗਲੀ-ਮੁਹੱਲੇ ਦੇ ਕਬਾੜ ਇਕੱਠਾ ਕਰਨ ਵਾਲੇ ਰਾਜੇਸ਼ ਦੀ ਧੀ ਸਿਮਰਨ ਮਾਈਕ੍ਰੋਸਾਫਟ ਵਿੱਚ ਇੰਜੀਨੀਅਰ ਬਣ ਗਈ ਹੈ। ਸਿਮਰਨ ਸਿਰਫ਼ 21 ਸਾਲ ਦੀ ਹੈ ਅਤੇ ਕੰਪਨੀ ਨੇ ਉਸਨੂੰ 55 ਲੱਖ ਰੁਪਏ ਸਾਲਾਨਾ ਦੇ ਪੈਕੇਜ 'ਤੇ ਨੌਕਰੀ 'ਤੇ ਰੱਖਿਆ ਹੈ।ਪਰਿਵਾਰਕ ਮੈਂਬਰਾਂ ਦੇ ਅਨੁਸਾਰ, ਸਿਮਰਨ ਨੇ 17 ਸਾਲ ਦੀ ਉਮਰ ਵਿੱਚ ਆਪਣੀ ਪਹਿਲੀ ਕੋਸ਼ਿਸ਼ ਵਿੱਚ JEE ਪ੍ਰੀਖਿਆ ਪਾਸ ਕੀਤੀ। ਇਸ ਤੋਂ ਬਾਅਦ, ਉਸਨੇ IIT ਮੰਡੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਵਿੱਚ ਦਾਖਲਾ ਲਿਆ, ਪਰ ਸਿਮਰਨ ਨੂੰ ਸੂਚਨਾ ਤਕਨਾਲੋਜੀ ਵਿੱਚ ਦਿਲਚਸਪੀ ਸੀ। ਉਸਦਾ ਸੁਪਨਾ ਮਾਈਕ੍ਰੋਸਾਫਟ ਵਿੱਚ ਕੰਮ ਕਰਨਾ ਵੀ ਸੀ, ਇਸ ਲਈ ਉਸਨੇ ਵਾਧੂ ਕੰਪਿਊਟਰ ਸਾਇੰਸ ਦੀ ਪੜ੍ਹਾਈ ਵੀ ਕੀਤੀ।ਕੈਂਪਸ ਚੋਣ ਦੌਰਾਨ, ਸਿਮਰਨ ਨੂੰ ਮਾਈਕ੍ਰੋਸਾਫਟ ਹੈਦਰਾਬਾਦ ਵਿੱਚ ਇੰਟਰਨਸ਼ਿਪ ਲਈ ਚੁਣਿਆ ਗਿਆ ਅਤੇ 2 ਮਹੀਨਿਆਂ ਦੀ ਇੰਟਰਨਸ਼ਿਪ ਤੋਂ ਬਾਅਦ, ਉਸਨੇ 300 ਵਿਦਿਆਰਥੀਆਂ ਵਿੱਚੋਂ ਸਰਵੋਤਮ ਇੰਟਰਨਸ਼ਿਪ ਵਿਦਿਆਰਥੀ ਦਾ ਪੁਰਸਕਾਰ ਜਿੱਤਿਆ। ਸਿਮਰਨ ਨੂੰ ਅਮਰੀਕਾ ਵਿੱਚ ਮਾਈਕ੍ਰੋਸਾਫਟ ਦੇ ਓਵਰਸੀਜ਼ ਹੈੱਡ ਤੋਂ ਇਹ ਪੁਰਸਕਾਰ ਮਿਲਿਆ।ਓਵਰਸੀਜ਼ ਹੈੱਡ ਪਹਿਲੀ ਵਾਰ ਸਿਮਰਨ ਨੂੰ ਮਿਲਣ ਲਈ ਅਮਰੀਕਾ ਤੋਂ ਭਾਰਤ ਆਈ ਸੀ। ਸਿਮਰਨ ਨੇ ਅੰਤਿਮ ਚੋਣ ਵਿੱਚ ਆਪਣਾ ਨਾਮ ਚੋਟੀ ਦੀ ਸੂਚੀ ਵਿੱਚ ਦਰਜ ਕਰਵਾਇਆ। ਹੁਣ ਸਿਮਰਨ 30 ਜੂਨ ਤੋਂ ਸ਼ਾਮਲ ਹੋ ਗਈ ਹੈ।ਹੁਣ ਉਸ ਦੀਆਂ ਛੋਟੀਆਂ ਭੈਣਾਂ ਮਮਤਾ ਅਤੇ ਮੁਸਕਾਨ ਨੂੰ ਵੀ ਉਸਦੀ ਸਫਲਤਾ ਤੋਂ ਪ੍ਰੇਰਨਾ ਮਿਲੇਗੀ ਅਤੇ ਉਹ ਦੋਵੇਂ ਵੀ ਜ਼ਿੰਦਗੀ ਵਿੱਚ ਕੁਝ ਵੱਡਾ ਕਰਨ ਦੀ ਕੋਸ਼ਿਸ਼ ਕਰਨਗੀਆਂ।



# ਇਟਲੀ 'ਚ ਲੁਧਿਆਣਾ ਦੇ ਪੰਜਾਬੀ ਨੌਜਵਾਨ ਦੀ ਨਹਿਰ ਵਿੱਚ ਡੁੱਬਣ ਕਾਰਨ ਮੌਤ

ਰੋਮ/ ਬਰੇਸ਼ੀਆ 2 ਜੁਲਾਈ (ਗੁਰਸ਼ਰਨ ਸਿੰਘ ਸੋਨੀ) : ਉਤਰੀ ਇਟਲੀ ਦੇ ਬਰੇਸ਼ੀਆ ਨਜਦੀਕੀ ਸ਼ਹਿਰ ਪਾਲਾਸੋਲੋ ਸੁਲ ਔਲੀਓ ਦੇ ਨਜ਼ਦੀਕ ਵਗਦੀ ਨਹਿਰ ਵਿੱਚ ਇੱਕ 25 ਕੁ ਸਾਲਾ ਪੰਜਾਬੀ ਨੌਜਵਾਨ ਸੁਖਵਿੰਦਰ ਸਿੰਘ ਦੀ ਡੁੱਬਣ ਕਾਰਨ ਮੌਤ ਹੋ ਗਈ।ਇਹ ਨਹਿਰ ਗਰਮੀਆਂ ਨੂੰ ਬਹੁਤ ਹੀ ਸ਼ਾਂਤ ਅਤੇ ਸਾਫ ਲਗਦੀ ਹੈ ਜਿਸ ਕਰਕੇ ਬਹੁਤ ਸਾਰੇ ਲੋਕ ਆਕਰਸ਼ਕ ਹੋ ਕੇ ਅਕਸਰ ਹੀ ਉਥੇ ਨਹਾਉਣ ਜਾਂਦੇ ਹਨ । ਮ੍ਰਿਤਕ ਨਜ਼ਦੀਕੀ ਸ਼ਹਿਰ ਗੁਰਮੇਲੋ ਦੇਲ ਮੌਂਤੇ ਰਹਿੰਦਾ ਸੀ , ਜੋ ਕਿ ਆਪਣੇ ਕੁੱਝ ਦੋਸਤਾਂ ਨਾਲ ਜ਼ਿਆਦਾ ਗਰਮੀ ਹੋਣ ਕਰਕੇ ਨਹਿਰ ਤੇ ਘੁੰਮਣ ਚਲਾ ਗਿਆ। ਪਰ ਹੋਣੀ ਨੇ ਕੁੱਝ ਹੋਰ ਹੀ ਲਿਖਿਆ ਸੀ , ਇੱਕ ਖਾਸ ਬਿੰਦੂ ਤੇ ਉਸ ਨੇ ਪਾਣੀ ਵਿੱਚ ਗੋਤਾਖੋਰੀ ਕੀਤੀ ਅਤੇ ਪਾਣੀ ਦੀ ਸਤਿਹ ਦੇ ਹੇਠਾਂ ਚਲਾ ਗਿਆ ਜੋ ਕਿ ਉਸ ਲਈ ਜਾਨਲੇਵਾ ਸਾਬਿਤ ਹੋਇਆ। ਮਿਲਾਨ ਤੋਂ ਹੈਲੀਕਪਟਰ ਰਾਹੀਂ ਪਹੁੰਚੇ ਫਾਇਰ ਫਾਈਟਰ ਗੋਤਾਖੋਰਾਂ ਦੁਆਰਾ ਲੱਗਭੱਗ ਇੱਕ ਘੰਟੇ ਬਾਅਦ ਉਸ ਦੇ ਮ੍ਰਿਤਕ ਸਰੀਰ ਨੂੰ ਬਰਾਮਦ ਕੀਤਾ ਗਿਆ। ਜਿਸ ਕਾਰਨ ਉਸ ਦਾ ਮ੍ਰਿਤਕ ਸਰੀਰ ਸ਼ਹਿਰ ਕੈਰੋਬੀਓ ਦੇਅਲੀ ਅੰਜਲੀ ਦੇ ਭਾਰਤੀ ਭਾਈਚਾਰੇ ਨੂੰ ਸੌਂਪ ਦਿੱਤਾ ਗਿਆ ਹੈ।



# ਲੈਟਨ ਦੇ ਜੰਗਲਾਂ 'ਚ ਲੱਗੀ ਅੱਗ ਮਗਰੋਂ ਐਮਰਜੈਂਸੀ ਹਾਲਾਤ ਦਾ ਐਲਾਨ

ਬ੍ਰਿਟਿਸ਼ ਕੋਲੰਬੀਆ , 2 ਜੁਲਾਈ (ਚ.ਨ.ਸ.) : ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਲੈਟਨ ਇਲਾਕੇ ਦੇ ਜੰਗਲੀ ਖੇਤਰ 'ਚ ਲੱਗੀ ਭਿਆਨਕ ਅੱਗ ਦਾ ਪ੍ਰਕੋਪ ਵੱਧ ਜਾਣ ਕਾਰਨ ਉੱਥੇ ਐਮਰਜੈਂਸੀ ਹਾਲਾਤ ਦਾ ਐਲਾਨ ਕਰ ਦਿੱਤਾ ਗਿਆ ਹੈ ਅਤੇ ਸਥਾਨਕ ਲੋਕਾਂ ਨੂੰ ਉਥੋਂ ਤੁਰੰਤ ਸੁਰੱਖਿਅਤ ਥਾਵਾਂ 'ਤੇ ਚਲੇ ਜਾਣ ਦੀ ਸਲਾਹ ਜਾਰੀ ਕੀਤੀ ਗਈ ਹੈ। ਤੇਜ਼ੀ ਨਾਲ ਫੈਲੀ ਇਸ ਭਿਆਨਕ ਅੱਗ ਦੇ ਕਾਬੂ ਪਾਉਣ ਲਈ ਸੰਬੰਧਿਤ ਅਧਿਕਾਰੀਆਂ ਵੱਲੋਂ ਬਚਾਅ ਕਾਰਜ ਲਗਾਤਾਰ ਜਾਰੀ ਹਨ।

# ਲਿਓਨ ਰਿਟਾਇਰਮੈਂਟ ਤੋਂ ਪਹਿਲਾਂ ਭਾਰਤ ਵਿੱਚ ਟੈਸਟ ਸੀਰੀਜ਼ ਜਿੱਤਣਾ ਚਾਹੁੰਦੈ

ਸੇਂਟ ਜਾਰਜ , 2 ਜੁਲਾਈ (ਚ.ਨ.ਸ.) : ਆਸਟ੍ਰੇਲੀਆ ਦੇ ਮਹਾਨ ਸਪਿਨਰ ਨਾਥਨ ਲਿਓਨ ਦਾ ਨੇੜੇ ਭਵਿੱਖ ਵਿੱਚ ਟੈਸਟ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਕੋਈ ਇਰਾਦਾ ਨਹੀਂ ਹੈ ਅਤੇ ਇਸ ਤੋਂ ਪਹਿਲਾਂ ਉਹ ਭਾਰਤ ਵਿੱਚ ਇੱਕ ਟੈਸਟ ਸੀਰੀਜ਼ ਜਿੱਤਣਾ ਚਾਹੁੰਦਾ ਹੈ। ਸੈਂਤੀ ਸਾਲਾ ਆਫ ਸਪਿਨਰ ਲਿਓਨ ਨੇ ਆਸਟ੍ਰੇਲੀਆ ਲਈ 138 ਟੈਸਟਾਂ ਵਿੱਚ 556 ਵਿਕਟਾਂ ਲਈਆਂ ਹਨ। ਉਸਨੇ ਭਾਰਤ ਵਿਰੁੱਧ 32 ਟੈਸਟਾਂ ਵਿੱਚ 130 ਵਿਕਟਾਂ ਲਈਆਂ ਹਨ ਪਰ ਕਦੇ ਵੀ ਭਾਰਤ ਵਿੱਚ ਇੱਕ ਵੀ ਸੀਰੀਜ਼ ਨਹੀਂ ਜਿੱਤ ਸਕਿਆ ਹੈ। ਆਸਟ੍ਰੇਲੀਆ ਨੇ 2004-05 ਤੋਂ ਬਾਅਦ ਭਾਰਤ ਨੂੰ ਆਪਣੀ ਧਰਤੀ 'ਤੇ ਨਹੀਂ ਹਰਾਇਆ ਹੈ। ਲਿਓਨ ਨੇ cricket.com.au ਨੂੰ ਕਿਹਾ, ਮੈਂ ਭਾਰਤ ਵਿੱਚ ਸੀਰੀਜ਼ ਜਿੱਤਣਾ ਚਾਹੁੰਦਾ ਹਾਂ। ਮੈਂ ਇੰਗਲੈਂਡ ਵਿੱਚ ਵੀ ਸੀਰੀਜ਼ ਜਿੱਤਣਾ ਚਾਹੁੰਦਾ ਹਾਂ। ਉਨ੍ਹਾਂ ਕਿਹਾ, ਸਾਡੇ ਕੋਲ ਇਹ ਮੌਕਾ ਹੋਵੇਗਾ ਪਰ ਸਾਨੂੰ ਟੈਸਟ ਦਰ ਟੈਸਟ ਰਣਨੀਤੀ ਦੀ ਪਰਖ ਕਰਨੀ ਪਵੇਗੀ। ਪਹਿਲਾਂ ਸਾਨੂੰ ਇੱਥੇ ਵੈਸਟਇੰਡੀਜ਼ ਵਿੱਚ ਚੰਗਾ ਪ੍ਰਦਰਸ਼ਨ ਕਰਨਾ ਪਵੇਗਾ। ਇਸ ਤੋਂ ਬਾਅਦ ਸਾਨੂੰ ਐਸ਼ੇਜ਼ ਖੇਡਣਾ ਪਵੇਗਾ। ਮੇਰੀਆਂ ਨਜ਼ਰਾਂ ਇੱਕ ਹੋਰ ਵਿਸ਼ਵ ਟੈਸਟ ਚੈਂਪੀਅਨਸ਼ਿਪ ਫਾਈਨਲ 'ਤੇ ਵੀ ਹਨ। ਲਿਓਨ ਨੇ ਆਸਟ੍ਰੇਲੀਆਈ ਟੀਮ ਵਿੱਚ ਸੌਂਗ ਮਾਸਟਰ ਵਜੋਂ ਆਪਣੀ ਨੌਕਰੀ ਵਿਕਟਕੀਪਰ ਬੱਲੇਬਾਜ਼ ਐਲੇਕਸ ਕੈਰੀ ਨੂੰ ਸੌਂਪ ਦਿੱਤੀ ਹੈ, ਜਿਨ੍ਹਾਂ ਨੇ ਪਹਿਲੇ ਟੈਸਟ ਵਿੱਚ ਵੈਸਟਇੰਡੀਜ਼ 'ਤੇ 159 ਦੌੜਾਂ ਦੀ ਜਿੱਤ ਤੋਂ ਬਾਅਦ ਇਹ ਜ਼ਿੰਮੇਵਾਰੀ ਸੰਭਾਲੀ ਸੀ। ਆਸਟ੍ਰੇਲੀਆ ਦੀ ਹਰ ਜਿੱਤ ਤੋਂ ਬਾਅਦ, ਇਹ ਗੀਤ ਅੰਡਰਨੀਥ ਦ ਸਾਊਦਰਨ ਕਰਾਸ ਗਾਇਆ ਜਾਂਦਾ ਹੈ ਜੋ ਸੌਂਗ ਮਾਸਟਰ ਦੀ ਸ਼ੁਰੂਆਤ ਕਰਦਾ ਹੈ। ਰੌਡ ਮਾਰਸ਼ ਨੇ ਇਸ ਪਰੰਪਰਾ ਦੀ ਸ਼ੁਰੂਆਤ ਕੀਤੀ ਅਤੇ ਸਾਬਕਾ ਬੱਲੇਬਾਜ਼ ਮਾਈਕਲ ਹਸੀ ਨੇ ਇਹ ਜ਼ਿੰਮੇਵਾਰੀ ਲਿਓਨ ਨੂੰ ਸੌਂਪੀ। ਲਿਓਨ ਨੇ ਕਿਹਾ, ਮੈਂ ਇਹ ਜ਼ਿੰਮੇਵਾਰੀ 12 ਸਾਲਾਂ ਤੋਂ ਨਿਭਾਈ ਹੈ। ਇਹ ਮੇਰੇ ਕਰੀਅਰ ਵਿੱਚ ਇੱਕ ਵੱਡੀ ਪ੍ਰਾਪਤੀ ਰਹੀ ਹੈ ਪਰ ਇਸਨੂੰ ਛੱਡਣ ਦਾ ਮਤਲਬ ਇਹ ਨਹੀਂ ਕਿ ਮੈਂ ਸੰਨਿਆਸ ਲੈ ਰਿਹਾ ਹਾਂ।



# ਈਰਾਨ ਦੇ ਵੱਡੇ ਸ਼ੀਆ ਮੌਲਵੀ ਨੇ ਟਰੰਪ ਤੇ ਨੇਤਨਯਾਹੂ ਖ਼ਿਲਾਫ਼ ਫਤਵਾ ਕੀਤਾ ਜਾਰੀ

ਤਹਿਰਾਨ, 2 ਜੁਲਾਈ (ਚ.ਨ.ਸ.) : ਈਰਾਨ ਦੇ ਵੱਡੇ ਸ਼ੀਆ ਮੌਲਵੀ ਆਏਤੁੱਲਾ ਮਕਾਰਿਮ ਸ਼ਿਰਾਜ਼ੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਖ਼ਿਲਾਫ਼ ਫਤਵਾ ਜਾਰੀ ਕੀਤਾ ਹੈ। ਫਤਵੇ 'ਚ ਕਿਹਾ ਗਿਆ ਹੈ ਕਿ ਕੋਈ ਵੀ ਵਿਅਕਤੀ ਜਾਂ ਸ਼ਾਸ਼ਨ ਜੋ ਨੇਤਾ ਜਾਂ ਮਰਜਾ ਨੂੰ ਧਮਕੀ ਦਿੰਦਾ ਹੈ ਤਾਂ ਉਸ ਨੂੰ ਅੱਲਾ ਦਾ ਦੁਸ਼ਮਣ ਮੰਨਿਆ ਜਾਵੇਗਾ।ਸ਼ਿਰਾਜ਼ੀ ਨੇ ਦੁਨੀਆ ਭਰ ਦੇ ਮੁਸਲਮਾਨਾਂ ਤੋਂ ਅਜਿਹੇ ਖਤਰਿਆਂ ਦੇ ਖ਼ਿਲਾਫ ਠੋਸ ਰੁਖ ਅਪਨਾਉਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਆਪਣੇ ਕਰਤੱਵ ਦਾ ਪਾਲਣ ਕਰਨ ਵਾਲੇ ਮੁਸਲਮਾਨਾਂ ਨੂੰ ਅਭਿਆਨ ਵਿਚ ਔਖਿਆਈ ਜਾਂ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਉਨ੍ਹਾਂ ਨੇ ਅੱਲਾ ਦੀ ਰਾਹ 'ਚ ਇਕ ਯੋਧਾ ਦੇ ਰੂਪ 'ਚ ਇਨਾਮ ਦਿੱਤਾ ਜਾਵੇਗਾ। ਫਤਵੇ ਵਿਚ ਇਹ ਵੀ ਕਿਹਾ ਗਿਆ ਕਿ ਮੁਸਲਮਾਨਾਂ ਜਾਂ ਇਸਲਾਮੀ ਸੂਬਿਆਂ ਵੱਲੋਂ ਉਸ ਦੁਸ਼ਮਣ ਲਈ ਕੋਈ ਸਹਿਯੋਗ ਜਾਂ ਸਮਰਥਨ ਹਰਾਮ ਹੈ। ਦੁਨੀਆ ਭਰ ਦੇ ਸਾਰੇ ਮੁਸਲਮਾਨਾਂ ਦੇ ਲਈ ਇਹ ਜ਼ਰੂਰੀ ਹੈ ਕਿ ਉਹ ਇਨ੍ਹਾਂ ਦੁਸ਼ਮਣਾ ਨੂੰ ਉਨ੍ਹਾਂ ਦੇ ਸ਼ਬਦਾਂ ਤੇ ਗਲਤੀਆਂ ਲਈ ਪਛਤਾਉਣ 'ਤੇ ਮਜ਼ਬੂਰ ਕਰਨ।ਇਹ ਫਤਵਾ ਰਾਸ਼ਟਰਪਤੀ ਤੇ ਇਜ਼ਰਾਇਲੀ ਅਧਿਕਾਰੀਆਂ ਵੱਲੋਂ ਈਰਾਨੀ ਵੱਡੇ ਨੇਤਾ ਆਏਤੁੱਲਾ ਅਲੀ ਖਾਮੇਨੇਈ ਦੇ ਖ਼ਿਲਾਫ਼ ਕਥਿਤ ਧਮਕੀਆਂ ਦੇ ਬਾਅਦ ਜਾਰੀ ਕੀਤਾ ਗਿਆ ਹੈ।



# ਕੈਨੇਡਾ 'ਚ ਪੂਜਾ ਅਸਥਾਨਾਂ ਤੇ ਸਕੂਲਾਂ ਬਾਹਰ ਧਰਨੇ ਵਿਰੁੱਧ ਨਵੇਂ ਕਾਨੂੰਨ ਬਣਾਏ ਜਾਣਗੇ : ਸੀਨ ਫਰੇਜ਼ਰ

ਓਟਾਵਾ, 2 ਜੁਲਾਈ (ਚ.ਨ.ਸ.) : ਕੈਨੇਡਾ ਦੇ ਕਾਨੂੰਨ ਮੰਤਰੀ ਸੀਨ ਫਰੇਜ਼ਰ ਦਾ ਕਹਿਣਾ ਹੈ ਕਿ ਲਿਬਰਲ ਸਰਕਾਰ ਪੂਜਾ ਸਥਾਨਾਂ, ਸਕੂਲਾਂ ਅਤੇ ਕਮਿਊਨਿਟੀ ਸੈਂਟਰਾਂ ਤਕ ਪਹੁੰਚ ਰੋਕਣ ਵਿਰੁੱਧ ਨਵੇਂ ਅਪਰਾਧਿਕ ਪ੍ਰਬੰਧਾਂ ਦੀਆਂ ਯੋਜਨਾਵਾਂ ਨਾਲ ਅੱਗੇ ਵਧੇਗੀ।ਹਾਲ ਹੀ 'ਚ ਸੰਘੀ ਚੋਣ ਮੁਹਿੰਮ ਦੌਰਾਨ ਵਾਅਦੇ ਕੀਤੇ ਗਏ ਸਨ ਕਿ ਇਨ੍ਹਾਂ ਸਥਾਨਾਂ 'ਤੇ ਸਮਾਗਮਾਂ ਵਿੱਚ ਸ਼ਾਮਲ ਹੋਣ ਵਾਲੇ ਲੋਕਾਂ ਨੂੰ ਜਾਣਬੁੱਝ ਕੇ ਡਰਾਉਣ ਜਾਂ ਧਮਕਾਉਣ ਦਾ ਇਕ ਅਪਰਾਧਿਕ ਕਾਨੂੰਨ ਵੀ ਬਣਾਉਣਗੇ।ਮੰਤਰੀ ਦਾ ਇਹ ਬਿਆਨ ਉਦੋਂ ਆਇਆ ਹੈ ਜਦੋਂ ਸਿਵਲ ਲਿਬਰਟੇਰੀਅਨ ਅਜਿਹੇ ਵਿਵਹਾਰ ਨੂੰ ਰੋਕਣ ਅਤੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਇਕੱਠ ਦੀ ਉਲੰਘਣਾ ਕਰਨ ਵਾਲੇ ਨਵੇਂ ਉਪਾਵਾਂ ਦੇ ਵਿਚਾਰ ਦੇ ਵਿਰੁੱਧ ਮੌਜੂਦਾ ਪ੍ਰਬੰਧਾਂ ਵੱਲ ਇਸ਼ਾਰਾ ਕਰਦੇ ਹਨ।ਜਨਤਕ ਵਿਰੋਧ ਪ੍ਰਦਰਸ਼ਨਾਂ ਨੂੰ ਲੈ ਕੇ ਕੈਨੇਡੀਅਨ ਭਾਈਚਾਰਿਆਂ 'ਚ ਤਣਾਅ ਵਧਿਆ ਹੈ, ਬਹੁਤ ਸਾਰੇ ਮੱਧ ਪੂਰਬ 'ਚ ਚੱਲ ਰਹੀ ਦੁਸ਼ਮਣੀ ਕਾਰਨ ਹੋਏ ਹਨ। ਕਈ ਕੈਨੇਡੀਅਨ ਨਗਰ ਪਾਲਿਕਾਵਾਂ ਨੇ ਹਾਲ ਹੀ 'ਚ ਬਬਲ ਜ਼ੋਨ ਨੂੰ ਲਾਜ਼ਮੀ ਬਣਾਉਣ ਲਈ ਕਦਮ ਚੁੱਕੇ ਹਨ ਜੋ ਧਾਰਮਿਕ ਸੰਸਥਾਵਾਂ, ਸਕੂਲਾਂ ਤੇ ਚਾਈਲਡ ਕੇਅਰ ਸੈਂਟਰਾਂ ਵਰਗੀਆਂ ਥਾਵਾਂ ਨੇੜੇ ਵਿਰੋਧ ਗਤੀਵਿਧੀਆਂ ਨੂੰ ਸੀਮਤ ਕਰਦੇ ਹਨ।



ਜਨਮ ਦਿਨ ਮੁਬਾਰਕ



ਹਰਗੁਣਪ੍ਰੀਤ ਸਿੰਘ

# ਪਿੰਡ ਘਰਾਲਾ ਦੀ 80 ਏਕੜ ਜਮੀਨ ਅਕਵਾਇਰ ਕਾਰਨ ਵਿਰੁੱਧ ਪਿੰਡ ਵਿੱਚ ਹੋਈ ਵਿਸ਼ਾਲ ਰੈਲੀ




ਗੁਰਦਾਸਪੁਰ 2 ਜੁਲਾਈ ( ਜਸਵਿੰਦਰ ਸਿੰਘ )-ਅੱਜ ਪਿੰਡ ਘਰਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਬਹੁਤ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਇਕੱਤਰ ਹੋਏ ਅਤੇ ਕਿਸਾਨ ਬਚਾਓ ਸੰਘਰਸ਼ ਕਮੇਟੀ ਪਿੰਡ ਘਰਾਲਾ (ਗੁਰਦਾਸਪੁਰ ) ਦੇ ਸੱਦੇ ਤੇ ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਮਜਦੂਰ ਜਥੇਬੰਦੀਆਂ ਨੇ ਬਹੁਤ ਵੱਡੀ ਸ਼ਮੂਲੀਅਤ ਕੀਤੀ ਇਸ ਵਿਸ਼ਾਲ ਰੈਲੀ ਵਿਚ ਸਰਕਾਰ ਨੂੰ ਸਪਸ਼ਟ ਸੁਨੇਹਾ ਦਿੱਤਾ ਗਿਆ ਕਿ ਅਗਰ ਪੰਜਾਬ ਦਾ ਜਮੀਨ ਅਕਵਾਇਰ ਕਰਨ ਦਾ ਲੈਂਡ ਪੋਲਿੰਗ ਐਕਟ ਤਹਿਤ ਜਾਰੀ ਕੀਤਾ ਨੋਟੀਫਿਕੇਸ਼ਨ ਰੱਦ ਨਾ ਕੀਤਾ ਗਿਆ ਤਾਂ ਇਸਦੇ ਬਹੁਤ ਗੰਭੀਰ ਸਿੱਟੇ ਨਿਕਲਣਗੇ ਰੈਲੀ ਦੀ ਪ੍ਰਧਾਨਗੀ ਸਾਂਝੇ ਤੌਰ ਤੇ ਮੱਖਣ ਸਿੰਘ ਕੁਹਾੜ ਅਤੇ ਹਰਜੀਤ ਸਿੰਘ ਕਾਹਲੋਂ (ਜਮਹੂਰੀ ਕਿਸਾਨ ਸਭਾ), ਤਰਲੋਕ ਸਿੰਘ ਬਹਿਰਾਮਪੁਰ, ਸਤਬੀਰ ਸਿੰਘ ਸੁਲਤਾਨੀ (ਕਿਰਤੀ ਕਿਸਾਨ ਯੂਨੀਅਨ) ਬਲਬੀਰ ਸਿੰਘ ਕੱਤੋਵਾਲ (ਕੁਲ ਹਿੰਦ ਕਿਸਾਨ ਸਭਾ) ,ਲਖਵਿੰਦਰ ਸਿੰਘ ਮਰੜ (ਕੁਲ ਹਿੰਦ ਕਿਸਾਨ ਸਭਾ ਗਰੇਵਾਲ), ਰਾਜ ਗੁਰਵਿੰਦਰ ਸਿੰਘ ਲਾਡੀ (ਕ੍ਰਾਂਤੀਕਾਰੀ ਕਿਸਾਨ ਯੂਨੀਅਨ), ਸੁਖਦੇਵ ਸਿੰਘ ਭਾਗੋਕਾਵਾਂ (ਪੰਜਾਬ ਕਿਸਾਨ ਯੂਨੀਅਨ )ਸਤਨਾਮ ਸਿੰਘ (ਮਾਝਾ ਕਿਸਾਨ ਸੰਘਰਸ਼ ਕਮੇਟੀ), ਕਰਨੈਲ ਸਿੰਘ ਸ਼ੇਰਪੁਰ (ਬੀਕੇਯੂ ਕਾਦੀਆਂ ਰਾਜ), ਗੁਰਿੰਦਰ ਸਿੰਘ ਜੀਵਨ ਚੱਕ (ਬੀਕੇਯੂ ਡਕੌਂਦਾ)), ਲੱਖਵਿੰਦਰ ਸਿੰਘ ਮੰਜਿਆਂਵਾਲੀ (ਬੀਕੇਯੂ ਉਗਰਾਹਾਂ) ਪਲਵਿੰਦਰ ਸਿੰਘ ਮਠੋਲਾ (ਬੀਕੇਯੂ ਰਾਜੇਵਾਲ )ਐਸ ਪੀ ਸਿੰਘ ਗੋਸਲ (ਸਾਬਕਾ ਸੈਨਿਕ ਸੰਘਰਸ਼ ਕਮੇਟੀ) ਤੋਂ ਇਲਾਵਾ ਮਜ਼ਦੂਰ ਆਗੂਆਂ ਜੋਗਿੰਦਰ ਪਾਲ ਘਰਾਲਾ, ਸੁਖਦੇਵ ਰਾਜ ਬਹਿਰਾਮਪੁਰ, ਧਿਆਨ ਸਿੰਘ ਠਾਕੁਰ, ਐਮ ਸੀ ਐਡਵੋਕੇਟ ਸੁਖਵਿੰਦਰ ਸਿੰਘ, ਜਮੀਨ ਬਚਾਓ ਸੰਘਰਸ਼ ਕਮੇਟੀ ਦੇ ਦਵਿੰਦਰ ਸਿੰਘ ਸੋਨਾ ਅਤੇ ਸੰਘਰਸ਼ ਕਮੇਟੀ ਦੇ ਇੱਕ ਹੋਰ ਆਗੂ ਪਰਮਜੀਤ ਕੌਰ ਤੋਂ ਇਲਾਵਾ (ਗੁਰਬੀਰ ਸਿੰਘ ਰਾਜੂ ਘੁਰਾਲਾ) ਨੇ ਕੀਤੀ ਗੁਲਜਾਰ ਸਿੰਘ ਬਸੰਤਕੋਟ, ਅਸ਼ਵਨੀ ਕੁਮਾਰ ਲਖਣ ਕਲਾਂ ਆਦਿ ਨੇ ਵੀ ਸੰਬੋਧਨ ਕੀਤਾ ।ਇਸ ਮੌਕੇ ਬੋਲਦਿਆਂ ਬੁਲਾਰਿਆਂ ਨੇ ਮਾਨ ਸਰਕਾਰ ਦੀ ਸਖਤ ਆਲੋਚਨਾ ਕੀਤੀ ਕਿ ਉਹ ਕਿਸਾਨਾਂ ਦੇ ਹਿਤੈਸ਼ੀ ਹੋਣ ਦਾ ਵਾਦਾ ਕਰਕੇ ਸੱਤਾ ਵਿੱਚ ਆਈ ਸੀ ਪਰ ਹੁਣ ਸਭ ਤੋਂ ਵੱਧ ਕਿਸਾਨਾਂ ਨਾਲ ਦੁਸ਼ਮਣੀ ਪਾਲ ਰਹੀ ਹੈ। ਲੋਕਾਂ ਦੀ ਮੰਗ ਤਾਂ ਰੁਜ਼ਗਾਰ ਹੈ। ਕਿਸਾਨਾਂ ਦੀ ਮੰਗ ਹੈ ਕਿ ਐਮਐਸਪੀ ਦਿੱਤੀ ਜਾਵੇ। ਮਜ਼ਦੂਰਾਂ ਦੀ ਮੰਗ ਹੈ ਕਿ ਉਹਨਾਂ ਦੇ ਪੁਰਾਣੇ ਕਨੂੰਨ ਬਹਾਲ ਕੀਤੇ ਜਾਣ ਅਤੇ ਪੂਰਾ ਸਾਲ ਕੰਮ ਦਿੱਤਾ ਜਾਵੇ। ਇਹ ਮੰਗ ਤਾਂ ਕਿਸੇ ਨੇ ਕੀਤੀ ਹੀ ਨਹੀਂ ਕਿ ਸਾਨੂੰ ਪਲਾਟ ਚਾਹੀਦੇ ਹਨ ਜਾਂ ਕਲੋਨੀਆਂ ਚਾਹੀਦੀਆਂ ਹਨ ? ਫਿਰ ਐਸੀਆਂ ਕਲੋਨੀਆਂ ਬਣਾਉਣ ਦੀ ਕੀ ਲੋੜ ਹੈ ? ਸਿਰਫ ਅਮੀਰਾਂ ਤੋਂ ਪੈਸੇ ਉਗਰਾਹੁਣ ਵਾਸਤੇ ਸਸਤੇ ਭਾ ਜਮੀਨ ਖਰੀਦ ਕੇ ਬਹੁਤ ਮਹਿੰਗੇ ਭਾ ਵੇਚਣ ਵਾਸਤੇ ਮੁਨਾਫਾ ਕਮਾਉਣ ਵਾਸਤੇ ।ਇਹ ਕਿਸਾਨਾਂ ਨਾਲ ਧੱਕਾ ਕਿਸੇ ਦੀ ਹਾਲਤ ਵਿੱਚ ਨਹੀਂ ਹੋਣ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਇਹ ਪਿੰਡ ਘਰਾਲਾ ਪਹਿਲਾਂ ਵੀ ਦੋ ਵਾਰ ਉੱਜੜ ਚੁੱਕਾ ਹੈ ਇਸ ਦੀ ਜਮੀਨ ਪਹਿਲਾਂ ਹਾਈਵੇ ਵਿੱਚ ਅਤੇ ਫਿਰ ਇੰਪਰੂਵਮੈਂਟ ਟਰੱਸਟ ਵਿੱਚ ਆ ਚੁੱਕੀ ਹੈ ਤੇ ਜੋ ਰਹਿ ਗਇ ਸੀ ਉਸਦਾ ਹੁਣ ਸਫਾਇਆ ਕੀਤਾ ਜਾ ਰਿਹਾ ਹੈ ਅੱਗੋਂ ਸਪਸ਼ਟ ਕੀਤਾ ਕਿ ਇਸ ਨਾਲ ਕਿਸਾਨ ਭੁੱਖੇ ਮਰ ਜਾਣਗੇ । ਕਿਸਾਨੀ ਤੇ ਜੋ ਨਿਰਭਰ ਕਰਦੀ ਜਮੀਨਾਂ ਤੇ ਮਜ਼ਦੂਰ ਹਨ ਉਹ ਵੀ ਬੇਰੁਜ਼ਗਾਰ ਤੇ ਹੱਥਲ ਹੋਣਗੇ। ਫੈਸਲਾ ਕੀਤਾ ਗਿਆ ਕਿ ਇਸ ਸਬੰਧੀ ਪਹਿਲਾਂ ਦਰਖਾਸਤਾਂ ਪੰਜਾਬ ਦੇ ਚੀਫ ਸਕੱਤਰ ਨੂੰ ਈਮੇਲਾਂ ਰਾਹੀਂ ਅਤੇ ਡਿਪਟੀ ਕਮਿਸ਼ਨਰਾਂ ਨੂੰ ਦਿੱਤੀਆਂ ਜਾ ਚੁੱਕੀਆਂ ਹਨ ਹੁਣ ਐਫੀਡੈਵਟ ਸਾਰੇ ਉੱਚ ਅਧਿਕਾਰੀਆਂ ਨੂੰ ਦਿੱਤੇ ਜਾਣਗੇ ਕਿ ਉਹ ਜਮੀਨ ਨਹੀਂ ਦੇਣੀ ਚਾਹੁੰਦੇ ਇਸ ਮੌਕੇ ਸਾਰੇ ਹਾਜ਼ਰ ਲੋਕਾਂ ਨੇ ਇੱਕ ਮੱਤ ਹੋ ਕੇ ਇਸ ਦੀ ਪਰੋੜਤਾ ਕੀਤੀ ਕਿ ਲੈਂਡ ਫੂਲਿੰਗ ਐਕਟ ਤਹਿਤ ਜਾਰੀ ਕੀਤਾ ਨੋਟੀਫਿਕੇਸ਼ਨ ਫੌਰੀ ਰੱਦ ਕੀਤਾ ਜਾਵੇ ।ਇੱਕ ਹੋਰ ਮਸੇ ਰਾਹੀਂ ਮਾਓਵਾਦੀ ਕਹਿ ਕੇ ਜੋ ਘਰਾਂ ਚੋਂ ਕੱਢ ਕੇ ਲੋਕਾਂ ਨੂੰ ਮਾਰਿਆ ਜਾ ਰਿਹਾ ਹੈ ਅਤੇ ਉਹਨਾਂ ਨੂੰ ਨਕਸਲੀ ਕਿਹਾ ਜਾ ਰਿਹਾ ਹੈ ਇਸ ਲਈ ਕੇਂਦਰ ਸਰਕਾਰ ਦੀ ਸਖਤ ਨਿਖੇਧਿਕ ਕੀਤੀ ਗਈ। ਇੱਕ ਹੋਰ ਮਤੇ ਰਾਹੀਂ ਦਲਜੀਤ ਦੁਸਾਂਝ ਦੀ ਫਿਲਮ ਸਰਦਾਰ ਜੀ- 3 ਉਤੇ ਰੋਕ ਲਾਉਣ ਦੀ ਕੇਂਦਰ ਸਰਕਾਰ ਦੀ ਸਖਤ ਅਲੋਚਨਾ ਕੀਤੀ। ਇਸੇ ਤਰਾਂ ਹੀ ਮਤਾ ਪਾਸ ਕੀਤਾ ਗਿਆ ਕਿ ਨੌ ਜੁਲਾਈ ਦੀ ਦੇਸ਼ ਵਿਆਪੀ ਹੜਤਾਲ ਵਿੱਚ ਵੱਡੀ ਪੱਧਰ ਤੇ ਹਿੱਸਾ ਲਿਆ ਜਾਵੇਗਾ ਅਤੇ ਪੁਰਾਣੇ ਬਸ ਸਟੈਂਡ ਇਕੱਤਰ ਹੋਇਆ ਜਾਵੇਗਾ। ਅਖੀਰ ਵਿੱਚ ਜਮੀਨ ਬਚਾਓ ਸੰਘਰਸ਼ ਕਮੇਟੀ ਦੇ ਕਨਵੀਨਰ ਦਵਿੰਦਰ ਸਿੰਘ ਸੋਨਾ ਸ਼ਾਹ ਨੇ ਸਭ ਦਾ ਧੰਨਵਾਦ ਕੀਤਾ ਇਸ ਮੌਕੇ ਕਿਸਾਨ ਆਗੂ ਰਘਬੀਰ ਸਿੰਘ ਚਾਹਲ, ਗੁਰਦੀਪ ਸਿੰਘ ਮੁਸਤਫਾਬਾਦ, ਅਜੀਤ ਸਿੰਘ ਹੁੰਦਲ ,ਦਲਬੀਰ ਸਿੰਘ ਡੁਗਰੀ, ਗੁਰਪ੍ਰਤਾਪ ਸਿੰਘ ,ਮੰਗਤ ਸਿੰਘ ਜੀਵਨ ਚੱਕ, ਮੱਖਣ ਸਿੰਘ ਤਿੱਬੜ, ਜਗੀਰ ਸਿੰਘ ਸਲਾਚ,ਕਪੂਰ ਸਿੰਘ ਘੁੰਮਣ ' ਸਰਵਣ ਸਿੰਘ ਮਾਨ, ਡਾਕਟਰ ਬਲਬੀਰ ਸਿੰਘ ਪੀਰਾਂਬਾਗ ,ਬਲਬੀਰ ਸਿੰਘ ਬੈਂਸ, ਅਮਰਜੀਤ ਕੌਰ, ਰਣਜੀਤ ਸਿੰਘ ਰਾਣਾ, ਕੁਲਵਿੰਦਰ ਸਿੰਘ ਤਿੱਬੜ, ਗੁਰਮੀਤ ਸਿੰਘ ਮਗਰਾਲਾ, ਜਗਜੀਤ ਸਿੰਘ ਅਲੂਣਾ, ਮਨਜੋਤ ਸਿੰਘ ਵਰਸੋਲਾ,ਰਕੇਸ ਸ਼ਰਮਾ ਜਿੰਮੀ, ਕੰਵਲਜੀਤ ਸਿੰਘ ਲੰਬਰਦਾਰ,ਆਦਿ ਵੀ ਹਾਜ਼ਰ ਸਨ

# ਡੀ.ਸੀ. ਵੱਲੋਂ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਸੀ.ਐਸ.ਆਰ. ਗਤੀਵਿਧੀਆਂ ਦਾ ਦਾਇਰਾ ਵਧਾਉਣ ਦੀ ਤਾਕੀਦ



ਸ਼ਹੀਦ ਭਗਤ ਸਿੰਘ ਨਗਰ, 2 ਜੁਲਾਈ: (ਸੁਖਦੇਵ ਸਿੰਘ ਉੜਾਪੜ)ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜ ਇੱਥੇ ਕੰਪਨੀਜ਼ ਐਕਟ ਤਹਿਤ ਜ਼ਿਲ੍ਹੇ ਦੀਆਂ ਵੱਖ-ਵੱਖ ਕੰਪਨੀਆਂ ਅਤੇ ਉਦਯੋਗਿਕ ਇਕਾਈਆਂ ਦੇ ਨੁਮਾਇੰਦਿਆਂ ਨਾਲ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (ਸੀ.ਐਸ.ਆਰ.) ਬਾਰੇ ਵਿਚਾਰਾਂ ਕਰਦਿਆਂ ਸੀ.ਐਸ.ਆਰ. ਦਾ ਦਾਇਰਾ ਹੋਰ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ।ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕੰਪਨੀਆਂ ਦੇ ਨੁਮਾਇੰਦਿਆਂ ਨੂੰ ਕਿਹਾ ਕਿ ਸੀ.ਐਸ.ਆਰ. ਤਹਿਤ ਸਿੱਖਿਆ, ਸਿਹਤ, ਵਾਤਾਵਰਨ ਸੰਭਾਲ, ਮਹਿਲਾ ਸਸ਼ਕਤੀਕਰਨ ਅਤੇ ਸਮਾਜਿਕ ਪੱਧਰ ਨੂੰ ਹੋਰ ਉੱਚਾ ਚੁੱਕਣ ਵਾਲੇ ਖੇਤਰਾਂ ਦੀ ਮਜ਼ਬੂਤੀ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਵਿਦਿਅਕ ਸੰਸਥਾਵਾਂ ਵਿੱਚ ਲੋੜਵੰਦ ਵਿਦਿਆਰਥੀਆਂ ਦੀ ਸ਼ਨਾਖਤ ਕਰਕੇ ਸੀ.ਐਸ.ਆਰ. ਤਹਿਤ ਮਦਦ ਕੀਤੀ ਜਾਵੇ ਤਾਂ ਕਿ ਇਹ ਬੱਚੇ ਆਪਣੇ ਸੁਪਨੇ ਸਾਕਾਰ ਕਰ ਸਕਣ। ਉਨ੍ਹਾਂ ਕਿਹਾ ਕਿ ਸੀ.ਐਸ.ਆਰ. ਤਹਿਤ ਚਾਲੂ ਵਿੱਤੀ ਸਾਲ ਲਈ ਕਾਰਜ ਯੋਜਨਾ ਤਿਆਰ ਕਰਕੇ ਅਸਰਦਾਰ ਢੰਗ ਨਾਲ ਲਾਗੂ ਕਰਨ ਨੂੰ ਹਰ ਹਾਲ ਯਕੀਨੀ ਬਣਾਇਆ ਜਾਵੇ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸੀ.ਐਸ.ਆਰ. ਫੰਡਾਂ ਨੂੰ ਨੌਜਵਾਨਾਂ ਦੇ ਸਰਬਪੱਖੀ ਵਿਕਾਸ, ਸਮਾਜਿਕ ਭਲਾਈ ਅਤੇ ਰੋਜ਼ਗਾਰ ਉਤਪਤੀ ਲਈ ਵੀ ਵਰਤਿਆ ਜਾਣਾ ਚਾਹੀਦਾ ਹੈ ਜਿਸ ਨਾਲ ਨੌਜਵਾਨਾਂ ਖਾਸ ਕਰਕੇ ਲੋੜਵੰਦ ਅਤੇ ਬੇਰੁਜ਼ਗਾਰਾਂ ਨੂੰ ਬੇਹੱਦ ਲਾਭ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਕਾਰਜ ਲਈ ਜ਼ਿਲ੍ਹਾ ਪ੍ਰਸ਼ਾਸਨ ਕੰਪਨੀਆਂ ਦੀ ਹਰ ਸੰਭਵ ਮਦਦ ਨੂੰ ਯਕੀਨੀ ਬਣਾਏਗਾ ਤਾਂ ਜੋ ਇਨ੍ਹਾਂ ਫੰਡਾਂ ਦੀ ਸੁਚੱਜੀ ਵਰਤੋਂ ਅਮਲ ਵਿੱਚ ਲਿਆਂਦੀ ਜਾ ਸਕੇ। ਉਨ੍ਹਾਂ ਨੇ ਇਨ੍ਹਾਂ ਫੰਡਾਂ ਦੀ ਵਰਤੋਂ ਵਿੱਚ ਪੂਰਨ ਪਾਰਦਰਸ਼ਤਾ ਨੂੰ ਵੀ ਯਕੀਨੀ ਬਣਾਉਣ ਦੀ ਗੱਲ ਕਰਦਿਆਂ ਕਿਹਾ ਕਿ ਜਨਤਕ ਹਿੱਤਾਂ ਦੇ ਮੱਦੇਨਜ਼ਰ ਸੀ.ਐਸ.ਆਰ. ਦੇ ਉਪਰਾਲੇ ਨਾਲ ਸਮਾਜ ਭਲਾਈ ਦੇ ਕਾਰਜਾਂ ਨੂੰ ਨਵੀਂ ਰਫ਼ਤਾਰ ਦਿੱਤੀ ਜਾ ਸਕਦੀ ਹੈ। ਉਨ੍ਹਾਂ ਨੇ ਕੰਪਨੀ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਸੀ.ਐਸ.ਆਰ. ਤਹਿਤ ਕੀਤੇ ਜਾਣ ਵਾਲੇ ਕਾਰਜਾਂ ਲਈ ਵੱਖ-ਵੱਖ ਵਿਭਾਗਾਂ ਵੱਲੋਂ ਪੂਰਨ ਸਹਿਯੋਗ ਅਤੇ ਤਾਲਮੇਲ ਕੀਤਾ ਜਾਵੇਗਾ। ਇਸ ਮੌਕੇ ਸੀਨੀਅਰ ਅਧਿਕਾਰੀਆਂ ਤੋਂ ਇਲਾਵਾ ਸੈਂਟਰੀਐਂਟ ਫਾਰਮਾ ਤੋਂ ਪ੍ਰਵੀਨ ਸ਼ਰਮਾ, ਐਸ.ਐਮ.ਐਲ. ਇਸਜ਼ੂ ਤੋਂ ਰਜਿੰਦਰ, ਸ਼੍ਰੇਅਸ ਇੰਡਸਟਰੀ ਤੋਂ ਰਾਜਨ ਮੌਦਗਿੱਲ, ਸਨ ਫਾਰਮਾ ਤੋਂ ਸੁਰਜੀਤ ਕੁਮਾਰ, ਤੋਪਨ ਸਪੈਸ਼ਲਿਟੀ ਫਿਲਮਜ਼ ਤੋਂ ਅੰਕੁਸ਼ ਭਾਰਦਵਾਜ ਤੇ ਪ੍ਰਦੀਪ ਕੁਮਾਰ, ਹੈਲਥਕੇਅਰ ਤੋਂ ਜਸਵਿੰਦਰ ਸਿੰਘ ਤੇ ਹੋਰ ਵੀ ਮੌਜੂਦ ਸਨ।

# ਪੰਨੂ ਨੇ ਜੋਬਨ ਰੰਧਾਵਾ ਨੂੰ ਦਿੱਤੀਆਂ ਮੁਬਾਰਕਾਂ



ਬਟਾਲਾ 2,ਜੁਲਾਈ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ)- ਬੀਤੇ ਦਿਨੀ ਆਪ ਦੀ ਹਾਈ ਕਮਾਂਡ ਵੱਲੋਂ ਨਵੀ ਨਿਯੁਕਤੀਆਂ ਕੀਤੀਆਂ ਗਈਆਂ ਜਿਸ ਜੋਬਨ ਰੰਧਾਵਾ ਨੂੰ ਜ਼ਿਲ੍ਹਾ ਗੁਰਦਾਸਪੁਰ (ਦਿਹਾਤੀ)ਦਾ ਜ਼ਿਲ੍ਹਾ ਇੰਚਾਰਜ ਬਣਾਇਆ ਗਿਆ ਜਿਸ ਨਾਲ ਪੂਰੇ ਹਲਕਾ ਫ਼ਤਹਿਗੜ੍ਹ ਚੂੜੀਆਂ ਚ ਖੁਸ਼ੀ ਦੀ ਲਹਿਰ ਦੌੜ ਗਈ ਤੇ ਵਧਾਈਆਂ ਦੇਣ ਵਾਲਿਆਂ ਦੀਆਂ ਲਾਈਨਾਂ ਲੱਗ ਗਈਆਂ।ਇਸੇ ਸਿਲਸਲੇ ਤਹਿਤ ਗੁਰਵਿੰਦਰ ਸਿੰਘ ਪੰਨੂ ਵੀ ਜੋਬਨ ਰੰਧਾਵਾ ਦੀ ਨਵ-ਨਿਯੁਕਤੀ ਲਈ ਉਨ੍ਹਾਂ ਨੂੰ ਵਧਾਈਆਂ ਦੇਣ ਉਨ੍ਹਾਂ ਦੇ ਗ੍ਰਿਹ ਸਥਾਨ ਤੇ ਪਹੁੰਚੇ ਤੇ ਉਨ੍ਹਾਂ ਨੂੰ ਮੁਬਾਰਕਾਂ ਦਿੱਤੀਆਂ ਅੱਗੇ ਉਨ੍ਹਾਂ ਕਿਹਾ ਕਿ ਜੋਬਨ ਰੰਧਾਵਾ ਦੀ ਇਸ ਨਿਯੁਕਤੀ ਨਾਲ ਆਮ ਆਦਮੀ ਪਾਰਟੀ ਜ਼ਿਲ੍ਹੇ ਚ ਹੋਰ ਮਜਬੂਤ ਹੋਵੇਗੀ।

# 6 ਰੁਪਏ ਦੀ ਲਾਟਰੀ ਚ ਨਿਕਲੇ ਹਜ਼ਾਰਾਂ ਦੇ ਇਨਾਮ 200 ਵਿਜੇਤਾ ਦੀ ਚਮਕੀ ਕਿਸਮਤ




ਮੱਲਾਂ ਵਾਲਾ ( ਹਰਪਾਲ ਸਿੰਘ ਖਾਲਸਾ)- ਫਿਰੋਜ਼ਪੁਰ ਸਿਟੀ ਦੇ ਉਧਮ ਸਿੰਘ ਚੌਂਕ ਮਾਰਕਿਟ 'ਚ ਸਥਿਤ ਐਨ. ਕੇ. ਲਾਟਰੀ ਸੈਂਟਰ ਵਿੱਚ ਇਸ ਵੇਲੇ ਬਹੁਤ ਜ਼ਿਆਦਾ ਉਤਸ਼ਾਹ ਦਾ ਮਾਹੌਲ ਬਣਿਆ ਹੋਇਆ ਹੈ, ਜਿੱਥੇ ਲੋਕ 6 ਅਤੇ 10 ਰੁਪਏ ਦੀ ਟਿਕਟਾਂ ਨਾਲ ਵੱਡੀ ਰਕਮ ਜਿੱਤ ਰਹੇ ਹਨ। ਇਸ ਲਾਟਰੀ ਦੀ ਦੁਕਾਨ ਤੋਂ ਪਿਛਲੇ ਕੁਝ ਮਹੀਨਿਆਂ ਵਿੱਚ ਕਈ ਲੋਕਾਂ ਨੂੰ ਵੱਡੇ ਇਨਾਮ ਜਿੱਤਣ ਦਾ ਮੌਕਾ ਮਿਲਿਆ ਹੈ, ਜਿਸ ਕਾਰਨ ਲੋਕਾਂ ਵਿੱਚ ਇੱਕ ਨਵਾਂ ਜਜ਼ਬਾ ਉਭਰਿਆ ਹੈ। ਏਜੰਸੀ ਦੇ ਸਾਂਚਾਲਕ ਪਰਵਿੰਦਰ ਸਿੰਘ ਨੇ ਦੱਸਿਆ ਕਿ 200 ਇਨਾਮ ਨਿਕਲੇ। ਇੱਕ ਗਾਹਕ ਨੇ 6 ਰੁਪਏ ਦੀ ਲਾਟਰੀ ਤੋਂ 9000 ਹਜਾਰ ਰੁਪਏ ਜਿੱਤੇ, ਜਦਕਿ 200 ਵਜੇਤਾ ਨੇ 6 ਰੁਪਏ ਦੀ ਲਾਟਰੀ ਤੋਂ 9000-ਹਜਾਰ ਦੇ ਹਿਸਾਬ ਨਾਲ 18 ਲੱਖ ਰੁਪਏ ਦੇ ਇਨਾਮ ਜਿੱਤੇ ਹਨ ।ਉਹਨਾਂ ਨੇ ਇਹ ਵੀ ਕਿਹਾ ਕਿ ਇਸ ਤੋਂ ਪਹਿਲਾਂ ਵੀ ਉਨ੍ਹਾਂ ਦੀ ਦੁਕਾਨ ਤੋਂ ਪੰਜਾਬ ਸਟੇਟ ਡੀਅਰ ਬੰਪਰਾਂ ਅਤੇ ਹੋਰ ਲਾਟਰੀਆਂ ਵਿੱਚ ਲੱਖਾਂ ਕਰੋੜਾਂ ਦੇ ਇਨਾਮ ਨਿਕਲ ਚੁੱਕੇ ਹਨ। ਉਹਨਾਂ ਦੱਸਿਆ ਕਿ ਇਸ ਵਾਰ ਛੋਟੀ ਰਕਮ ਦੀ ਲਾਟਰੀ ਵਿੱਚ ਵੱਡੇ ਇਨਾਮਾਂ ਦੇ ਨਿਕਲਣ ਨਾਲ ਗਾਹਕਾਂ ਵਿੱਚ ਖ਼ੁਸ਼ੀ ਦਾ ਮਾਹੌਲ ਹੈ। ਲੋਕਾਂ ਵਿੱਚ ਹੁਣ ਆਪਣੀ ਕਿਸਮਤ ਅਜ਼ਮਾਉਣ ਲਈ ਇਸ ਲਾਟਰੀ ਸੈਂਟਰ 'ਤੇ ਆਉਣ ਦੀ ਹੋੜ ਮਚੀ ਹੋਈ ਹੈ। ਪਰਵਿੰਦਰ ਸਿੰਘ ਨੇ ਲੋਕਾਂ ਨੂੰ ਨਿਮੰਤਰਿਤ ਕੀਤਾ ਕਿ ਜੋ ਵੀ ਆਪਣੀ ਕਿਸਮਤ ਅਜ਼ਮਾਉਣਾ ਚਾਹੁੰਦੇ ਹਨ,ਉਹ ਫਿਰੋਜ਼ਪੁਰ ਉਧਮ ਸਿੰਘ ਚੌਂਕ ਐਨ.ਕੇ.ਲਾਟਰੀ ਏਜੰਸੀ 'ਤੇ ਆ ਕੇ ਸਿਰਫ 500 ਰੁਪਏ ਵਿੱਚ 7 ਕਰੋੜ ਵਾਲੀ ਪੰਜਾਬ ਸਟੇਟ ਡੀਅਰ ਰਾਖੀ ਬੰਪਰ ਦਾ ਫਾਇਦਾ ਵੀ ਉਠਾ ਸਕਦੇ ਹਨ। ਇਹ ਐਨ. ਕੇ. ਏਜੰਸੀ ਫਿਰੋਜ਼ਪੁਰ ਊਧਮ ਸਿੰਘ ਚੌਂਕ ਵਿੱਚ ਇਕ ਪ੍ਰਮੁੱਖ ਆਕਰਸ਼ਣ ਬਣ ਗਿਆ ਹੈ, ਜਿੱਥੇ ਲੋਕ ਮਹਿਜ਼ 6 ਅਤੇ 10 ਰੁਪਏ ਦੀ ਟਿਕਟ ਨਾਲ ਵੱਡੇ ਇਨਾਮ ਜਿੱਤਣ ਦੀ ਆਸ ਨਾਲ ਆ ਰਹੇ ਹਨ।

# ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਸਰਟੀਫਿਕੇਟ ਵੰਡ ਸਮਾਰੋਹ



ਲੁਧਿਆਣਾ 2 ਜੁਲਾਈ (ਕਰਨੈਲ ਸਿੰਘ ਐੱਮ.ਏ.) ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ 'ਸਮਰ ਕਰੈਸ਼ ਕੋਰਸ' ਦੇ ਪੂਰਾ ਹੋਣ 'ਤੇ 'ਸਰਟੀਫਿਕੇਟ ਵੰਡ ਸਮਾਰੋਹ' ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਸਥਾ ਦੇ ਵਿਦਿਆਰਥੀਆਂ ਨੇ ਬਾਲੀਵੁੱਡ ਸੰਗੀਤ, ਨਾਚ ਅਤੇ ਸਾਜ਼ਾਂ ਦੀ ਸੁੰਦਰ ਪੇਸ਼ਕਾਰੀ ਦਿੱਤੀ।ਪ੍ਰੋਗਰਾਮ ਦੀ ਸ਼ੁਰੂਆਤ ਵਿੱਚ, ਇਸ਼ਮੀਤ ਸਿੰਘ ਸੰਗੀਤ ਸੰਸਥਾ ਦੇ ਡਾਇਰੈਕਟਰ ਡਾ: ਚਰਨ ਕਮਲ ਸਿੰਘ ਨੇ ਹਾਜ਼ਰ ਪਤਵੰਤਿਆਂ ਦਾ ਸਵਾਗਤ ਕੀਤਾ ਅਤੇ ਸੰਸਥਾ ਵਿੱਚ ਚਲਾਏ ਜਾ ਰਹੇ ਕੋਰਸਾਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇੱਥੇ ਗਾਉਣ, ਨੱਚਣ ਅਤੇ ਵੱਖ-ਵੱਖ ਸੰਗੀਤਕ ਸਾਜ਼ ਵਜਾਉਣ ਦੀ ਸਹੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਪਾਠਕ੍ਰਮ ਅਨੁਸਾਰ ਆਡੀਓ-ਵੀਡੀਓ ਤਕਨਾਲੋਜੀ ਆਦਿ ਦੇ ਕੋਰਸ ਵੀ ਕਰਵਾਏ ਜਾਂਦੇ ਹਨ।ਉਨ੍ਹਾਂ ਦੱਸਿਆ ਕਿ ਸੰਸਥਾ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਉਪਲਬਧ ਹਨ ਅਤੇ ਇੱਥੋਂ ਸਿਖਲਾਈ ਪ੍ਰਾਪਤ ਕਰਕੇ, ਵਿਦਿਆਰਥੀ ਇੱਕ ਉੱਜਵਲ ਭਵਿੱਖ ਵੱਲ ਵਧ ਸਕਦੇ ਹਨ ਅਤੇ ਫਿਲਮ ਅਤੇ ਸੰਗੀਤ ਜਗਤ ਵਿੱਚ ਆਪਣੀ ਵਿਸ਼ੇਸ਼ ਪਛਾਣ ਬਣਾ ਸਕਦੇ ਹਨ।ਇਸ ਮੌਕੇ ਡਾ: ਪ੍ਰਗਤੀ ਵਰਮਾ (ਆਈ.ਏ.ਐਸ.), ਏ.ਸੀ.ਏ. ਗਲਾਡਾ ਅਤੇ ਵਿਸ਼ੇਸ਼ ਮਹਿਮਾਨ ਸ੍ਰ: ਜਸਦੇਵ ਸਿੰਘ ਸੇਖੋਂ, ਜ਼ੋਨਲ ਕਮਿਸ਼ਨਰ, ਨਗਰ ਨਿਗਮ ਮੁੱਖ ਮਹਿਮਾਨ ਵਜੋਂ ਮੌਜੂਦ ਰਹੇ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਡਾ: ਪ੍ਰਗਤੀ ਵਰਮਾ ਨੇ ਕਿਹਾ ਕਿ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਦਿਆਰਥੀਆਂ ਵਿੱਚ ਸਾਫਟ ਆਰਟਸ ਨੂੰ ਉਜਾਗਰ ਕਰ ਰਿਹਾ ਹੈ, ਜੋ ਭਵਿੱਖ ਦੇ ਸਮਾਜ ਨੂੰ ਇੱਕ ਦੂਜੇ ਪ੍ਰਤੀ ਸੰਵੇਦਨਸ਼ੀਲ ਬਣਾਉਂਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਗਲਾਡਾ ਵੱਲੋਂ ਸੰਸਥਾ ਨੂੰ ਹਰ ਜ਼ਰੂਰੀ ਸਹਾਇਤਾ ਦਿੱਤੀ ਜਾਵੇਗੀ। ਸ੍ਰ: ਜਸਦੇਵ ਸਿੰਘ ਸੇਖੋਂ ਨੇ ਕਿਹਾ ਕਿ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਸੰਗੀਤ ਦੇ ਖੇਤਰ ਵਿੱਚ ਪੰਜਾਬ ਸਰਕਾਰ ਦੀ ਇੱਕ ਮਹੱਤਵਪੂਰਨ ਸੰਸਥਾ ਹੈ। ਇਸ ਸੰਸਥਾ ਵਿੱਚ ਦਿੱਤੀ ਜਾ ਰਹੀ ਉੱਚ ਪੱਧਰੀ ਸਿੱਖਿਆ ਬਾਰੇ ਲੁਧਿਆਣਾ ਦੇ ਨਾਗਰਿਕਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦੇਣ ਲਈ ਨਿਗਮ ਵੱਲੋਂ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ।ਇਸ ਕੋਰਸ ਵਿੱਚ ਸ਼ਿਵਮ, ਸੂਰਜ, ਦਮਨੀਤ ਕੌਰ, ਪ੍ਰਥਮ ਅਤੇ ਸਮੀਸ਼ਾ ਨੇ ਸੁਰੀਲਾ ਸੰਗੀਤ ਪੇਸ਼ ਕੀਤਾ। ਸੰਸਥਾ ਦੇ ਵਿਦਿਆਰਥੀਆਂ ਵੱਲੋਂ ਈਸ਼ਾਨੀ, ਨਿਜਲ, ਜਿਆਸ਼ੀ, ਜਸਮਾਇਰਾ ਅਤੇ ਰੌਸ਼ਨੀ ਦੁਆਰਾ ਭੰਗੜਾ ਅਤੇ ਕਥਕ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨੇ ਦਰਸ਼ਕਾਂ ਨੂੰ ਮੰਤਰਮੁਗਧ ਕੀਤਾ। ਕੀਬੋਰਡ ਅਥਰਵ, ਸਪਰਾ, ਨਿਜਲ, ਕਿਆਸ਼ ਦੁਆਰਾ ਪੇਸ਼ ਕੀਤਾ ਗਿਆ; ਤੇਜ ਪ੍ਰਤਾਪ ਅਤੇ ਗੀਤਾਂਜਲੀ ਦੁਆਰਾ ਢੋਲ; ਗਿਟਾਰ ਤਵਿਸ਼ਾ, ਅਨੰਨਿਆ, ਜੈਸਿਕਾ, ਕਰਮਨ, ਗੁਰਸੀਰਤ, ਬਨਾਜ, ਪ੍ਰਥਮ ਅਤੇ ਜਸਕੀਰਤ ਦੁਆਰਾ ਪੇਸ਼ ਕੀਤਾ ਗਿਆ। ਕਰੈਸ਼ ਕੋਰਸ ਦੇ ਵਿਦਿਆਰਥੀਆਂ ਨੇ 15 ਦਿਨਾਂ ਦੀ ਸਿਖਲਾਈ ਪ੍ਰਾਪਤ ਕੀਤੀ ਅਤੇ ਫਿਰ ਆਪਣੀਆਂ ਪੇਸ਼ਕਾਰੀਆਂ ਦਿੱਤੀਆਂ। ਇਸ ਤੋਂ ਬਾਅਦ, ਜੋ ਲੋਕ ਲੰਬੇ ਸਮੇਂ ਤੋਂ ਇਸ਼ਮੀਤ ਸਿੰਘ ਸੰਗੀਤ ਸੰਸਥਾ ਵਿੱਚ ਸਿਖਲਾਈ ਪ੍ਰਾਪਤ ਕਰ ਰਹੇ ਹਨ, ਨੇ ਸਟੇਜ 'ਤੇ ਪ੍ਰਦਰਸ਼ਨ ਕੀਤਾ। ਦਰਸ਼ਕਾਂ ਨੇ ਪੁਰਾਣੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਸੁਣੇ ਅਤੇ ਉਨ੍ਹਾਂ ਦੀ ਬਹੁਤ ਪ੍ਰਸੰਸਾ ਕੀਤੀ। ਪੁਰਾਣੇ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੂੰ ਦੇਖਣ ਤੋਂ ਬਾਅਦ, ਕਰੈਸ਼ ਕੋਰਸ ਦੇ ਜ਼ਿਆਦਾਤਰ ਮਾਪਿਆਂ ਨੇ ਫੈਸਲਾ ਕੀਤਾ ਕਿ ਉਹ ਆਪਣੇ ਬੱਚਿਆਂ ਨੂੰ ਨਿਯਮਤ ਕੋਰਸ ਵਿੱਚ ਦਾਖਲ ਕਰਵਾਉਣਗੇ। ਇਹ ਸੰਸਥਾ ਬੱਚਿਆਂ ਦੀ ਪ੍ਰਤਿਭਾ ਨੂੰ ਨਿਖਾਰਨ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਮਾਪਿਆਂ ਨੂੰ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦੀਆਂ ਸੇਵਾਵਾਂ ਅਤੇ ਤਕਨੀਕੀ ਸਹੂਲਤਾਂ ਦਾ ਲਾਭ ਉਠਾਉਣ ਲਈ ਵਿਸ਼ੇਸ਼ ਤੌਰ 'ਤੇ ਅਪੀਲ ਕੀਤੀ ਗਈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਕਰੈਸ਼ ਕੋਰਸ ਤੋਂ ਬਾਅਦ 6 ਮਹੀਨਿਆਂ ਦੇ ਅੰਦਰ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਜਾਵੇਗੀ। ਸਟੇਜ ਦਾ ਪ੍ਰਬੰਧਨ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦੀ ਡੀਨ ਮਿਸ ਪੂਜਾ ਅਤੇ ਡਾਂਸ ਟੀਚਰ ਮਿਸ ਸ਼ੀਤਲ ਸ਼ਰਮਾ ਦੁਆਰਾ ਬਹੁਤ ਹੀ ਸੁੰਦਰ ਅਤੇ ਯੋਜਨਾਬੱਧ ਢੰਗ ਨਾਲ ਕੀਤਾ ਗਿਆ।

# ਪੇਂਡੂ ਔਰਤਾਂ ਨੂੰ ਸਹਾਇਕ ਧੰਦੇ ਅਪਣਾਉਣ ਸਬੰਧੀ ਕੈਂਪ

ਸਮਰਾਲਾ 2 ਜੁਲਾਈ ( ਵਰਿੰਦਰ ਸਿੰਘ ਹੀਰਾ/ ਜਸਵੀਰ ਹੇੜੋਂ )ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਪੈਰਨ ਐਂਡ ਟੈਕਸਟਾਈਲ ਸਾਇੰਸ ਵਿਭਾਗ ਦੇ ਵਿਗਿਆਨੀ ਡਾ. ਪ੍ਰੇਰਣਾ ਕਪਿਲਾ ਦੀ ਅਗਵਾਈ ਹੇਠ ਘਰੇਲੂ ਔਰਤਾਂ ਨੂੰ ਸਹਾਇਕ ਧੰਦਿਆਂ ਨੂੰ ਅਪਣਾਉਣ ਸਬੰਧੀ ਨਜਦੀਕੀ ਪਿੰਡ ਕੁੱਲੇਵਾਲ ਵਿਖੇ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਪਿੰਡ ਦੀਆਂ 25 ਦੇ ਕਰੀਬ ਘਰੇਲੂ ਔਰਤਾਂ ਨੇ ਭਾਗ ਲਿਆ। ਇਸ ਮੌਕੇ ਡਾ. ਪ੍ਰੇਰਣਾ ਕਪਿਲਾ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਘਰੇਲੂ ਔਰਤਾਂ ਜੋ ਹਮੇਸ਼ਾਂ ਆਪਣੇ ਆਪ ਨੂੰ ਘਰੇਲੂ ਕੰਮਾਂ ਵਿੱਚ ਮਸ਼ਰੂਫ ਰੱਖ ਸਮਾਂ ਬਤੀਤ ਕਰਦੀਆਂ ਹਨ, ਉਨ੍ਹਾਂ ਨੂੰ ਆਪਣੇ ਘਰੇਲੂ ਕੰਮਾਂ ਦੇ ਨਾਲ ਨਾਲ ਸਹਾਇਕ ਧੰਦਿਆਂ ਨੂੰ ਵੀ ਅਪਣਾਉਣਾ ਚਾਹੀਦਾ ਹੈ, ਜਿਸ ਨਾਲ ਉਨ੍ਹਾਂ ਦੇ ਸਮੇਂ ਦੀ ਸਹੀ ਵਰਤੋਂ ਹੋਵੇਗੀ ਦੂਸਰਾ ਉਨ੍ਹਾਂ ਦੀ ਆਮਦਨ ਵਿੱਚ ਵੀ ਵਾਧਾ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਅੱਜ ਦੇ ਸਮੇਂ ਵਿੱਚ ਘਰੇਲੂ ਔਰਤਾਂ ਨੂੰ ਆਪਣੇ ਕੰਮਕਾਜ ਦੀ ਕਾਰਜ ਕੁਸ਼ਲਤਾ ਵਧਾਉਣੀ ਚਾਹੀਦੀ ਹੈ। ਉਨ੍ਹਾਂ ਸਹਾਇਕ ਧੰਦਿਆਂ ਦੀ ਗੱਲ ਕਰਦੇ ਹੋਏ ਕਿਹਾ ਕਿ ਜਿਵੇਂ ਅਚਾਰ ਬਣਾਉਣਾ, ਮੁਰੱਬੇ ਬਣਾਉਣਾ, ਸਾਬਣ, ਸੋਢਾ, ਫਲੌਰ ਕਲੀਨਰ, ਪੰਜੀਰੀ, ਜੂਸ ਆਦਿ ਬਣਾਉਣ ਸਹਾਇਕ ਧੰਦੇ ਅਪਣਾਉਣੇ ਚਾਹੀਦੇ ਹਨ, ਇਹ ਸਹਾਇਕ ਧੰਦੇ ਘਰੇਲੂ ਔਰਤਾਂ ਦੀ ਆਮਦਨ ਵਿੱਚ ਵਾਧਾ ਉਨ੍ਹਾਂ ਦੀ ਆਰਥਿਕਤਾ ਵਿੱਚ ਵੀ ਸਹਾਰਾ ਬਣੇਗੀ। ਇਸ ਮੌਕੇ ਸਮਾਜਸੇਵੀ ਰਾਜਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜੋ ਘਰੇਲੂ ਔਰਤਾਂ ਆਪਣੇ ਘਰੇਲੂ ਕੰਮਕਾਰਾਂ ਕਰਕੇ ਬਿਜਨਸ ਨਹੀਂ ਕਰ ਸਕਦੀਆਂ ਘੱਟੋ ਘੱਟ ਆਪਣੇ ਘਰ ਲਈ ਘਰੇਲੂ ਸਮਾਨ ਬਣਾ ਸਕਦੀਆਂ ਹਨ, ਕਿਉਂਕਿ ਬਜਾਰਾਂ ਵਿੱਚ ਹੋਰ ਰਹੀ ਲੁੱਟ ਤੋਂ ਨਿਜਾਤ ਮਿਲ ਸਕਦੀ ਹੈ।

# ਡੇਂਗੂ ਤੋਂ ਬਚਾਅ ਲਈ ਸਾਵਧਾਨੀਆਂ ਜ਼ਰੂਰੀ- ਡਾ: ਰਮਨਦੀਪ ਕੌਰ



ਲੁਧਿਆਣਾ 2 ਜੁਲਾਈ (ਕਰਨੈਲ ਸਿੰਘ ਐੱਮ.ਏ.) ਡੇਂਗੂ ਦੀ ਬਿਮਾਰੀ ਤੋਂ ਬਚਾਅ ਸੰਬੰਧੀ ਆਮ ਲੋਕਾਂ ਨੂੰ ਸਿਹਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਚਲਾਈ ਜਾ ਰਹੀ ਮੁਹਿੰਮ ਸੰਬੰਧੀ ਜਾਣਕਾਰੀ ਦਿੰਦੇ ਹੋਏ ਸਿਵਲ ਸਰਜਨ ਡਾ: ਰਮਨਦੀਪ ਕੌਰ ਨੇ ਦੱਸਿਆ ਕਿ ਬਰਸਾਤੀ ਮੌਸਮ ਦੌਰਾਨ ਡੇਂਗੂ ਦੇ ਖ਼ਤਰੇ ਨੂੰ ਮੁੱਖ ਰੱਖਦੇ ਹੋਏ ਸਿਹਤ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਸਾਵਧਾਨੀਆਂ ਅਤੇ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ ਤਾਂ ਹੀ ਡੇਂਗੂ ਦੀ ਬਿਮਾਰੀ ਤੇ ਕਾਬੂ ਪਾਇਆ ਜਾ ਸਕਦਾ ਹੈ । ਹੋਰ ਜਾਣਕਾਰੀ ਦਿੰਦਿਆਂ ਉਹਨਾਂ ਦੱਸਿਆ ਕਿ ਜੁਲਾਈ ਦਾ ਪੂਰਾ ਮਹੀਨਾ "ਐਂਟੀ ਡੇਂਗੂ ਮੰਥ"ਵਜੋਂ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਜ਼ਿਲ੍ਹੇ ਭਰ ਵਿੱਚ ਡੇਂਗੂ ਤੋਂ ਬਚਾਅ ਸੰਬੰਧੀ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ । ਉਨ੍ਹਾਂ ਲੁਧਿਆਣਾ ਵਾਸੀਆਂ ਨੂੰ ਅਪੀਲ ਕੀਤੀ ਕਿ ਡੇਂਗੂ ਫੈਲਾਉਣ ਵਾਲੇ ਮੱਛਰ ਦੀ ਪੈਦਾਇਸ਼ ਨੂੰ ਰੋਕਣ ਲਈ ਆਪਣੇ ਘਰਾਂ ਅਤੇ ਆਲੇ ਦੁਆਲੇ ਦੀ ਸਫ਼ਾਈ ਕੀਤੀ ਜਾਵੇ ਅਤੇ ਘਰਾਂ ਦੀਆਂ ਛੱਤਾਂ ਤੇ ਪਏ ਹੋਏ ਕਬਾੜ ਆਦਿ ਨੂੰ ਸਾਫ਼ ਕੀਤਾ ਜਾਵੇ ।ਜ਼ਿਲ੍ਹਾ ਐਪੀਡੀਮੋਲੋਜਿਸਟ ਡਾ: ਸ਼ੀਤਲ ਨਾਰੰਗ ਨੇ ਦੱਸਿਆ ਕਿ ਡੇਂਗੂ ਦੀ ਰੋਕਥਾਮ ਲਈ ਜ਼ਿਲ੍ਹੇ ਭਰ ਵਿੱਚ ਟੀਮਾਂ ਘਰ-ਘਰ ਜਾ ਕੇ ਡੇਂਗੂ ਦਾ ਸਰਵੇ ਕਰ ਰਹੀਆਂ ਹਨ ਤਾਂ ਕਿ ਡੇਂਗੂ ਫੈਲਾਉਣ ਵਾਲੇ ਮੱਛਰ ਦੇ ਲਾਰਵੇ ਦੀ ਭਾਲ ਕੀਤੀ ਜਾ ਸਕੇ । ਇਸ ਮੁਹਿੰਮ ਤਹਿਤ ਅੱਜ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫਸਰ ਪਰਮਿੰਦਰ ਸਿੰਘ ਅਤੇ ਜ਼ਿਲ੍ਹਾ ਬੀਸੀਸੀ ਕੋਆਰਡੀਨੇਟਰ ਬਰਜਿੰਦਰ ਸਿੰਘ ਬਰਾੜ ਨੇ ਸਰਕਾਰੀ ਹਾਈ ਸਕੂਲ ਬਾੜੇਵਾਲ ਲੁਧਿਆਣਾ ਵਿਖੇ ਸਕੂਲੀ ਵਿਦਿਆਰਥੀਆਂ ਨੂੰ ਡੇਂਗੂ ਤੋਂ ਬਚਾਅ ਸੰਬੰਧੀ ਜਾਗਰੂਕ ਕੀਤਾ ।ਇਸ ਮੌਕੇ ਤੇ ਗਣਿਤ ਅਧਿਆਪਕ ਗੁਰਪ੍ਰੀਤ ਸਿੰਘ, ਹਿੰਦੀ ਮਿਸਟਰੈਸ ਕਮ ਨੋਡਲ ਅਫ਼ਸਰ ਹੈਲਥ ਮਨਪ੍ਰੀਤ ਕੌਰ ਅਤੇ ਅਵਤਾਰ ਸਿੰਘ ਕਲਰਕ ਤੋਂ ਇਲਾਵਾ ਹੋਰ ਸਟਾਫ਼ ਮੈਂਬਰ ਹਾਜ਼ਰ ਸਨ

# ਨਿਊ ਬ੍ਰਿਸਵਿਕ ਦੇ ਸ਼ਹਿਰ ਮੌਂਕਟਨ ਵਿਖੇ ਕਨੇਡਾ ਡੇ ਮਨਾਇਆ




ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਕਨੇਡਾ ਡੇ ਇੱਕ ਜੁਲਾਈ 1867 ਨੂੰ ਬ੍ਰਿਟੇਨ ਤੋਂ ਅਜਾਦ ਹੋਇਆ ਸੀ ਅਤੇ ਕਨੇਡਾ ਦਾ ਸੰਵਿਧਾਨ ਇੱਕ ਜੁਲਾਈ 1982 ਨੂੰ ਬਣਾਇਆ ਗਿਆ ਸੀ ਅਤੇ ਕਾਨੂੰਨੀ ਤੌਰ ਤੇ ਬ੍ਰਿਟੇਨ ਤੋਂ ਅਜਾਦ ਹੋ ਗਿਆ ਸੀ ਅੱਜ ਕਨੇਡਾ ਨਿਵਾਸੀਆਂ ਨੇ ਬੜੇ ਹਰਸ਼ੋਵਿਲਾਸ ਨਾਲ ਨਿਊ ਬ੍ਰਿਸਵਿਕ ਦੇ ਸ਼ਹਿਰ ਮੌਂਕਟਨ ਵਿੱਚ ਕਨੇਡਾ ਡੇ ਮਨਾਇਆ । ਅੱਜ ਸਰਕਾਰੀ ਛੁੱਟੀ ਕਾਰਨ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਅਦਾਰੇ ਪੂਰੀ ਤਰ੍ਹਾਂ ਬੰਦ ਰਹੇ ਅਤੇ ਰੀਵਰ ਸਾਈਡ ਪਾਰਕ ਵਿਖੇ ਈਰਿਸ਼ ਫੈਮਲੀ ਕਲਚਰ ਦੀ ਯਾਦਗਾਰ ਬਣੀ ਹੋਈ ਹੈ । ਈਰਿਸ਼ ਫੈਮਲੀ ਨੇ ਮੌਂਕਟਨ ਡਿਵੈਲਪਮੈਂਟ ਲਈ ਬਹੁਤ ਵੱਡਾ ਕੰਮ ਕੀਤਾ ਸੀ। ਡਾ: ਅੰਮ੍ਰਿਤਪਾਲ ਸਿੰਘ ਨੇ ਆਪਣੇ ਪ੍ਰੀਵਾਰ ਪਤਨੀ ਪਰਵਿੰਦਰ ਕੌਰ ਅਤੇ ਬੇਟੇ ਪਤਵਿੰਦਰ ਸਿੰਘ ਸ਼ੈਰੀ ਸਮੇਤ ਕਨੇਡਾ ਡੇ ਮਨਾਇਆ ਅਤੇ ਸਥਾਨਕ ਨਿਵਾਸੀਆਂ ਨੂੰ ਮੁਬਾਰਕਾਂ ਦਿੱਤੀਆਂ ।ਉਥੇ ਕਈ ਤਰ੍ਹਾਂ ਦੇ ਕਨੇਡੀਅਨ ਸਟਾਲ ਝੂਲੇ, ਗੇਮਾਂ ਅਤੇ ਮਨੋਰੰਜਨ ਦੇ ਸਾਧਨ ਸਨ। ਡਾ: ਅੰਮ੍ਰਿਤਪਾਲ ਸਿੰਘ ਈਰਿਸ਼ ਫੈਮਲੀ ਦੇ ਸਮਾਰਕ ਨਾਲ ਪਰਿਵਾਰ ਫੋਟੋ ਸਮੇਤ ਨਜ਼ਰ ਆ ਰਹੇ ਹਨ।

# ਬੇਦੀ ਪਰਿਵਾਰ ਨਾਲ ਕੀਤਾ ਗਹਿਰੇ ਦੁੱਖ ਦਾ ਪ੍ਰਗਟਾਵਾ



ਸ੍ਰੀ ਅਨੰਦਪੁਰ ਸਾਹਿਬ 2 ਜੁਲਾਈ ਤਰਲੋਚਨ ਸਿੰਘ, ਸੰਤ ਗੁਰਦਿਆਲ ਸਿੰਘ ਬੇਦੀ ਜੋ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ ਸਨ ਉਨ੍ਹਾਂ ਦੇ ਪਰਿਵਾਰ ਨਾਲ ਵੱਖ ਵੱਖ ਪਾਰਟੀਆਂ ਦੇ ਆਗੂਆਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਸੰਤ ਗੁਰਦਿਆਲ ਸਿੰਘ ਬੇਦੀ ਸੰਘਰਸ਼ਾਂ ਦੇ ਮੁਦੱਈ ਸਨ। ਉਨ੍ਹਾਂ ਨੇ ਇਲਾਕੇ ਨੂੰ ਬਚਾਉਣ ਵਿਚ ਬਹੁਤ ਵੱਡਾ ਰੋਲ ਅਦਾ ਕੀਤਾ। ਉਂਜ ਭਾਵੇਂ ਉਹ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਨਜ਼ਦੀਕੀ ਸਨ ।ਪਰ ਉਹ ਦੂਜੀਆਂ ਪਾਰਟੀਆਂ ਖਾਸ ਕਰਕੇ ਖੱਬੀਆਂ ਪਾਰਟੀਆਂ ਦੇ ਨੇੜੇ ਸਨ। ਉਨ੍ਹਾਂ ਦਾ ਜੱਦੀ ਪਿੰਡ ਪੋਸੀ ਨੇੜੇ ਗੜ੍ਹਸ਼ੰਕਰ ਸੀ ।ਪਰ ਚੜਦੀ ਉਮਰੇ ਉਹ ਸ੍ਰੀ ਆਨੰਦਪੁਰ ਸਾਹਿਬ ਆ ਗਏ। ਇਸ ਦੁੱਖ ਦੀ ਘੜੀ ਸੀ ਪੀ ਆਈ ਐਮ ਦੇ ਜ਼ਿਲ੍ਹਾ ਸਕੱਤਰ ਬਜਿੰਦਰ ਪੰਡਤ, ਸਕੱਤਰੇਤ ਮੈਂਬਰ ਕਾਮਰੇਡ ਸੁਰਜੀਤ ਸਿੰਘ ਢੇਰ, ਤਹਿਸੀਲ ਸਕੱਤਰ ਜਸਵਿੰਦਰ ਸਿੰਘ ਭੰਗਲ, ਸੀਪੀਆਈ ਦੇ ਜਿਲਾ ਸਕੱਤਰ ਦਵਿੰਦਰ ਨੰਗਲੀ, ਗੁਰਨਾਮ ਸਿੰਘ ਔਲਖ, ਦਰਸ਼ਨ ਸਿੰਘ ਬੜਵਾ, ਜਥੇਦਾਰ ਸੰਦੀਪ ਸਿੰਘ ਕਲੋਤਾ, ਮਨਜਿੰਦਰ ਸਿੰਘ ਬਰਾੜ, ਹਕੀਮ ਹਰਮਿੰਦਰਪਾਲ ਸਿੰਘ ਮਿਨਹਾਸ, ਮਨਜੀਤ ਸਿੰਘ ਬਾਸੋਵਾਲ, ਗੁਰਬਖਸ਼ ਸਿੰਘ ਦਸਗਰਾਈਂ, ਜੈਮਲ ਸਿੰਘ ਭੜੀ,ਗੀਤਾ ਰਾਮ ਕਰਤਾਰ ਪੁਰ, ਭਜਨ ਸਿੰਘ ਸੰਦੋਆ ਡਾਕਟਰ ਰਵਿੰਦਰ ਨਾਥ,ਚਰਨ ਸਿੰਘ ਅਟਵਾਲ, ਰਾਮ ਪਾਲ ਤਾਰਾਪੁਰ,ਸੀ ਪੀ ਆਈ ਹਿਮਾਚਲ ਪ੍ਰਦੇਸ਼ ਦੇ ਸਕੱਤਰ ਭਾਗ ਚੰਦ ਲਖਨੋਂ, ਬਹੁਜਨ ਸਮਾਜ ਪਾਰਟੀ ਦੇ ਆਗੂ ਨਿਰਮਲ ਸਿੰਘ ਸੁਮਨ, ਮਾਸਟਰ ਗੁਰਦੇਵ ਸਿੰਘ ਨੇ ਉਨ੍ਹਾਂ ਦੇ ਸਪੁੱਤਰ ਇੰਦਰਜੀਤ ਸਿੰਘ ਬੇਦੀ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

# ਛੁੱਟੀਆਂ ਤੋਂ ਬਾਅਦ ਵਾਪਸ ਆਏ ਬੱਚਿਆਂ ਦਾ ਕੀਤਾ ਸਵਾਗਤ




ਬੰਗਾ 2 ਜੁਲਾਈ (ਪ੍ਰਭਜੋਤ ਸਿੰਘ ) ਸਵਾਮੀ ਰੂਪ ਚੰਦ ਜੈਨ ਮਾਡਲ ਸਕੂਲ ਬੰਗਾ ਵਿਖੇ ਜੂਨ ਮਹੀਨੇ ਦੀਆਂ ਛੁੱਟੀਆਂ ਤੋਂ ਬਾਅਦ ਇਕ ਜੁਲਾਈ ਨੂੰ ਸਕੂਲ ਵਿੱਚ ਬੱਚਿਆਂ ਦੇ ਵਾਪਸ ਆਨ ਤੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ ਸਕੂਲ ਦੇ ਪ੍ਰਿੰਸੀਪਲ ਮੰਜੂ ਬਾਲਾ ਨੇ ਦੱਸਿਆ ਕਿ ਸਵੇਰੇ ਜਦੋਂ ਸਕੂਲ ਵਿੱਚ ਬੱਚੇ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਵਾਪਸ ਆਏ ਤਾਂ ਸਕੂਲ ਦੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਜੀ ਆਇਆ ਆਖਿਆ ਗਿਆ ।ਸਕੂਲ ਰੌਣਕ ਵਾਪਸ ਪਰਤ ਆਈ ,ਗਰਮੀ ਦੀਆਂ ਛੁੱਟੀਆਂ ਦਾ ਬੱਚਿਆਂ ਨੂੰ ਬਹੁਤ ਇੰਤਜ਼ਾਰ ਹੁੰਦਾ ਹੈ ਅਤੇ ਬੱਚੇ ਖੁਸ਼ੀ- ਖੁਸ਼ੀ ਵਾਪਸ ਆਉਂਦੇ ਹਨ, ਬੱਚਿਆਂ ਦੀ ਪੜ੍ਹਾਈ ਦੁਬਾਰਾ ਸ਼ੁਰੂ ਹੋ ਜਾਏਗੀ । ਅਧਿਆਪਕ ਦੁਆਰਾ ਬੱਚਿਆਂ ਨੂੰ ਹੁਣ ਫਿਰ ਮਿਹਨਤ ਕਰਾਉਣਗੇ ਅਤੇ ਆਸ ਕਰਦੇ ਹਾਂ ਕਿ ਬੱਚਿਆਂ ਨੂੰ ਸਫਲਤਾ ਜਰੂਰ ਮਿਲੇਗੀ ।ਇਸ ਮੌਕੇ ਤੇ ਸਕੂਲ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਕਮਲ ਜੈਨ ,ਮੈਨੇਜਰ ਸੰਜੀਵ ਜੈਨ ,ਵਾਈਸ ਪ੍ਰਧਾਨ ਅਰਪਣ ਜੈਨ, ਸੈਕਟਰੀ ਅਰੁਣ ਜੈਨ ਪ੍ਰਿੰਸੀਪਲ ਮੈਡਮ ਅਤੇ ਅਧਿਆਪਕਾਂ ਨੂੰ ਵਧਾਈ ਦਿਤੀ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਪ੍ਰੋਜੈਕਟ ਆਸ ਨੇ ਬੰਨ੍ਹੀ ਆਸ, ਨਸ਼ਾ ਪੀੜਿਤ ਨਸ਼ਾ ਮੁਕਤੀ ਲਈ ਆਉਣ ਲੱਗੇ ਅੱਗੇ

## ਪ੍ਰੋਜੈਕਟ ਦਾ ਉਦੇਸ਼ ਨਸ਼ੇ ਦੀ ਬਿਮਾਰੀ ਤੋਂ ਪੀੜਤਾਂ ਤੱਕ ਪਹੁੰਚ ਕਰਕੇ ਨਸ਼ਾ ਛੱਡਣ ਲਈ ਪ੍ਰੇਰਿਤ ਕਰਨਾ-ਡਿਪਟੀ ਕਮਿਸ਼ਨਰ



ਅਬੋਹਰ 2 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਜੰਗ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਸ਼ੁਰੂ ਕੀਤੇ ਗਏ ਪ੍ਰੋਜੈਕਟ ਆਸ ਦੇ ਤਹਿਤ ਸੀਡ ਫਾਰਮ ਅਬੋਹਰ ਵਿਖੇ ਨਸ਼ਿਆਂ ਖਿਲਾਫ ਜਾਗਰੂਕਤਾ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿੱਚ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਸੰਧੂ ਅਤੇ ਐਸਐਸਪੀ ਗੁਰਮੀਤ ਸਿੰਘ ਨੇ ਪਹੁੰਚ ਕਰਕੇ ਹਾਜ਼ਰ ਲੋਕਾਂ ਤੇ ਖਾਸ ਕਰਕੇ ਨਸ਼ੇ ਨਾਲ ਪੀੜਤ ਲੋਕਾਂ ਨਾਲ ਗੱਲਬਾਤ ਕੀਤੀ ਤੇ ਮੁਸ਼ਕਲਾਂ ਸੁਣੀਆਂ। ਇਸ ਮੌਕੇ ਉਨ੍ਹਾਂ ਨਾਲ ਐੱਸ.ਡੀ.ਐੱਮ ਅਬੋਹਰ ਕ੍ਰਿਸ਼ਨਪਾਲ ਰਾਜਪੂਤ ਵੀ ਮੌਜੂਦ ਸਨ ।ਸਮਾਗਮ ਨੂੰ ਸੰਬੋਧਨ ਕਰਦਿਆਂ ਡਿਪਟੀ ਕਮਿਸ਼ਨਰ ਅਮਰਪ੍ਰੀਤ ਕੌਰ ਨੇ ਦੱਸਿਆ ਕਿ ਪ੍ਰਾਜੈਕਟ ਆਸ ਦਾ ਉਦੇਸ਼ ਨਸ਼ੇ ਦੀ ਬਿਮਾਰੀ ਤੋਂ ਪੀੜਤਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਇਲਾਜ ਲਈ ਪ੍ਰੇਰਿਤ ਕਰਨਾ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਆਸ ਪ੍ਰੋਗਰਾਮ ਨਸੇ ਦੀ ਗ੍ਰਿਫਤ ਵਿੱਚ ਫਸੇ ਲੋਕਾਂ ਤੇ ਉਨ੍ਹਾਂ ਦੇ ਮਾਪਿਆਂ ਲਈ ਆਸ ਦੀ ਕਿਰਨ ਹੈ ਜੋ ਆਪਣੇ ਬੱਚਿਆਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਪ੍ਰਾਜੈਕਟ ਆਸ ਤਹਿਤ 100 ਤੋਂ ਵੱਧ ਲੋਕ ਨਸ਼ਿਆਂ ਦੇ ਇਲਾਜ ਲਈ ਆਪਣੀ ਰਜਿਸਟ$ਰੇਸ਼ਨ ਕਰਵਾ ਚੁੱਕੇ ਹਨ ਤੇ ਨਸ਼ਾ ਪੀੜਤਾਂ ਦਾ ਇਲਾਜ ਵੀ ਸ਼ੁਰੂ ਹੋ ਗਿਆ ਹੈ ।ਉਨ੍ਹਾਂ ਕਿਹਾ ਕਿ ਨਸ਼ਾ ਪੀੜਤਾਂ ਨੂੰ ਕਿਸੇ ਵੀ ਤਰ੍ਹਾਂ ਘਬਰਾਉਣ ਦੀ ਲੋੜ ਨਹੀਂ ਹੈ ਸਰਕਾਰ, ਜ਼ਿਲ੍ਹਾ ਤੇ ਪੁਲਿਸ ਪ੍ਰਸ਼ਾਸਨ ਉਨ੍ਹਾਂ ਦੀ ਹਰ ਮਦਦ ਕਰਨ ਲਈ ਤਿਆਰ ਹੈ ਤੇ ਨਸ਼ਾ ਪੀੜਤ ਨਾਲ ਹਮਦਰਦੀ ਭਰਿਆ ਵਰਤਾਰਾ ਵਰਤਿਆ ਜਾਵੇਗਾ ਤੇ ਕਿਸੇ ਤਰ੍ਹਾਂ ਦਾ ਜੋਰ ਦਬਾਅ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਪੀੜਤ ਅੱਗੇ ਆਉਣ ਤੇ ਆਪਣਾ ਇਲਾਜ ਕਰਵਾ ਕੇ ਇੱਕ ਵਧੀਆ ਜੀਵਨ ਬਤੀਤ ਕਰਨ। ਉਨ੍ਹਾਂ ਇਹ ਵੀ ਕਿਹਾ ਕਿ ਆਓ ਸਾਰੇ ਰਲ ਕੇ ਨਸ਼ਿਆਂ ਦੇ ਖਾਤਮੇ ਲਈ ਅੱਗੇ ਆਈਏ ਤੇ ਆਪਣੇ ਆਂਢ ਗੁਆਂਢ, ਰਿਸ਼ਤੇਦਾਰਾਂ ਤੇ ਆਲੇ ਦੁਆਲੇ ਵਿੱਚ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਲੋਕਾਂ ਵਿੱਚ ਜਾਗਰੂਕਤਾ ਫੈਲਾਈ ਜਾਵੇ ।ਐਸਐਸਪੀ ਗੁਰਮੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪ੍ਰਾਜੈਕਟ ਆਸ ਤਹਿਤ ਅਸੀਂ ਇਹੋ ਜਿਹੇ ਜਾਗਰੂਕਤਾ ਪ੍ਰੋਗਰਾਮ ਕਰਵਾ ਕੇ ਨਸ਼ਾ ਪੀੜਤਾਂ ਨਾਲ ਸਿੱਧੀ ਗੱਲਬਾਤ ਕਰ ਰਹੇ ਹਾਂ ਤਾਂ ਜੋ ਜਿੱਥੇ ਅਸੀਂ ਇਨ੍ਹਾਂ ਦੀਆਂ ਮੁਸ਼ਕਲਾਂ ਸੁਣ ਰਹੇ ਹਾਂ ਉੱਥੇ ਹੀ ਨਸ਼ਿਆਂ ਨੂੰ ਛੱਡਣ ਲਈ ਪ੍ਰੇਰਿਤ ਕਰ ਰਹੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿਹਤ ਵਿਭਾਗ ਰਾਹੀਂ ਨਸ਼ਾ ਪੀੜਤਾਂ ਦਾ ਮੁਫਤ ਇਲਾਜ ਕੀਤਾ ਜਾ ਰਿਹਾ ਹੈ ਤੇ ਨਸ਼ਾ ਪੀੜਤ ਨਸ਼ਾ ਛੁਡਾਉ ਕੇਂਦਰ/ ਓਟ ਸੈਂਟਰ ਵਿੱਚ ਦਾਖਲ ਹੋ ਕੇ ਆਪਣਾ ਇਲਾਜ ਕਰਵਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੋ ਲੋਕ ਨਸ਼ਾ ਛੱਡਣ ਲਈ ਅੱਗੇ ਆਉਣਗੇ ਉਨ੍ਹਾਂ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ ਤੇ ਉਨ੍ਹਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ । ਉਨ੍ਹਾਂ ਕਿਹਾ ਕਿ ਨਸ਼ਾ ਛੱਡਣ ਵਾਲਿਆਂ ਨਾਲ ਸਾਡੀ ਹਮਦਰਦੀ ਹੈ ਤੇ ਉਨ੍ਹਾਂ ਦੇ ਇਲਾਜ ਲਈ ਅਸੀਂ ਹਰ ਸੰਭਵ ਮਦਦ ਕਰਾਂਗੇ ਤੇ ਨਸ਼ਾ ਵੇਚਣ ਵਾਲਿਆਂ ਤੇ ਅਸੀਂ ਕਰੜਾ ਸਿਕੰਜਾ ਕੱਸਦੇ ਰਹਾਂਗੇ ਤੇ ਕਿਸੇ ਵੀ ਨਸ਼ਾ ਵੇਚਣ ਵਾਲੇ ਨੂੰ ਬਖਸਿਆ ਨਹੀਂ ਜਾਵੇਗਾ। ਉਨ੍ਹਾਂ ਪੁਲਿਸ ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ੇ ਦੇ ਇਲਾਜ ਲਈ ਨਸ਼ਾ ਪੀੜਤ ਅੱਗੇ ਆਉਣ ਨਸ਼ੇ ਦਾ ਇਲਾਜ ਹੋ ਸਕਦਾ ਹੈ ।

# ਥਾਣਿਆਂ ਵਿੱਚ ਆਮ ਲੋਕਾਂ ਨੂੰ ਨਹੀਂ ਮਿਲ ਰਿਹਾ ਇਨਸਾਫ : ਕੋਟਲੀ



ਭੋਗਪੁਰ 2 ਜੁਲਾਈ (ਅਮਰਜੀਤ ਸਿੰਘ ਸੈਨੀ ਜੰਡੀਰ ) ਹਲਕਾ ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਵੱਲੋਂ ਟੈਕਸੀ ਡਰਾਈਵਰਾਂ ਨਾਲ ਮੀਟਿੰਗ ਕੀਤੀ ਗਈ ◆ ਟੈਕਸੀ ਡਰਾਈਵਰ ਸੰਜੀਵ ਕੁਮਾਰ ਨੇ ਕਿਹਾ ਕਿ ਉਹਨਾਂ ਦਾ ਆਮ ਆਦਮੀ ਪਾਰਟੀ ਦੇ ਆਗੂ ਨਾਲ ਮਾਮੂਲੀ ਝਗੜਾ ਹੋਇਆ ਸੀ ◆ ਅਤੇ ਆਪ ਆਗੂ ਦੀ ਸ਼ਹਿ ਦੇ ਨਾਲ ਆਦਮਪੁਰ ਪੁਲਿਸ ਨੇ ਟੈਕਸੀ ਡਰਾਈਵਰ ਤੇ 107.151 ਦਾ ਮਾਮਲਾ ਦਰਜ ਕਰ ਦਿੱਤਾ◆ ਮੀਟਿੰਗ ਵਿੱਚ ਗਰੀਬ ਲੋਕਾਂ ਨੇ ਦਹਾਈ ਦਿੱਤੀ ਕਿ ਗਰੀਬ ਲੋਕਾਂ ਦੇ ਨਾਲ ਬਹੁਤ ਜਿਆਦਾ ਧੱਕੇ ਹੋ ਰਹੇ ਨੇ ◆ ਮੀਟਿੰਗ ਵਿੱਚ ਲੋਕਾਂ ਨੇ ਇਹ ਵੀ ਕਿਹਾ ਕੇ ਭੋਗਪੁਰ ਦੇ ਥਾਣੇ ਵਿੱਚ ਗੁਰਸਿੱਖ ਪਰਿਵਾਰ ਅਤੇ ਨਵਾਲਗ ਲੜਕੀ ਤੇ ਵੀ ਪਰਚਾ ਦਰਜ ਕੀਤਾ ਗਿਆ ਹੈ ◆ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਉਨ੍ਹਾਂ ਨੂੰ ਹਲਕੇ ਦੇ ਲੋਕਾਂ ਨੇ ਜਤਾ ਕੇ ਵਿਧਾਨ ਸਭਾ ਵਿਚ ਭੇਜਿਆ ਹੈ ਤਾਂ ਕਿ ਲੋਕਾਂ ਦੀ ਆਵਾਜ਼ ਸਰਕਾਰ ਤੱਕ ਪਹੁੰਚਦੀ ਰਹੇ◆ਕਿਹਾ ਕਿ ਮੈਂ ਸਦਾ ਹੀ ਹਲਕੇ ਦੇ ਲੋਕਾਂ ਨਾਲ ਆਵਾਜ਼ ਉਠਾਉਂਦਾ ਰਿਹਾ ਹਾਂ ਤੇ ਉਠਾਉਂਦਾ ਹੀ ਰਹਾਂਗਾ ◆ ਸੁਖਵਿੰਦਰ ਸਿੰਘ ਕੋਟਲੀ ਨੇ ਕਿਹਾ ਕਿ ਪਰਚੇ ਰੱਦ ਨਹੀਂ ਹੋਇ ਤਾਂ ਕਾਂਗਰਸ ਪਾਰਟੀ ਸੜਕਾਂ ਤੇ ਉਤਰੇਗੀ ◆ ਤੇ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ ਇਸ ਮੌਕੇ ਤੇ ਇੰਸਪੈਕਟਰ ਹਰਦੇਵਪ੍ਰੀਤ ਸਿੰਘ, ਅੰਗਰੇਜ਼ ਸਿੰਘ ਏਐਸਆਈ ਮੌਕੇ ਤੇ ਪਹੁੰਚੇ ਤਾਂ ਉਹਨਾਂ ਨੇ ਕਿਹਾ ਕਿ ਕਿਸੇ ਨਾਲ ਵੀ ਧੱਕੇਸ਼ਾਹੀ ਨਹੀਂ ਹੋਵੇਗੀ ਡਰਾਈਵਰ ਸੰਜੀਵ ਕੁਮਾਰ ਮਾਮਲੇ ਦੀ ਜਾਂਚ ਕਰਨਗੇ

# ਦ੍ਰੋਣਾਚਾਰੀਆ ਐਵਾਰਡੀ ਕੋਚ ਜੀਵਨਜੋਤ ਸਿੰਘ ਤੇਜਾ ਦਾ ਜੱਦੀ ਪਿੰਡ ਪਹੁੰਚਣ 'ਤੇ ਸਨਮਾਨ



ਭਵਾਨੀਗੜ੍ਹ, 2 ਜੁਲਾਈ (ਅਮਨਦੀਪ ਸਿੰਘ ਮਾਝਾ): ਪਿੰਡ ਬਾਲਦ ਖੁਰਦ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਜਦੋਂ ਪਿੰਡ ਦਾ ਜੰਮਪਲ ਦਰੋਣਾਚਾਰੀਆ ਅਵਾਰਡੀ ਕੋਚ ਸਰਦਾਰ ਜੀਵਨਜੋਤ ਸਿੰਘ ਤੇਜਾ (ਸਪੋਰਟਸ ਵਿਭਾਗ ਟ੍ਰੇਨਿੰਗ ਡਾਇਰੈਕਟਰ ਪੰਜਾਬ ਸਰਕਾਰ) ਬਣਨ ਤੋਂ ਬਾਅਦ ਖਾਸ ਤੌਰ 'ਤੇ ਜੱਦੀ ਪਿੰਡ ਬਾਲਦ ਖੁਰਦ ਪਹੁੰਚੇ। ਇਸ ਮੌਕੇ ਆਮ ਆਦਮੀ ਪਾਰਟੀ ਹਲਕਾ ਯੂਥ ਪ੍ਰਧਾਨ ਸੁਖਮਨ ਸਿੰਘ ਬਾਲਦ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਖੇਡ ਜਗਤ ਵਿਚ ਵੱਡਾ ਨਾਮ ਖੱਟਣ ਵਾਲੇ ਜੀਵਨਜੋਤ ਸਿੰਘ ਤੇਜਾ, ਰਿਟਾਇਰਡ ਪ੍ਰਿੰਸੀਪਲ ਸਰਦਾਰ ਹਰਪਾਲ ਸਿੰਘ ਤੇਜਾ ਦੇ ਹੋਣਹਾਰ ਸਪੁੱਤਰ ਹਨ। ਕੈਨੇਡਾ ਤੀਰ ਅੰਦਾਜ਼ੀ ਟੀਮ ਦੇ ਕੋਚ ਰਹਿਣ ਤੋਂ ਬਾਅਦ ਉਹ ਭਾਰਤੀ ਟੀਮ ਦੇ ਕੋਚ ਵੀ ਰਹੇ ਪਰ ਉਨ੍ਹਾਂ ਦਾ ਦਿਲ ਹਮੇਸ਼ਾਂ ਪੰਜਾਬ ਅਤੇ ਖਾਸ ਕਰਕੇ ਅਪਣੇ ਹਲਕੇ ਸੰਗਰੂਰ ਦੇ ਜੱਦੀ ਪਿੰਡ ਬਾਲਦ ਖੁਰਦ ਲਈ ਹੀ ਧੜਕਦਾ ਰਿਹਾ। ਉਨ੍ਹਾਂ ਵੱਲੋਂ ਪ੍ਰਾਪਤ ਕੀਤੀਆਂ ਉਪਲੱਬਧੀਆਂ ਅਤੇ ਇਮਾਨਦਾਰੀ ਦੇਖਦੇ ਹੋਏ ਮਾਨ ਸਰਕਾਰ ਵੱਲੋਂ ਕੁਝ ਸਮਾਂ ਪਹਿਲਾਂ ਉਨ੍ਹਾਂ ਨੂੰ ਸਪੋਰਟਸ ਵਿਭਾਗ ਵਿੱਚ ਟ੍ਰੇਨਿੰਗ ਡਾਇਰੈਕਟਰ ਲਗਾਕੇ ਨਿਵਾਜਿਆ । ਇਸ ਮੌਕੇ ਆਮ ਆਦਮੀ ਪਾਰਟੀ ਦੇ ਮਿੱਠੂ ਸਿੰਘ ਸਰਪੰਚ ਬਾਲਦ ਖੁਰਦ, ਕੁਲਦੀਪ ਸਿੰਘ ਪਿੰਕੀ, ਹਰਦਿਆਲ ਸਿੰਘ, ਬਲਜਿੰਦਰ ਸਿੰਘ, ਭਿੰਦਰ ਸਿੰਘ, ਬੁੱਧ ਸਿੰਘ ਪ੍ਰਧਾਨ, ਮਾਸਟਰ ਇੰਦਰਜੀਤ ਮਾਝੀ, ਹੈਪੀ ਸੋਹੀ ਸਮੇਤ ਵੱਡੀ ਗਿਣਤੀ ਵਿੱਚ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸ਼ਨ। ਇਸ ਮੌਕੇ ਸਪੋਰਟਸ ਵਿਭਾਗ ਟਰੇਨਿੰਗ ਡਾਇਰੈਕਟਰ ਜੀਵਨਜੋਤ ਸਿੰਘ ਨੇ ਕਲੱਬ ਪ੍ਰਧਾਨ, ਗ੍ਰਾਮ ਪੰਚਾਇਤ ਸਮੇਤ ਪਿੰਡ ਵਾਸੀਆਂ ਦਾ ਧੰਨਵਾਦ ਕੀਤਾ।

# ਅਕਾਲੀ ਦਲ ਦੀ ਕੋਰ ਕਮੇਟੀ ਦਾ ਮੈਂਬਰ ਬਣਨ 'ਤੇ ਦਰਬਾਰਾ ਸਿੰਘ ਗੁਰੂ ਦਾ ਜੱਦੀ ਪਿੰਡ ਖੁੱਡੀ ਖੁਰਦ ਵਿਖੇ ਸਨਮਾਨ



ਤਪਾ ਮੰਡੀ, 2 ਜੁਲਾਈ ( ਭੂਸ਼ਨ ਘੜੈਲਾ) : ਸ਼੍ਰੋਮਣੀ ਅਕਾਲੀ ਦਲ ਦੇ ਕੌਮੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਹਾਈ ਕਮਾਂਡ ਨੇ ਦਰਬਾਰਾ ਸਿੰਘ ਗੁਰੂ ਨੂੰ ਪਾਰਟੀ ਦੀ ਸਭ ਤੋਂ ਮਹੱਤਵਪੂਰਨ ਬਾਡੀ, ਕੋਰ ਕਮੇਟੀ ਦੇ ਮੈਂਬਰ ਦੇ ਆਹੁਦੇ ਨਾਲ ਨਿਵਾਜਿਆ ਹੈ। ਕੋਰ ਕਮੇਟੀ ਦਾ ਮੈਂਬਰ ਬਣਨ ਉਪਰੰਤ ਅੱਜ ਪਿੰਡ ਖੁੱਡੀ ਖੁਰਦ ਪਹੁੰਚਣ 'ਤੇ ਸਮੂਹ ਪਿੰਡ ਵਾਸੀਆਂ ਨੇ ਉਨ੍ਹਾਂ ਦਾ ਸਿਰੋਪਾਓ ਨਾਲ ਸਨਮਾਨਿਤ ਕਰਕੇ ਭਰਵਾਂ ਸੁਆਗਤ ਕੀਤਾ ਅਤੇ ਇਸ ਨਿਯੁਕਤੀ ਲਈ ਸਰਦਾਰ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕੀਤਾ । ਦੱਸਿਆ ਜਾਂਦਾ ਹੈ ਕਿ ਗੁਰੂ ਆਪਣੇ ਜੱਦੀ ਪਿੰਡ ਖੁੱਡੀ ਖ਼ੁਰਦ ਦੇ ਜੰਮਪਲ ਹਨ ਅਤੇ ਉਨ੍ਹਾਂ ਨੇ ਆਈਏਐਸ ਅਧਿਕਾਰੀ ਵਜੋਂ ਵੱਖ ਵੱਖ ਅਹਿਮ ਅਹੁਦਿਆਂ 'ਤੇ ਰਹਿੰਦੇ ਹੋਏ ਆਪਣੇ ਪਿੰਡ ਨਾਲ ਪੂਰਾ ਰਾਬਤਾ ਰੱਖਿਆ। ਇਸ ਮੌਕੇ ਗੱਲਬਾਤ ਕਰਦੇ ਹੋਏ ਪਿੰਡ ਵਾਸੀਆਂ ਨੇ ਕਿਹਾ ਕਿ ਦਰਬਾਰਾ ਸਿੰਘ ਗੁਰੂ ਨੇ ਡੀਸੀ ਬਠਿੰਡਾ ਅਤੇ ਮੁੱਖ ਮੰਤਰੀ ਸਰਦਾਰ ਪਰਕਾਸ਼ ਸਿੰਘ ਬਾਦਲ ਦੇ ਪ੍ਰਿੰਸੀਪਲ ਸਕੱਤਰ ਵਰਗੇ ਅਹਿਮ ਅਹੁਦਿਆਂ 'ਤੇ ਰਹਿੰਦਿਆਂ ਨੇਕ ਦਿਲੀ ਅਤੇ ਇਮਾਨਦਾਰੀ ਨਾਲ ਕੰਮ ਕਰਕੇ ਹਮੇਸ਼ਾ ਪਿੰਡ ਦਾ ਨਾਂ ਉੱਚਾ ਕੀਤਾ ਹੈ ਅਤੇ ਪਿੰਡ ਦਾ ਵੱਡੇ ਪੱਧਰ 'ਤੇ ਵਿਕਾਸ ਕਰਵਾਇਆ। ਹੁਣ ਸ਼੍ਰੋਮਣੀ ਅਕਾਲੀ ਦਲ ਦੀ ਸਭ ਤੋਂ ਅਹਿਮ ਨੀਤੀਗਤ ਫੈਸਲੇ ਲੈਣ ਵਾਲੀ ਕੋਰ ਕਮੇਟੀ ਦਾ ਮੈਂਬਰ ਬਣਨ ਨਾਲ ਪਿੰਡ ਦਾ ਨਾਂ ਇੱਕ ਵਾਰ ਫਿਰ ਉੱਚਾ ਹੋਇਆ ਹੈ। ਦਰਬਾਰਾ ਸਿੰਘ ਗੁਰੂ ਨੇ ਕਿਹਾ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਹਾਈ ਕਮਾਂਡ ਨੇ ਇਹ ਅਹਿਮ ਪੁਜ਼ੀਸ਼ਨ ਦੇ ਕੇ ਉਨ੍ਹਾਂ ਤੇ ਜੋ ਭਰੋਸਾ ਜਤਾਇਆ ਹੈ, ਉਹ ਪੂਰੀ ਲਗਨ ਅਤੇ ਤਨਦੇਹੀ ਨਾਲ ਮਿਹਨਤ ਕਰਕੇ ਪਾਰਟੀ ਅਤੇ ਪਿੰਡ ਵਾਸੀਆਂ ਦੀਆਂ ਉਮੀਦਾਂ 'ਤੇ ਪੂਰਾ ਉੱਤਰਨ ਦੀ ਭਰਪੂਰ ਕੋਸ਼ਿਸ਼ ਕਰਨਗੇ। ਇਸ ਮੌਕੇ ਸਨਮਾਨ ਕਰਨ ਵਾਲਿਆਂ ਵਿੱਚ ਦਵਿੰਦਰ ਸਿੰਘ ਸਰਪੰਚ, ਲਵਪ੍ਰੀਤ ਸਿੰਘ ਬੱਬੀ, ਜਰਨੈਲ ਸਿੰਘ ਚੂੰਘ, ਗੁਰਚੇਤਨ ਸਿੰਘ ਚੂੰਘ, ਜਸਕਰਨ ਸਿੰਘ ਜੱਸੀ ਤੇ ਸੁਖਦੇਵ ਸਿੰਘ ਸੁਖੀ ਸਾਰੇ ਸਾਬਕਾ ਸਰਪੰਚ, ਸਿਰਕੱਢ ਆਗੂ ਭਗਵਾਨ ਦਾਸ ਸ਼ਰਮਾ, ਭੋਲਾ ਸਿੰਘ ਗੁਰੂ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਬਿੱਕਰ ਸਿੰਘ ਚੂੰਘ ਤੇ ਮੰਦਰ ਸਿੰਘ ਗੁਰੂ ਦੋਵੇਂ ਨੰਬਰਦਾਰ, ਦਿਲਵਰ ਸਿੰਘ, ਧੰਨਾ ਸਿੰਘ, ਕਰਨੈਲ ਸਿੰਘ, ਦਰਸ਼ਨ ਸਿੰਘ ਤੇ ਲਵਪ੍ਰੀਤ ਸਿੰਘ ਸਾਰੇ ਪੰਚ, ਜਗਦੇਵ ਸਿੰਘ ਜੱਗੀ ਪ੍ਰਧਾਨ, ਬਲਜੀਤ ਸਿੰਘ ਰਟੋਲ, ਨਿਰਮਲ ਸਿੰਘ ਗੁਰੂ, ਸੂਬੇਦਾਰ ਰੂਪ ਸਿੰਘ, ਰਾਜਿੰਦਰ ਸਿੰਘ ਪੱਪੂ, ਮਨਪ੍ਰੀਤ ਸਿੰਘ ਚੂੰਘ, ਜਲਵਿੰਦਰ ਸਿੰਘ, ਅਮਰੀਕ ਸਿੰਘ ਚੂੰਘ, ਗੁਰਨਾਮ ਸਿੰਘ ਗਾਮਾ, ਰਣਜੀਤ ਸਿੰਘ ਗੁਰੂ ਪ੍ਰਧਾਨ ਰਵੀਦਾਸ ਸੁਸਾਇਟੀ, ਅਵਤਾਰ ਸਿੰਘ ਭੋਲਾ, ਗੁਰਜੀਤ ਸਿੰਘ, ਗੁਰਜੰਟ ਸਿੰਘ, ਮੰਗਲ ਸਿੰਘ ਗੁਰੂ, ਬੇਅੰਤ ਸਿੰਘ ਗੁਰੂ, ਗੁਰਮੀਤ ਸਿੰਘ ਵਿਰਕ, ਮਲਕੀਤ ਸਿੰਘ ਚਮਕੀਲਾ, ਰਣਜੀਤ ਸਿੰਘ ਰਾਣਾ, ਹਰਵਿੰਦਰ ਸਿੰਘ ਬਿੰਦਰੀ, ਬਿੱਕਰ ਸਿੰਘ ਗੁਰੂ ਅਤੇ ਹੋਰ ਪਤਵੰਤੇ ਸ਼ਾਮਲ ਸਨ। ਇਸ ਮੌਕੇ ਐਡਵੋਕੇਟ ਸਤਨਾਮ ਸਿੰਘ ਰਾਹੀ ਹਾਜ਼ਰ ਸਨ।

# ਨਬਜ਼ ਅਯੁਰਵੈਦਿਕ ਹੈਲਥਕੇਅਰ ਮੋਗਾ ਨੇ ਖੁੱਡੀ ਖੁਰਦ ਵਿਖੇ ਲਗਾਇਆ ਮੁਫ਼ਤ ਦਵਾਈਆਂ ਦਾ ਕੈਂਪ



ਬਰਨਾਲਾ, 2 ਜੁਲਾਈ (ਬਘੇਲ ਸਿੰਘ ਧਾਲੀਵਾਲ): ਇੱਥੋਂ ਨਜ਼ਦੀਕੀ ਪਿੰਡ ਖੁੱਡੀ ਖੁਰਦ ਵਿਖੇ ਨਬਜ਼ ਆਯੁਰਵੈਦਿਕ ਹੈਲਥਕੇਅਰ ਮੋਗਾ ਦੇ ਸੰਚਾਲਕ ਵੈਦ ਰਾਜ ਬੋਹੜ ਸਿੰਘ ਖੁਸ਼ਦਿਲ ਵੱਲੋਂ ਦੇਸੀ ਦਵਾਈਆਂ ਦਾ ਮੁਫਤ ਕੈਂਪ ਲਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵੈਦ ਬੋਹੜ ਸਿੰਘ ਨੇ ਦੱਸਿਆ ਕਿ ਕੈਂਪ ਦੌਰਾਨ ਗੋਡਿਆਂ ਦੇ ਦਰਦ,ਮਾਈਗਰੇਨ,ਪੇਟ ਦੀਆਂ ਬਿਮਾਰੀਆਂ ਅਤੇ ਸ਼ੂਗਰ ਆਦਿ ਬਿਮਾਰੀਆਂ ਦੀ ਜਾਂਚ ਕਰਕੇ ਮਰੀਜ਼ਾਂ ਨੂੰ ਦਵਾਈਆਂ ਦਿੱਤੀਆਂ ਗਈਆਂ।ਇਸ ਤੋਂ ਇਲਾਵਾ ਨਸ਼ਾ ਛੁਡਵਾਉਣ ਲਈ ਵੀ ਦਵਾਈ ਦਿੱਤੀ ਗਈ। ਉਹਨਾਂ ਦੱਸਿਆ ਕਿ ਆਮ ਤੌਰ 'ਤੇ ਸਾਡੇ ਦਵਾਖਾਨੇ ਵਿੱਚ ਜੋੜਾਂ ਦੇ ਦਰਦ,ਗੋਡਿਆਂ ਦੇ ਦਰਦ,ਪੇਟ ਦੀਆਂ ਬਿਮਾਰੀਆਂ ਅਤੇ ਮਾਈਗਰੇਨ ਦੇ ਮਰੀਜ਼ ਬਹੁਤਾਤ ਵਿੱਚ ਅਉਂਦੇ ਹਨ ਅਤੇ ਇਸ ਕੈਂਪ ਵਿੱਚ ਵੀ ਬਹੁ ਗਿਣਤੀ ਵਿੱਚ ਉਪਰੋਕਤ ਬਿਮਾਰੀਆਂ ਦੇ ਮਰੀਜ਼ ਹੀ ਪਹੁੰਚੇ ਹੋਏ ਸਨ।ਉਹਨਾਂ ਕਿਹਾ ਕਿ ਕੈਂਪ ਦੌਰਾਨ ਨਸ਼ਾ ਛੱਡਣ ਦੀ ਦਵਾਈ ਸਮੇਤ ਸਾਰੀਆਂ ਮਰਜ਼ਾਂ ਦੀਆਂ ਦਵਾਈਆਂ ਸਾਡੇ ਵੱਲੋਂ ਮੁਫਤ ਦਿੱਤੀਆਂ ਗਈਆਂ ਹਨ। ਉਹਨਾਂ ਕਿਹਾ ਕਿ ਜਿਹੜੇ ਵੀ ਵੀਰ ਭਾਈ ਨਸ਼ਿਆਂ ਦੇ ਕੋਹੜ ਨੂੰ ਵੱਢਣਾ ਚਾਹੁੰਦੇ ਹਨ,ਉਹ ਸਾਡੇ ਨਬਜ਼ ਅਯੁਰਵੈਦਿਕ ਕੇਅਰ ਸੈਂਟਰ ਜੀਰਾ ਰੋਡ ਨੇੜੇ ਅਨਾਜ ਮੰਡੀ ਮੋਗਾ ਵਿਖੇ ਪਹੁੰਚ ਕੇ ਸਾਡੀ ਦਵਾਈ ਨਾਲ ਇਸ ਅਲਾਮਤ ਤੋਂ ਛੁਟਕਾਰਾ ਪਾ ਸਕਦੇ ਹਨ।

# ਨੌਜਵਾਨਾਂ ਨੇ ਤਪਾ ਵਿਖੇ ਬਾਬਾ ਚਿੰਤਾ ਨੰਦ ਦੀ ਯਾਦ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



ਤਪਾ ਮੰਡੀ, 2 ਜੁਲਾਈ (ਭੂਸ਼ਨ ਘੜੈਲਾ) : ਆਨੰਦ ਪੁਰ ਬਸਤੀ ਤਪਾ ਦੇ ਨੌਜਵਾਨਾਂ ਵੱਲੋਂ ਸੰਤ ਬਾਬਾ ਚਿੰਤਾਨੰਦ ਜੀ ਯਾਦ ਵਿੱਚ ਅੱਜ ਬਰਸੀ ਮੌਕੇ ਆਉਂਦੇ ਜਾਂਦੇ ਰਾਹਗੀਰਾਂ ਲਈ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਗਈ। ਇਸ ਮੌਕੇ 'ਤੇ ਪੰਕਜ ਕੁਮਾਰ, ਸ਼ਰਨਜੀਤ ਕੁਮਾਰ, ਸੰਜੇ ਕੁਮਾਰ ਅਤੇ ਕਿਸਨ ਕੁਮਾਰ,ਕਮਲ ਕੁਮਾਰ ਆਦਿ ਨੇ ਦੱਸਿਆ ਕਿ ਹਰ ਸਾਲ ਸੰਤ ਬਾਬਾ ਚਿੰਤਾ ਨੰਦ ਦੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ ਉਨ੍ਹਾਂ ਦੀ ਪਿੰਡ ਆਲੀਕੇ ਵਿਖੇ ਬਰਸੀ 'ਤੇ ਜਾਣ ਵਾਲੀ ਸੰਗਤ ਲਈ ਠੰਡੇ ਮਿੱਠੇ ਪਾਣੀ ਦੀ ਛਬੀਲ ਲਗਾਈ ਹੈ।

# ਬਰਨਾਲਾ ਦਾ ਸਤਨਾਮ ਸਿੰਘ ਪਿਛਲੇ 35 ਸਾਲਾਂ ਤੋਂ ਆਮ ਲੋਕਾਂ ਲਈ ਠੰਡੇ ਪਾਣੀ ਦੀ ਕਰ ਰਿਹੈ ਮੁਫਤ ਸੇਵਾ

ਬਰਨਾਲਾ, 2 ਜੁਲਾਈ (ਹਿਮਾਂਸ਼ੂ ਗਰਗ): ਪੰਜਾਬ ਦੀ ਧਰਤੀ ਉਹ ਪਵਿੱਤਰ ਧਰਤੀ ਹੈ, ਜਿੱਥੇ ਭਾਈ ਘਨ੍ਹਈਆ ਜੀ ਵੱਲੋਂ ਜੰਗ 'ਚ ਆਪਣੇ ਦੁਸ਼ਮਣਾਂ ਨੂੰ ਵੀ ਪਾਣੀ ਪਿਆਇਆ ਗਿਆ ਸੀ। ਉਸੇ ਤਰਜ 'ਤੇ ਬਰਨਾਲਾ ਦਾ ਇਕ ਪਰਿਵਾਰ ਪਿਛਲੇ 35 ਸਾਲਾਂ ਤੋਂ ਆਮ ਲੋਕਾਂ ਲਈ ਠੰਢੇ ਪਾਣੀ ਦੀ ਮੁਫਤ ਸੇਵਾ ਕਰਦਾ ਆ ਰਿਹਾ ਹੈ। ਦਰਅਸਲ ਇਸ ਪਰਿਵਾਰ ਦੇ ਬਜ਼ੁਰਗ ਜਗਮੇਲ ਸਿੰਘ ਨੂੰ ਪਰਮਾਤਮਾ ਵੱਲੋਂ ਇਕ ਹੁਕਮ ਹੋਇਆ ਤੇ ਉਨ੍ਹਾਂ ਦੀ ਸੇਵਾ ਲੋਕਾਂ ਨੂੰ ਠੰਢਾ ਪਾਣੀ ਪਿਲਾਉਣ ਦੀ ਸੇਵਾ ਲਗਾਈ। ਇਸ ਹੁਕਮ ਤੋਂ ਬਾਅਦ 1987 ਤੋਂ ਲੈ ਕੇ ਅੱਜ ਤੱਕ ਇਹ ਪਰਿਵਾਰ ਮੁਫਤ ਲੋਕਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਿਹਾ ਹੈ। ਪਾਣੀ ਦੀ ਮੁਫਤ ਸੇਵਾ ਕਰਨ ਵਾਲੇ ਸਤਨਾਮ ਸਿੰਘ ਨੇ ਦੱਸਿਆ ਕਿ ਉਸਦੇ ਪਿਤਾ ਜਗਮੇਲ ਸਿੰਘ ਸਵੇਰ ਸਮੇਂ ਘੜਿਆਂ 'ਚ ਪਾਣੀ ਭਰ ਕੇ ਸਰਕਾਰੀ ਜੱਚਾ-ਬੱਚਾ ਹਸਪਤਾਲ ਬਰਨਾਲਾ ਦੇ ਗੇਟ ਸਾਹਮਣੇ ਪਾਣੀ ਪਿਆਉਣ ਦੀ ਮੁਫਤ ਸੇਵਾ ਕਰਦੇ ਸਨ। ਉਨ੍ਹਾਂ ਦੇ ਪਿਤਾ ਨੂੰ ਪਰਮਾਤਮਾ ਵੱਲੋਂ ਇਕ ਹੁਕਮ ਹੋਇਆ ਤੇ ਉਨ੍ਹਾਂ ਦੇ ਮਨ 'ਚ ਆਇਆ ਕਿ ਘੜਿਆਂ 'ਚ ਪਾਣੀ ਰੱਖ ਕੇ ਲੋਕਾਂ ਦੀ ਪਿਆਸ ਬੁਝਾਈ ਜਾਵੇ। ਉਸ ਦਿਨ ਤੋਂ ਬਾਅਦ ਇਹ ਸਿਲਸਿਲਾ ਸ਼ੁਰੂ ਹੋ ਗਿਆ। — ਸਾਰਾ ਪਰਿਵਾਰ ਇਸ ਸੇਵਾ ਚ ਪਾ ਰਿਹਾ ਯੋਗਦਾਨ ਸਤਨਾਮ ਸਿੰਘ ਨੇ ਦੱਸਿਆ ਕਿ ਉਸਦੇ ਪਿਤਾ ਜਗਮੇਲ ਸਿੰਘ ਦੀ ਮੌਤ ਤੋਂ ਬਾਅਦ ਉਸਨੇ ਮੁਫਤ ਪਾਣੀ ਦੀ ਸੇਵਾ ਨੂੰ ਜਾਰੀ ਰੱਖਿਆ ਹੈ। ਉਹ ਸਰਕਾਰੀ ਮਿਉਂਸਿਪਲ ਕਮੇਟੀ 'ਚ ਕੰਮ ਕਰਦਾ ਹੈ। ਉਹ ਸਵੇਰੇ 6 ਵਜੇ ਤੋਂ 9 ਵਜੇ ਤੱਕ ਆਪਣੀ ਡਿਊਟੀ ਕਰਦਾ ਹੈ ਤੇ ਫਿਰ ਉਸ ਤੋਂ ਬਾਅਦ ਆ ਕੇ ਪਾਣੀ ਦੀ ਸੇਵਾ ਕਰਦਾ ਹੈ।

# ਪੇਂਡੂ ਸਾਬਕਾ ਫ਼ੌਜੀ ਭਲਾਈ ਸੰਸਥਾ ਦੀ ਹੋਈ ਮੀਟਿੰਗ



ਮੌੜ ਮੰਡੀ, 2 ਜੁਲਾਈ (ਭੋਲਾ ਸਿੰਘ ਮਾਨ): ਪੇਂਡੂ ਸਾਬਕਾ ਫੌਜੀ ਭਲਾਈ ਸੰਸਥਾ ਮੌੜ ਦੀ ਮੀਟਿੰਗ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਮੌੜ ਕਲਾਂ ਨਜ਼ਦੀਕ ਬਣੇ ਸੰਸਥਾ ਦੇ ਦਫਤਰ ਵਿਖੇ ਪ੍ਰਧਾਨ ਮੱਘਰ ਸਿੰਘ ਦੀ ਅਗਵਾਈ ਹੇਠ ਹੋਈ। ਮੀਟਿੰਗ ਦੌਰਾਨ ਸਾਬਕਾ ਸੈਨਿਕਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਪਿਛਲੇ ਸਮੇਂ ਦੌਰਾਨ ਸੈਨਿਕਾਂ ਦੇ ਰੋਕੇ ਹੋਏ ਡੀਏ ਬਾਰੇ ਵਿਚਾਰ ਚਰਚਾ ਕੀਤੀ । ਉਹਨਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਸੈਨਿਕਾਂ ਨੂੰ ਜਲਦੀ ਤੋਂ ਜਲਦੀ ਡੀਏ ਜਾਰੀ ਕੀਤਾ ਜਾਵੇ, ਸਰਵਿਸ ਟਾਈਮ ਨੂੰ ਵਧਾਉਣ ਅਤੇ ਨਵੇਂ ਭਰਤੀ ਕੀਤੇ ਜਵਾਨਾਂ ਨੂੰ ਰੈਗੂਲਰ ਕੀਤਾ ਜਾਵੇ। ਉਨ੍ਹਾਂ ਸਾਬਕਾ ਸੈਨਿਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਜੋ ਵੀ ਸੈਨਿਕ ਪੈਨਸ਼ਨ ਆਉਂਦਾ ਹੈ, ਤਾਂ ਉਹ ਸਾਬਕਾ ਸੈਨਿਕ ਯੂਨੀਅਨ ਦੇ ਨਾਲ ਜੁੜ ਕੇ ਜਥੇਬੰਦੀ ਦਾ ਸਾਥ ਦੇਣ। ਇਸ ਮੀਟਿੰਗ ਵਿੱਚ ਪੇਂਡੂ ਸਾਬਕਾ ਫੌਜੀ ਭਲਾਈ ਸੰਸਥਾ ਦੇ ਸੂਬਾ ਪ੍ਰਧਾਨ ਭੋਲਾ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ ਅਤੇ ਸਾਬਕਾ ਸੈਨਿਕਾਂ ਨੂੰ ਇੱਕਜੁੱਟ ਹੋ ਕੇ ਰਹਿਣ ਲਈ ਪ੍ਰੇਰਿਤ ਕੀਤਾ ।ਅੱਜ ਦੀ ਮੀਟਿੰਗ ਵਿੱਚ ਸਹਿਮਤੀ ਨਾਲ ਯੂਨੀਅਨ ਦੇ ਜਨਰਲ ਸਕੱਤਰ ਕਾਲਾ ਸਿੰਘ ਦੀ ਜਗ੍ਹਾ ਸੁਰਜੀਤ ਸਿੰਘ ਰੋਮਾਣਾ ਨੂੰ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ।ਇਸ ਮੌਕੇ ਕੈਪਟਨ ਨਿਰਮਲ ਸਿੰਘ ਸਵੈਚ ,ਮੁਖਤਿਆਰ ਸਿੰਘ , ਮੱਘਰ ਸਿੰਘ ਪ੍ਰਧਾਨ ਪੀਐਸਸੀਬੀਐਸ, ਨਿਰਮਲਜੀਤ ਸਿੰਘ ਮੌੜ ਕਲਾਂ, ਦਰਸ਼ਨ ਸਿੰਘ ਮੌੜ ਕਲਾਂ , ਜਗਦੇਵ ਸਿੰਘ ਮੌੜ ਖੁਰਦ ਪ੍ਰੈਸ ਸਕੱਤਰ, ਪ੍ਰੀਤਮ ਸਿੰਘ ਜੋਧਪੁਰ , ਬੰਤ ਸਿੰਘ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸਾਬਕਾ ਸੈਨਿਕ ਮੌਜੂਦ ਸਨ।

# ਕੌਂਸਲਰ ਸਿੰਦਰਜੀਤ ਕੌਰ ਨੂੰ ਸਰਬ ਸੰਮਤੀ ਨਾਲ ਚੁਣਿਆ ਨਗਰ ਪੰਚਾਇਤ ਖਨੌਰੀ ਦੀ ਚੇਅਰਪਰਸਨ



ਖਨੌਰੀ, 2 ਜੁਲਾਈ (ਓਮਪ੍ਰਕਾਸ਼ ਮੁਆਲ): ਵਾਰਡ ਨੰਬਰ ਦੋ ਤੋਂ ਕੌਂਸਲਰ ਸ੍ਰੀਮਤੀ ਸਿੰਦਰਜੀਤ ਕੌਰ ਪਤਨੀ ਰਣਜੀਤ ਸਿੰਘ (ਜੀਤੀ ਨੰਬਰਦਾਰ) ਨੂੰ ਸਰਬ ਸੰਮਤੀ ਨਾਲ ਨਗਰ ਪੰਚਾਇਤ ਖਨੌਰੀ ਦੀ ਚੇਅਰਪਰਸਨ ਚੁਣਿਆ ਗਿਆ ਹੈ । ਕੈਬਨਿਟ ਮੰਤਰੀ ਪੰਜਾਬ ਅਤੇ ਹਲਕਾ ਲਹਿਰਾ ਗਾਗਾ ਤੋਂ ਵਿਧਾਇਕ ਐਡਵੋਕੇਟ ਬਰਿੰਦਰ ਗੋਇਲ ਦੇ ਯਤਨਾ ਸਦਕਾ ਨਗਰ ਪੰਚਾਇਤ ਖਨੌਰੀ ਦੇ ਕੌਂਸਲਰਾਂ ਦੀ ਇੱਕ ਹੰਗਾਮੀ ਮੀਟਿੰਗ ਦਫਤਰ ਨਗਰ ਪੰਚਾਇਤ ਖਨੌਰੀ ਵਿਖੇ ਹੋਈ। ਜਿਸ ਵਿੱਚ ਸਰਬਸੰਮਤੀ ਨਾਲ ਸ੍ਰੀਮਤੀ ਸਿੰਦਰਜੀਤ ਕੌਰ ਨੂੰ ਚੇਅਰਪਰਸਨ ਚੁਣਿਆ ਗਿਆ । ਇਸ ਮੌਕੇ 2.90 ਕਰੋੜ ਰੁਪਏ ਦੀ ਲਾਗਤ ਨਾਲ 51 ਵਿਕਾਸ ਕੰਮਾਂ ਦੇ 18 ਮਤੇ ਪਾਸ ਕੀਤੇ ਗਏ । ਇਸ ਸਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਾਰਜ ਸਾਧਕ ਅਫਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਨਗਰ ਪੰਚਾਇਤ ਖਨੌਰੀ ਦੇ ਸਾਰੇ ਨਵੇਂ ਜਿੱਤੇ ਕੌਂਸਲਰਾਂ ਵੱਲੋਂ ਪਿਛਲੀ ਮੀਟਿੰਗ ਵਿੱਚ ਸੋਂਹ ਚੁੱਕ ਲਈ ਗਈ ਸੀ ਪਰ ਪ੍ਰਧਾਨਗੀ ਦੀ ਚੋਣ ਨਹੀਂ ਸੀ ਹੋ ਸਕੀ ਕਿਉਂਕਿ ਪ੍ਰਧਾਨਗੀ ਦੀ ਚੋਣ ਸਬੰਧੀ ਇੱਕ ਕੇਸ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਵਿਚਾਰ ਅਧੀਨ ਹੈ, ਇਸ ਕਰਕੇ ਪ੍ਰਧਾਨ ਦੀ ਚੋਣ ਨਾ ਹੋਣ ਕਾਰਨ ਵਿਕਾਸ ਕੰਮਾਂ ਵਿੱਚ ਲੰਮੇ ਸਮੇਂ ਤੋਂ ਖੜੋਤ ਆਈ ਹੋਈ ਸੀ ਅਤੇ ਸਮੂਹ ਮੈਂਬਰਾਂ ਵੱਲੋਂ ਕਿਹਾ ਜਾ ਰਿਹਾ ਸੀ ਕੀ ਵਿਕਾਸ ਕੰਮ ਸ਼ੁਰੂ ਕਰਵਾਏ ਜਾਣ ਅਤੇ ਹੋਰ ਵੀ ਬਹੁਤ ਸਾਰੇ ਮਤੇ ਪਾਸ ਹੋਣ ਵਾਲੇ ਪੈਂਡਿੰਗ ਪਏ ਹਨ। ਸੋ ਇਸ ਲਈ ਮਾਨਯੋਗ ਕੈਬਨਿਟ ਮੰਤਰੀ ਸ੍ਰੀ ਬਰਿੰਦਰ ਗੋਇਲ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਪੰਜਾਬ ਮਿਊਨਸੀਪਲ ਐਕਟ ਦੀ ਧਾਰਾ 28 ਦੇ ਤਹਿਤ ਇਹ ਮੀਟਿੰਗ ਕਰਵਾਈ ਗਈ ਹੈ ਜਿਸ ਵਿੱਚ ਇਹ ਪ੍ਰਬੰਧ ਹੈ ਕਿ ਸਾਰੇ ਮੈਂਬਰਾਂ ਦੀ ਸਹਿਮਤੀ ਦੇ ਨਾਲ ਇਸ ਇੱਕ ਮੈਂਬਰ ਨੂੰ ਚੇਅਰਮੈਨ ਚੁਣ ਕੇ ਵਿਕਾਸ ਦੇ ਕੰਮਾਂ ਦੇ ਲੋੜੀਦੇ ਮਤੇ ਪਾਸ ਕੀਤੇ ਜਾ ਸਕਦੇ ਹਨ ਅਤੇ ਇਸੇ ਤਹਿਤ ਅੱਜ ਅਸੀਂ ਪੰਜਾਬ ਮਿਊਨਸੀਪਲ ਐਕਟ ਦੀ ਧਾਰਾ 28 ਦੇ ਤਹਿਤ ਸਾਰੇ ਕੌਂਸਲਰਾਂ ਵੱਲੋਂ ਸਰਬ ਸੰਮਤੀ ਦੇ ਨਾਲ ਵਾਰਡ ਨੰਬਰ ਦੋ ਤੋਂ ਕੌਂਸਲਰ ਸ਼ਿੰਦਰਜੀਤ ਕੌਰ ਨੂੰ ਚੇਅਰ ਪਰਸਨ ਚੁਣ ਕੇ ਮੀਟਿੰਗ ਕਰਵਾਈ ਗਈ ਹੈ ਅਤੇ ਲੰਮੇ ਸਮੇਂ ਤੋਂ ਖਨੌਰੀ ਸ਼ਹਿਰ ਦੇ ਰੋਕੇ ਵਿਕਾਸ ਕਾਰਜ ਦੇ ਕੋਲ 18 ਮਤੇ ਪਾਸ ਕੀਤੇ ਗਏ ਹਨ, ਜਿਸ ਵਿੱਚ 2.90 ਕਰੋੜ ਦੇ ਰੁਪਏ ਦੇ 51 ਕੰਮਾਂ ਦੇ ਮਤੇ ਪਾਸ ਹੋਏ ਹਨ ਇਸ ਮੌਕੇ ਕੌਂਸਲਰਾਂ ਵਿੱਚੋਂ ਮਹਾਵੀਰ ਸਿੰਘ ਠੇਕੇਦਾਰ, ਬਲਵਿੰਦਰ ਸਿੰਘ, ਅੰਕੁਰ ਸਿੰਗਲਾ, ਹਰਬੰਸ ਲਾਲ ਸੈਕਟਰੀ, ਸ੍ਰੀਮਤੀ ਸੀਨੂ ਕਾਂਸਲ, ਕੁਲਦੀਪ ਸਿੰਘ ਪੂਨੀਆ, ਸ੍ਰੀਮਤੀ ਜਗਮੇਲ ਕੌਰ, ਸੁਭਾਸ਼ ਚੰਦ, ਸ੍ਰੀਮਤੀ ਰੀਤੂ ਰਾਣੀ, ਸ੍ਰੀਮਤੀ ਨੀਰੂ ਗੋਇਲ, ਸ੍ਰੀਮਤੀ ਕੁਲਦੀਪ ਕੌਰ, ਕ੍ਰਿਸ਼ਨ ਕੁਮਾਰ ਗੋਇਲ ਮੌਜੂਦ ਸਨ ਤੇ ਇਸ ਮੌਕੇ ਟਰੱਕ ਯੂਨੀਅਨ ਖਨੌਰੀ ਦੇ ਪ੍ਰਧਾਨ ਬੀਰ ਭਾਨ ਕਾਂਸਲ, ਹਲਕਾ ਯੂਥ ਕੋਆਰਡੀਨੇਟਰ ਵਿਸ਼ਾਲ ਕਾਂਸਲ, ਰਣਜੀਤ ਸਿੰਘ ਜੀਤੀ ਨੰਬਰਦਾਰ, ਰਮੇਸ਼ ਕੁਮਾਰ ਬਨਾਰਸੀ, ਜੋਰਾ ਸਿੰਘ ਉੱਪਲ, ਸੁਰਿੰਦਰ ਕਾਂਸਲ, ਕਲਰਕ ਰਾਜ ਕੁਮਾਰ, ਕਲਰਕ ਗੁਰਮੇਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਨਗਰ ਪੰਚਾਇਤ ਖਨੌਰੀ ਦਾ ਸਟਾਫ ਮੌਜੂਦ ਸੀ।

# ਧਨੌਲਾ ਪੁਲਿਸ ਵੱਲੋਂ ਨਸ਼ੀਲੇ ਪਾਊਡਰ ਸਮੇਤ ਇੱਕ ਕਾਬੂ



ਧਨੌਲਾ , 2 ਜੁਲਾਈ (ਚਮਕੌਰ ਸਿੰਘ ਗੱਗੀ): ਪੰਜਾਬ ਸਰਕਾਰ ਦੀ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਥਾਣਾ ਧਨੌਲਾ ਦੀ ਪੁਲਿਸ ਪਾਰਟੀ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਧਨੌਲਾ ਪੁਲਿਸ ਦੀ ਟੀਮ ਨੇ ਇੱਕ ਵਿਅਕਤੀ ਨੂੰ 255 ਗ੍ਰਾਮ ਨਸ਼ੀਲੇ ਪਾਊਡਰ ਸਣੇ ਕਾਬੂ ਕੀਤਾ। ਜਾਣਕਾਰੀ ਦਿੰਦੇ ਹੋਏ ਐਸ ਐਚ ਓ ਧਨੌਲਾ ਇੰਸਪੈਕਟਰ ਜਗਜੀਤ ਸਿੰਘ ਘੁਮਾਣ ਨੇ ਦੱਸਿਆ ਡੀਜੀਪੀ ਪੰਜਾਬ ਸ੍ਰੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ ਅਤੇ ਐਸਐਸਪੀ ਬਰਨਾਲਾ ਮੁਹੰਮਦ ਸਰਫਰਾਜ਼ ਆਲਮ, ਐਸਪੀ( ਡੀ) ਸ੍ਰੀ ਅਸ਼ੋਕ ਕੁਮਾਰ ਸ਼ਰਮਾ ਐਸਪੀ(ਐਚ) ਸ੍ਰੀ ਰਾਜੇਸ਼ ਕੁਮਾਰ ਛਿੱਬਰ, ਡੀਐਸਪੀ ਸਰਦਾਰ ਸਤਬੀਰ ਸਿੰਘ ਬੈਂਸ ਅਤੇ ਹੋਰ ਉੱਚ ਅਧਿਕਾਰੀਆਂ ਦੀਆਂ ਸਖਤ ਹਦਾਇਤਾਂ ਹਨ ਕਿ ਨਸ਼ੇ ਨੂੰ ਬਰਨਾਲਾ ਜ਼ਿਲ੍ਹੇ ਵਿੱਚੋਂ ਬਿਲਕੁਲ ਖਤਮ ਕਰਨਾ ਹੈ ਇਸੇ ਲੜੀ ਤਹਿਤ ਸੰਗਰੂਰ ਰੋਡ ਵਾਲੇ ਪਾਸੇ ਗਸਤ ਥਾਣੇਦਾਰ ਜਸਵੀਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਇੱਕ ਵਿਅਕਤੀ ਨਸ਼ੀਲਾ ਪਾਊਡਰ ਵੇਚਣ ਦੀ ਤਾਕ ਵਿੱਚ ਹੈ। ਜਿਸ ਦੇ ਉੱਤੇ ਤੁਰੰਤ ਕਾਰਵਾਈ ਕਰਦਿਆਂ ਥਾਣੇਦਾਰ ਜਸਵੀਰ ਸਿੰਘ ਅਤੇ ਉਸਦੇ ਸਾਥੀਆਂ ਨੇ ਉਸ ਵਿਅਕਤੀ ਨੂੰ ਦਬੋਚ ਲਿਆ ਜਿਸ ਦੀ ਪਹਿਚਾਣ ਕੁਲਦੀਪ ਸਿੰਘ ਦੀਪ ਪੁੱਤਰ ਮਹਿੰਦਰ ਸਿੰਘ ਵਾਸੀ ਬਰਨਾਲਾ ਰੋਡ ਧਨੌਲਾ ਵਜੋਂ ਹੋਈ। ਥਾਣੇਦਾਰ ਜਸਵੀਰ ਸਿੰਘ ਨੇ ਦੱਸਿਆ ਕਿ ਗ੍ਰਿਫਤਾਰ ਕੀਤੇ ਵਿਅਕਤੀ ਉੱਤੇ ਅ/ਧ 21/61/85 ਐਨ ਡੀ ਐਂਡ ਪੀਐਸ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਗਈ ਹੈ। ਇਸ ਮੌਕੇ ਤੇ ਹੈਡ ਕਾਂਸਟੇਬਲ ਸੰਦੀਪ ਸਿੰਘ, ਹੈਡ ਕਾਂਸਟੇਬਲ ਜਸਪਾਲ ਸਿੰਘ ,ਮੁੱਖ ਮੁਨਸ਼ੀ ਪਰਮਦੀਪ ਸਿੰਘ ਪੰਮਾ ਆਦਿ ਮੌਜੂਦ ਸਨ।

# ਹਿੰਦੂ ਦੇਵੀ-ਦੇਵਤਿਆਂ ਤੇ ਇਤਰਾਜ਼ਯੋਗ ਟਿੱਪਣੀਆਂ ਬਰਦਾਸ਼ਤ ਨਹੀਂ : ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ

ਬਰਨਾਲਾ, 2 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ) ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਜ਼ਿਲ੍ਹਾ ਬਰਨਾਲਾ ਦੀ ਇੱਕ ਹੰਗਾਮੀ ਮੀਟਿੰਗ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੰਡਲ ਮੰਤਰੀ ਨੀਲ ਮਨੀ ਸਮਾਧੀਆ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਫ਼ੈਸਲਾ ਕੀਤਾ ਗਿਆ ਕਿ ਹਿੰਦੂ ਧਰਮ, ਹਿੰਦੂ ਮੰਦਰਾਂ ਦਾ ਨਿਰਾਦਰ ਅਤੇ ਸੋਸ਼ਲ ਮੀਡੀਆ ਤੇ ਸਾਡੇ ਦੇਵੀ-ਦੇਵਤਿਆਂ ਤੇ ਗਲਤ ਟਿੱਪਣੀਆਂ ਬਰਦਾਸ਼ਤ ਨਹੀਂ ਕੀਤੀਆਂ ਜਾਣਗੀਆਂ। ਪ੍ਰਸ਼ਾਸਨ ਨੂੰ ਅਜਿਹੇ ਸਮਾਜ ਵਿਰੋਧੀ ਅਨਸਰਾਂ ਤੇ ਲਗਾਮ ਲਗਾਉਣੀ ਪਵੇਗੀ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਹਿੰਦੂ ਧਰਮ ਦੇ ਵਿਸ਼ਵਾਸਾਂ ਦੇ ਨਿਰਾਦਰ ਨੂੰ ਰੋਕਿਆ ਜਾ ਸਕੇ ਤਾਂ ਜੋ ਪੰਜਾਬ ਦਾ ਮਾਹੌਲ ਨਾ ਵਿਗੜ ਸਕੇ। ਨੀਲਮਨੀ ਸਮਾਧੀਆ ਨੇ ਕਿਹਾ ਕਿ ਪੰਜਾਬ ਪਿਛਲੇ ਕੁਝ ਦਿਨਾਂ ਵਿੱਚ ਸਮਾਨਾ ਵਿੱਚ ਭਗਵਾਨ ਸ਼ੰਕਰ ਵਿਰੁੱਧ ਅਸ਼ਲੀਲ ਟਿੱਪਣੀਆਂ ਕੀਤੀਆਂ ਗਈਆਂ, ਰਾਜਪੁਰਾ ਵਿੱਚ ਭਗਵਾਨ ਰਾਮ ਵਿਰੁੱਧ ਅਸ਼ਲੀਲ ਟਿੱਪਣੀਆਂ ਕੀਤੀਆਂ ਗਈਆਂ, ਬਰਨਾਲਾ ਵਿੱਚ ਕਿਸੇ ਨੇ ਫੇਸਬੁੱਕ ਤੇ ਪੋਸਟ ਕੀਤੀ ਕਿ ਹਿੰਦੂਆਂ ਨੂੰ ਭਜਾਓ, ਪੰਜਾਬ ਬਚਾਓ ਅਤੇ ਕੁਝ ਦਿਨ ਪਹਿਲਾਂ ਮਲੇਰਕੋਟਲਾ ਵਿੱਚ ਸਮਾਜ ਵਿਰੋਧੀ ਅਨਸਰਾਂ ਨੇ ਪ੍ਰਾਚੀਨ ਕਾਲੀ ਮਾਤਾ ਮੰਦਰ ਨੂੰ ਜੁੱਤੀਆਂ ਨਾਲ ਤੋੜ ਦਿੱਤਾ। ਹਥਿਆਰਾਂ ਦੇ ਜ਼ੋਰ ਤੇ ਮੰਦਰ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਮੰਦਰ ਦੀ ਬੇਅਦਬੀ ਕੀਤੀ ਗਈ। ਅਜਿਹੀ ਘਟਨਾ ਹਿੰਦੂ ਧਰਮ ਦੀ ਆਸਥਾ ਨੂੰ ਠੇਸ ਪਹੁੰਚਾ ਰਹੀ ਹੈ। ਪ੍ਰਸ਼ਾਸਨ ਨੂੰ ਇਸ ਨੂੰ ਰੋਕਣ ਲਈ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ

# ਡਾਕਟਰ ਅਰਵਿੰਦਰ ਸਿੰਘ ਅਰੋੜਾ ਅਤੇ ਡਾਕਟਰ ਸੁਮੀਤ ਮਿੱਤਲ ਨੇ ਜਨਮ ਦਿਨ 'ਤੇ ਪੌਦੇ ਲਗਾਏ



ਭਗਤਾ ਭਾਈ ਕਾ, 2 ਜੁਲਾਈ (ਸਵਰਨ ਸਿੰਘ ਭਗਤਾ) :ਸਥਾਨਕ ਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਬਤੌਰ ਡਾਕਟਰ ਸੇਵਾਵਾਂ ਨਿਭਾਅ ਰਹੇ ਡਾਕਟਰ ਅਰਵਿੰਦਰ ਸਿੰਘ ਅਰੋੜਾ ਅਤੇ ਡਾਕਟਰ ਸੁਮੀਤ ਮਿੱਤਲ ਵੱਲੋਂ ਆਪਣੇ ਜਨਮਦਿਨ ਦੇ ਮੌਕੇ ਤੇ ਵਾਤਾਵਰਨ ਦੀ ਸ਼ੁੱਧਤਾ ਵਿੱਚ ਹਿੱਸਾ ਪਾਉਂਦਿਆਂ ਸਥਾਨਕ ਸ਼ਹਿਰ ਦੇ ਸਿਵਲ ਹਸਪਤਾਲ ਵਿਖੇ ਪੌਦੇ ਲਗਾਏ ਗਏ ਇਸ ਮੌਕੇ ਡਾਕਟਰ ਰਵਿੰਦਰ ਸਿੰਘ ਅਰੋੜਾ ਅਤੇ ਡਾਕਟਰ ਸੁਮੀਤ ਮਿੱਤਲ ਨੇ ਕਿਹਾ ਕਿ ਸਾਨੂੰ ਸਾਰਿਆਂ ਨੂੰ ਹੀ ਆਪਣੇ ਖੁਸ਼ੀ ਦੇ ਮੌਕਿਆਂ ਉੱਪਰ ਵਾਤਾਵਰਨ ਦੀ ਸ਼ੁੱਧਤਾ ਵਿੱਚ ਹਿੱਸਾ ਪਾਉਂਦਿਆਂ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ,ਇਸ ਮੌਕੇ ਉਨ੍ਹਾਂ ਵੱਲੋਂ ਵੀਹ ਦੇ ਲੱਗਭਗ ਬੂਟੇ ਲਗਾਏ ਗਏ। ਇਸ ਮੌਕੇ ਡਾਕਟਰ ਲੁਕੇਸ ਸਿੰਗਲਾ ਨੇ ਕਿਹਾ ਕਿ ਰੁੱਖ ਤੇ ਮਨੁੱਖ ਦੀ ਗੂੜ੍ਹੀ ਸਾਂਝ ਹੈ ਰੁੱਖ ਹਨ, ਤਾਂ ਮਨੁੱਖ ਦੀ ਹੋਂਦ ਹੋਂਦ ਹੈ, ਕਿਉਂਕਿ ਰੁੱਖ ਆਕਸੀਜਨ ਦਾ ਸਰੋਤ ਹਨ ਅਤੇ ਸਾਨੂੰ ਸਾਹ ਲੈਣ ਲਈ ਆਕਸੀਜਨ ਦਿੰਦੇ ਹਨ ਜਿਸ ਨਾਲ ਧਰਤੀ ਦੇ ਜੀਵ ਜੰਤੂ ਜੀਵਤ ਰਹਿ ਸਕਦੇ ਹਨ।ਇਸ ਮੌਕੇ ਤਰਸੇਮ ਅਤੇ ਰਣਧੀਰ ਸਿੰਘ ਆਦਿ ਹਾਜ਼ਰ ਸਨ।

# ਸਬ ਡਵੀਜ਼ਨ ਮੂਨਕ ਤੇ ਪਾਤੜਾਂ ਦੇ ਕਰੀਬ ਦੋ ਦਰਜ਼ਨ ਪਿੰਡਾਂ ਦੇ ਲੋਕਾਂ ਨੂੰ ਹਰ ਸਾਲ ਹੀ ਝੱਲਣੀ ਪੈਂਦੀ ਹੈ ਘੱਗਰ ਦੇ ਹੜ੍ਹਾਂ ਦੀ ਮਾਰ



ਖਨੌਰੀ 2 ਜੁਲਾਈ ( ਓਮਪ੍ਰਕਾਸ਼ ਮੁਆਲ ): ਖਨੌਰੀ ਵਿਖੇ ਘੱਗਰ ਦਰਿਆ ਵਿੱਚ ਪਾਣੀ ਦਾ ਪੱਧਰ ਲਗਾਤਾਰ ਵਧਣ ਨਾਲ ਜ਼ਿਲ੍ਹਾ ਸੰਗਰੂਰ ਦੀ ਸਬ ਡਵੀਜ਼ਨ ਮੂਣਕ ਸਮੇਤ ਜ਼ਿਲ੍ਹਾ ਪਟਿਆਲਾ ਦੀ ਸਬ ਡਵੀਜ਼ਨ ਪਾਤੜਾਂ ਦੇ ਕਰੀਬ ਦੋ ਦਰਜਨ ਪਿੰਡਾਂ ਦੇ ਲੋਕਾਂ ਵਿੱਚ ਹੜਾਂ ਦੇ ਸੰਭਾਵੀ ਖ਼ਤਰੇ ਨੂੰ ਦੇਖਦਿਆਂ ਸਹਿਮ ਪਾਇਆ ਜਾ ਰਿਹਾ ਹੈ। ਇਸ ਸਮੇਂ ਖਨੌਰੀ ਵਿਖੇ ਆਰਡੀ 460 ਪੁੱਲ 'ਤੇ ਲੱਗੇ ਮਾਪ ਦੰਡ ਅਨੁਸਾਰ ਪਾਣੀ ਦਾ ਪੱਧਰ ਅੱਜ ਸ਼ਾਮ ਸਮੇਂ 739.2 ਫੁੱਟ 'ਤੇ ਚੱਲ ਰਿਹਾ ਹੈ ਜਦੋਂ ਕਿ ਖਤਰੇ ਦਾ ਨਿਸ਼ਾਨ 748 ਫੁੱਟ ਤੇ ਹੈ ਤੇ ਇਹ ਪੱਧਰ ਭਾਂਵੇ ਅਜੇ ਘੱਟ ਹੈ । ਪਰ ਪਿਛਲੇ ਕਰੀਬ 10 ਘੰਟਿਆਂ ਤੋਂ ਪਾਣੀ ਦਾ ਪੱਧਰ ਲਗਾਤਾਰ ਸੱਤ ਅੱਠ ਫੁੱਟ ਵਧਣ ਕਰਕੇ ਲੋਕਾਂ ਵਿੱਚ ਸਹਿਮ ਪੈਦਾ ਹੋ ਚੁੱਕਾ ਹੈ। ਹਿਮਾਚਲ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਸ਼ੁਰੂ ਹੁੰਦਾ ਇਹ ਘੱਗਰ ਦਰਿਆ ਜਿਸ ਵਿੱਚ ਕਿ ਅੱਗੇ ਆ ਕਿ ਕਈ ਹੋਰ ਛੋਟੀਆਂ ਵੱਡੀਆਂ ਨਦੀਆਂ ਦਾ ਪਾਣੀ ਵੀ ਇਸ ਵਿੱਚ ਪੈਂਦਾ ਹੈ ਅਤੇ ਖਨੌਰੀ ਨੇੜੇ ਆ ਕੇ ਇਹ ਘੱਗਰ ਦਰਿਆ ਇੱਕ ਵਿਸ਼ਾਲ ਰੂਪ ਧਾਰਨ ਕਰ ਲੈਂਦਾ ਹੈ ਤੇ ਉਥੇ ਕਰੀਬ ਦੋ ਦਰਜਨ ਪਿੰਡਾਂ ਵਿੱਚ ਹੜਾਂ ਦੇ ਰੂਪ ਵਿੱਚ ਤਬਾਹੀ ਮਚਾਉਂਦਾ ਹੈ ਤੇ ਝੋਨੇ ਸਮੇਤ ਹੋਰ ਫਸਲਾਂ ਦਾ ਭਾਰੀ ਨੁਕਸਾਨ ਕਰ ਜਾਂਦਾ ਹੈ ਤੇ ਹਰ ਸਾਲ ਹੀ ਹਜ਼ਾਰਾਂ ਏਕੜ ਫਸਲ ਤਬਾਹ ਹੋ ਜਾਂਦੀ ਹੈ ਜਿਸ ਕਰਕੇ ਇਸ ਖਨੌਰੀ ਇਲਾਕੇ ਦੇ ਪਿੰਡਾਂ ਦੀ ਕਿਸਾਨਾਂ ਦੀ ਆਰਥਿਕ ਹਾਲਤ ਸਾਲੋ ਸਾਲ ਹੀ ਲਗਾਤਾਰ ਮਾੜੀ ਹੁੰਦੀ ਜਾ ਰਹੀ ਹੈ। ਤਕਰੀਬਨ ਹਰ ਸਾਲ ਹੀ ਘੱਗਰ ਦਰਿਆ ਦੇ ਹੜਾਂ ਦੀ ਮਾਰ ਲੋਕਾਂ ਨੂੰ ਝੱਲਣੀ ਪੈਂਦੀ ਹੈ ਤੇ ਜਦੋਂ ਹੜ ਆ ਜਾਂਦੇ ਹਨ ਤਾਂ ਮੌਕੇ ਦੀਆਂ ਸਰਕਾਰਾਂ ਦੇ ਮੰਤਰੀ ਆ ਕੇ ਇਹ ਐਲਾਨ ਕਰ ਜਾਂਦੇ ਹਨ ਕਿ ਇਸ ਦਾ ਹੱਲ ਜਲਦੀ ਕੀਤਾ ਜਾਵੇਗਾ ਤੇ ਇਸ ਹੜਾਂ ਨਾਲ ਖਰਾਬ ਹੋਈਆਂ ਫਸਲਾਂ ਦਾ ਮੁਆਵਜ਼ਾ ਵੀ ਦਿੱਤਾ ਜਾਵੇਗਾ ਪਰੰਤੂ ਇਹ ਕੀਤੀਆਂ ਹੋਈਆਂ ਗੱਲਾਂ ਸਿਰਫ ਲਾਰੇ ਹੀ ਰਹਿ ਜਾਂਦੀਆਂ ਹਨ ਤੇ ਨਾ ਹੀ ਕੋਈ ਸਥਾਈ ਹੱਲ ਹੁੰਦਾ ਹੈ ਤੇ ਨਾ ਮਾਤਰ ਹੀ ਮੁਆਵਜਾ ਦਿੱਤੇ ਜਾਣ ਕਰਕੇ ਕਿਸਾਨਾਂ ਨੂੰ ਹਮੇਸ਼ਾ ਨਮੋਸ਼ੀ ਝੱਲਣੀ ਪੈਂਦੀ ਹੈ। ਭਾਵੇਂ ਕਿ ਪਿਛਲੇ ਕੁਝ ਸਾਲਾਂ ਦੌਰਾਨ ਖਨੌਰੀ ਨੇੜਿਓਂ ਘੱਗਰ ਦਰਿਆ ਨੂੰ ਕਰੀਬ ਢਾਈ ਤਿੰਨ ਸੋ ਫੁੱਟ ਚੌੜਾ ਕਰ ਦਿੱਤਾ ਗਿਆ ਹੈ ਪ੍ਰੰਤੂ ਮਕੋਰੜ ਲਾਗੇ ਜਾ ਕੇ ਇਸਦੀ ਚੌੜਾਈ ਕਾਫੀ ਘੱਟ ਹੋਣ ਕਰਕੇ ਉਹਨਾਂ ਪਿੰਡਾਂ ਨੂੰ ਹੜਾਂ ਦੀ ਮਾਰ ਝੱਲਣੀ ਪੈਂਦੀ ਹੈ। ਇਨ੍ਹਾਂ ਹੜਾਂ ਨਾਲ ਸਬ ਡਵੀਜ਼ਨ ਮੂਣਕ ਦੇ ਬਨਾਰਸੀ, ਬੌਪੁਰ, ਅਨਦਾਨਾ, ਸ਼ਾਹਪੁਰ ਥੇੜੀ, ਚਾਂਦੂ, ਮੰਡਵੀ, ਮਕੋਰੜ, ਨਵਾਂ ਗਾਉ, ਹੋਤੀਪੁਰ ਸਮੇਤ ਸਬ ਡਵੀਜ਼ਨ ਪਾਤੜਾਂ ਦੇ ਸਾਗਰਾ, ਮਤੋਲੀ, ਤੇਈਪੁਰ, ਗੁਲਾਹੜ, ਜੋਗੇਵਾਲਾ, ਰਸੌਲੀ, ਚਿਚੜਵਾਲਾ ਸਮੇਤ ਹੋਰ ਕਈ ਪਿੰਡਾਂ ਵਿਚ ਹਜ਼ਾਰਾਂ ਏਕੜ ਫ਼ਸਲਾਂ ਤਬਾਹ ਹੋ ਜਾਂਦੀਆਂ ਹਨ ਤੇ ਮੋਟਰਾਂ ਪਾਣੀ ਵਿਚ ਡੁੱਬ ਜਾਂਦੀਆਂ ਹਨ ਤੇ ਕਈ ਵਾਰ ਪਿੰਡਾਂ ਵਿੱਚ ਵੀ ਪਾਣੀ ਦਾਖਲ ਹੋ ਜਾਂਦਾ ਹੈ ਤੇ ਪਿੰਡਾਂ ਦਾ ਆਪਸੀ ਸੰਪਰਕ ਵੀ ਟੁੱਟ ਜਾਂਦਾ ਹੈ, ਜਿਸ ਹਿਸਾਬ ਨਾਲ ਪਿਛਲੇ ਦੋ ਦਿਨਾਂ ਤੋਂ ਲਗਾਤਾਰ ਹਿਮਾਚਲ ਵਿੱਚ ਬਰਸਾਤ ਹੋ ਰਹੀ ਹੈ ਤੇ ਬੱਦਲ ਫਟ ਰਹੇ ਹਨ ਤੇ ਉਥੇ ਤਕਰੀਬਨ ਸਾਰੇ ਹੀ ਦਰਿਆਵਾਂ ਵਿੱਚ ਪਾਣੀ ਦਾ ਪੱਧਰ ਕਾਫੀ ਵੱਧ ਰਿਹਾ ਹੈ ਉਸ ਨੂੰ ਵੇਖਦੇ ਹੋਏ ਲੱਗ ਰਿਹਾ ਹੈ ਕਿ ਕੱਲ ਰਾਤ ਤੱਕ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਨੇੜੇ ਪਹੁੰਚ ਜਾਵੇਗਾ।

# ਐਸ. ਬੀ. ਐਸ. ਪਬਲਿਕ ਸਕੂਲ ਵਿਖੇ ਬੱਚਿਆਂ ਦਾ ਸਕੂਲ ਖੁੱਲ੍ਹਣ 'ਤੇ ਕੀਤਾ ਸਵਾਗਤ




ਬਰਨਾਲਾ, 2 ਜੁਲਾਈ (ਅਮਨਦੀਪ ਸਿੰਘ): ਗਰਮੀ ਦੀਆਂ ਛੁੱਟੀਆਂ ਤੋਂ ਬਾਅਦ 1 ਜੁਲਾਈ ਨੂੰ ਸਕੂਲ ਮੁੜ ਖੋਲੇ ਗਏ ਅਤੇ ਬੱਚਿਆਂ ਅਤੇ ਅਧਿਆਪਕਾਂ ਵਿੱਚ ਸਕੂਲ ਜਾਣ ਦੀ ਬਹੁਤ ਉਤਸੁਕਤਾ ਦੇਖੀ ਗਈ। ਇਲਾਕੇ ਦੀ ਨਾਮਵਰ ਸੰਸਥਾ ਐਸ ਬੀ ਐਸ ਪਬਲਿਕ ਸਕੂਲ ਸੁਰਜੀਤਪੁਰਾ ਵਿਖੇ ਛੁੱਟੀਆਂ ਤੋਂ ਬਾਅਦ ਬੱਚਿਆਂ ਦਾ ਸਕੂਲ ਪਹੁੰਚਣ ਤੇ ਅਧਿਆਪਕਾਂ ਵੱਲੋਂ ਸਕੂਲ ਅਤੇ ਕਮਰਿਆਂ ਨੂੰ ਸਜਾ ਕੇ ਸਵਾਗਤ ਕੀਤਾ ਗਿਆ। ਇਹ ਬੱਚਿਆਂ ਲਈ ਖੁਸ਼ੀ ਅਤੇ ਪ੍ਰੇਰਣਦਾਇਕ ਮਾਹੌਲ ਰਿਹਾ।

ਬੱਚਿਆਂ ਦੇ ਉਤਸ਼ਾਹ ਅਤੇ ਮੁਸਕਾਨ ਤੋ ਪਤਾ ਲੱਗਾ ਕਿ ਬੱਚਿਆਂ ਨੇ ਸਕੂਲ ਨੂੰ ਬਹੁਤ ਯਾਦ ਕੀਤਾ। ਅਧਿਆਪਕਾਂ ਨੇ ਬੱਚਿਆਂ ਨਾਲ ਛੁੱਟੀਆਂ ਦਾ ਤਜਰਬਾ ਸਾਂਝਾ ਕੀਤਾ। ਨਰਸਰੀ ਕਲਾਸ ਤੋ ਪੰਜਵੀ ਕਲਾਸ ਦੇ ਬੱਚਿਆਂ ਲਈ ਵੱਖ-ਵੱਖ ਗਤੀਵਿਧੀਆ ਦਾ ਆਯਜੋਨ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਅਤੇ ਡਾ. ਸੰਜੇ ਕੁਮਾਰ ਵੱਲੋ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਪੜ੍ਹਾਈ ਨੂੰ ਬੋਝ ਮੰਨ ਸਕੂਲ ਨਹੀ ਆਉਣਾ ਚਾਹੀਦਾ ਸਗੋਂ ਕੁਝ ਨਵਾਂ ਸਿੱਖਣ ਦੀ ਚਾਹਤ ਨੂੰ ਲੈ ਕੇ ਸਕੂਲ ਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਐਸ ਬੀ ਐਸ ਪਬਲਿਕ ਸਕੂਲ 'ਚ ਬੱਚਿਆਂ ਦੇ ਮਨੋਬਲ ਨੂੰ ਸਮਝ ਕੇ ਉਨ੍ਹਾਂ ਦੇ ਪੱਧਰ 'ਤੇ ਪਹੁੰਚ ਕੇ ਬੱਚਿਆਂ ਨੂੰ ਪੜ੍ਹਾਇਆਂ ਜਾਂਦਾ ਹੈ, ਜਿਸ ਨਾਲ ਬੱਚਿਆਂ ਅੰਦਰ ਸਕੂਲ ਆਉਣ ਦੀ ਉਤਸੁਕਤਾ ਰਹਿੰਦੀ ਹੈ। ਉਨ੍ਹਾਂ ਕਿਹਾ ਗਰਮੀ ਦੀਆਂ ਛੁੱਟੀਆਂ ਤੋਂ ਬਾਅਦ ਜੁਲਾਈ ਵਿੱਚ ਸਕੂਲ ਖੁੱਲ੍ਹਣ ਦੇ ਪਹਿਲੇ ਦਿਨ ਬੱਚਿਆਂ ਦੀ 90 ਪ੍ਰਤੀਸ਼ਤ ਹਾਜ਼ਰੀ ਰਹੀ।

# ਮਜੀਠੀਆ ਦੀ ਪੇਸ਼ੀ ਦੌਰਾਨ ਚੰਡੀਗੜ੍ਹ ਜਾ ਰਹੇ ਅਕਾਲੀ ਵਰਕਰ ਕੀਤੇ ਗ੍ਰਿਫ਼ਤਾਰ



ਧਨੌਲਾ,2 ਜੁਲਾਈ (ਚਮਕੌਰ ਸਿੰਘ ਗੱਗੀ): ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵੱਡੇ ਲੀਡਰ ਵਿਕਰਮਜੀਤ ਸਿੰਘ ਮਜੀਠੀਆ ਨੂੰ ਪੇਸ਼ੀ ਦੌਰਾਨ ਮਿਲਣ ਜਾ ਰਹੇ ਅਕਾਲੀ ਦਲ ਦੇ ਵਰਕਰਾਂ ਨੂੰ ਅੱਜ ਬਰਨਾਲਾ ਪੁਲਿਸ ਨੇ ਬਡਬਰ ਟੋਲ ਪਲਾਜ਼ਾ ਤੇ ਨਾਕਾ ਲਗਾ ਕੇ ਗਿਰਫ਼ਤਾਰ ਕੀਤੇ ਜਿਨ੍ਹਾਂ ਨੂੰ ਥਾਣਾ ਧਨੌਲਾ ਵਿਖੇ ਰੱਖਿਆ ਗਿਆ, ਇਸ ਦੌਰਾਨ ਅਕਾਲੀ ਦਲ ਦੇ ਵਰਕਰਾਂ ਵੱਲੋਂ ਸਰਕਾਰ ਖ਼ਿਲਾਫ਼ ਜੰਮ ਕੇ ਨਾਅਰੇਬਾਜ਼ੀ ਕੀਤੀ, ਇਸ ਦੌਰਾਨ ਸ੍ਰੋਮਣੀ ਅਕਾਲੀ ਦਲ ਦੇ ਵਰਕਰਾਂ ਵਿੱਚ ਭਾਰੀ ਜੋਸ਼ ਦੇਖਣ ਨੂੰ ਮਿਲਿਆ, ਜੱਥੇ ਦੀ ਅਗਵਾਈ ਕਰ ਰਹੇ ਜਿਲਾ ਪ੍ਰਧਾਨ ਬਿੱਟੂ ਦੀਵਾਨਾ, ਅਤੇ ਸਤਨਾਮ ਸਿੰਘ ਰਾਹੀ, ਅਤੇ ਸੰਜੀਵ ਕੁਮਾਰ ਸ਼ੋਰੀ, ਨੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪਿਛਲੇ ਦਿਨੀਂ ਸੂਬਾ ਸਰਕਾਰ ਵਲੋਂ ਵਿਕਰਮਜੀਤ ਸਿੰਘ ਮਜੀਠੀਆ ਖਿਲਾਫ ਇੱਕ ਬੇਬੁਨਿਆਦ ਝੂਠਾ ਕੇਸ ਦਰਜ ਕਰਕੇ ਵਿਜੀਲੈਂਸ ਵੱਲੋਂ ਗਿਰਫ਼ਤਾਰ ਕੀਤਾ ਸੀ ਅਤੇ ਰਿਮਾਂਡ ਹਾਸਲ ਕੀਤਾ ਗਿਆ ਸੀ ਜਿਸਦਾ ਅੱਜ ਰਿਮਾਂਡ ਖਤਮ ਹੋਣ ਕਾਰਨ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ, ਜਿਸ ਨੂੰ ਪੇਸ਼ੀ ਦੌਰਾਨ ਅੱਜ ਅਕਾਲੀ ਦਲ ਦਾ ਸਮੂਹ ਵਰਕਰ ਓਹਨਾ ਦੀ ਚੜ੍ਹਦੀਕਲਾ ਲਈ ਗੁਰੂਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਲਈ ਮੁਹਾਲੀ ਜਾਣਾ ਚਾਹੁੰਦਾ ਹੈ, ਪਰ ਸਰਕਾਰ ਆਕਾਲੀ ਦਲ ਦੇ ਵਰਕਰਾਂ ਤੋਂ ਇਨਾ ਡਰ ਗਈ ਕਿ ਜਗਾ ਜਗ੍ਹਾ ਨਾਕੇ ਲਗਾਏ ਗਏ ਹਨ ਅਤੇ ਵਰਕਰਾਂ ਨੂੰ ਗਿਰਫ਼ਤਾਰ ਕੀਤਾ ਜਾ ਰਿਹਾ ਹੈ, ਸਤਨਾਮ ਸਿੰਘ ਰਾਹੀ ਨੇ ਕਿਹਾ ਕਿ ਇਤਿਹਾਸ ਵਿੱਚ ਪਹਿਲੀਵਾਰ ਹੋਇਆ ਹੈ ਕਿ ਸਰਕਾਰ ਨੇ ਵਕੀਲਾਂ ਨੂੰ ਹਾਊਸ ਅਰੇਸਟ ਕੀਤਾ ਗਿਆ, ਇਹ ਅਣ ਐਲਾਨੀ ਐਮਰਜੈਂਸੀ ਹੈ, ਸਰਕਾਰ ਹੁਣ ਬਿਲਕੁਲ ਗੰਦੀ ਰਾਜਨੀਤੀ ਤੇ ਉੱਤਰ ਆਈ ਹੈ, ਆਕਾਲੀ ਦਲ ਦੀ ਚੜ੍ਹਦੀਕਲਾ ਤੋਂ ਡਰ ਰਹੀ ਹੈ, ਇਹ ਉਹ ਅਕਾਲੀ ਫਲ ਦੇ ਵਰਕਰ ਹਨ ਜਿਨਾਂ ਨੇ ਪੰਦਰਾਂ ਪੰਦਰਾਂ ਸਾਲ ਜੇਲਾਂ ਕੱਟੀਆਂ ਹਨ, ਬਿੱਟੂ ਨੇ ਦੋਸ਼ ਲਾਉਂਦਿਆਂ ਕਿਹਾ ਕਿ ਇਹ ਜਿਹੜੀ ਭੰਡਾਂ ਦੀ ਸਰਕਾਰ ਦਿੱਲੀ ਦੇ ਇੱਕ ਵਿਅਕਤੀ ਦੇ ਸਿਰ ਤੇ ਚੱਲ ਰਹੀ ਜੋ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਲਈ ਬਹੁਤ ਹੀ ਘਾਤਕ ਹੈ। ਅਸੀਂ ਅਜਿਹਾ ਨਹੀਂ ਹੋਣ ਦੇਵਾਗੇ। ਇਸ ਮੌਕੇ ਐਸਪੀ ਰਜੇਸ਼ ਕੁਮਾਰ ਸ਼ਿੱਬਰ ਨੇ ਕਿਹਾ ਕਿ ਮਜੀਠੀਆ ਦੀ ਪੇਸ਼ੀ ਦੌਰਾਨ ਕਾਨੂੰਨ ਵਿਵਸਥਾ ਵਿੱਚ ਕੋਈ ਵਿਘਨ ਨਾ ਪਵੇ ਇਸ ਲਈ ਅੱਜ ਵਰਕਰਾਂ ਨੂੰ ਡਿਟੈਨ ਕੀਤਾ ਗਿਆ ਹੈ, ਇਸ ਮੌਕੇ ਯਾਦਵਿੰਦਰ ਸਿੰਘ ਸੋਨੀ ਜਾਗਲ ਸੁਖਪਾਲ ਸਿੰਘ, ਬੇਅੰਤ ਸਿੰਘ ਬਾਠ ਜੱਸਾ ਸਿੰਘ, ਵੀਰਇੰਦਰ ਸਿੰਘ ਲੱਕੀ ਭੂਰੇ, ਰਣਦੀਪ ਸਿੰਘ ਕਰਮਜੀਤ ਸਿੰਘ,ਜਗਰਾਜ ਸਿੰਘ, ਕੁਲਦੀਪ ਸਿੰਘ, ਸੁਖਵਿੰਦਰ ਸਿੰਘ ਭਠਲਾ, ਅਮਨਦੀਪ ਸਿੰਘ, ਗੁਰਸੇਵਕ ਸਿੰਘ, ਗੁਰਪਿਆਰ ਸਿੰਘ, ਕਰਮਜੀਤ ਸਿੰਘ, ਭੋਲਾ ਸਿੰਘ ਭੂਰੇ, ਗੁਰਮੀਤ ਸਿੰਘ, ਭੋਲਾ ਸਿੰਘ ਬਰਨਾਲਾ ਸੁਖਪ੍ਰੀਤ ਸਿੰਘ, ਵੱਲੋਂ ਜੰਮ ਕੇ ਨਾਅਰੇਬਾਜ਼ੀ ਕੀਤੀ।

## ਹਰਿਆਣਾ ਸਰਕਾਰ ਵਾਂਗ ਦੂਸਰੇ ਫੌਜੀਆਂ ਦੇ ਬਰਾਬਰ ਸ਼ਹਾਦਤ ਹੋਣ 'ਤੇ ਅਗਨੀਵੀਰਾਂ ਦੇ ਪਰਿਵਾਰਾਂ ਨੂੰ ਭੀ ਪੰਜਾਬ ਸਰਕਾਰ ਦੇਵੇ ਇਕ ਕਰੋੜ

ਬਰਨਾਲਾ 2 ਜੁਲਾਈ (ਅਮਨਦੀਪ ਸਿੰਘ) : ਹਰਿਆਣਾ ਦੀ ਸੈਣੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਕਰਕੇ ਰਾਜ ਦੇ ਨੌਜਵਾਨ ਜਿਹੜੇ ਭਾਰਤੀ ਫੌਜ ਵਿੱਚ ਬਤੌਰ ਅਗਨੀਵੀਰ ਸਰਹੱਦਾਂ 'ਤੇ ਸੇਵਾ ਕਰ ਰਹੇ ਹਨ ਉਹਨਾਂ ਦੀ ਅਗਰ ਡਿਊਟੀ ਦੌਰਾਨ ਸ਼ਹਾਦਤ ਹੋ ਜਾਂਦੀ ਹੈ, ਤਾਂ ਉਹਨਾਂ ਦੇ ਪ੍ਰੀਵਾਰਾਂ ਨੂੰ ਭੀ ਰੈਗੂਲਰ ਫੌਜੀਆ ਵਾਗ ਇਕ ਕਰੋੜ ਦਿੱਤਾ ਜਾਵੇਗਾ ਉਸੇ ਤਰ੍ਹਾਂ ਹਰਿਆਣਾ ਰਾਜ ਦੀ ਤਰਜ 'ਤੇ ਪੰਜਾਬ ਰਾਜ ਦੇ ਅਗਨੀਵੀਰਾਂ ਦੀ ਸ਼ਹਾਦਤ ਹੋਣ 'ਤੇ ਉਹਨਾਂ ਦੇ ਪ੍ਰੀਵਾਰਾਂ ਨੂੰ ਵੀ ਇਕ ਕਰੋੜ ਦੀ ਰਾਸ਼ੀ ਅਤੇ ਇਕ ਸਰਕਾਰੀ ਨੌਕਰੀ ਪਰਿਵਾਰ ਦੇ ਇਕ ਮੈਂਬਰ ਨੂੰ ਬਤੌਰ ਮੱਦਦ ਦਿੱਤੀ ਜਾਵੇ ਇਹ ਮੰਗ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਕਿਹਾ ਇਹ ਸਬੰਧ ਵਿੱਚ ਬਹੁਤ ਜਲਦੀ ਸਾਡੇ ਵੱਲੋ ਮਾਣਯੋਗ ਰਾਜਪਾਲ ਪੰਜਾਬ ਨੂੰ ਵੀ ਮੰਗ ਪੱਤਰ ਦਿੱਤਾ ਜਾਵੇਗਾ।

## ਸਫ਼ਾਈ ਮਜ਼ਦੂਰ ਯੂਨੀਅਨ ਵੱਲੋਂ 16 ਜੁਲਾਈ ਤੋਂ ਕੰਮ ਛੋੜ ਹੜਤਾਲ ਦੀ ਚੇਤਾਵਨੀ

ਧੂਰੀ, 2 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਸਫ਼ਾਈ ਮਜ਼ਦੂਰ ਯੂਨੀਅਨ ਨੇ ਨਗਰ ਕੌਂਸਲ ਧੂਰੀ ਦਫ਼ਤਰ ਵਿਖੇ ਇਕ ਅਹਿਮ ਮੀਟਿੰਗ ਕਰਕੇ 16 ਜੁਲਾਈ ਤੋਂ ਕੰਮ ਛੋੜ ਹੜਤਾਲ ਕਰਨ ਦਾ ਐਲਾਨ ਕੀਤਾ। ਮੀਟਿੰਗ ਵਿੱਚ ਸੂਬਾ ਪ੍ਰਧਾਨ ਅਸ਼ੋਕ ਕੁਮਾਰ, ਪੰਜਾਬ ਕਨਵੀਨਰ ਕੁਲਦੀਪ ਸ਼ਰਮਾ, ਜਿਲ੍ਹਾ ਪ੍ਰਧਾਨ ਹੰਸ ਰਾਜ ਬਨਵਾੜੀ ਅਤੇ ਭਾਰਤ ਬੇਦੀ ਨੇ ਸ਼ਿਰਕਤ ਕੀਤੀ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਲੋਕਲ ਯੂਨੀਅਨ ਪ੍ਰਧਾਨ ਮਨੋਜ ਰਾਣੀ ਅਤੇ ਜਨਰਲ ਸਕੱਤਰ ਸੰਜੇ ਕੁਮਾਰ ਨੇ ਦੱਸਿਆ ਕਿ ਕਈ ਵਾਰ ਸਰਕਾਰ ਤੇ ਪ੍ਰਸ਼ਾਸਨ ਨਾਲ ਮੀਟਿੰਗਾਂ ਹੋ ਚੁੱਕੀਆਂ ਹਨ, ਪਰ ਨਾ ਹੀ ਕੱਚੇ ਵਰਕਰਾਂ ਨੂੰ ਕੰਟਰੈਕਟ 'ਤੇ ਲਿਆ ਗਿਆ ਅਤੇ ਨਾ ਹੀ ਕੰਟਰੈਕਟ ਵਰਕਰਾਂ ਨੂੰ ਰੈਗੂਲਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਵਰਕਰਾਂ ਦੇ ਹੱਕਾਂ ਨੂੰ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ, ਜਿਸ ਕਾਰਨ ਹੁਣ ਸਭਰ ਦਾ ਪਿਆਲਾ ਲੱਭ ਗਿਆ ਹੈ। ਉਨ੍ਹਾਂ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਜੇ 15 ਜੁਲਾਈ ਤੱਕ ਮੰਗਾਂ ਨਹੀਂ ਮਨਜ਼ੂਰ ਕੀਤੀਆਂ ਗਈਆਂ ਤਾਂ 16 ਜੁਲਾਈ ਤੋਂ ਰਾਜ ਪੱਧਰੀ ਕੰਮ ਛੋੜ ਹੜਤਾਲ ਸ਼ੁਰੂ ਕਰ ਦਿੱਤੀ ਜਾਵੇਗੀ। ਉਨ੍ਹਾਂ ਸਾਫ਼ ਕੀਤਾ ਕਿ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਤੇ ਰਮੇਸ਼ ਕੁਮਾਰ ਮੇਟ ਅਤੇ ਅਸ਼ੋਕ ਕੁਮਾਰ ਖਜ਼ਾਨਚੀ ਵੀ ਮੌਜੂਦ ਸਨ।

## ਅਨੰਤ ਅਨਾਥ ਆਸ਼ਰਮ ਦੇ ਪੰਘੂੜੇ 'ਚ ਵਿੱਚ ਆਈ ਇੱਕ ਮਾਸੂਮ ਬੱਚੀ




ਭੁੱਚੋ ਮੰਡੀ/ ਨਥਾਣਾ, 2ਜੁਲਾਈ (ਹਰਬੰਸ ਸਿੰਘ ਭੋਲਾ): ਸ੍ਰੀ ਅਨੰਤ ਅਨਾਥ ਆਸ਼ਰਮ ਨਥਾਣਾ ਦੇ ਪੰਘੂੜੇ ਵਿੱਚ ਇਕ ਛੋਟੀ ਬੱਚੀ ਨੇ ਮਾਰੀ ਕਿਲਕਾਰੀ ਵੈਸੇ ਤਾਂ ਲੋਕਾਂ ਨੂੰ ਕਹਿੰਦੇ ਸੁਣਿਆ ਕਿ ਸਨਤਾਨ ਸਭ ਨੂੰ ਪਿਆਰੀ ਹੁੰਦੀ ਪਰ ਪਤਾ ਉਦੋਂ ਲਗਦਾ ਜਦੋਂ ਇਕ ਪਿਆਰੀ ਛੋਟੀ ਨੰਨ੍ਹੀ ਬੱਚੀ ਨੂੰ ਖੁਦਗਰਜ਼, ਬੁਜ਼ਦਿਲ ਘਟੀਆ ਕਿਸਮ ਦੇ ਇਨਸਾਨ ਵਾਹਿਗੁਰੂ ਸਹਾਰੇ ਛੱਡ ਕੇ ਚਲੇ ਜਾਂਦੇ ਨੇ ਤੇ ਵਾਹਿਗੁਰੂ ਦੀ ਬਖ਼ਸ਼ਿਸ਼ ਨਾਲ ਉਨ੍ਹਾਂ ਦਾ ਸਵਾਗਤ ਵੀ ਉਹੀ ਲੋਕ ਕਰਦੇ ਨੇ ਜੋ ਸੇਵਾ ਭਾਵਨਾ ਨਾਲ ਕੰਮ ਕਰਦੇ ਨੇ ਇਸ ਸਬੰਧੀ ਪਤਾ ਚਲਿਆ ਕਿ ਸ੍ਰੀ ਅਨੰਤ ਅਨਾਥ ਆਸ਼ਰਮ ਦੇ ਵਿੱਚ ਕੰਮ ਕਰ ਰਹੇ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਤੇ ਹੋਰ ਕਮੇਟੀ ਮੈਂਬਰਾਂ ਨੇ ਸੂਚਿਤ ਕਿ ਪੰਘੂੜੇ ਵਿੱਚ ਆਈ ਬੱਚੀ ਦੀ ਸੂਚਨਾ ਜ਼ਿਲ੍ਹਾ ਬਾਲ ਸੁਰੱਖਿਆ ਅਧਿਕਾਰੀ ਬਠਿੰਡਾ ਰਵਨੀਤ ਕੌਰ ਸਿੱਧੂ ਅਤੇ ਪੁਲਿਸ ਥਾਣਾ ਨਥਾਣਾ ਨੂੰ ਆਸ਼ਰਮ ਦੇ ਪੰਘੂੜੇ ਵਿੱਚ ਆਈ ਬੱਚੀ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਬੱਚੀ ਨੂੰ ਚੈੱਕ ਅਪ ਲਈ ਸੀ.ਐੱਚ.ਸੀ ਸੈਂਟਰ ਨਥਾਣਾ ਵਿਖੇ ਲਿਜਾਇਆ ਗਿਆ ਜਿੱਥੇ ਉਸ ਨੂੰ ਸੀਨੀਅਰ ਡਾਕਟਰਾਂ ਦੀ ਦੇਖਭਾਲ ਲਈ ਸਿਵਲ ਹਸਪਤਾਲ ਬਠਿੰਡਾ ਭੇਜਿਆ ਗਿਆ। ਇਸ ਮੌਕੇ ਆਸ਼ਰਮ ਦੇ ਮੈਨੇਜਰ ਹਰਦੀਪ ਕੌਰ, ਸਟਾਫ਼ ਨਰਸ ਸੁਖਚਰਨ ਕੌਰ, ਬੇਅੰਤ ਕੌਰ, ਕੁਲਦੀਪ ਸਿੰਘ,ਹਰਨੇਕ ਸਿੰਘ, ਰਾਮ ਗੋਪਾਲ, ਜਗਸੀਰ ਸਿੰਘ ਅਤੇ ਹੋਰ ਕਮੇਟੀ ਮੈਂਬਰਾਂ ਮੌਜੂਦ ਸਨ।

## ਬਿਜਲੀ ਕਾਮਿਆ ਨੇ ਕੀਤੀ ਚੇਤਨਾ ਰੈਲੀ



ਭਗਤਾ ਭਾਈ ਕਾ, 2 ਜੁਲਾਈ (ਸਵਰਨ ਸਿੰਘ ਭਗਤਾ):ਜੁਆਇੰਟ ਫੋਰਮ ਦੇ ਸੱਦੇ 'ਤੇ ਸਬ ਡਵੀਜਨ ਭਗਤਾ ਭਾਈਕਾ ਵਿਖੇ ਸਮੂਹ ਮੁਲਾਜ਼ਮਾਂ ਵੱਲੋਂ ਚੇਤਨਾ ਰੈਲੀ ਕੀਤੀ ਗਈ, ਜਿਸ ਵਿੱਚ ਵੱਖ ਵੱਖ ਬੁਲਾਰਿਆਂ ਨੇ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਉਕਤ ਬੁਲਾਰਿਆਂ ਨੇ ਕਿਹਾ ਕਿ ਦੇਸ ਵਿਆਪੀ ਹੜਤਾਲ ਦਾ ਮੁੱਖ ਮੁੱਦਾ 44 ਕਿਰਤ ਕਾਨੂੰਨ ਰੱਦ ਕੀਤੇ ਹੋਏ ਬਹਾਲ ਕੀਤੇ ਜਾਣ, 4 ਕਿਰਤ ਕੋਡ ਖਤਮ ਕੀਤੇ ਜਾਣ ਅਤੇ ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ। ਬਿਜਲੀ ਸੋਧ ਬਿੱਲ 2025 ਰੱਦ ਕੀਤਾ ਜਾਵੇ ਅਤੇ ਨਿੱਜੀਕਰਨ ਬੰਦ ਕੀਤਾ ਜਾਵੇ। ਠੇਕਾ ਕਾਮਿਆ ਦੀ ਘੱਟੋਂ ਘੱਟ ਉਜਰਤ 26 ਹਜਾਰ ਰੁਪਏ ਮਹੀਨਾ ਕੀਤੀ ਜਾਵੇ। ਇਸ ਤੋਂ ਇਲਾਵਾ ਬੋਰਡ ਮੈਨੇਜਮੈਂਟ ਵੱਲੋਂ ਮੰਨੀਆਂ ਮੰਗਾਂ ਲਾਗੂ ਨਹੀਂ ਕਰ ਰਹੀ ਜਿਸ ਦੇ ਰੋਸ ਵਜੋਂ 25 ਜੂਨ ਤੋਂ ਵਰਕ ਟੂ ਰੂਲ ਲਾਗੂ ਹੈ। ਬੁਲਾਰਿਆਂ ਨੇ ਕਿਹਾ ਕਿ ਜੇਕਰ ਮੰਗਾਂ ਨਾ ਲਾਗੂ ਕੀਤੀਆ ਤਾਂ ਸਾਂਝੇ ਫੋਰਮ ਵੱਲੋ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਇਸ ਰੈਲੀ ਨੂੰ ਵਿਨੋਦ ਸਿੰਘ ਖਾਲਸਾ ਪ$ਧਾਨ (ਟੀ.ਐੱਸ.ਯੂ) ,ਅਮਨਦੀਪ ਸਕੱਤਰ (ਟੀ.ਐੱਸ.ਯੂ), ਗੁਰਵਿੰਦਰ ਸਿੰਘ ਪ੍ਰਧਾਨ (ਐੱਮ.ਐੱਸ.ਯੂ), ਸੁਰਿੰਦਰਪਾਲ ਸਿੰਘ ਪ੍ਰਧਾਨ (ਇੰਮਪਲਾਈਜ ਫੈਡਰੇਸ਼ਨ), ਬਿੰਦਰ ਸਿੰਘ ਸੂਬਾ ਆਗੂ (ਇੰਮਪਲਾਈਜ ਫੈਡਰੇਸ਼ਨ), ਕੁਲਵਿੰਦਰ ਸਿੰਘ,(ਟੀ.ਐੱਸ.ਯੂ),ਜਸਕਰਨ ਸਿੰਘ (ਟੀ.ਐੱਸ.ਯੂ),ਗੁਰਜੰਟ ਸਿੰਘ ( ਸੀ ਐੱਚ। ਬੀ ਪ੍ਰਧਾਨ), ਮਨਪ੍ਰੀਤ ਸਿੰਘ (ਸੀ.ਐੱਚ.ਬੀ. ਮੀਤ ਪ੍ਰਧਾਨ) ਬਲਜ਼ੀਤ ਸਿੰਘ (ਸਰਕਲ ਪ੍ਰਧਾਨ ਟੀ.ਐੱਸ.ਯੂ) ਅਤੇ ਰਜਿੰਦਰ ਕੁਮਾਰ ਆਰ ਏ (ਪ੍ਰੈੱਸ ਸਕੱਤਰ) ਨੇ ਸੰਬੋਧਨ ਕੀਤਾ।

## ਬਿਜਲੀ ਮੁਲਾਜ਼ਮਾਂ ਦੇ ਹੱਕ ਵਿੱਚ ਦੁਕਾਨਦਾਰਾਂ ਵੱਲੋਂ ਰੋਸ ਮੁਜ਼ਾਹਰਾ




ਕੌਹਰੀਆਂ, 2 ਜੁਲਾਈ (ਅਵਤਾਰ ਸਿੰਘ ਜਟਾਣਾ ):ਪਿਛਲੇ ਦਿਨੀਂ ਪਿੰਡ ਲਾਡਵੰਜਾਰਾ ਕਲਾਂ ਵਿਖੇ ਬਿਜਲੀ ਅਧਿਕਾਰੀਆਂ ਵੱਲੋਂ ਪਿੰਡ ਦੇ ਕੁਝ ਸ਼ੱਕੀ ਮੀਟਰਾਂ ਨੂੰ ਬਦਲਣ ਆਏ ਬਿਜਲੀ ਅਧਿਕਾਰੀਆਂ ਦਾ ਬੀਕੇਯੂ ਸਿੱਧੂਪੁਰ ਏਕਤਾ ਅਤੇ ਪਿੰਡ ਵਾਸੀਆਂ ਵੱਲੋਂ ਘਰਾਓ ਕੀਤਾ ਗਿਆ ਸੀ। ਘਿਰਾਓ ਦਾ ਸਾਰਾ ਦਿਨ ਬੀਤ ਜਾਣ ਤੋਂ ਬਾਅਦ ਸ਼ਾਮ ਨੂੰ ਕੁਝ ਪੁਲਿਸ ਦੇ ਉਚ ਅਧਿਕਾਰੀਆਂ ਨੇ ਬਿਜਲੀ ਅਧਿਕਾਰੀਆਂ ਨਾਲ ਬੈਠ ਕੇ ਕਿਸਾਨ ਜਥੇਬੰਦੀ ਅਤੇ ਪਿੰਡ ਵਾਸੀਆਂ ਨਾਲ ਸਹਿਮਤੀ ਕਰ ਇਸ ਮਸਲੇ ਦਾ ਹੱਲ ਕੀਤਾ ਗਿਆ ਇਹ ਸਾਰਾ ਮਸਲਾ ਖਤਮ ਹੋਣ ਤੋਂ ਬਾਅਦ ਅੱਜ ਪਿੰਡ ਲਾਡਵੰਜਾਰਾ ਕਲਾਂ ਦੇ ਇੱਕ ਵਿਅਕਤੀ ਵੱਲੋਂ ਡਿਊਟੀ ਤੇ ਹਾਜ਼ਰ ਬਿਜਲੀ ਮੁਲਾਜ਼ਮ ਰਾਮ ਸਿੰਘ ਦੀ ਬੱਸ ਸਟੈਂਡ ਕੌਹਰੀਆਂ ਵਿਖੇ ਹਮਲਾ ਕਰਕੇ ਕੁੱਟ ਮਾਰ ਕੀਤੀ ਗਈ ਜਿਸ ਨੂੰ ਆਲੇ ਦੁਆਲੇ ਦੇ ਦੁਕਾਨਦਾਰਾਂ ਨੇ ਇਕੱਠੇ ਹੋ ਕੇ ਛੁਡਵਾਇਆ ਦੁਕਾਨਦਾਰਾਂ ਵੱਲੋਂ ਛੁਡਵਾਉਣ ਤੋਂ ਬਾਅਦ ਉਹ ਵਿਅਕਤੀ ਕਾਫੀ ਉੱਚਾ ਨੀਵਾਂ ਬੋਲਦਾ ਹੋਇਆ ਫਰਾਰ ਹੋ ਗਿਆ। ਇਸ ਹਮਲੇ ਤੋਂ ਬਾਅਦ ਕੌਹਰੀਆਂ ਦੇ ਦੁਕਾਨਦਾਰਾਂ ਵੱਲੋਂ ਬਲਜੀਤ ਸਿੰਘ ਗੋਰਾ ਦੀ ਅਗਵਾਈ ਵਿੱਚ ਕੁੱਟ ਮਾਰਦੇ ਰੋਸ ਵਜੋਂ ਦੁਕਾਨਾਂ ਬੰਦ ਕਰਕੇ ਰੋਸ ਕੀਤਾ ਗਿਆ ਅਤੇ ਇਸ ਹਮਲੇ ਨੂੰ ਘਿਨਾਉਣਾ ਕਰਾਰ ਦਿੱਤਾ ਗਿਆ। ਇਸ ਤੋਂ ਬਾਅਦ ਬਿਜਲੀ ਮੁਲਾਜ਼ਮਾਂ ਨੇ ਦੁਕਾਨਦਾਰਾਂ ਨੂੰ ਨਾਲ ਲੈ ਕੇ ਥਾਣਾ ਛਾਜਲੀ ਵਿਖੇ ਸ਼ਿਕਾਇਤ ਦਰਜ ਕਰਵਾਈ ਅਤੇ ਉਥੇ ਬਿਜਲੀ ਮੁਲਾਜ਼ਮਾਂ ਨੇ ਆਪਣੀ ਸਲਾਹ ਮਸ਼ਵਰੇ ਤੋਂ ਬਾਅਦ ਇਹ ਦੱਸਿਆ ਕਿ ਅਸੀਂ ਕੱਲ ਸਵੇਰੇ 10 ਵਜੇ ਮੀਟਿੰਗ ਰੱਖੀ ਹੈ ਜੇਕਰ ਉਦੋਂ ਤੱਕ ਉਸ ਵਿਅਕਤੀ ਖਿਲਾਫ ਕੋਈ ਕਾਰਵਾਈ ਨਾ ਕੀਤੀ ਗਈ ਤਾਂ ਮੀਟਿੰਗ ਵਿੱਚ ਉਸ ਤੋਂ ਅੱਗੇ ਦੇ ਸੰਘਰਸ਼ ਦਾ ਫੈਸਲਾ ਲਿਆ ਜਾਵੇਗਾ। ਇਸ ਸਬੰਧੀ ਜਦੋਂ ਥਾਣਾ ਮੁਖੀ ਛਾਜਲੀ ਗੁਰਮੀਤ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਸਾਡੇ ਕੋਲ ਸ਼ਿਕਾਇਤ ਆ ਗਈ ਹੈ ਪੜਤਾਲ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

# ਡਾ. ਬਲਜੀਤ ਕੌਰ ਨੇ ਐੱਸ.ਸੀ. ਭਾਈਚਾਰੇ ਨਾਲ ਸਬੰਧਤ ਪਰਿਵਾਰਾਂ ਨੂੰ ਵੰਡੇ ਕਰਜ਼ਾ ਮੁਆਫ਼ੀ ਦੇ ਸਰਟੀਫ਼ਿਕੇਟ



ਮਲੋਟ, 2 ਜੁਲਾਈ (ਐਚ ਐਸ ਕਪੂਰ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੀ ਭਲਾਈ ਲਈ ਚਲਾਈ ਮੁਹਿੰਮ ਤਹਿਤ ਅੱਜ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਮਲੋਟ ਦੇ ਕੇ.ਜੀ. ਪੈਲੇਸ ਵਿਖੇ ਐੱਸਸੀ ਭਾਈਚਾਰੇ ਨਾਲ ਸਬੰਧਤ 500 ਪਰਿਵਾਰਾਂ ਨੂੰ ਤਕਰੀਬਨ 8 ਕਰੋੜ 72 ਲੱਖ ਰੁਪਏ ਦੀ ਰਾਸ਼ੀ ਦੇ ਕਰਜ਼ਾ ਮੁਆਫ਼ੀ ਦੇ ਸਰਟੀਫਿਕੇਟ ਵੰਡੇ। ਇਸ ਮੌਕੇ ਕੈਬਨਿਟ ਮੰਤਰੀ ਵੱਲੋਂ ਆਸ਼ੀਰਵਾਦ ਸਕੀਮ ਤਹਿਤ ਵੀ 140 ਲਾਭਪਾਤਰੀਆਂ ਨੂੰ 71.40 ਲੱਖ, 51,000 ਰੁਪਏ ਹਰੇਕ, ਦੇ ਮਨਜ਼ੂਰੀ ਪੱਤਰਾਂ ਦੀ ਵੰਡ ਕੀਤੀ। ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਵੱਧ ਤੋਂ ਵੱਧ ਭਲਾਈ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਦਾ ਲਾਭ ਮਿਲ ਸਕੇ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੂਬੇ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਨੂੰ ਇਹ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਹ ਇਸ ਕਰਕੇ ਸੰਭਵ ਹੋਇਆ ਹੈ ਕਿਉਂਕਿ ਪਹਿਲੀ ਵਾਰ ਸੂਬੇ ਦਾ ਬਜਟ ਆਮ ਆਦਮੀ ਦੀ ਭਲਾਈ ਲਈ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਜਨਤਕ ਭਲਾਈ 'ਤੇ ਖਰਚ ਕਰ ਰਹੀ ਹੈ।ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਮੁਆਫ਼ੀ ਪੀ.ਐੱਸ.ਸੀ.ਐੱਫ.ਸੀ. ਵੱਲੋਂ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ, ਜਿਸ ਨਾਲ ਐਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਅਤਿ ਲੋੜੀਂਦੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ (ਪੀ.ਐੱਸ.ਸੀ.ਐੱਫ.ਸੀ.) ਵੱਲੋਂ 31 ਮਾਰਚ, 2020 ਤੱਕ ਵੰਡੇ ਗਏ ਕਰਜ਼ਿਆਂ 'ਤੇ ਲੀਕ ਫੇਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਆਫ਼ੀ ਪੀ.ਐੱਸ.ਸੀ.ਐੱਫ.ਸੀ. ਦੁਆਰਾ ਉਪਰੋਕਤ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ, ਜਿਸ ਨਾਲ ਐੱਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਲੋੜੀਂਦੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਇਨ੍ਹਾਂ ਲਾਭਪਾਤਰੀਆਂ ਨੂੰ 'ਕੋਈ ਬਕਾਇਆ ਨਹੀਂ' ਸਰਟੀਫਿਕੇਟ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 30 ਅਪਰੈਲ, 2025 ਤੱਕ ਗਿਣਿਆ ਗਿਆ ਮੂਲ, ਵਿਆਜ ਅਤੇ ਦੰਡ ਵਿਆਜ ਸਮੇਤ ਬਣਦੀ ਪੂਰੀ ਰਕਮ ਸੂਬਾ ਸਰਕਾਰ ਵੱਲੋਂ ਪੀ.ਐੱਸ.ਸੀ.ਐੱਫ.ਸੀ. ਨੂੰ ਵਾਪਸ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਕਰਜ਼ਾ ਮੁਆਫ਼ੀ ਤੋਂ ਬਾਅਦ ਪੀ.ਐੱਸ.ਸੀ.ਐੱਫ.ਸੀ. ਦੇ ਨਿਯਮਾਂ ਤਹਿਤ ਕਰਜ਼ਾ ਲੈਣ ਵਾਲਿਆਂ ਵਿਰੁੱਧ ਰਿਕਵਰੀ ਲਈ ਕੋਈ ਕਾਰਵਾਈ ਸ਼ੁਰੂ ਨਹੀਂ ਕੀਤੀ ਜਾਵੇਗੀ ਇਸ ਮੌਕੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਭਲਾਈ ਅਫ਼ਸਰ ਜਗਮੋਹਨ ਸਿੰਘ, ਕੈਬਨਿਟ ਮੰਤਰੀ ਦੇ ਨਿੱਜੀ ਸਹਾਇਕ ਅਰਸ਼ਦੀਪ ਸਿੰਘ ਸਿੱਧੂ ਤੇ ਸ਼ਿੰਦਰਪਾਲ ਸਿੰਘ, ਰਮੇਸ਼ ਸਿੰਘ ਅਰਨੀਵਾਲਾ, ਸੁਖਪਾਲ ਸਿੰਘ ਪ੍ਰਧਾਨ ਟਰੱਕ ਯੂਨੀਅਨ, ਯਾਦਵਿੰਦਰ ਸਿੰਘ ਸਰਪੰਚ, ਨਿਰਮਲ ਸਿੰਘ ਸਰਪੰਚ, ਕੁਲਵਿੰਦਰ ਸਿੰਘ ਬਿੱਟੂ, ਜੋਤੀ ਸਰਪੰਚ, ਡਾ. ਸਾਧੂ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲਾਭਪਾਤਰੀ ਹਾਜ਼ਰ ਸਨ

## ਮਜੀਠੀਏ ਦੇ ਹੱਕ ਬਰਨਾਲਾ ਤੋ 'ਗਈ ਅਕਾਲੀਆਂ ਦੀ ਬੱਸ 'ਚ ਕਮੇਟੀ ਮੁਲਾਜ਼ਮਾਂ ਦੀ ਸ਼ਮੂਲੀਅਤ ਸਵਾਲਾਂ ਦੇ ਘੇਰੇ ਵਿੱਚ



ਬਰਨਾਲਾ, 2 ਜੁਲਾਈ ( ਬਘੇਲ ਸਿੰਘ ਧਾਲੀਵਾਲ): ਬੀਤੇ ਕੱਲ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਪੇਸ਼ੀ ਮੌਕੇ ਬਰਨਾਲਾ ਤੋ ਰੋਸ ਧਰਨੇ ਲਈ ਜਾ ਰਹੇ ਜ਼ਿਲ੍ਹਾ ਅਕਾਲੀਆਂ ਵਿੱਚ ਗੁਰਦੁਆਰਾ ਬਾਬਾ ਗਾਂਧਾ ਸਿੰਘ ਦੇ ਮੈਨੇਜਰ ਵੱਲੋਂ ਆਪਣੇ ਕੁੱਝ ਮੁਲਾਜ਼ਮ ਸਾਥੀਆਂ ਦੇ ਨਾਲ ਇਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ 'ਤੇ ਸਵਾਲ ਉੱਠਣੇ ਸ਼ੁਰੂ ਹੋ ਗਏ ਹਨ। ਗੁਰਦੁਆਰਾ ਸਾਹਿਬ ਦੇ ਮੈਨੇਜਰ ਦਾ ਅਜਿਹੇ ਰੋਸ ਧਰਨਿਆਂ ਜਾਂ ਪਾਰਟੀ ਜਲਸਿਆਂ ਵਿੱਚ ਜਾਣਾ ਜਿੱਥੇ ਨਿਯਮਾਂ ਦੀ ਉਲੰਘਣਾ ਸਮਝਿਆ ਜਾ ਰਿਹਾ ਹੈ,ਉਥੇ ਇਸ ਕਾਰਵਾਈ ਨੂੰ ਮੌਕਾਪ੍ਰਸਤੀ ਵਾਲੀ ਕਾਰਵਾਈ ਵੀ ਗਰਦਾਨਿਆ ਜਾ ਰਿਹਾ ਹੈ,ਕਿਉਂਕਿ ਉਕਤ ਮਨੇਜਰ ਕਦੇ ਉਸ ਸ਼੍ਰੋਮਣੀ ਕਮੇਟੀ ਦੇ ਮੈਂਬਰ ਦਾ ਵੀ ਬਣਕੇ ਨਹੀਂ ਰਹਿ ਸਕਿਆ, ਜਿਸਦੇ ਅਧੀਨ ਉਹਦੀਆਂ ਸੇਵਾਵਾਂ ਚੱਲ ਰਹੀਆਂ ਹਨ। ਇਸ ਤੋਂ ਇਲਾਵਾ ਅਜਿਹੇ ਮੁਲਾਜ਼ਮਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਵੇ ਆਮ ਚੋਣਾਂ ਨਾ ਹੋਣ ਕਾਰਨ ਲੰਮੇ ਸਮੇ ਤੋਂ ਇੱਕ ਪਾਰਟੀ ਦੇ ਕਬਜੇ ਅਧੀਨ ਹੈ,ਪਰ ਉਹ ਸਮੁੱਚੇ ਸਿੱਖ ਪੰਥ ਦੀ ਸੰਸਥਾ ਹੈ,ਜਿਸ ਦੇ ਕਿਸੇ ਵੀ ਜ਼ਿੰਮੇਵਾਰ ਮੁਲਾਜਮ ਦਾ ਸਿਆਸੀ ਇਕੱਠਾਂ ਵਿੱਚ ਜਾਣਾ ਨਿਯਮਾਂ ਅਤੇ ਨੈਤਿਕਤਾ ਦੀ ਉਲੰਘਣਾ ਹੈ ।ਇਸ ਤੋਂ ਇਲਾਵਾ ਅਜਿਹੇ ਮੁਲਾਜ਼ਮਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਵੇ ਆਮ ਚੋਣਾਂ ਨਾ ਹੋਣ ਕਾਰਨ ਲੰਮੇ ਸਮੇ ਤੋਂ ਇੱਕ ਪਾਰਟੀ ਦੇ ਕਬਜੇ ਅਧੀਨ ਹੈ,ਪਰ ਉਹ ਸਮੁੱਚੇ ਸਿੱਖ ਪੰਥ ਦੀ ਸੰਸਥਾ ਹੈ,ਜਿਸ ਦੇ ਕਿਸੇ ਵੀ ਜ਼ਿੰਮੇਵਾਰ ਮੁਲਾਜਮ ਦਾ ਸਿਆਸੀ ਇਕੱਠਾਂ ਵਿੱਚ ਜਾਣਾ ਨਿਯਮਾਂ ਅਤੇ ਨੈਤਿਕਤਾ ਦੀ ਉਲੰਘਣਾ ਹੈਜੇਕਰ ਮੈਨੇਜਰ ਨੂੰ ਸਿਆਸੀ ਤੌਰ ਤੇ ਵਿਚਰਨ ਦੀ ਲਾਲਸਾ ਹੈ ਤਾਂ ਉਹਨਾਂ ਨੂੰ ਨੌਕਰੀ ਛੱਡ ਕੇ ਪਾਰਟੀ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ,ਤਾਕਿ ਉਹਨਾਂ ਦੀ ਪਾਰਟੀ ਪ੍ਰਤੀ ਵਫਾਦਾਰੀ ਤੇ ਕੋਈ ਕਿੰਤੂ ਪ੍ਰੰਤੂ ਨਾ ਕਰ ਸਕੇ ।ਜਿਕਰਯੋਗ ਹੈ ਕਿ ਪੰਜਾਬ ਦੇ ਵੱਖ ਵੱਖ ਜਿਲਿਆਂ ਤੋ ਵੱਡੀ ਗਿਣਤੀ ਵਿੱਚ ਵਰਕਰ ਬਿਕਰਮਜੀਤ ਸਿੰਘ ਮਜੀਠੀਆ ਦੀ ਹਮਾਇਤ ਵਿੱਚ ਜਾਂਦਿਆਂ ਨੂੰ ਰਸਤੇ ਵਿੱਚ ਹੀ ਪੁਲਿਸ ਵੱਲੋਂ ਰੋਕ ਕੇ ਥਾਣਿਆਂ ਵਿੱਚ ਬੰਦ ਰੱਖਿਆ ਗਿਆ ।ਏਸੇਤਰਾਂ ਹੀ ਬਰਨਾਲਾ ਦੇ ਅਕਾਲੀਆਂ ਵੱਲੋਂ ਵੀ ਜਿਲਾ ਪ੍ਰਧਾਨ ਯਾਦਵਿੰਦਰ ਸਿੰਘ ਬਿੱਟੂ ਦੀਵਾਨਾ ਦੀ ਅਗਵਾਈ ਵਿੱਚ ਮਜੀਠੀਏ ਦੇ ਹੱਕ ਵਿੱਚ ਬੱਸ ਭਰਕੇ ਲਿਜਾਈ ਗਈ ਸੀ ਜਿਸਨੂੰ ਬਡਬਰ ਟੋਲ ਪਲਾਜੇ ਤੇ ਰੋਕ ਕੇ ਧਨੌਲਾ ਥਾਣੇ ਬੰਦ ਰੱਖਿਆ ਅਤੇ ਮਜੀਠੀਏ ਦੀ ਪੇਸੀ ਤੋ ਬਾਅਦ ਛੱਡਿਆ ਗਿਆ

## ਪੈਸਟੀਸਾਈਡ ਯੂਨੀਅਨ ਦੇ ਪ੍ਰਧਾਨ ਨੇ ਮੰਗਾਂ ਨੂੰ ਲੈ ਕੇ ਡਾਇਰੈਕਟਰ ਨਾਲ ਕੀਤੀ ਮੁਲਾਕਾਤ



ਸਰਦੂਲਗੜ੍ਹ, 2ਜੁਲਾਈ ( ਲਛਮਣ ਸਿੱਧੂ ): ਪਿਛਲੇ ਦਿਨੀਂ ਸਥਾਨਕ ਪੈਸਟੀਸਾਈਡ ਯੂਨੀਅਨ ਦੇ ਪ੍ਰਧਾਨ ਦਵਿੰਦਰ ਸ਼ਰਮਾ ਨੇ ਜਸਵੰਤ ਸਿੰਘ ਮੁੱਖ ਡਾਇਰੈਕਟਰ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਚੰਡੀਗੜ੍ਹ ਦਫਤਰ ਵਿਖੇ ਵਿਸ਼ੇਸ਼ ਮੁਲਾਕਾਤ ਕੀਤੀ ਇਸ ਮੌਕੇ ਵਿਚਾਰ ਚਰਚਾ ਦੌਰਾਨ ਉਨ੍ਹਾਂ ਨੇ ਸ਼ਹਿਰ ਅੰਦਰ ਪੈਸਟੀਸਾਈਡ ਅਤੇ ਖਾਦ ਵਿਕਰੇਤਾ ਨੂੰ ਡੀਏਪੀ ਖਾਦ ਸਬੰਧੀ ਆ ਰਹੀਆਂ ਵੱਖ ਵੱਖ ਦਿੱਕਤਾਂ ਤੋਂ ਜਾਣੂੰ ਕਰਵਾਉਂਦਿਆਂ ਉਹਨਾਂ ਆਖਿਆ ਕਿ ਸਾਡੇ ਸ਼ਹਿਰ ਨਾਲ ਹਰਿਆਣੇ ਦੀ ਹੱਦ ਲੱਗਦੀ ਹੋਣ ਕਾਰਨ ਕਾਲਾ ਬਜਾਰੀ ਨੂੰ ਰੋਕਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਣ ਤਾਂ ਜੋ ਆਉਣ ਵਾਲੇ ਖਾਦ ਦੇ ਸੀਜ਼ਨ ਵਿੱਚ ਦੁਕਾਨਦਾਰਾਂ ਅਤੇ ਕਿਸਾਨਾਂ ਨੂੰ ਖਾਦ ਦੀ ਦਿੱਕਤ ਨਾ ਆਵੇ ਅਤੇ ਡੀਏਪੀ ਖਾਦ ਵਧੀਆ ਸਪਲਾਈ ਹੋ ਸਕੇ ਇਸ ਮੌਕੇ ਉਨਾਂ ਵਿਸ਼ਵਾਸ ਦਵਾਇਆ ਕਿ ਉਹਨਾਂ ਦੀਆਂ ਜੋ ਮੰਗਾਂ ਹਨ ਉਸ ਪ੍ਰਤੀ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ ਅਤੇ ਹਰ ਇੱਕ ਮੰਗ ਨੂੰ ਜਲਦੀ ਹੀ ਪੂਰਾ ਕੀਤਾ ਜਾਵੇਗਾ ।

## ਡਾਕਟਰ ਦਿਵਸ 'ਤੇ ਪ੍ਰਣ, ਮਰੀਜ਼ਾਂ ਦੀ ਭਲਾਈ ਲਈ ਹਰ ਸੰਭਵ ਯਤਨ



ਬਠਿੰਡਾ, 2 ਜੁਲਾਈ (ਦੀਪਕ ਸ਼ਰਮਾ): ਡਾਕਟਰ ਦਿਵਸ ਦੇ ਸ਼ੁਭ ਅਵਸਰ 'ਤੇ ਮਾਨਵਤਾ ਦੇ ਸੱਚੇ ਸੇਵਕਾਂ - ਡਾਕਟਰਾਂ ਦੀ ਅਦੁੱਤੀ ਸੇਵਾ ਨੂੰ ਨਮਨ ਕੀਤਾ ਗਿਆ। ਇਸ ਮੌਕੇ ਸਮੂਹ ਡਾਕਟਰਾਂ ਨੇ ਮਰੀਜ਼ਾਂ ਦੀ ਭਲਾਈ ਲਈ ਹਰ ਸੰਭਵ ਯਤਨ ਕਰਨ ਦਾ ਪ੍ਰਣ ਲਿਆ। ਡਾਕਟਰਾਂ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ, ਖ਼ਾਸ ਤੌਰ 'ਤੇ ਕੋਵਿਡ-19 ਮਹਾਮਾਰੀ ਦੌਰਾਨ, ਅਮੂਲ ਸੇਵਾਵਾਂ ਪ੍ਰਦਾਨ ਕੀਤੀਆਂ ਹਨ, ਜਿਸ ਲਈ ਸਮਾਜ ਸਦਾ ਉਨ੍ਹਾਂ ਦਾ ਰਿਣੀ ਰਹੇਗਾ ।ਇਸ ਮੌਕੇ ਮੁੱਖ ਮਹਿਮਾਨ ਵਜੋਂ ਡਾ. ਰਮਨਦੀਪ ਸਿੰਗਲਾ, ਕਾਰਜਕਾਰੀ ਸਿਵਲ ਸਰਜਨ, ਸ਼ਾਮਲ ਹੋਏ। ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ, ਸੀਨੀਅਰ ਮੈਡੀਕਲ ਅਫ਼ਸਰ ਭਗਤਾ ਡਾ. ਸੀਮਾ ਗੁਪਤਾ, ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਸਿਵਲ ਹਸਪਤਾਲ ਡਾ. ਅਰੁਣ ਬਾਂਸਲ, ਡਾ. ਰਵਿੰਦਰ ਸਿੰਘ ਆਹਲੂਵਾਲੀਆ, ਡਾ. ਹਰਸਿਤ, ਡਾ. ਜਗਰੂਪ ਸਿੰਘ, ਡਾ. ਰਜਿਤ, ਡਾ. ਨੇਹਾ ਅਤੇ ਹੋਰ ਡਾਕਟਰ ਮੌਜੂਦ ਸਨ ।ਉਨ੍ਹਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਡਾਕਟਰ ਮਨੁੱਖਤਾ ਦੇ ਸੱਚੇ ਸੇਵਕ ਹਨ ਜੋ ਰੋਗੀਆਂ ਦੀ ਜ਼ਿੰਦਗੀ ਬਚਾਉਣ ਲਈ ਦਿਨ-ਰਾਤ ਜੁਟੇ ਰਹਿੰਦੇ ਹਨ। ਖ਼ਾਸ ਤੌਰ 'ਤੇ ਕੋਵਿਡ-19 ਮਹਾਮਾਰੀ ਦੌਰਾਨ ਡਾਕਟਰਾਂ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨਾਂ ਅਮੂਲ ਸੇਵਾਵਾਂ ਪ੍ਰਦਾਨ ਕੀਤੀਆਂ। ਸਾਰੇ ਸਥਾਨਕ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਡਾਕਟਰਾਂ ਨਾਲ ਸਹਿਯੋਗ ਕਰਦਿਆਂ ਉਨ੍ਹਾਂ ਦਾ ਆਦਰ ਸਨਮਾਨ ਬਣਾਈ ਰੱਖਣ ।ਇਹ ਦਿਨ ਸਾਨੂੰ ਇਹ ਸੰਦੇਸ਼ ਦਿੰਦਾ ਹੈ ਕਿ ਸਿਹਤ ਸਭ ਤੋਂ ਵੱਡਾ ਧਨ ਹੈ ਅਤੇ ਡਾਕਟਰ ਉਸ ਧਨ ਦੇ ਰਖਵਾਲੇ ਹਨ। ਉਨ੍ਹਾਂ ਕਿਹਾ ਕਿ ਡਾਕਟਰਾਂ ਦੀ ਮਿਹਨਤ ਅਤੇ ਤਿਆਗ ਦੇ ਨਾਲ ਹੀ ਸਮਾਜ ਨੂੰ ਸਿਹਤ ਸੰਬੰਧੀ ਜਾਗਰੂਕਤਾ ਵਧਾਉਣ ਦੀ ਜ਼ਰੂਰਤ ਹੈ। ਰੋਜ਼ਾਨਾ ਸਿਹਤ ਚੈੱਕਅਪ, ਟੀਕਾਕਰਨ ਅਤੇ ਸਵੱਛਤਾ ਜਿਵੇਂ ਉਪਰਾਲਿਆਂ ਨਾਲ ਅਨੇਕ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਸਮਾਰੋਹ ਦੌਰਾਨ ਹਾਜ਼ਰ ਡਾਕਟਰਾਂ ਨੇ ਵੀ ਆਪਣਾ ਅਨੁਭਵ ਸਾਂਝਾ ਕੀਤਾ ਅਤੇ ਨਵੀਂ ਪੀੜ੍ਹੀ ਨੂੰ ਨਿਸ਼ਕਾਮ ਭਾਵ ਨਾਲ ਮਰੀਜ਼ਾਂ ਦੀ ਸੇਵਾ ਕਰਨ ਦੀ ਪ੍ਰੇਰਣਾ ਦਿੱਤੀ ।ਸਾਰੇ ਹਾਜ਼ਰੀਨ ਵੱਲੋਂ ਸੰਕਲਪ ਲਿਆ ਗਿਆ ਕਿ ਮਰੀਜ਼ਾਂ ਦੀ ਸੇਵਾ ਅਤੇ ਉਨ੍ਹਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਅੰਤ ਵਿੱਚ ਮੁੱਖ ਮਹਿਮਾਨ ਵੱਲੋਂ ਸਾਰੇ ਡਾਕਟਰਾਂ ਨੂੰ ਡਾਕਟਰ ਦਿਵਸ ਦੀਆਂ ਲੱਖ-ਲੱਖ ਵਧਾਈਆਂ ਦਿੱਤੀਆਂ ਗਈਆਂ।

## ਧੂਰੀ ਦੇ ਵਿਕਾਸ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ : ਸੁਖਵੀਰ ਸੁੱਖੀ



ਧੂਰੀ, 2 ਜੁਲਾਈ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਸੁਖਵੀਰ ਸਿੰਘ ਸੁੱਖੀ ਨੇ ਅੱਜ ਸਥਾਨਕ ਮੁੱਖ ਮੰਤਰੀ ਕੈਂਪ ਦਫ਼ਤਰ ਵਿਖੇ ਹਲਕੇ ਵਾਸੀਆਂ, ਪੰਚਾਇਤਾਂ ਅਤੇ ਪ੍ਰਮੁੱਖ ਵਿਅਕਤੀਆਂ ਨਾਲ ਮੀਟਿੰਗ ਕਰਦਿਆਂ ਹਲਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ। ਉਨ੍ਹਾਂ ਨੇ ਲੋਕਾਂ ਦੀਆਂ ਮੰਗਾਂ, ਸਮੱਸਿਆਵਾਂ ਅਤੇ ਸੁਝਾਵਾਂ ਨੂੰ ਧਿਆਨ ਨਾਲ ਸੁਣਦਿਆਂ ਵਿਸ਼ਵਾਸ ਦਿਵਾਇਆ ਕਿ ਧੂਰੀ ਹਲਕੇ ਦੇ ਚੌਤਰਫ਼ੀ ਵਿਕਾਸ ਲਈ ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਵਚਨਬੱਧ ਹੈ। ਸੁੱਖੀ ਨੇ ਕਿਹਾ ਕਿ ਸਰਕਾਰ ਦੀ ਪਹਿਲ ਦਰਜਾ ਲੋਕਾਂ ਦੀ ਭਲਾਈ ਹੈ ਅਤੇ ਪਿੰਡਾਂ ਦੀ ਤਰੱਕੀ, ਸਿੱਖਿਆ, ਸਿਹਤ, ਪਾਣੀ ਦੀ ਸਹੂਲਤ, ਸੜਕਾਂ ਦੀ ਮਰੰਮਤ, ਨੌਜਵਾਨਾਂ ਲਈ ਰੋਜ਼ਗਾਰ ਅਤੇ ਹੋਰ ਜਰੂਰੀ ਸੁਵਿਧਾਵਾਂ ਉੱਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਵਿਕਾਸ ਕਾਰਜ ਚੱਲ ਰਹੇ ਹਨ, ਉਹਨਾਂ ਦੀ ਨਿਗਰਾਨੀ ਖੁਦ ਮੁੱਖ ਮੰਤਰੀ ਦਫ਼ਤਰ ਵੱਲੋਂ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਪ੍ਰੋਜੈਕਟਿ ਵਿੱਚ ਰੁਕਾਵਟ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਰਕਾਰ ਵੱਲੋਂ ਧੂਰੀ ਹਲਕੇ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਜਿਹੜੀ ਵੀ ਲੋਕਾਂ ਦੀ ਮੰਗ ਜਾਂ ਪੈਂਡਿੰਗ ਕੰਮ ਹੋਣਗੇ, ਉਹਨਾਂ ਨੂੰ ਤੁਰੰਤ ਮੁਕੰਮਲ ਕੀਤਾ ਜਾਵੇਗਾ। ਮੀਟਿੰਗ ਦੌਰਾਨ ਕਈ ਪਿੰਡਾਂ ਦੇ ਸਰਪੰਚਾਂ ਅਤੇ ਨਿਵਾਸੀਆਂ ਨੇ ਆਪਣੀਆਂ ਮੁਸ਼ਕਲਾਂ ਰੱਖਦਿਆਂ ਵੱਖ ਵੱਖ ਵਿਚਾਰ ਸਾਂਝੇ ਕੀਤੇ। ਸੁਖਵੀਰ ਸਿੰਘ ਨੇ ਸਾਰੇ ਮੁੱਦੇ ਲਿਖਤੀ ਰੂਪ ਵਿੱਚ ਲੈ ਕੇ ਵਿਭਾਗਾਂ ਨੂੰ ਹਦਾਇਤ ਦਿੱਤੀਆਂ ਕਿ ਤੁਰੰਤ ਕਾਰਵਾਈ ਕੀਤੀ ਜਾਵੇ ਅਤੇ ਵਿਸ਼ਵਾਸ ਦਿਵਾਇਆ ਕਿ ਮੰਗਾਂ ਪਹਿਲ ਦੇ ਅਧਾਰ ਤੇ ਹੱਲ ਕੀਤੇ ਜਾਣਗੇ ।ਇਸ ਮੌਕੇ ਮੁੱਖ ਮੰਤਰੀ ਕੈਂਪਸ ਦਫ਼ਤਰ ਦੇ ਇੰਚਾਰਜ ਅਤੇ ਸੰਗਠਨ ਇੰਚਾਰਜ ਦਲਵੀਰ ਸਿੰਘ ਢਿੱਲੋਂ, ਇੰਚਾਰਜ ਅਤੇ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ ਲੱਖਾ, ਪੰਜਾਬ ਵਕਫ਼ ਬੋਰਡ ਦੇ ਮੈਂਬਰ ਡਾ. ਅਨਵਰ ਭਸੌੜ, ਦਫ਼ਤਰ ਇੰਚਾਰਜ ਰਮਨਦੀਪ ਸਿੰਘ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੰਦੀਪ ਤਾਇਲ, ਕੌਂਸਲਰ ਪੁਸ਼ਪਿੰਦਰ ਸ਼ਰਮਾ, ਭੂਪਿੰਦਰ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਪੰਚ ਸਰਪੰਚ ਅਤੇ ਹੋਰ ਮੋਹਤਵਰ ਹਾਜ਼ਰ ਸਨ।

## ਜਪਹਰ ਸੁਸਾਇਟੀ ਦਾ ਮੁੱਖ ਮਕਸਦ ਮਹਿਲਾ ਸਸ਼ਕਤੀਕਰਨ: ਡਾ. ਜਵੰਧਾ



ਸੰਗਰੂਰ, 2 ਜੁਲਾਈ (ਹਰਕੰਵਲ ਸਿੰਘ ਹੈਪੀ): ਪੰਜਾਬ ਇਨਫੋਟੈਕ ਦੇ ਚੇਅਰਮੈਨ ਅਤੇ ਸਮਾਜਸੇਵੀ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਕਿਹਾ ਕਿ ਸਮਾਜ ਵਿੱਚ ਔਰਤਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਇਸ ਲਈ ਉਨ੍ਹਾਂ ਦੇ ਸਸ਼ਕਤੀਕਰਨ ਵੱਲ ਸੰਘਰਸ਼ਪੂਰਨ ਹੋ ਕੇ ਕੰਮ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜਪਹਰ ਸੋਸਾਇਟੀ ਪਿੱਛਲੇ ਲੰਬੇ ਸਮੇਂ ਤੋਂ ਔਰਤਾਂ ਦੇ ਸਸ਼ਕਤੀਕਰਨ ਲਈ ਕੰਮ ਕਰ ਰਹੀ ਹੈ। ਡਾ. ਜਵੰਧਾ ਨੇ ਦੱਸਿਆ ਕਿ ਜਪਹਰ ਸੋਸਾਇਟੀ ਵੱਲੋਂ ਮੁੜ ਤੋਂ ਮੁਫ਼ਤ ਸਿਲਾਈ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ ਜੋ ਕਿ ਵਿਸ਼ੇਸ਼ ਕਰਕੇ ਗਰੀਬ ਅਤੇ ਪਿੱਛੜੇ ਵਰਗ ਦੀਆਂ ਔਰਤਾਂ ਨੂੰ ਆਤਮਨਿਰਭਰ ਬਣਾਉਣ ਵੱਲ ਇਕ ਵੱਡਾ ਕਦਮ ਹੋਵੇਗਾ। ਇਹ ਕੋਰਸ ਨਵੇਂ ਤਕਨੀਕੀ ਢੰਗ ਨਾਲ ਚਲਾਏ ਜਾਣਗੇ, ਜਿਸ ਵਿੱਚ ਮਸ਼ੀਨ, ਸਿਲਾਈ ਅਤੇ ਡਿਜ਼ਾਈਨਿੰਗ ਸਿਖਾਈ ਜਾਵੇਗੀ ਤੇ ਇਸ ਕੋਰਸ ਦੀ ਮਿਆਦ 3 ਮਹੀਨੇ ਦੀ ਹੋਵੇਗੀ ਅਤੇ ਕੋਰਸ ਮੁਕੰਮਲ ਕਰਨ ਵਾਲੀਆਂ ਔਰਤਾਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ ਉਨ੍ਹਾਂ ਕਿਹਾ ਕਿ "ਸਮਾਜ ਤਦ ਤੱਕ ਅੱਗੇ ਨਹੀਂ ਵਧ ਸਕਦਾ ਜਦ ਤੱਕ ਔਰਤਾਂ ਨੂੰ ਬਰਾਬਰੀ ਦੇ ਹੱਕ ਨਹੀਂ ਮਿਲਦੇ ਤੇ ਅਸੀਂ ਔਰਤਾਂ ਨੂੰ ਸਿਰਫ ਘਰ ਤੱਕ ਸੀਮਤ ਨਹੀਂ ਰਹਿਣ ਦੇਣਾ, ਸਗੋਂ ਉਨ੍ਹਾਂ ਨੂੰ ਅਰਥਵਿਵਸਥਾ ਵਿਚ ਭਾਗੀਦਾਰ ਬਣਾਉਣਾ ਹੈ ਉਨ੍ਹਾਂ ਅੰਤ ਵਿੱਚ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਘਰਾਂ ਵਿੱਚ ਲੋੜਵੰਦ ਔਰਤਾਂ ਹਨ, ਉਹ ਉਨ੍ਹਾਂ ਨੂੰ ਜਪਹਰ ਸੋਸਾਇਟੀ ਵੱਲੋਂ ਚਲਾਏ ਜਾ ਰਹੇ ਕੋਰਸ ਜ਼ਰੂਰ ਕਰਵਾਉਣ।

## ਬਠਿੰਡਾ ਪੁਲਿਸ ਦੀ ਨਸ਼ਿਆਂ ਖ਼ਿਲਾਫ਼ ਵੱਡੀ ਕਾਰਵਾਈ ਦੌਰਾਨ 1133 ਗ੍ਰਿਫ਼ਤਾਰ, 10 ਕਰੋੜ ਦੀ ਜਾਇਦਾਦ



ਬਠਿੰਡਾ, 2 ਜੁਲਾਈ (ਦੀਪਕ ਸਰਮਾ):ਬਠਿੰਡਾ ਖਿੱਤੇ ਵਿੱਚ ਨਸ਼ਿਆਂ ਦੇ ਕਾਰੋਬਾਰੀਆਂ 'ਤੇ ਪੁਲਿਸ ਦਾ ਸ਼ਿਕੰਜਾ ਲਗਾਤਾਰ ਕੱਸਿਆ ਜਾ ਰਿਹਾ ਹੈ। ਭਾਵੇਂ ਅਜੇ ਵੀ ਕੁਝ ਮਾਮਲੇ ਸਾਹਮਣੇ ਆ ਰਹੇ ਹਨ। ਪਰ ਬਠਿੰਡਾ ਪੁਲਿਸ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਨਸ਼ਿਆਂ ਅਤੇ ਨਸ਼ਾ ਤਸਕਰਾਂ ਤੇ ਕਾਫੀ ਹੱਦ ਤੱਕ ਨਕੇਲ ਕਸ ਚੁੱਕੀ ਹੈ। ਦੱਸਣਾ ਬਣਦਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੇ ਬਠਿੰਡਾ ਜ਼ਿਲ੍ਹੇ ਵਿੱਚ ਨਸ਼ਿਆਂ ਦੇ ਖਾਤਮੇ ਲਈ ਵੱਡੇ ਪੱਧਰ 'ਤੇ ਕਾਰਵਾਈਆਂ ਤੇਜ਼ ਕਰ ਦਿੱਤੀਆਂ ਹਨ। ਇਸ ਮੁਹਿੰਮ ਨੇ ਨਸ਼ਾ ਤਸਕਰਾਂ ਦੀ ਨੀਂਦ ਉਡਾ ਦਿੱਤੀ ਹੈ। ਪੁਲਿਸ ਵੱਲੋਂ ਹੁਣ ਤੱਕ ਨਸ਼ਾ ਤਸਕਰਾਂ ਖਿਲਾਫ ਕੀਤੀ ਗਈ ਕਾਰਵਾਈ ਦਾ ਲੇਖਾ ਜੋਖਾ।ਪੁਲਿਸ ਵੱਲੋਂ ਨਸ਼ਿਆਂ ਖ਼ਿਲਾਫ਼ ਕਾਰਵਾਈ ਕਰਦਿਆਂ 1133 ਦੋਸ਼ੀਆਂ ਨੂੰ ਕੀਤਾ ਜਾ ਚੁੱਕਾ ਹੈ ਗ੍ਰਿਫ਼ਤਾਰ।ਨਸ਼ਾਂ ਤਸਕਰਾਂ ਦੀ 10 ਕਰੋੜ ਦੇ ਕਰੀਬ ਦੀ ਜਾਇਦਾਦ ਕੀਤੀ ਗਈ ਫਰੀਜ਼ 1 ਮਾਰਚ ਤੋਂ ਹੁਣ ਤੱਕ 708 ਮੁਕੱਦਮੇ ਦਰਜ ਕੀਤੇ ਗਏ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ 'ਯੁੱਧ ਨਸ਼ਿਆ ਵਿਰੁੱਧ' ਮੁਹਿੰਮ ਤਹਿਤ ਸਿਵਲ ਤੇ ਪੁਲਿਸ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਵਿੱਚ ਨਸ਼ਿਆਂ ਦੇ ਖਾਤਮੇ ਲਈ ਵਿਆਪਕ ਪੱਧਰ ਤੇ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਇਹ ਜਾਣਕਾਰੀ ਐਸਐਸਪੀ ਅਮਨੀਤ ਕੌਂਡਲ ਨੇ ਸਾਂਝੀ ਕਰਦਿਆਂ ਦੱਸਿਆ ਕਿ ਪੁਲਿਸ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਕਾਰਵਾਈ ਕਰਦੇ ਹੋਏ 1 ਮਾਰਚ 2025 ਤੋਂ ਹੁਣ ਤੱਕ 708 ਮੁਕੱਦਮੇ ਦਰਜ ਕਰਕੇ 1133 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਅੰਦਰ ਹੁਣ ਤੱਕ ਨਸ਼ਾਂ ਤਸਕਰਾਂ ਦੀ 9,72,38,899 ਰੁਪਏ ਦੇ ਕਰੀਬ ਦੀ ਜਾਇਦਾਦ ਫਰੀਜ ਕੀਤੀ ਜਾ ਚੁੱਕੀ ਹੈ। ਇਸ ਮੌਕੇ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਕੋਈ ਵੀ ਨਸ਼ੇ ਵੇਚ ਕੇ ਜਾਇਦਾਦ ਬਣਾਏਗਾ ਉਸ ਨੂੰ ਸਮਰੱਥ ਅਥਾਰਟੀ ਪਾਸੋਂ ਕਾਨੂੰਨੀ ਪ੍ਰਕਿਰਿਆ ਮੁਤਾਬਿਕ ਮੰਨਜ਼ੂਰੀ ਹਾਸਿਲ ਉਪਰੰਤ ਅਟੈਚ ਕਰਵਾਇਆ ਜਾਵੇਗਾ ।ਜ਼ਿਲ੍ਹਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਐਸਐਸਪੀ ਮੈਡਮ ਅਮਨੀਤ ਕੌਂਡਲ ਨੇ ਕਿਹਾ ਕਿ ਨਸ਼ਿਆਂ ਦੇ ਕੋਹੜ ਨੂੰ ਜੜੋ ਖਤਮ ਕਰਨ ਲਈ ਪੁਲਿਸ ਦਾ ਸਹਿਯੋਗ ਦਿੱਤਾ ਜਾਵੇ, ਜੇਕਰ ਕਿਸੇ ਏਰੀਏ ਜਾਂ ਆਸ-ਪਾਸ ਕੋਈ ਨਸ਼ੇ ਦਾ ਗੈਰ ਕਾਨੂੰਨੀ ਤੌਰ 'ਤੇ ਧੰਦਾ ਕਰਦਾ ਹੈ ਤਾਂ ਪੰਜਾਬ ਸਰਕਾਰ ਦੀ ਐਂਟੀ ਡਰੱਗ ਹੈਲਪਲਾਈਨ ਨੰਬਰ 97791-00200 ਜਾਂ ਬਠਿੰਡਾ ਪੁਲਿਸ ਦੀ ਐਂਟੀ ਡਰੱਗ ਹੈਲਪਲਾਈਨ ਨੰਬਰ 91155-02252 ਤੇ ਜਾਣਕਾਰੀ ਸਾਂਝੀ ਕਰ ਸਕਦੇ ਹੋ। ਉਨ੍ਹਾਂ ਇਹ ਵੀ ਕਿਹਾ ਕਿ ਜਾਣਕਾਰੀ ਦੇਣ ਵਾਲੇ ਦਾ ਨਾਮ ਅਤੇ ਪਹਿਚਾਣ ਗੁਪਤ ਰੱਖੀ ਜਾਵੇਗੀ। ਜੇਕਰ ਕਿਸੇ ਏਰੀਏ ਜਾਂ ਆਸ-ਪਾਸ ਕੋਈ ਨਸ਼ੇ ਦਾ ਗੈਰ ਕਾਨੂੰਨੀ ਤੌਰ 'ਤੇ ਧੰਦਾ ਕਰਦਾ ਹੈ ਤਾਂ ਪੰਜਾਬ ਸਰਕਾਰ ਦੀ ਐਂਟੀ ਡਰੱਗ ਹੈਲਪਲਾਈਨ ਨੰਬਰ 97791-00200 ਜਾਂ ਬਠਿੰਡਾ ਪੁਲਿਸ ਦੀ ਐਂਟੀ ਡਰੱਗ ਹੈਲਪਲਾਈਨ ਨੰਬਰ 91155-02252 ਤੇ ਜਾਣਕਾਰੀ ਸਾਂਝੀ ਕਰ ਸਕਦੇ ਹੋ। ਉਨ੍ਹਾਂ ਇਹ ਵੀ ਕਿਹਾ ਕਿ ਜਾਣਕਾਰੀ ਦੇਣ ਵਾਲੇ ਦਾ ਨਾਮ ਅਤੇ ਪਹਿਚਾਣ ਗੁਪਤ ਰੱਖੀ ਜਾਵੇਗੀ।

## ਨਗਰ ਕੌਂਸਲ ਨੇ ਚਲਾਈ ਸਫ਼ਾਈ ਮੁਹਿੰਮ



ਭੁੱਚੋ ਮੰਡੀ ਨਥਾਣਾ , 2 ਜੁਲਾਈ (ਹਰਬੰਸ ਸਿੰਘ ਭੋਲਾ): ਸਰਕਾਰ ਵੱਲੋਂ ਚਲਾਈ ਗਈ ਸਫਾਈ ਮੁਹਿੰਮ ਸਫ਼ਾਈ ਅਪਣਾ ਬੀਮਾਰੀ ਭਜਾਉ ਮੁਹਿੰਮ ਤਹਿਤ ਨਗਰ ਕਾਰਜ ਸਾਧਕ ਅਫਸਰ ਕੋਸ਼ਲ ਵਰੁਣ ਕੁਮਾਰ ਤੇ ਕੋਸ਼ਲ ਦੇ ਪ੍ਰਧਾਨ ਜੌਨੀ ਬਾਂਸਲ ਦੀ ਅਗਵਾਈ ਹੇਠ ਸਫ਼ਾਈ ਜਾਗਰੂਕਤਾ ਦੀ ਮੁਹਿੰਮ ਚਲਾਈ ਗਈ ।ਇਸ ਮੁਹਿੰਮ ਤਹਿਤ ਸਫਾਈ ਇੰਚਾਰਜ ਸਤੀਸ਼ ਚੰਦਰ ਵੱਲੋਂ ਲੋਕਾਂ ਨੂੰ ਸਫ਼ਾਈ ਸਬੰਧੀ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਉਨ੍ਹਾਂ ਗਿਲੇ ਸੁੱਕੇ ਕੂੜੇ ਨੂੰ ਵੱਖ -ਵੱਖ ਰੱਖਣ ਲਈ ਪ੍ਰੇਰਿਤ ਕੀਤਾ । ਸਫ਼ਾਈ ਦੇ ਫਾਇਦੇ ਨਾ ਹੋਣ ਦੇ ਨੁਕਸਾਨ ਜਿਵੇਂ ਬਰਸਾਤੀ ਮੌਸਮ ਡੇਂਗੂ ਮਲੇਰੀਆ ਬਾਰੇ ਵੀ ਸੁਚੇਤ ਕੀਤਾ।

## ਤਿਰਲੋਕ ਸਿੰਘ ਨੇ ਬਤੌਰ ਡਿਪਟੀ ਮਾਸ ਮੀਡੀਆ ਅਫਸਰ ਦਾ ਅਹੁਦਾ ਸੰਭਾਲਿਆ




ਸੰਗਰੂਰ, 2 ਜੁਲਾਈ (ਹਰਕੰਵਲ ਸਿੰਘ ਹੈਪੀ): ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ. ਸੰਜੇ ਕਾਮਰਾ ਦੀ ਹਾਜ਼ਰੀ ਵਿੱਚ ਤਿਰਲੋਕ ਸਿੰਘ ਨੇ ਬਤੌਰ ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਦਫ਼ਤਰ ਸਿਵਲ ਸਰਜਨ ਸੰਗਰੂਰ ਵਿਖੇ ਆਪਣਾ ਅਹੁਦਾ ਸੰਭਾਲ ਲਿਆ ਹੈ। ਜ਼ਿਕਰਯੋਗ ਹੈ ਕਿ ਤਿਰਲੋਕ ਸਿੰਘ ਬਤੌਰ ਬਲਾਕ ਐਕਸਟੈਂਸ਼ਨ ਐਜੂਕੇਟਰ ਤੋਂ ਬਤੌਰ ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਪਦ ਉੱਨਤ ਹੋਏ ਹਨ। ਤਿਰਲੋਕ ਸਿੰਘ ਪਿਛਲੇ ਕਾਫ਼ੀ ਸਮੇਂ ਤੋਂ ਸਬ ਡਵੀਜ਼ਨ ਹਸਪਤਾਲ ਸਰਦੂਲਗੜ੍ਹ ਜ਼ਿਲ੍ਹਾ ਮਾਨਸਾ ਵਿਖੇ ਬਲਾਕ ਐਕਸਟੈਂਸ਼ਨ ਐਜੂਕੇਟਰ ਕਾਰਜਸ਼ੀਲ ਸਨ। ਅਹੁਦਾ ਸੰਭਾਲਣ ਮੌਕੇ ਦਫ਼ਤਰ ਵਿਖੇ ਸਮੂਹ ਸਟਾਫ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਨਵ ਨਿਯੁਕਤ ਬਤੌਰ ਡਿਪਟੀ ਮਾਸ ਮੀਡੀਆ ਤੇ ਸੂਚਨਾ ਅਫ਼ਸਰ ਤਿਰਲੋਕ ਸਿੰਘ ਨੇ ਕਿਹਾ ਕਿ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਅਤੇ ਸਿਹਤ ਵਿਭਾਗ ਵੱਲੋਂ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਹੈ, ਉਹ ਉਸ ਨੂੰ ਪੂਰੀ ਇਮਾਨਦਾਰੀ ਅਤੇ ਮਿਹਨਤ ਨਾਲ ਨਿਭਾਉਣਗੇ ਅਤੇ ਸਿਹਤ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਸਿਹਤ ਸਕੀਮਾ ਅਤੇ ਪ੍ਰੋਗਰਾਮਾ ਨੂੰ ਮੀਡੀਆ ਦੇ ਵੱਖ-ਵੱਖ ਸਾਧਨਾ ਰਾਹੀਂ ਜ਼ਿਲ੍ਹੇ ਦੇ ਸਾਰੇ ਨਾਗਰਿਕਾਂ ਤੱਕ ਪਹੁੰਚਾਉਣ ਲਈ ਵਚਨਵੱਧ ਹੋਣਗੇ। ਇਸ ਮੌਕੇ ਜ਼ਿਲ੍ਹਾ ਸਮੂਹ ਸਿੱਖਿਆ ਅਤੇ ਸੂਚਨਾ ਅਫਸਰ ਕਰਨੈਲ ਸਿੰਘ, ਹਰਦੀਪ ਜਿੰਦਲ, ਹਰਬੰਸ ਲਾਲ ਬਲਾਕ ਐਕਸਟੈਂਸ਼ਨ ਐਜੂਕੇਟਰ, ਨਿਰਮਲ ਸਿੰਘ, ਸਤਨਾਮ ਸਿੰਘ ਚਹਿਲ,ਦਲਜੀਤ ਸਿੰਘ ਸੰਧੂ,ਰਵਿੰਦਰ ਸਿੰਘ, ਜੀਵਨ ਸਿੰਘ ਸਹੋਤਾ, ਜੀਵਨ ਸਿੰਘ ਸੰਘਾ, ਪ੍ਰਲਾਦ ਸਿੰਘ,ਬਾਲ ਕ੍ਰਿਸ਼ਨ,/ਦੀਪਕ ਸ਼ਰਮਾ, ਸੋਨਿਤ ਗੋਇਲ ਆਦਿ ਤੋਂ ਇਲਾਵਾ ਸਿਵਲ ਸਰਜਨ ਦਫ਼ਤਰ ਦੇ ਸਮੂਹ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਭਲਕੇ

ਸ੍ਰੀ ਮੁਕਤਸਰ ਸਾਹਿਬ, 2 ਜੁਲਾਈ: ( ਐਚ ਐਸ ਕਪੂਰ,):ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਸ੍ਰੀ ਮੁਕਤਸਰ ਸਾਹਿਬ ਵਿਖੇ 4 ਜੁਲਾਈ 2025 ਦਿਨ ਸ਼ੁੱਕਰਵਾਰ ਨੂੰ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ, ਇਹ ਜਾਣਕਾਰੀ ਪਲੇਸਮੈਂਟ ਅਫ਼ਸਰ ਦਲਜੀਤ ਸਿੰਘ ਬਰਾੜ ਨੇ ਦਿੱਤੀ। ਉਨ੍ਹਾਂ ਕਿਹਾ ਕਿ ਇਸ ਪਲੇਸਮੈਂਟ ਕੈਂਪ ਵਿੱਚ ਏ.ਵੀ.ਸੀ. ਮੋਟਰ ਪ੍ਰਾਈਵੇਟ ਲਿਮਟਿਡ ਕੰਪਨੀ ਵੱਲੋਂ ਸੇਲਜ ਕੰਸਲਟੈਂਟ ਦੀ ਅਸਾਮੀ ਲਈ ਕੇਵਲ ਲੜਕਿਆਂ ਦੀ ਇੰਟਰਵਿਊ ਕੀਤੀ ਜਾਣੀ ਹੈ। ਇੰਟਰਵਿਊ ਲਈ ਵਿੱਦਿਅਕ ਯੋਗਤਾ ਗ੍ਰੈਜੂਏਸ਼ਨ ਪਾਸ, ਉਮਰ 22 ਤੋਂ 35 ਸਾਲ ਹੋਣੀ ਚਾਹੀਦੀ ਹੈ ।ਉਨ੍ਹਾਂ ਹੋਰ ਵਧੇਰੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਗਿਆ ਕਿ ਕੈਂਪ ਵਿੱਚ ਭਾਗ ਲੈਣ ਸਮੇਂ ਪ੍ਰਾਰਥੀ ਆਪਣੀ ਵਿੱਦਿਅਕ ਯੋਗਤਾ ਦੇ ਦਸਤਾਵੇਜ, 2 ਪਾਸਪੋਰਟ ਸਾਈਜ ਫੋਟੋ, ਆਧਾਰ ਕਾਰਡ, ਜਾਤੀ ਸਰਟੀਫਿਕੇਟ ਜ਼ਰੂਰ ਨਾਲ ਲੈ ਕੇ ਆਉਣ (ਅਸਲ + ਫੋਟੋ ਕਾਪੀ) ।ਉਨ੍ਹਾਂ ਦੱਸਿਆ ਕਿ ਪ੍ਰਾਰਥੀ ਵਿਭਾਗ ਵੱਲੋਂ ਮੁਹੱਈਆ ਕਰਵਾਈਆਂ ਜਾਂਦੀਆਂ ਸੇਵਾਵਾਂ ਦਾ ਲਾਭ ਲੈਣ ਲਈ ਦਫਤਰ ਦੇ ਵੈਟਸਐਪ ਨੰਬਰ 98885-62317 'ਤੇ ਆਪਣੇ ਵੇਰਵੇ ਭੇਜ ਦੇ ਗਰੁੱਪ ਜੁਆਇਨ ਕਰਨ ਤਾਂ ਜੋ ਪ੍ਰਾਰਥੀਆਂ ਨੂੰ ਦਫ਼ਤਰ ਵੱਲੋਂ ਲਗਾਏ ਜਾਂਦੇ ਪਲੇਸਮੈਂਟ ਕੈਂਪ/ ਰੋਜ਼ਗਾਰ ਮੇਲੇ ਅਤੇ ਹੋਰ ਪ੍ਰੋਗਰਾਮ ਬਾਰੇ ਸਮੇਂ ਸਿਰ ਜਾਣਕਾਰੀ ਮਿਲ ਸਕੇ। ਇੰਟਰਵਿਊ ਵਿੱਚ ਭਾਗ ਲੈਣ ਲਈ ਕੋਈ ਵੀ ਟੀ.ਏ. ਅਤੇ ਡੀ.ਏ. ਦੇਣ ਯੋਗ ਨਹੀਂ ਹੋਵੇਗਾ। ਵਧੇਰੇ ਜਾਣਕਾਰੀ ਲਈ ਪ੍ਰਾਰਥੀ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਡੀ.ਸੀ. ਦਫਤਰ, ਸੇਵਾ ਕੇਂਦਰ ਦੇ ਉੱਪਰ, ਸ੍ਰੀ ਮੁਕਤਸਰ ਸਾਹਿਬ ਦੇ ਨੰਬਰ 98885-62317 'ਤੇ ਸੰਪਰਕ ਕਰ ਸਕਦੇ ਹਨ।



# ਪਟਿਆਲਾ-ਆਸ/ਪਾਸ



## ਪੁਲਿਸ ਨੇ ਅਕਾਲੀ ਆਗੂਆਂ ਨੂੰ ਘਰਾਂ 'ਚ ਕੀਤਾ ਨਜ਼ਰਬੰਦ

ਪਟਿਆਲਾ, 2 ਜੁਲਾਈ (ਰੁਪਾਣਾ) : ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਵਿਜੀਲੈਂਸ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਦੇ ਵਿਰੋਧ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਮੋਹਾਲੀ ਵਿਖੇ ਦਿੱਤੇ ਜਾ ਰਹੇ ਧਰਨੇ ਵਿੱਚ ਜਾਣ ਲਈ ਅਕਾਲੀ ਆਗੂਆਂ ਨੂੰ ਜਗ੍ਹਾ-ਜਗ੍ਹਾ ਰੋਕਿਆ ਜਾ ਰਿਹਾ ਹੈ। ਇਸੇ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਜ਼ਿਆਦਾਤਰ ਆਗੂਆਂ ਨੂੰ ਪੁਲਿਸ ਨੇ ਹਾਊਸ ਅਰੈਸਟ ਕਰ ਲਿਆ ਹੈ। ਇਨ੍ਹਾਂ ਵਿੱਚ ਪਟਿਆਲਾ ਸ਼ਹਿਰੀ ਦੇ ਪ੍ਰਧਾਨ ਅਮਿਤ ਸਿੰਘ ਰਾਠੀ ਪਟਿਆਲਾ ਦਿਹਾਤੀ ਦੇ ਹਲਕਾ ਇੰਚਾਰਜ ਜਸਪਾਲ ਸਿੰਘ ਬਿੱਟੂ ਚੱਠਾ, ਸ਼੍ਰੋਮਣੀ ਅਕਾਲੀ ਦਲ ਦੇ ਪੀਏਸੀ ਮੈਂਬਰ ਆਕਾਸ਼ ਬਾਕਸਰ ਸਮੇਤ ਕਈ ਆਗੂਆਂ ਨੂੰ ਅੱਜ ਪਟਿਆਲਾ ਪੁਲਸ ਨੇ ਸਵੇਰੇ ਹੀ ਘਰਾਂ ਵਿਚ ਨਜ਼ਰਬੰਦ ਕਰ ਦਿੱਤਾ ਅਤੇ ਬਾਹਰ ਨਹੀਂ ਜਾਣ ਦਿੱਤਾ ਗਿਆ। ਪੁਲਿਸ ਦੀ ਇਸ ਕਾਰਵਾਈ ਦਾ ਅਕਾਲੀ ਆਗੂਆਂ ਵੱਲੋਂ ਆਪਣੇ ਘਰ ਤੋਂ ਹੀ ਸੋਸ਼ਲ ਮੀਡੀਆ 'ਤੇ ਵਿਰੋਧ ਕੀਤਾ ਗਿਆ। ਜ਼ਿਲ੍ਹਾ ਪ੍ਰਧਾਨ ਅਮਿਤ ਸਿੰਘ ਰਾਠੀ ਨੇ ਕਿਹਾ ਕਿ ਇਹ ਲੋਕਤੰਤਰ ਦਾ ਘਾਣ ਹੈ ਕਿ ਇਕ ਤਾਂ ਸਰਕਾਰ ਧੱਕੇਸ਼ਾਹੀ ਕਰ ਰਹੀ ਹੈ, ਉਪਰੋਂ ਵਿਰੋਧ ਕਰਨਾ ਉਨ੍ਹਾਂ ਦਾ ਲੋਕਤੰਤਰਿਕ ਅਧਿਕਾਰ ਹੈ, ਉਹ ਵੀ ਨਹੀਂ ਕਰਨ ਦਿੱਤਾ ਜਾ ਰਿਹਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸਰਕਾਰ ਨੇ ਜਾਣਬੁੱਝ ਕੇ ਝੂਠਾ ਕੇਸ ਪਾ ਕੇ ਅੰਦਰ ਕਰ ਦਿੱਤਾ ਹੈ ਅਤੇ ਹੁਣ ਲੋਕਾਂ ਦੀ ਆਵਾਜ਼ ਦਬਾਉਣ ਲਈ ਉਨ੍ਹਾਂ ਨੂੰ ਘਰਾਂ ਤੋਂ ਬਾਹਰ ਵੀ ਨਹੀਂ ਨਿਕਲਣ ਦਿੱਤਾ ਜਾ ਰਿਹਾ।

## ਵਰਕਰਾਂ ਵੱਲੋਂ ਸਰਕਾਰ ਦੀ ਨਿਖੇਧੀ



ਘਨੌਰ, 2 ਜੁਲਾਈ (ਮਦਨ ਲਾਲ) : ਬਿਕਰਮ ਸਿੰਘ ਮਜੀਠੀਆ ਦੀ ਪੇਸ਼ੀ ਜੋ ਅੱਜ ਮੁਹਾਲੀ ਕੋਰਟ ਵਿੱਚ ਪੇਸ਼ ਕੀਤਾ ਜਾਣਾ ਸੀ ਉਸ ਨੂੰ ਮਿਲਣ ਲਈ ਘਨੌਰ ਰਾਜਪੁਰਾ ਅਤੇ ਵੱਖ-ਵੱਖ ਪਿੰਡਾਂ ਵਿੱਚੋਂ ਮੁਹਾਲੀ ਕੋਰਟ ਵਿੱਚ ਜਾਣ ਤੋਂ ਘਰ ਵਿੱਚ ਵੀ ਨਜ਼ਰਬੰਦ ਕੀਤਾ ਹੋਇਆ ਹੈ। ਇਸ ਦੀ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਪਟਿਆਲਾ ਨੇ ਕਿਹਾ ਸ. ਸੁਰਜੀਤ ਸਿੰਘ ਗੜ੍ਹੀ ਮੈਂਬਰ ਅੰਤ੍ਰਿੰਗ ਕਮੇਟੀ, ਜਥੇਦਾਰ ਸੁਖਜੀਤ ਸਿੰਘ ਬਘੌਰਾ, ਜਥੇਦਾਰ ਜਸਮੇਰ ਸਿੰਘ ਲਾਛੜੂ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ਬਲਵਿੰਦਰ ਸਿੰਘ, ਸੁਰਿੰਦਰ ਸਿੰਘ ਘੁਮਾਣਾ ਵੱਲੋਂ ਪੰਜਾਬ ਸਰਕਾਰ ਦੇ ਇਸ ਰਵੱਈਏ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਇਸ ਤਰੀਕੇ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ ਇਸ ਦੀ ਅੱਜ ਮਾੜੇ ਵਰਤਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦੇ ਹਾਂ। ਜਥੇਦਾਰ ਸੁਰਜੀਤ ਸਿੰਘ ਗੜ੍ਹੀ ਮੈਂਬਰ ਅੰਤ੍ਰਿੰਗ ਕਮੇਟੀ ਜਥੇਦਾਰ ਸੁਖਜੀਤ ਸਿੰਘ ਬਘੌਰਾ ਨੂੰ ਮੁਹਾਲੀ ਕੋਰਟ ਵਿੱਚ ਜਾਂਦੇ ਸਮੇਂ ਗ੍ਰਿਫਤਾਰ ਕੀਤਾ ਗਿਆ। ਉਹਨਾਂ ਕਿਹਾ ਅਕਾਲੀ ਸਰਕਾਰੀ ਦਬਾਅ ਤੋਂ ਡਰਨ ਵਾਲੇ ਨਹੀਂ, ਸਰਕਾਰੀ ਧੱਕੇ ਦਾ ਜਵਾਬ ਬੇਖੌਫੀ ਨਾਲ ਦੇਣਗੇ ਅਕਾਲੀ। ਉਹਨਾਂ ਕਿਹਾ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਫੂਕ ਨਿਕਲ ਗਈ ਹੈ ਹੁਣ ਲੋਕਾਂ ਦਾ ਧਿਆਨ ਅਸਲੀ ਮੁੱਦੇ ਤੋਂ ਹਟਾਉਣ ਲਈ ਲੋਕਾਂ ਨੂੰ ਗੁੰਮਰਾਹ ਕਰਨ ਲਈ ਬਿਕਰਮ ਮਜੀਠੀਆ 'ਤੇ ਆਮਦਨ ਤੋਂ ਵੱਧ ਜਾਇਦਾਦ ਦਾ ਝੂਠਾ ਮੁਕੱਦਮਾ ਬਣਾਇਆ ਗਿਆ।

## ਵੱਧ ਮੁਨਾਫਾ ਕਮਾਉਣ ਦਾ ਝਾਂਸਾ ਦੇ ਕੇ ਮਾਰੀ ਠੱਗੀ

ਪਟਿਆਲਾ, 2 ਜੁਲਾਈ (ਵਿਨੋਦ ਸ਼ਰਮਾ) : ਥਾਣਾ ਸਾਇਬਰ ਕਰਾਇਮ ਪਟਿਆਲਾ ਪੁਲਿਸ ਕੋਲ ਹਰਿੰਦਰ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਨਿਊ ਅਫਸਰ ਕਲੋਨੀ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਕਿਸੇ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਵੱਧ ਮੁਨਾਫਾ ਕਮਾਉਣ ਦਾ ਝਾਂਸਾ ਦੇ ਕੇ ਆਨਲਾਇਨ ਇਨਵੈਸਟਮੈਂਟ ਕਰਵਾ ਕੇ ਕਰੀਬ 39,84,200 ਦੀ ਠੱਗੀ ਮਾਰੀ ਹੈ। ਪੁਲਿਸ ਨੇ ਧਾਰਾ 318(4), 319(2),61(2) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਐਲ.ਈ.ਡੀ. ਤੇ ਨਕਦੀ ਚੋਰੀ ਕਰਕੇ ਫ਼ਰਾਰ ਹੋਣ ਦੇ ਮਾਮਲੇ 'ਚ ਇੱਕ ਵਿਰੁੱਧ ਮਾਮਲਾ ਦਰਜ

ਸਮਾਣਾ, 2 ਜੁਲਾਈ (ਵਿਜੇ ਕੁਮਾਰ) : ਸਮਾਣਾ ਦੀ ਇੱਕ ਸੀਮਿੰਟ ਪਾਈਪ ਫੈਕਟਰੀ ਵਿੱਚ ਕੰਮ ਕਰ ਰਹੇ ਲੇਬਰ ਲਈ 3.50 ਲੱਖ ਰੁਪਏ ਐਡਵਾਂਸ ਲੈ ਕੇ ਲੇਬਰ ਨੂੰ ਭਜਾਉਣ ਅਤੇ ਫੈਕਟਰੀ ਦਫ਼ਤਰ 'ਚੋਂ ਇੱਕ ਐਲ.ਈ.ਡੀ ਤੇ 20 ਹਜ਼ਾਰ ਰੁਪਏ ਨਕਦੀ ਚੋਰੀ ਕਰਕੇ ਫ਼ਰਾਰ ਹੋਣ ਦੇ ਮਾਮਲੇ ਵਿੱਚ ਲੇਬਰ ਠੇਕੇਦਾਰ ਅਰੁਣ ਕੁਮਾਰ ਪੁੱਤਰ ਦੇਵੀ ਲਾਲ ਵਾਸੀ ਪਿੰਡ ਮੋਰ, ਜ਼ਿਲ੍ਹਾ ਮਾਧੇਪੁਰ (ਬਿਹਾਰ) ਖ਼ਿਲਾਫ਼ ਚੋਰੀ ਸਮੇਤ ਹੋਰਨਾਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਮਾਮਲੇ ਦੇ ਜਾਂਚ ਅਧਿਕਾਰੀ, ਸਿਟੀ ਪੁਲਿਸ ਦੇ ਹੈੱਡ ਕਾਂਸਟੇਬਲ ਸੋਮਨਾਥ ਨੇ ਦੱਸਿਆ ਕਿ ਗੋਪਾਲ ਕ੍ਰਿਸ਼ਨ ਸਿੰਗਲਾ ਪੁੱਤਰ ਰਾਮੇਸ਼ਵਰ ਦਾਸ ਵਾਸੀ ਸੀਤਾ-ਗੀਤਾ ਗਲੀ, ਸਮਾਣਾ ਨੇ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ ਹੈ ਕਿ ਦੋਸ਼ੀ ਅਰੁਣ ਕੁਮਾਰ ਪਿਛਲੇ ਦੋ ਸਾਲਾਂ ਤੋਂ ਆਪਣੀ ਲੇਬਰ ਦੇ ਇੱਕ ਦਰਜਨ ਲੋਕਾਂ ਨਾਲ ਉਸਦੀ ਪਾਤੜਾਂ ਰੋਡ 'ਤੇ ਸਥਿਤ ਸੀਮਿੰਟ ਪਾਈਪ ਫੈਕਟਰੀ ਵਿੱਚ ਕੰਮ ਕਰਦਾ ਸੀ। ਉਸਨੇ 3.50 ਲੱਖ ਰੁਪਏ ਐਡਵਾਂਸ ਵੀ ਲਏ ਹੋਏ ਸਨ। 6-7 ਜੂਨ ਦੀ ਅੱਧੀ ਰਾਤ ਦੌਰਾਨ ਉਸਨੇ ਫੈਕਟਰੀ ਦਫ਼ਤਰ ਵਿੱਚੋਂ ਇੱਕ ਐਲ.ਈ.ਡੀ ਅਤੇ 20 ਹਜ਼ਾਰ ਰੁਪਏ ਨਕਦ ਚੋਰੀ ਕਰ ਲਏ ਅਤੇ ਲੇਬਰ ਸਮੇਤ ਫ਼ਰਾਰ ਹੋ ਗਿਆ। ਅਧਿਕਾਰੀ ਅਨੁਸਾਰ ਸ਼ਿਕਾਇਤ ਦੇ ਆਧਾਰ 'ਤੇ ਸਿਟੀ ਪੁਲਿਸ ਨੇ ਦੋਸ਼ੀ ਠੇਕੇਦਾਰ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਬੀ.ਡੀ.ਪੀ.ਓ. ਬੀਬੀ ਬਲਜੀਤ ਕੌਰ ਖ਼ਾਲਸਾ ਵੱਲੋਂ 'ਯੁੱਧ ਲੰਬਿਤ ਵਰਤੋਂ ਸਰਟੀਫਿਕੇਟਾਂ' ਵਿਰੁੱਧਕੀਤੀ ਸ਼ੁਰੂਆਤ ਦੀ ਦੇਸ਼ਾਂ-ਵਿਦੇਸ਼ਾਂ 'ਚ ਪ੍ਰਸੰਸਾ

ਨਾਭਾ, 2 ਜੁਲਾਈ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਇਮਾਨਦਾਰੀ, ਦਿਆਨਤਦਾਰੀ, ਮਿਹਨਤ ਅਤੇ ਨੇਕ ਨੀਤੀ ਨਾਲ ਸੇਵਾਵਾਂ ਨਿਭਾਉਣ ਵਾਲੀ ਬੀਬੀ ਬਲਜੀਤ ਕੌਰ ਖ਼ਾਲਸਾ ਬਰਨਾਲਾ ਬੀ.ਡੀ.ਪੀ.ਓ. ਨਾਭਾ ਜੋ ਕਿ ਅਕਸਰ ਹੀ ਵਿਲੱਖਣ ਵਿਕਾਸ ਕਾਰਜ ਕਰਾਉਣ ਦੀ ਪਹਿਲ ਕਰਦੇ ਰਹਿੰਦੇ ਹਨ। ਹਾਲ ਹੀ ਵਿੱਚ ਬੀਬੀ ਬਲਜੀਤ ਕੌਰ ਖ਼ਾਲਸਾ ਵੱਲੋਂ 'ਯੁੱਧ ਲੰਬਿਤ ਵਰਤੋਂ ਸਰਟੀਫਿਕੇਟਾਂ' ਵਿਰੁੱਧਸ਼ੁਰੂ ਕੀਤੀ ਮੁਹਿੰਮ ਦੀ ਦੇਸ਼ਾ- ਵਿਦੇਸ਼ਾਂ ਵਿੱਚ ਖ਼ੂਬ ਪ੍ਰਸ਼ੰਸਾ ਹੋ ਰਹੀ ਹੈ। ਬੀਬੀ ਖਾਲਸਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਰਕਾਰ ਵੱਲੋਂ ਜੋ ਵੱਖ- ਵੱਖ ਵਿਕਾਸ ਕਾਰਜਾਂ ਵਾਸਤੇ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ ਉਹਨਾਂ ਨੂੰ ਸਮੇਂ ਸਿਰ ਖਰਚ ਕਰਕੇ ਵਰਤੋਂ ਸਰਟੀਫਿਕੇਟ ਭੇਜਣੇ ਲਾਜ਼ਮੀ ਹੁੰਦੇ ਹਨ, ਪ੍ਰੰਤੂ ਲੰਬੇ ਸਮੇਂ ਤੋਂ ਵਾਰ-ਵਾਰ ਕਹਿਣ ਦੇ ਬਾਵਜੂਦ ਮੁਲਾਜ਼ਮਾਂ ਵੱਲੋਂ ਵਰਤੋਂ ਸਰਟੀਫਿਕੇਟ ਨਹੀਂ ਦਿੱਤੇ ਜਾ ਰਹੇ। ਇਸ ਕਰਕੇ ਮੈਂ 'ਯੁੱਧ ਲੰਬਿਤ ਵਰਤੋ ਸਰਟੀਫਿਕੇਟਾਂ' ਵਿਰੁੱਧਮੁਹਿੰਮ ਸ਼ੁਰੂ ਕੀਤੀ ਹੈ। ਬੀਬੀ ਖਾਲਸਾ ਦੇ ਇਸ ਮਹਾਨ ਕਾਰਜ ਦੀ ਜਿੱਥੇ ਦੇਸ਼ਾਂ ਵਿਦੇਸ਼ਾਂ ਵਿੱਚ ਖ਼ੂਬ ਪ੍ਰਸ਼ੰਸਾ ਹੋ ਰਹੀ ਹੈ ਉੱਥੇ ਸਰਕਾਰ ਨੇ ਵੀ ਬਹੁਤ ਜ਼ਿਆਦਾ ਪ੍ਰਸ਼ੰਸਾ ਕੀਤੀ ਹੈ। ਦੁਨੀਆਂ ਦੀਆਂ ਮਹਾਨ ਹਸਤੀਆਂ ਨੇ ਕਿਹਾ ਕਿ ਅਜਿਹੇ ਮਹਾਨ ਕਾਰਜ ਹਰ ਇੱਕ ਅਫਸਰ ਨੂੰ ਕਰਨੇ ਚਾਹੀਦੇ ਹਨ, ਤਾਂ ਜੋ ਪੰਜਾਬ ਨੂੰ ਰੰਗਲਾ ਪੰਜਾਬ ਬਣਾਇਆ ਜਾ ਸਕੇ।



## ਡੀ.ਸੀ. ਨੇ ਘੱਗਰ, ਟਾਂਗਰੀ ਤੇ ਮੀਰਾਪੁਰ ਚੋਅ 'ਚ ਵਹਿੰਦੇ ਪਾਣੀ ਦਾ ਜਾਇਜ਼ਾ ਲਿਆ

### ਟਾਂਗਰੀ ਨਦੀ 'ਚ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ, ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ : ਡਾ. ਪ੍ਰੀਤੀ ਯਾਦਵ



ਦੇਵੀਗੜ੍ਹ , 2 ਜੁਲਾਈ (ਗੁਰਜੀਤ ਸਿੰਘ ਢੋਟ) : ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਨੇ ਅੱਜ ਜ਼ਿਲ੍ਹੇ 'ਚੋਂ ਲੰਘਦੀਆਂ ਨਦੀਆਂ, ਘੱਗਰ ਅਤੇ ਟਾਂਗਰੀ 'ਚ ਵਹਿ ਰਹੇ ਪਾਣੀ ਦਾ ਮੌਕੇ 'ਤੇ ਜਾ ਕੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਦੇ ਨਾਲ ਐਸ.ਡੀ.ਐਮ. ਦੂਧਨਸਾਧਾਂ ਕ੍ਰਿਪਾਲਵੀਰ ਸਿੰਘ, ਜਲ ਨਿਕਾਸ ਵਿਭਾਗ ਦੇ ਐਸ.ਡੀ.ਓ. ਰਕਵਿੰਦਰ ਸਿੰਘ ਤੇ ਹੋਰ ਅਧਿਕਾਰੀ ਵੀ ਮੌਜੂਦ ਸਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਉਪਰ ਕੈਚਮੈਂਟ ਏਰੀਆ ਵਿੱਚ ਬਰਸਾਤ ਪੈਣ ਕਾਰਨ ਟਾਂਗਰੀ ਨਦੀ ਵਿੱਚ ਪਾਣੀ ਦਾ ਪੱਧਰ ਕੁਝ ਵਧਿਆ ਹੈ ਪਰ ਪਾਣੀ ਬੰਨ੍ਹ ਤੋਂ ਕਾਫ਼ੀ ਥੱਲੇ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਾਣੀ ਦੇ ਪੱਧਰ 'ਤੇ ਪੂਰੀ ਨਿਗਰਾਨੀ ਰੱਖੀ ਜਾ ਰਹੀ ਹੈ ਤੇ ਕੋਈ ਘਬਰਾਹਟ ਵਿੱਚ ਆਉਣ ਵਾਲੀ ਗੱਲ ਨਹੀਂ ਹੈ। ਡਾ. ਪ੍ਰੀਤੀ ਯਾਦਵ ਨੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਤੋਂ ਪੂਰੀ ਜਾਣਕਾਰੀ ਹਾਸਲ ਕੀਤੀ। ਐਸ.ਡੀ.ਓ. ਰਕਵਿੰਦਰ ਸਿੰਘ ਨੇ ਦੱਸਿਆ ਕਿ ਇਸ ਵੇਲੇ ਘੱਗਰ ਦਰਿਆ ਪਾਣੀ ਦਾ ਪੱਧਰੀ ਘੱਟ ਹੈ ਅਤੇ ਟਾਂਗਰੀ ਨਦੀ ਪਾਣੀ ਦਾ ਪੱਧਰ ਕੁਝ ਵਧਿਆ ਹੈ ਪਰ ਖਤਰੇ ਵਾਲੀ ਕੋਈ ਗੱਲ ਨਹੀਂ ਹੈ। ਉਨ੍ਹਾਂ ਕਿਹਾ ਕਿ ਡਰੇਨੇਜ ਵਿਭਾਗ ਪੂਰੀ ਤਰ੍ਹਾਂ ਚੌਕਸ ਹੈ। ਇਸ ਦੌਰਾਨ ਡਾ. ਪ੍ਰੀਤੀ ਯਾਦਵ ਨੇ ਇਕੱਤਰ ਹੋਏ ਸਥਾਨਕ ਵਸਨੀਕਾਂ ਨਾਲ ਗੱਲਬਾਤ ਕੀਤੀ ਅਤੇ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਆਮ ਲੋਕਾਂ ਨੂੰ ਦਰਪੇਸ਼ ਮੁਸ਼ਕਿਲਾਂ ਦੇ ਨਿਪਟਾਰੇ ਲਈ ਹਰ ਵੇਲੇ ਤਤਪਰ ਹੈ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਟਾਂਗਰੀ ਨਦੀ ਦੇ ਕੈਚਮੈਂਟ ਖੇਤਰ 'ਚ ਪਈ ਬਰਸਾਤ ਕਰਕੇ ਇਸ ਨਦੀ 'ਚ ਪਾਣੀ ਦੀ ਮਾਤਰਾ ਵਧੀ ਹੈ ਪਰੰਤੂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੂਰੀ ਚੌਕਸੀ ਨਾਲ ਇਨ੍ਹਾਂ ਨਦੀਆਂ 'ਚ ਪਾਣੀ ਦੇ ਵਹਾਅ 'ਤੇ ਪੂਰੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਫ਼ਿਲਹਾਲ ਇਹ ਨਦੀਆਂ ਖ਼ਤਰੇ ਦੇ ਨਿਸ਼ਾਨ ਤੋਂ ਹੇਠਾਂ ਵਹਿ ਰਹੀਆਂ ਹਨ ਪਰੰਤੂ ਇਨ੍ਹਾਂ 'ਚ ਪਾਣੀ ਵਧਣ ਦੀ ਸੰਭਾਵਨਾ ਦੇ ਮੱਦੇਨਜ਼ਰ ਜਲ ਨਿਕਾਸ ਵਿਭਾਗ ਤੇ ਹੋਰ ਸਬੰਧਤ ਵਿਭਾਗਾਂ ਸਮੇਤ ਪੂਰਾ ਜ਼ਿਲ੍ਹਾ ਪ੍ਰਸ਼ਾਸਨ ਪੂਰੀ ਤਰ੍ਹਾਂ ਚੌਕਸ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਤਰ੍ਹਾਂ ਦੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ ਅਤੇ ਕਿਸੇ ਵੀ ਤਰ੍ਹਾਂ ਦੀ ਸੂਚਨਾ ਦੇਣ ਲਈ ਕੰਟਰੋਲ ਰੂਮ ਦੇ ਨੰਬਰ 0175-2350550 'ਤੇ ਜਾਣਕਾਰੀ ਦਿੱਤੀ ਜਾ ਸਕਦੀ ਹੈ।

## ਪੁਲਿਸ ਵੱਲੋਂ 20 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 2 ਜੁਲਾਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਫਾਰੂਕ ਪੁੱਤਰ ਇੰਤਜਾਰ ਵਾਸੀ ਰੰਗੇ ਸ਼ਾਹ ਕਲੋਨੀ ਨੇੜੇ ਦਰਗਾਹ ਬਾਬਾ ਪੀਰ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਬਲਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਵੱਡੀ ਨਦੀ ਸਨੌਰ ਰੋਡ ਪਟਿਆਲਾ ਮੌਜੂਦ ਸੀ। ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈਕ ਕਰਨ 'ਤੇ 20 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਕੀਤਾ।

## ਸੁਰਜੀਤ ਸਿੰਘ ਰੱਖੜਾ ਨੇ ਕੀਤੀ 1 ਲੱਖ ਤੋਂ ਉੱਤੇ ਭਰਤੀ

### ਸੰਗਤ ਦੀ ਹਾਜ਼ਰੀ 'ਚ ਕਾਪੀਆਂ ਇਕਬਾਲ ਸਿੰਘ ਝੂੰਦਾ ਨੂੰ ਸੌਂਪੀਆਂ



ਪਟਿਆਲਾ, 2 ਜੁਲਾਈ (ਰੁਪਾਣਾ) : ਅਕਾਲ ਤਖ਼ਤ ਦੇ ਹੁਕਮਾਂ 'ਤੇ ਬਣੀ ਪੰਜ ਮੈਂਬਰੀ ਭਰਤੀ ਕਮੇਟੀ ਨੂੰ ਉਸ ਵੇਲੇ ਹੁੰਗਾਰਾ ਮਿਲਿਆ ਜਦੋਂ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਨੇ ਪਟਿਆਲਾ, ਨਾਭਾ, ਸਮਾਣਾ ਅਤੇ ਹੋਰ ਖੇਤਰਾਂ ਤੋਂ ਆਈ ਸੰਗਤ ਦੀ ਹਾਜ਼ਰੀ 'ਚ ਪੰਜ ਮੈਂਬਰੀ ਕਮੇਟੀ ਦੇ ਮੈਂਬਰ ਇਕਬਾਲ ਸਿੰਘ ਝੂੰਦਾ ਨੂੰ ਲਗਪਗ 1.3 ਲੱਖ ਮੈਂਬਰਾਂ ਦੀਆਂ ਪਰਚੀਆਂ ਸੌਂਪੀਆਂ। ਭਰਤੀ ਦੀ ਆਖ਼ਰੀ ਤਰੀਕ ਮੌਕੇ ਰੱਖੜਾ ਵੱਲੋਂ ਆਪਣੇ ਘਰ 'ਚ ਭਰਤੀ ਪ੍ਰਕਿਰਿਆ ਮੁਕੰਮਲ ਹੋਣ 'ਤੇ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਸੰਗਤ ਨੇ ਹਾਜ਼ਰੀ ਭਰੀ। ਇਸ ਦੌਰਾਨ ਇਕਬਾਲ ਸਿੰਘ ਝੂੰਦਾ ਨੇ ਕਿਹਾ ਕਿ ਅਕਾਲੀ ਦਲ ਦਾ ਪ੍ਰਧਾਨ ਤੇ ਲੀਡਰਸ਼ਿਪ ਨੈਤਿਕ ਆਧਾਰ ਗੁਆ ਚੁੱਕੀ ਹੈ, ਜਿਸ ਕਰ ਕੇ ਅਕਾਲ ਤਖ਼ਤ ਸਾਹਿਬ ਨੇ ਅਕਾਲੀ ਦਲ ਦੀ ਨਵੀਂ ਭਰਤੀ ਦੇ ਹੁਕਮ ਜਾਰੀ ਕੀਤੇ ਸਨ, ਤਾਂ ਜੋ ਪੰਥ ਅਤੇ ਪੰਜਾਬ ਨੂੰ ਪੁਰਾਤਨ ਅਕਾਲੀ ਜਥੇਦਾਰਾਂ ਦੀ ਨੁਹਾਰ ਵਾਲੀ ਨਵੀਂ ਲੀਡਰਸ਼ਿਪ ਦਿੱਤੀ ਜਾ ਸਕੇ। ਉਨ੍ਹਾਂ ਕਿਹਾ ਸੁਰਜੀਤ ਸਿੰਘ ਰੱਖੜਾ ਨੇ 1 ਲੱਖ ਤੋਂ ਵਧੇਰੇ ਮੈਂਬਰ ਭਰਤੀ ਕਰਕੇ ਇਸ ਭਰਤੀ ਵਿੱਚ ਇੱਕ ਨਵਾਂ ਜੋਸ਼ ਭਰਿਆ ਹੈ। ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਅਕਾਲੀ ਦਲ ਪੰਜਾਬ ਦੀ ਹੀ ਨਹੀਂ, ਸਗੋਂ ਭਾਰਤ ਦੀ ਸਭ ਤੋਂ ਪੁਰਾਣੀ ਪਾਰਟੀਆਂ ਵਿੱਚੋਂ ਇੱਕ ਹੈ ਪਰ ਅਕਾਲੀ ਦਲ ਦੇ ਪਿਛਲੇ ਡੇਢ ਦਹਾਕੇ ਤੋਂ ਚੱਲੇ ਆ ਰਹੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਸ ਨੂੰ ਖੋਰਾ ਲਾ ਦਿੱਤਾ ਹੈ। ਸਮਾਗਮ ਦਾ ਸੰਚਾਲਨ ਸਤਵਿੰਦਰ ਸਿੰਘ ਟੌਹੜਾ ਵੱਲੋਂ ਕੀਤਾ ਗਿਆ। ਇਸ ਮੌਕੇ ਅਕਾਲੀ ਦਲ ਤੋਂ ਕਪੂਰ ਚੰਦ ਬਾਂਸਲ, ਹਰੀ ਸਿੰਘ ਪ੍ਰੀਤ ਤੇ ਕਸ਼ਮੀਰ ਸਿੰਘ ਮਾਵੀ ਆਦਿ ਹਾਜ਼ਰ ਸਨ।

## ਪਲੇਸਮੈਂਟ ਕੈਂਪ ਅੱਜ

ਪਟਿਆਲਾ, 2 ਜੁਲਾਈ (ਚ.ਨ.ਸ.) : ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ ਮਿਤੀ 3 ਜੁਲਾਈ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਐਲ.ਆਈ.ਸੀ. ਏਜੰਟ ਦੀ ਅਸਾਮੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਐਲ.ਆਈ.ਸੀ. ਆਫ਼ ਇੰਡੀਆ ਵੱਲੋਂ ਐਲ.ਆਈ.ਸੀ. ਏਜੰਟ ਦੀ ਅਸਾਮੀ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਮਹਿਲਾ ਤੇ ਪੁਰਸ਼ ਦੀ ਉਮਰ 18 ਤੋਂ 70 ਸਾਲ ਵਿਚਕਾਰ ਹੋਵੇ ਅਤੇ ਦਸਵੀਂ ਪਾਸ ਹੋਣ ਉਹ ਇਸ ਅਸਾਮੀ ਲਈ ਇੰਟਰਵਿਊ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਨੌਕਰੀ ਦੇ ਚਾਹਵਾਨ ਉਮੀਦਵਾਰ ਇਸ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਦੇ ਸਾਰੇ ਅਸਲ ਸਰਟੀਫਿਕੇਟ ਅਤੇ ਉਨ੍ਹਾਂ ਦੀਆਂ ਫੋਟੋਕਾਪੀਆਂ ਅਤੇ ਰਜ਼ਿਊਮੇ ਨਾਲ ਲੈ ਕੇ ਮਿਤੀ 3 ਜੁਲਾਈ ਦਿਨ ਵੀਰਵਾਰ, ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਬਲਾਕ ਡੀ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਨੇੜੇ ਸੇਵਾ ਕੇਂਦਰ, ਪਟਿਆਲਾ ਵਿਖੇ ਪਹੁੰਚ ਕੇ ਇਸ ਕੈਂਪ ਵਿੱਚ ਹਿੱਸਾ ਲੈ ਸਕਦੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪ ਲਾਈਨ ਨੰਬਰ 98776-10877 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਜੀ.ਐਸ.ਏ. ਇੰਡਸਟਰੀਜ਼ ਇੰਡੀਆ ਪ੍ਰਾਈਵੇਟ ਲਿਮ: ਵਿਖੇ ਲਗਾਇਆ 12ਵਾਂ ਵਿਸ਼ਾਲ ਖ਼ੂਨਦਾਨ ਕੈਂਪ

### ☛ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੇ ਨਾਲ-ਨਾਲ ਸਮਾਜ ਸੇਵਾ ਦੇ ਖੇਤਰ 'ਚ ਵੱਡਾ ਯੋਗਦਾਨ ਪਾ ਰਹੀ ਹੈ ਇੰਡਸਟਰੀਜ਼: ਡਾ. ਮੱਟੂ




ਪਟਿਆਲਾ, 2 ਜੁਲਾਈ (ਰੁਪਾਣਾ) : ਐਮਰਜੈਂਸੀ ਸੇਵਾਵਾਂ ਲਈ ਜੀ.ਐਸ.ਏ ਇੰਡਸਟਰੀਜ਼ ਇੰਡੀਆ ਪ੍ਰਾਈਵੇਟ ਲਿਮਿਟਡ ਦੌਲਤਪੁਰ (ਪਟਿਆਲਾ) ਵਿਖੇ 12ਵਾਂ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਬਲੱਡ ਬੈਂਕ ਰਜਿੰਦਰਾ ਹਸਪਤਾਲ ਪਟਿਆਲਾ ਦੀ ਟੀਮ ਵੱਲੋਂ 210 ਦੇ ਕਰੀਬ ਸਵੈ ਇੱਛਕ ਖ਼ੂਨਦਾਨੀਆਂ ਨੇ ਖ਼ੂਨਦਾਨ ਇਕੱਤਰ ਕੀਤਾ। ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਹਮੇਸ਼ਾ ਲੋਕਾਂ ਦੇ ਹੱਕਾਂ ਦੀ ਲੜਾਈ ਲੜਦੇ ਆ ਰਹੇ ਉੱਘੇ ਸਮਾਜ ਸੇਵੀ ਡਾ. ਜਤਿੰਦਰ ਸਿੰਘ ਮੱਟੂ (ਹਲਕਾ ਸ਼ੁਤਰਾਣਾ) ਨੇ ਸ਼ਿਰਕਤ ਕੀਤੀ। ਉਨ੍ਹਾਂ ਖ਼ੂਨਦਾਨੀਆਂ ਦੀ ਹੌਸਲਾ ਅਫਜ਼ਾਈ ਕਰਦੇ ਹੋਏ ਕਿਹਾ ਕਿ ਜੀ.ਐਸ.ਏ ਇੰਡਸਟਰੀਜ਼ ਇੰਡੀਆ ਪ੍ਰਾਈਵੇਟ ਲਿਮਿਟਡ ਪਟਿਆਲਾ ਜਿੱਥੇ ਪੰਜਾਬ ਦੇ ਹਜ਼ਾਰਾਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਰਹੀ ਹੈ, ਉੱਥੇ ਹੀ ਉਸਨੇ ਸਮਾਜ ਸੇਵਾ ਦੇ ਖੇਤਰ ਵਿੱਚ ਵੀ ਮੱਲਾਂ ਮਾਰੀਆਂ ਹਨ। ਜੀਐਸਏ ਗਰੁੱਪ ਨੇ ਕਰੋਨਾ ਕਾਲ, ਹੜ੍ਹਾਂ ਤੇ ਐਮਰਜੰਸੀ ਸੇਵਾਵਾਂ ਲਈ ਹਮੇਸ਼ਾ ਹੀ ਵੱਧ ਚੜ੍ਹ ਕੇ ਸੂਬੇ ਦੇ ਲੋਕਾਂ ਦੀ ਭਲਾਈ ਲਈ ਕੰਮ ਕੀਤਾ ਹੈ। ਡਾ. ਜਤਿੰਦਰ ਸਿੰਘ ਮੱਟੂ ਨੇ ਸੂਬਾ ਸਰਕਾਰ ਤੋਂ ਮੰਗ ਕੀਤੀ ਕਿ ਜੀ.ਐਸ.ਏ ਇੰਡਸਟਰੀ ਦੇ ਪ੍ਰਬੰਧਕਾਂ ਨੂੰ ਸਮਾਜ ਸੇਵਾ ਦੇ ਖੇਤਰ ਵਿੱਚ ਪਾਏ ਜਾ ਰਹੇ ਵੱਡੇ ਯੋਗਦਾਨ ਲਈ 15 ਅਗਸਤ ਤੇ ਸਟੇਟ ਐਵਾਰਡ ਨਾਲ ਸਨਮਾਨਿਤ ਕਰੇ ਤਾਂ ਜੋ ਸੂਬੇ ਦੀਆਂ ਦੂਜੀਆਂ ਇੰਡਸਟਰੀਆਂ ਵੀ ਇਸੇ ਤਰ੍ਹਾਂ ਸਮਾਜ ਸੇਵਾ ਦੇ ਖੇਤਰ ਵਿੱਚ ਵੱਧ ਚੜ੍ਹ ਕੇ ਸਹਿਯੋਗ ਕਰਨ। ਇੰਡਸਟਰੀ ਦੇ ਐਮ.ਡੀ ਜਤਿੰਦਰਪਾਲ ਸਿੰਘ ਸੈਣੀ ਤੇ ਸਮੂਹ ਟੀਮ ਅਤੇ ਖ਼ੂਨਦਾਨੀਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਐਮਰਜੰਸੀ ਸੇਵਾਵਾਂ ਤੇ ਥੈਲਾਸੀਮੀਆ ਪੀੜਤ ਬੱਚਿਆਂ ਲਈ ਸਮੇਂ-ਸਮੇਂ 'ਤੇ ਲਗਾਏ ਜਾ ਰਹੇ ਹਨ ਖ਼ੂਨ ਦੀ ਘਾਟ ਨੂੰ ਪੂਰਾ ਕਰਨ ਲਈ ਜੀ.ਐਸ.ਏ ਇੰਡਸਟਰੀ ਹਮੇਸ਼ਾ ਤੱਤਪਰ ਰਹਿੰਦੀ ਹੈ। ਉਹਨਾਂ ਕਿਹਾ ਕਿ ਅਸੀਂ ਇਸੇ ਤਰ੍ਹਾਂ ਸਮਾਜ ਸੇਵਾ ਦੇ ਕੰਮ ਕਰਦੇ ਰਹਾਂਗੇ ਤਾਂ ਜੋ ਸੂਬੇ ਦੀ ਤਰੱਕੀ ਅਤੇ ਲੋੜਵੰਦ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕੀਤਾ ਜਾ ਸਕੇ।

## ਲਾਇਨਜ਼ ਕਲੱਬ ਸਮਾਣਾ ਰੋਇਲ ਨੇ ਪੀ.ਐਮ.ਡੀ. ਭਵਨ 'ਚ ਲਗਾਏ ਪੌਦੇ

ਸਮਾਣਾ, 2 ਜੁਲਾਈ (ਵਿਜੇ ਕੁਮਾਰ) : ਲਾਇਨਜ਼ ਕਲੱਬ ਸਮਾਣਾ ਰੋਇਲ ਵੱਲੋਂ ਜੀਵਨ ਗਰਗ ਦੀ ਪ੍ਰਧਾਨਗੀ ਹੇਠ ਨਵੇਂ ਸੈਸ਼ਨ ਮੌਕੇ ਲਗਾਏ ਗਏ ਪ੍ਰੋਜੈਕਟ ਤਹਿਤ ਪੀ.ਐਮ.ਡੀ. ਭਵਨ ਚ ਸਟੇਟ ਬੈਂਕ ਆਫ ਇੰਡੀਆ( ਏ.ਸੀ.ਬੀ ਬ੍ਰਾਂਚ) ਦੇ ਸਹਿਯੋਗ ਨਾਲ ਫਲ਼ਦਾਰ ਤੇ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਪ੍ਰਧਾਨ ਜੀਵਨ ਗਰਗ ਨੇ ਦੱਸਿਆ ਕਿ ਲਾਇਨਜ਼ ਕਲੱਬ ਸਮਾਣਾ ਰੋਇਲ ਵੱਲੋਂ ਸਮੇ-ਸਮੇ 'ਤੇ ਵੱਖ-ਵੱਖ ਤਰ੍ਹਾਂ ਦੇ ਪ੍ਰੋਜੈਕਟ ਲਗਾ ਕੇ ਸਮਾਜ ਦੀ ਸੇਵਾ ਕੀਤੀ ਜਾਂਦੀ ਹੈ । ਉਹਨਾਂ ਨੇ ਕਿਹਾ ਕਿ ਹਰ ਇਨਸਾਨ ਨੂੰ ਮਾਨਵਤਾ ਅਤੇ ਸਮਾਜ ਲਈ ਕੋਈ ਨਾ ਕੋਈ ਭਲਾਈ ਦਾ ਕੰਮ ਜ਼ਰੂਰ ਕਰਨਾ ਚਾਹੀਦਾ ਹੈ । ਇਸ ਮੌਕੇ 'ਤੇ ਕਲੱਬ ਦੇ ਸੈਕਟਰੀ ਲ਼ਲਿਤ ਸਿੰਗਲ਼ਾ, ਕੈਸ਼ੀਅਰ ਮਨੂ ਅਗਰਵਾਲ, ਜਤਿੰਦਰ ਧੀਮਾਨ, ਪ੍ਰੋਜੈਕਟ ਚੇਅਰਮੈਨ ਰਾਜੇਸ਼ ਬਾਸਲ, ਸਿਕੰਦਵੀਰ ਜਿੰਦਲ, ਰੋਹਿਤ ਗਰਗ, ਸੰਜੇ ਧਨੇਠਾ, ਅਜੇ ਮਿੱਤਲ ਹੈਪੀ, ਰੋਹਿਤ ਗਰਗ, ਅਸ਼ਵਨੀ ਗਰਗ. ਮੋਹਿਤ ਗੋਇਲ, ਕੇਵਲ ਗਰਗ ਤੋਂ ਇਲਾਵਾ ਸਟੇਟ ਬੈਂਕ ਦੇ ਚੀਫ ਮੈਨੇਜਰ ਰੋਹਿਤ ਚੋਧਰੀ ਅਤੇ ਪੀ.ਐਮ ਡੀ ਭਵਨ ਦੀ ਪੂਰੀ ਟੀਮ ਵੀ ਮੌਜੂਦ ਸੀ।



## ਭਾਸ਼ਾ ਵਿਭਾਗ ਨੇ ਆਪਣੇ-ਆਪ ਨੂੰ ਪੜ੍ਹਨੇ ਲਗਾਇਆ

### ਹਰ ਮਹੀਨੇ ਹਰੇਕ ਮੁਲਾਜ਼ਮ ਨੇ ਪੜ੍ਹਨੀ ਸ਼ੁਰੂ ਕੀਤੀ ਘੱਟੋ-ਘੱਟ ਇੱਕ ਕਿਤਾਬ

ਪਟਿਆਲਾ, 2 ਜੁਲਾਈ (ਰੁਪਾਣਾ/ ਦੀਪਕ ਜੈਦਕਾ): ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀਆਂ ਨੂੰ ਪੁਸਤਕ ਸੱਭਿਆਚਾਰ ਨਾਲ ਜੋੜਨ ਲਈ ਆਪਣੇ ਤੋਂ ਹੀ ਉੱਦਮ ਸ਼ੁਰੂ ਕੀਤਾ ਹੈ, ਜਿਸ ਤਹਿਤ ਵਿਭਾਗ ਦੇ ਡਾਇਰੈਕਟਰ ਤੋਂ ਲੈ ਕੇ ਸੇਵਾਦਾਰ ਤੱਕ ਨੂੰ ਇੱਕ ਮਹੀਨੇ 'ਚ ਘੱਟੋ-ਘੱਟ ਇੱਕ ਪੁਸਤਕ ਪੜ੍ਹਨੀ ਲਾਜ਼ਮੀ ਕੀਤੀ ਗਈ ਹੈ। ਅੱਜ ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਨੇ ਇਸ ਕਾਰਜ ਦੇ ਸ਼ੁਰੂਆਤੀ ਮਹੀਨੇ ਜੂਨ 'ਚ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਪੜ੍ਹੀਆਂ ਗਈਆਂ ਕਿਤਾਬਾਂ ਦੀ ਭਾਸ਼ਾ, ਸ਼ੈਲੀ, ਵਿਸ਼ਾ-ਵਸਤੂ ਤੇ ਹੋਰਨਾਂ ਪੱਖਾਂ ਬਾਰੇ ਜਾਣਕਾਰੀ ਹਾਸਿਲ ਕੀਤੀ ਜਿਸ ਨੂੰ ਮੁਲਾਜ਼ਮਾਂ ਨੇ ਭਰਵਾਂ ਹੁੰਗਾਰਾ ਦਿੱਤਾ। ਜ਼ਿਆਦਾਤਰ ਮੁਲਾਜ਼ਮਾਂ ਨੇ ਜੂਨ ਮਹੀਨੇ 'ਚ ਕੋਈ ਨਾ ਕੋਈ ਕਿਤਾਬ ਪੜ੍ਹਨ ਬਾਰੇ ਸਾਂਝ ਪਾਈ ਅਤੇ ਜਿਨ੍ਹਾਂ ਮੁਲਾਜ਼ਮਾਂ ਨੇ ਇਸ ਮਹੀਨੇ ਕੋਈ ਕਿਤਾਬ ਨਹੀਂ ਪੜ੍ਹੀ ਉਨ੍ਹਾਂ ਨੇ ਅਹਿਦ ਕੀਤਾ ਕਿ ਉਹ ਅਗਲੇ ਮਹੀਨੇ ਘੱਟ-ਘੱਟ ਦੋ ਕਿਤਾਬਾਂ ਪੜ੍ਹਨਗੇ। ਸ. ਜਸਵੰਤ ਸਿੰਘ ਜ਼ਫ਼ਰ ਨੇ ਸਮਾਗਮ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਕਿਤਾਬਾਂ ਪੜ੍ਹਨ ਵਾਲੇ ਮਾਪਿਆਂ ਨੂੰ ਕਦੇ ਵੀ ਆਪਣੇ ਬੱਚਿਆਂ ਨੂੰ ਪੜ੍ਹਨ ਲਈ ਨਹੀਂ ਕਹਿਣਾ ਪੈਂਦਾ ਸਗੋਂ ਉਨ੍ਹਾਂ ਦੇ ਬੱਚੇ ਆਪਣੇ ਮਾਪਿਆਂ ਨੂੰ ਹੀ ਆਦਰਸ਼ ਮੰਨਦੇ ਹੋਏ ਪੜ੍ਹਨ 'ਚ ਪੂਰਾ ਧਿਆਨ ਲਗਾਉਂਦੇ ਹਨ ਅਤੇ ਉੱਚੀਆਂ ਪਦਵੀਆਂ ਤੱਕ ਪਹੁੰਚਦੇ ਹਨ। ਉਨ੍ਹਾਂ ਕਿਹਾ ਕਿ ਅਜੋਕੇ ਭੱਜ-ਦੌੜ ਵਾਲੇ ਦੌਰ 'ਚ ਕਿਤਾਬਾਂ ਹੀ ਇੱਕੋ-ਇੱਕ ਅਜਿਹਾ ਸਾਧਨ ਹੈ ਜੋ ਮਨੁੱਖ ਦੀ ਜ਼ਿੰਦਗੀ 'ਚ ਠਹਿਰਾਅ, ਸਕੂਨ ਤੇ ਸਹਿਜ ਲਿਆ ਸਕਦੀਆਂ ਹਨ। ਸ. ਜ਼ਫ਼ਰ ਨੇ ਕਿਹਾ ਕਿ ਦਾਰਸ਼ਨਿਕ ਲੋਕਾਂ ਦੀ ਨਜ਼ਰ 'ਚ ਗਿਆਨਵਾਨ ਵਿਅਕਤੀ ਹੀ ਦੁਨੀਆ ਦੇ ਸਭ ਤੋਂ ਧਨੀ ਲੋਕ ਹੁੰਦੇ ਹਨ। ਇਸ ਕਰਕੇ ਪੁਸਤਕ ਅਜਿਹਾ ਸਾਧਨ ਹਨ, ਜੋ ਹਰ ਦੁਨੀਆ 'ਤੇ ਸ਼੍ਰੇਣੀ ਵੰਡ ਨੂੰ ਸਮਾਪਤ ਕਰ ਸਕਦੀਆਂ ਹਨ। ਧਨ ਦੌਲਤ ਵੰਡਣ ਨਾਲ ਕਦੇ ਵੀ ਦੁਨੀਆ 'ਚ ਵੱਖ-ਵੱਖ ਅਧਾਰ 'ਤੇ ਹੋਈ ਸਮਾਜਿਕ ਵੰਡ ਸਮਾਪਤ ਨਹੀਂ ਹੋ ਸਕਦੀ ਪਰ ਪੁਸਤਕਾਂ ਰਾਹੀਂ ਹਾਸਿਲ ਕੀਤਾ ਗਿਆਨ ਦੁਨੀਆ 'ਚ ਸਭ ਤਰ੍ਹਾਂ ਦੀ ਵੰਡਾਂ ਨੂੰ ਖਤਮ ਕਰ ਸਕਦਾ ਹੈ। ਸ. ਜ਼ਫ਼ਰ ਨੇ ਦੱਸਿਆ ਕਿ ਹਰ ਮਹੀਨੇ ਵਿਭਾਗ ਦੇ ਕਰਮਚਾਰੀ ਇਸੇ ਤਰ੍ਹਾਂ ਆਪਣੇ ਦੁਆਰਾ ਪੜ੍ਹੀਆਂ ਕਿਤਾਬਾਂ ਬਾਰੇ ਜਾਣਕਾਰੀ ਸਾਂਝੀ ਕਰਨਗੇ। ਇਸ ਮੌਕੇ ਭਾਸ਼ਾ ਵਿਭਾਗ ਦੇ ਮੁੱਖ ਦਫ਼ਤਰ 'ਚ ਤੈਨਾਤ ਅਧਿਕਾਰੀਆਂ 'ਤੇ ਕਰਮਚਾਰੀਆਂ ਨੇ ਆਪਣੇ ਦੁਆਰਾ ਪੜ੍ਹੀਆਂ ਪੁਸਤਕਾਂ ਬਾਰੇ ਦਿਲਚਸਪ ਗੱਲਾਂ ਸਾਂਝੀਆਂ ਕੀਤੀਆਂ। ਵਿਭਾਗ ਦੇ ਬਹੁਤ ਸਾਰੇ ਕਰਮਚਾਰੀਆਂ ਨੇ ਵਿਭਾਗ ਦੇ ਇਸ ਉੱਦਮ ਦੀ ਸ਼ਲਾਘਾ ਕੀਤੀ। ਇਸ ਮੌਕੇ ਡਿਪਟੀ ਡਾਇਰੈਕਟਰ ਚੰਦਨਦੀਪ ਕੌਰ ਤੇ ਸਤਨਾਮ ਸਿੰਘ, ਸਹਾਇਕ ਡਾਇਰੈਕਟਰ ਅਮਰਿੰਦਰ ਸਿੰਘ, ਆਲੋਕ ਚਾਵਲਾ, ਸੁਖਪ੍ਰੀਤ ਕੌਰ, ਤੇਜਿੰਦਰ ਸਿੰਘ ਗਿੱਲ, ਜਸਪ੍ਰੀਤ ਕੌਰ ਤੇ ਸੁਰਿੰਦਰ ਕੌਰ ਸਮੇਤ ਵੱਡੀ ਸਾਰੇ ਦੇ ਸਾਰੇ ਕਰਮਚਾਰੀ ਹਾਜ਼ਰ ਸਨ, ਜਿੰਨ੍ਹਾਂ ਨੇ ਆਪਣੇ ਦੁਆਰਾ ਪੜ੍ਹੀਆਂ ਕਿਤਾਬਾਂ ਬਾਰੇ ਜਾਣਕਾਰੀ ਦਿੱਤੀ। ਮੰਚ ਸੰਚਾਲਨ ਡਾ. ਮਨਜਿੰਦਰ ਸਿੰਘ ਨੇ ਕੀਤਾ।



## ਸ਼ਿਵ ਸ਼ੰਕਰ ਯੂਥ ਸੇਵਾ ਦਲ ਨੇ ਹਨੂੰਮਾਨ ਚਾਲੀਸਾ ਦਾ ਪਾਠ ਕਰਵਾਇਆ

ਸਮਾਣਾ, 2 ਜੁਲਾਈ (ਵਿਜੇ ਕੁਮਾਰ) : ਸ਼ਿਵ ਸ਼ੰਕਰ ਯੂਥ ਸੇਵਾ ਦਲ ਵੱਲੋਂ ਮੰਦਿਰ ਰਾਮ ਲੀਲਾ ਵਿੱਖੇ ਹਨੂੰਮਾਨ ਚਾਲੀਸਾ ਦਾ ਪਾਠ ਕਰਵਾਇਆ ਗਿਆ। ਹਨੂੰਮਾਨ ਚਾਲੀਸਾ ਦਾ ਪਾਠ ਅਤੇ ਰਾਮ ਜੀ ਦਾ ਗੁਣਗਾਨ ਸਨਾਤਨ ਧਰਮ ਅਤੇ ਰਾਮ ਭਗਤ ਪ੍ਰਚਾਰ ਮੰਡਲ ਵੱਲੋਂ ਕੀਤਾ ਗਿਆ। ਇਸ ਤੋਂ ਪਹਿਲਾਂ ਮੁਕੁਲ ਲੂਥਰਾ ਵੱਲੋਂ ਹਨੂੰਮਾਨ ਜੀ ਦਾ ਪੂਜਨ ਕਰਵਾਇਆ ਗਿਆ। ਇਸ ਮੌਕੇ 'ਤੇ ਸਮਾਜ ਸੇਵੀ ਜੀਵਨ ਗਰਗ, ਸੰਜੇ ਮੰਤਰੀ, ਵਿਨੋਦ ਸਿੰਗਲਾ, ਰਵੀ ਗਰਗ ਟੀਮਾਂ, ਦੇਵਕੀ ਨੰਦਨ ਸਿੰਗਲਾ, ਰਾਮੇਸ਼ ਅਨੇਜਾ ਅਤੇ ਸ਼ਿਵ ਸ਼ੰਕਰ ਯੂਥ ਸੇਵਾ ਦਲ ਦੇ ਪ੍ਰਧਾਨ ਰਮਨ ਮਹਿੰਦਰਾ, ਕਮਲ ਸ਼ਰਮਾ, ਸਨੀ ਪੋਪਲੀ, ਮਨੋਜ ਰਹੇਜਾ, ਰੋਕੀ ਗਰਗ, ਰਾਕੇਸ਼ ਧੀਮਾਨ, ਅਮਨ ਵਰਮਾ, ਅਮਿਤ ਧੀਮਾਨ, ਸਾਹਿਲ ਭਟਨਾਗਰ ਰਾਕੇਸ਼ ਕੁਮਾਰ, ਬਲਵਿੰਦਰ ਕੁਮਾਰ, ਕਰਨ ਬਜਾਜ, ਰਾਜਨ ਸੱਚਦੇਵਾ, ਸਾਗਰ ਆਰੀਆ, ਉਮਾ ਸ਼ੰਕਰ, ਸੰਜੀਵ ਕਾਲੜਾ, ਨੀਟਾ ਸ਼ਰਮਾ ਪ੍ਰਦੀਪ ਸ਼ਰਮਾ, ਮਨਜੀਤ ਸਿੰਘ, ਬਲਜੀਤ ਸਿੰਘ, ਮੇਹਰ ਗਰੋਵਰ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸੰਗਤ ਮੌਜੂਦ ਸੀ।



## ਲਾਇਨਜ਼ ਇੰਟਰਨੈਸ਼ਨਲ ਨੇ ਹਰਮੇਸ਼ ਸਿੰਗਲਾ ਦੀ ਸਰਪ੍ਰਸਤੀ ਹੇਠ ਡਾਕਟਰ ਦਿਵਸ ਮਨਾਇਆ

ਪਟਿਆਲਾ, 2 ਜੁਲਾਈ (ਚ.ਨ.ਸ.) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਲਾਇਨਜ਼ ਇੰਟਰਨੈਸ਼ਨਲ ਦੇ ਜ਼ਿਲ੍ਹਾ 321ਐਫ ਖੇਤਰ 11 ਦੇ ਲਾਇਨਜ਼ ਕਲੱਬ ਪਟਿਆਲਾ ਨਿਊ ਸੈਂਟਰਲ ਨੇ ਪ੍ਰਧਾਨ ਲਾਈਨ ਹਰਮੇਸ਼ ਸਿੰਗਲਾ ਅਤੇ ਸੈਕਟਰੀ ਲਾਈਨ ਕੇ ਕੇ ਬਾਂਸਲ ਦੀ ਅਗਵਾਈ ਹੇਠ ਸ਼ਹਿਰ ਦੇ ਮਸ਼ਹੂਰ ਹੋਟਲ ਨਰਾਇਣ ਕਾਂਟੀਨੈਂਟਲ ਵਿੱਚ ਡਾਕਟਰ ਦਿਵਸ ਮਨਾਇਆ। ਇਸ ਮੌਕੇ ਐਮਓਸੀ ਲਾਈਨ ਐਸ.ਪੀ. ਕਾਂਸਲ ਅਤੇ ਲਾਇਨ ਸੰਦੀਪ ਧਵਨ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਲਾਈਨਜ਼ ਇੰਟਰਨੈਸ਼ਨਲ ਦੇ ਜ਼ਿਲ੍ਹਾ 321 ਐਫ ਦੇ ਪਹਿਲੇ ਵਾਈਸ ਡਿਸਟ੍ਰਿਕਟ ਗਵਰਨਰ ਪੀਐਮਜੇਐਫ ਲਾਈਨ ਅਜੇ ਗੋਇਲ ਮੁੱਖ ਮਹਿਮਾਨ, ਸਿਵਲ ਸਰਜਨ ਪਟਿਆਲਾ ਡਾ: ਜਗਇੰਦਰਪਾਲ ਸਿੰਘ ਅਤੇ ਰੀਜਨ ਚੇਅਰਪਰਸਨ ਲਾਈਨ ਲਵ ਮਿੱਤਲ ਵਿਸ਼ੇਸ਼ ਮਹਿਮਾਨ ਸਨ। ਪ੍ਰੋਗਰਾਮ ਦੀ ਸ਼ੁਰੂਆਤ ਜਯੋਤੀ ਪ੍ਰਚੰਡ ਕਰਨ ਦੀ ਪਰੰਪਰਾ ਨਾਲ ਹੋਈ। ਇਸ ਤੋਂ ਬਾਅਦ ਲਾਇਨਜ਼ ਕਲੱਬ ਦੀ ਪ੍ਰਾਰਥਨਾ ਅਤੇ ਭਾਰਤੀ ਰਾਸ਼ਟਰੀ ਗੀਤ ਗਾਇਆ ਗਿਆ। ਪ੍ਰੋਜੈਕਟ ਇੰਚਾਰਜ ਡਾ. ਮਨੂ ਸ਼ਰਮਾ ਨੇ ਕਿਹਾ ਕਿ ਇਸ ਪ੍ਰੋਗਰਾਮ ਵਿੱਚ ਸ਼ਹਿਰ ਦੇ ਪ੍ਰਸਿੱਧ ਡਾਕਟਰਾਂ ਜਿਨ੍ਹਾਂ ਵਿੱਚ ਡਾ: ਜਗਪਾਲਇੰਦਰ ਸਿੰਘ ਸਿਵਲ ਸਰਜਨ ਪਟਿਆਲਾ ਸਮੇਤ ਡਾ: ਵਿਕਾਸ ਗੋਇਲ ਐਸ.ਐਮ.ਓ ਮਾਤਾ ਕੌਸ਼ੱਲਿਆ ਹਸਪਤਾਲ ਪਟਿਆਲਾ, ਡਾ: ਵਿਵੇਕ ਸਿੰਗਲਾ ਕਾਰਡੀਓਲਾਜੀ ਅਮਰ ਹਸਪਤਾਲ, ਡਾ: ਮਿਨਾਕਸ਼ੀ ਸਿੰਗਲਾ, ਡਾ: ਰਚਨਾ ਕੌਰ ਸਹਾਇਕ ਸਿਵਲ ਸਰਜਨ, ਡਾ: ਅਸ਼ਰਫ਼ਦੀਨ ਸਿੰਘ ਚਾਹਲ ਐਸ.ਐਮ.ਓ ਮਾਤਾ ਕੁਸ਼ੱਲਿਆ ਹਸਪਤਾਲ, ਐਮ.ਜੇ.ਐਫ. ਲਾਇਨ ਡਾ. ਆਰ.ਐਮ.ਐਸ. ਬਾਜਵਾ, ਡਾ. ਸੰਜੇ ਸਿੰਗਲਾ ਅਤੇ ਲਾਇਨ ਡਾ. ਮਨੂ ਸ਼ਰਮਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਆਈ.ਪੀ.ਪੀ ਲਾਇਨ ਸੰਜੀਵ ਵਰਮਾ ਤੋਂ ਇਲਾਵਾ ਸੁਰੇਸ਼ ਕੁਮਾਰ ਗਰਗ, ਐਸ.ਕੇ.ਗੋਇਲ, ਨਰਿੰਦਰ ਸਿੰਘ, ਧਰੇਂਦਰ ਮਿੱਤਲ, ਧਰਮਪਾਲ ਗਰਗ, ਗਗਨ ਗੋਇਲ, ਬੀਰ ਚੰਦ ਖੁਰਮੀ, ਨਿਤਿਨ ਸਿੰਗਲਾ, ਹਰਮਿੰਦਰ ਸਿੰਘ, ਜ਼ੈਡਸੀ ਅਨਿਲ ਮਹਿਤਾ, ਵਾਈਪੀ ਸੂਦ, ਆਰ.ਐਸ.ਬੇਦੀ, ਐਸ.ਕੇ.ਕੋਛੜ, ਸੁਭਾਸ਼ ਗੁਪਤਾ, ਸੀਡੀ ਗਰਗ, ਪਵਨ ਗੁਪਤਾ, ਕੇ.ਵੀ. ਪੁਰੀ, ਪਾਵਨ ਗੋਇਲ ਤੋਂ ਇਲਾਵਾ ਹੋਰ ਬਹੁਤ ਸਾਰੇ ਲਾਈਨ ਮੈਂਬਰ ਮੌਜੂਦ ਰਹੇ।




## ਰੋਟਰੀ ਕਲੱਬ ਸਮਾਣਾ ਦੀ ਟੀਮ ਵੱਲੋਂ ਨਵੇਂ ਕਾਰਜ ਕਾਲ ਦੀ ਸ਼ੁਰੂਆਤ

ਸਮਾਣਾ, 2 ਜੁਲਾਈ (ਵਿਜੇ ਕੁਮਾਰ/ਜਵੰਦਾ) : ਰੋਟਰੀ ਕਲੱਬ ਸਮਾਣਾ ਦੇ ਪ੍ਰਧਾਨ ਅਰੁਣ ਬਾਂਸਲ, ਸੈਕਟਰੀ ਸੁਮਿਤ ਗੋਇਲ ਅਤੇ ਕੈਸ਼ੀਅਰ ਗੌਰਵ ਜਿੰਦਲ ਵੱਲੋਂ ਇਕ ਸਾਲ ਦੇ ਕਾਰਜਕਾਲ ਦੀ ਸ਼ੁਰੂਆਤ ਕਰਦਿਆਂ ਕਲੱਬ ਦੀ ਪ੍ਰਥਾ ਅਨੁਸਾਰ ਸਥਾਨਕ ਡਾ: ਹਰੀ ਚੰਦ ਪਿੰਗਲਾ ਆਸ਼ਰਮ 'ਚ ਰਹਿ ਰਹੇ ਮੰਦਬੁੱਧੀ ਬੱਚਿਆਂ ਅਤੇ ਬਜ਼ੁਰਗਾਂ ਨੂੰ ਨਾਸਤਾ ਕਰਵਾ ਕੇ ਸ਼ੁਰੂ ਕੀਤਾ। ਇਹ ਸਾਰਾ ਇੰਤਜ਼ਾਮ ਕਲੱਬ ਦੇ ਪੀ. ਡੀ.ਜੀ. ਡਾ. ਕੇ. ਕੇ ਜੋਹਰੀ ਦੇ ਪਰਿਵਾਰ ਵੱਲੋਂ ਡਾ. ਸੁਰਿੰਦਰਾ ਜੋਹਰੀ ਦੇ ਜਨਮ ਦਿਨ 'ਤੇ ਕੀਤਾ ਗਿਆ। ਪਿੰਗਲਾ ਆਸ਼ਰਮ ਕਮੇਟੀ ਦੇ ਚੇਅਰਮੈਨ ਡਾ: ਸੁਰਿੰਦਰਾ ਜੋਹਰੀ ਡਾ. ਕੇ.ਕੇ ਜੋਹਰੀ ਅਤੇ ਡਾ: ਸ਼ਾਮ ਲਾਲ ਨੇ ਰੋਟਰੀ ਕਲੱਬ ਦੀ ਨਵੀਂ ਟੀਮ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਇਸ ਤੋਂ ਬਾਅਦ ਸਾਰੇ ਕਲੱਬ ਮੈਂਬਰਾਂ ਨੇ ਅਗਰਵਾਲ ਗਊਸ਼ਾਲਾ 'ਚ ਜਾ ਕੇ ਅਗਰਵਾਲ ਗਊ ਸਾਲਾ 'ਚ ਰਹਿ ਰਹੀਆਂ ਗਊਆਂ ਨੂੰ ਹਰਾ ਚਾਰਾ, ਸੱਕਰ, ਸੈਦਾਂ ਨਮਕ ਖਵਾ ਕੇ ਗਊ ਮਾਤਾ ਦੀ ਸੇਵਾ ਕਰਕੇ ਆਸ਼ੀਰਵਾਦ ਲਿਆ। ਸੱਕਰ ਦੀ ਸੇਵਾ ਰੋਟੇਰੀਅਨ ਮੰਕੁਸ ਅਗਰਵਾਲ ਵੱਲੋਂ ਦਿੱਤੀ ਗਈ ਅਤੇ ਸੈਦਾ ਨਮਕ ਦੀ ਸੇਵਾ ਕਲੱਬ ਸੈਕਟਰੀ ਸਮਿਤ ਗੋਇਲ ਵੱਲੋਂ ਕੀਤੀ ਗਈ। ਅਗਰਵਾਲ ਗਊਸ਼ਾਲਾ ਪ੍ਰਧਾਨ ਅਤੇ ਜ਼ਿਲ੍ਹਾ ਗਵਰਨਰ ਸੀ. ਏ.ਅਮਿਤ ਸਿੰਗਲਾ ਨੇ ਰੋਟਰੀ ਕਲੱਬ ਦੇ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਗਊਸ਼ਾਲਾ ਆਉਣ 'ਤੇ ਧੰਨਵਾਦ ਕੀਤਾ। ਇਸ ਮੌਕੇ ਰੋਟੇਰੀਅਨ ਪ੍ਰੋਫੈਸਰ ਡਾ. ਬਿਕਰਮ ਗੁਪਤਾ ਨੇ ਕਿਹਾ ਕਿ ਕਲੱਬ ਦੇ ਨਵੇਂ ਪ੍ਰਧਾਨ ਅਰੁਣ ਬਾਂਸਲ ਅਤੇ ਉਹਨਾਂ ਦੀ ਟੀਮ ਵੱਲੋਂ ਹਰੇਕ ਸਮਾਜ ਸੇਵਾ ਦੇ ਕਾਰਜਾਂ ਨੂੰ ਪਹਿਲ ਦਿੱਤੀ ਜਾਵੇਗੀ। ਉਹਨਾਂ ਡਾ. ਹਰੀ ਚੰਦ ਪਿੰਗਲਾ ਆਸ਼ਰਮ ਦੇ ਮੈਂਬਰਾਂ ਅਤੇ ਅਗਰਵਾਲ ਗਊਸ਼ਾਲਾ ਦੇ ਮੈਂਬਰਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਕਲੱਬ ਦੇ ਸਾਬਕਾ ਪ੍ਰਧਾਨ ਜੀ.ਸੀ ਗੋਇਲ, ਕ੍ਰਿਸ਼ਨ ਬਾਂਸਲ, ਅਮਿਤ ਕਾਂਸਲ, ਡਾ: ਮਨੀਸ਼ ਗੁਪਤਾ, ਕ੍ਰਿਸ਼ਨ ਜਿੰਦਲ, ਅਮਿਤ ਕਾਂਸਲ, ਅਮਿਤ ਗਰਗ ਗੁਰਦਾਸ, ਅਮਿਤ ਲੁਥਰਾ, ਰਜਿੰਦਰ ਗੁਪਤਾ, ਸਤੀਸ਼ ਸਿੰਗਲਾ, ਸੁਮਿਤ ਸਿੰਗਲਾ, ਸੰਜੀਵ ਅਗਰਵਾਲ, ਜਿੰਮੀ ਗਰਗ, ਅਜੇ ਮਿੱਤਲ ਹੈਪੀ, ਕਮਲ ਗੁਪਤਾ, ਨਰੇਸ਼ ਮਿੱਤਲ, ਅਸ਼ੀਸ਼ ਬਾਂਸਲ, ਪ੍ਰਦਮਨ ਅਗਰਵਾਲ, ਰਾਜੀਵ ਸਿੰਗਲਾ (ਮੋਨੂ), ਜਗਦੀਸ਼ ਬਾਂਸਲ, ਸੁਨੀਲ ਗਰਗ, ਯਸ਼ ਗਰਗ (ਬੀਬੀਪੁਰ), ਤਰਸੇਮ ਗੋਇਲ, ਈ ਆਰ ਤਰਸੇਮ ਗੋਇਲ ਆਦਿ ਵੀ ਮੌਜੂਦ ਸਨ।





## ਪਟਿਆਲਾ-ਆਸ/ਪਾਸ



# ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਨੇ ਕਰਵਾਇਆ 'ਮੋਢੀ-ਮੁਖੀ ਦਿਵਸ' ਅਤੇ ਸਨਮਾਨ ਸਮਾਗਮ

☛ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਵਾਂਗ ਸ਼ਖ਼ਸੀਅਤ ਦਾ ਬਹੁਮੁਖੀ ਹੋਣਾ ਬਹੁਤ ਜ਼ਰੂਰੀ: ਡਾ. ਜਗਦੀਪ ਸਿੰਘ

☛ਉੱਘੇ ਵਾਰਤਕ ਲੇਖਕ ਪ੍ਰੋ. ਨਰਿੰਦਰ ਸਿੰਘ ਕਪੂਰ ਨੂੰ ਪ੍ਰਦਾਨ ਕੀਤਾ ਪਹਿਲਾ 'ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਮੋਢੀ ਮੁਖੀ ਸਨਮਾਨ'



ਪਟਿਆਲਾ, 2 ਜੁਲਾਈ (ਚ.ਨ.ਸ.) : 'ਸ਼ਖ਼ਸੀਅਤ ਦਾ ਬਹੁਮੁਖੀ ਹੋਣਾ ਬਹੁਤ ਜ਼ਰੂਰੀ ਹੈ। ਗਿਆਨ ਦੇ ਸਿਰਫ਼ ਇੱਕ ਖੇਤਰ ਤੱਕ ਸੀਮਿਤ ਰਹਿਣ ਨਾਲ ਸ਼ਖ਼ਸੀਅਤ ਦਾ ਸਰਬਪੱਖੀ ਵਿਕਾਸ ਨਹੀਂ ਹੁੰਦਾ।' ਇਹ ਵਿਚਾਰ ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ ਪਹਿਲੇ ਮੁਖੀ ਵਿਭਾਗ ਮੁਖੀ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਨਮਿਤ ਕਰਵਾਏ 'ਮੋਢੀਮੁਖੀ ਦਿਵਸ' ਅਤੇ ਸਨਮਾਨ ਸਮਾਗਮ ਮੌਕੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਪ੍ਰਗਟਾਏ। ਡਾ. ਪ੍ਰੇਮ ਪ੍ਰਕਾਸ਼ ਸਿੰਘ ਦੀ ਸ਼ਖ਼ਸੀਅਤ ਦੇ ਹਵਾਲੇ ਨਾਲ ਇਹ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਬਹੁਤ ਸਾਰੀਆਂ ਭਾਸ਼ਾਵਾਂ ਦੇ ਗਿਆਤਾ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸ਼ਖ਼ਸੀਅਤ ਦੇ ਇਸ ਗੁਣ ਦਾ ਲਾਭ ਪੰਜਾਬੀ ਭਾਸ਼ਾ ਨੂੰ ਹੋਇਆ। ਉਨ੍ਹਾਂ ਪੰਜਾਬੀ ਵਿਭਾਗ ਦੇ ਇਸ 'ਮੋਢੀ ਮੁਖੀ ਸਮਾਗਮ' ਨਾਮਕ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਵਿਭਾਗ ਨੇ ਯੂਨੀਵਰਸਿਟੀ ਵਿੱਚ ਇਕ ਨਵੀਂ ਅਤੇ ਚੰਗੀ ਪਰੰਪਰਾ ਦਾ ਆਰੰਭ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਅਕਾਦਮਿਕ ਪੁਰਖਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਨਾਲ਼ੋ-ਨਾਲ਼ ਆਪੋ ਆਪਣੇ ਅਕਾਦਮਿਕ ਖੇਤਰਾਂ ਵਿੱਚ ਪਾਏਦਾਰ ਕੰਮ ਕਰ ਕੇ ਉਨ੍ਹਾਂ ਵੱਲੋਂ ਲਏ ਸੁਪਨਿਆਂ ਨੂੰ ਸਾਕਾਰ ਕਰਨ ਵਿੱਚ ਵੀ ਯੋਗਦਾਨ ਪਾਉਣਾ ਚਾਹੀਦਾ ਹੈ। ਵਿਭਾਗ ਮੁਖੀ ਡਾ. ਰਾਜਵੰਤ ਕੌਰ ਪੰਜਾਬੀ ਨੇ ਇਸ ਸਮਾਗਮ ਦੀ ਲੋੜ, ਮਹੱਤਵ ਅਤੇ ਇਸ ਦੇ ਵਿਉਂਤੇ ਜਾਣ ਨਾਲ ਜੁੜੇ ਵੱਖ-ਵੱਖ ਪਹਿਲੂਆਂ ਬਾਰੇ ਗੱਲ ਕਰਦਿਆਂ ਦੱਸਿਆ ਕਿ ਵਿਭਾਗ ਵੱਲੋਂ ਪਹਿਲਾ 'ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਮੋਢੀ ਮੁਖੀ ਸਨਮਾਨ' ਉੱਘੇ ਵਾਰਤਕ ਲੇਖਕ ਅਤੇ ਮੁਖੀ ਰਹੇ ਪ੍ਰੋ. ਨਰਿੰਦਰ ਸਿੰਘ ਕਪੂਰ ਨੂੰ ਦਿੱਤੇ ਜਾਣ ਬਾਰੇ ਫ਼ੈਸਲਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਪਰਿਵਾਰ ਦੇ ਸਹਿਯੋਗ ਨਾਲ ਇਹ ਸਨਮਾਨ ਦਿੱਤਾ ਜਾ ਰਿਹਾ ਹੈ। ਪ੍ਰੋ. ਨਰਿੰਦਰ ਸਿੰਘ ਕਪੂਰ ਨੇ ਸਨਮਾਨ ਪ੍ਰਾਪਤੀ ਉਪਰੰਤ ਆਪਣੇ ਭਾਵ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਹਮੇਸ਼ਾ ਇਸ ਗੱਲ ਉੱਤੇ ਮਾਣ ਰਿਹਾ ਹੈ ਕਿ ਉਹ ਪੰਜਾਬੀ ਯੂਨੀਵਰਸਿਟੀ ਨਾਲ ਜੁੜੇ ਰਹੇ ਹਨ। ਉਨ੍ਹਾਂ ਕਿਹਾ ਕਿ ਸਾਡੇ ਸਭ ਦੇ ਵਿਕਾਸ ਵਿੱਚ ਪੰਜਾਬੀ ਯੂਨੀਵਰਸਿਟੀ ਦਾ ਵੱਡਾ ਯੋਗਦਾਨ ਹੈ। ਉਨ੍ਹਾਂ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਜੇ ਉਹ ਪੰਜਾਬੀ ਯੂਨੀਵਰਸਿਟੀ ਨਾਲ ਨਾ ਜੁੜੇ ਹੁੰਦੇ ਤਾਂ ਉਨ੍ਹਾਂ ਲਈ ਏਨੀ ਤਰੱਕੀ ਕਰਨਾ ਸੰਭਵ ਨਹੀਂ ਹੋਣਾ ਸੀ। ਉਨ੍ਹਾਂ ਪੰਜਾਬੀ ਯੂਨੀਵਰਸਿਟੀ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਿਆ ਕਿ ਜਦੋਂ ਪੰਜਾਬੀ ਯੂਨੀਵਰਸਿਟੀ ਦੇ ਸਥਾਪਨਾ ਦਾ ਐਲਾਨ ਹੋਇਆ ਸੀ ਅਤੇ ਉਸ ਸਮੇਂ ਦੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਪਟਿਆਲੇ ਆਏ ਸਨ ਤਾਂ ਉਸ ਸਮੇਂ ਹੋਏ ਸਮਾਗਮ ਵਿੱਚ ਉਹ ਖ਼ੁਦ ਮੌਜੂਦ ਸਨ। ਉਨ੍ਹਾਂ ਡਾ. ਪ੍ਰੇਮ ਪ੍ਰਕਾਸ਼ ਨਾਲ਼ ਜੁੜੀਆਂ ਆਪਣੀਆਂ ਯਾਦਾਂ ਦੇ ਹਵਾਲੇ ਨਾਲ਼ ਕਿਹਾ ਕਿ ਉਹ ਬਹੁਤ ਹੀ ਵਿਦਵਾਨ ਅਤੇ ਸਿਰੜੀ ਸ਼ਖ਼ਸੀਅਤ ਸਨ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਡੀਨ ਭਾਸ਼ਾਵਾਂ ਡਾ. ਭੁਪਿੰਦਰ ਸਿੰਘ ਖਹਿਰਾ ਨੇ ਮੁੱਖ ਮਹਿਮਾਨ ਵਜੋਂ ਬੋਲਦਿਆਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਵੱਲੋਂ ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਪਾਏ ਯੋਗਦਾਨ ਬਾਰੇ ਗੱਲ ਕੀਤੀ। ਉਨ੍ਹਾਂ ਡਾ. ਪ੍ਰੇਮ ਪ੍ਰਕਾਸ਼ ਸਿੰਘ ਮੈਮੋਰੀਅਲ ਲੈਕਚਰ ਸ਼ੁਰੂ ਕਰਨ ਦਾ ਵੀ ਸੁਝਾਅ ਦਿੱਤਾ। ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਤੇ ਡੀਨ ਅਕਾਦਮਿਕ ਮਾਮਲੇ ਡਾ. ਜਸਵਿੰਦਰ ਸਿੰਘ ਨੇ ਮੁੱਖ ਬੁਲਾਰੇ ਵਜੋਂ ਆਪਣੇ ਭਾਸ਼ਣ ਵਿੱਚ ਡਾ. ਧਾਲੀਵਾਲ ਦੀ ਸ਼ਖ਼ਸੀਅਤ ਅਤੇ ਪੰਜਾਬੀ ਭਾਸ਼ਾ ਪ੍ਰਤੀ ਉਨ੍ਹਾਂ ਦੀ ਦੇਣ ਸਬੰਧੀ ਵੱਖ-ਵੱਖ ਨੁਕਤੇ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਪਾਇਆ ਯੋਗਦਾਨ ਬਹੁਤ ਵੱਡਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਡਾ. ਧਾਲੀਵਾਲ ਤੋਂ ਸਿਰਫ਼ ਗਿਆਨ ਹੀ ਪ੍ਰਾਪਤ ਨਹੀਂ ਕੀਤਾ ਬਲਕਿ ਭਾਸ਼ਾ ਨੂੰ ਪੜ੍ਹਨ ਦੀ ਵਿਧੀ ਵੀ ਸਿੱਖੀ। ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੀ ਸਪੁੱਤਰੀ ਪ੍ਰੋ. ਮਾਨਵਤਾ ਘੁੰਮਣ ਵੱਲੋਂ ਇਸ ਮੌਕੇ ਭਾਵੁਕਤਾ ਸਹਿਤ ਆਪਣੇ ਪਿਤਾ ਜੀ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਉਨ੍ਹਾਂ ਦੀ ਨਿੱਜੀ ਜ਼ਿੰਦਗੀ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣਾ ਪਾਇਆ। ਵਿਭਾਗ ਦੇ ਸਾਬਕਾ ਮੁਖੀ ਡਾ. ਸਤੀਸ਼ ਕੁਮਾਰ ਵਰਮਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਦਿਆਂ ਦੱਸਿਆ ਕਿ ਉਨ੍ਹਾਂ ਵਿਦਿਆਰਥੀ ਜੀਵਨ ਦੌਰਾਨ ਪ੍ਰੇਮ ਪ੍ਰਕਾਸ਼ ਧਾਲੀਵਾਲ ਦੇ ਜੀਵਨ ਤੋਂ ਸਿੱਖਿਆ ਕਿ ਬਹੁ-ਭਾਸ਼ਾਈ ਗਿਆਨ ਹੋਣਾ ਕਿਸ ਤਰ੍ਹਾਂ ਅਧਿਆਪਕ ਦੇ ਸਰਬਪੱਖੀ ਵਿਕਾਸ ਲਈ ਜ਼ਰੂਰੀ ਹੁੰਦਾ ਹੈ। ਸਮਾਗਮ ਦੌਰਾਨ ਡਾ. ਰਾਜਿੰਦਰ ਪਾਲ ਸਿੰਘ ਬਰਾੜ ਅਤੇ ਡਾ. ਸੁਰਜੀਤ ਸਿੰਘ ਵੱਲੋਂ ਵੀ ਡਾ. ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ ਦੇ ਜੀਵਨ ਅਤੇ ਸਾਹਿਤਕ ਯੋਗਦਾਨ ਦੇ ਵਿਭਿੰਨ ਪਹਿਲੂਆਂ ਬਾਰੇ ਰੋਸ਼ਨੀ ਪਾਈ ਗਈ। ਡਾ. ਨਰਿੰਦਰ ਸਿੰਘ ਕਪੂਰ ਦਾ ਸਨਮਾਨ ਪੱਤਰ ਡਾ. ਗੁਰਮੁਖ ਸਿੰਘ ਵੱਲੋਂ ਪੜ੍ਹਿਆ ਗਿਆ। ਮੰਚ ਸੰਚਾਲਨ ਦਾ ਕਾਰਜ ਡਾ. ਗੁਰਸੇਵਕ ਲੰਬੀ ਨੇ ਕੀਤਾ। ਧੰਨਵਾਦੀ ਸ਼ਬਦ ਡਾ. ਰਾਜਵਿੰਦਰ ਸਿੰਘ ਨੇ ਬੋਲੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਦਰਸ਼ਨ ਸਿੰਘ ਆਸ਼ਟ, ਡਾ. ਉਜਾਗਰ ਸਿੰਘ, ਡਾ. ਜੋਤੀ ਪੁਰੀ, ਡਾ. ਨੀਤੂ ਕੌਸ਼ਲ, ਡਾ. ਰਜਨੀ, ਡਾ. ਵਰਿੰਦਰ ਕੁਮਾਰ, ਰੰਗਕਰਮੀ ਪ੍ਰਾਣ ਸਭਰਵਾਲ, ਡਾ. ਅਸ਼ੋਕ ਖੁਰਾਣਾ, ਡਾ. ਐੱਸ.ਪੀ. ਸਿੰਘ, ਡਾ. ਤ੍ਰਿਲੋਚਨ ਕੁਮਾਰ, ਸ. ਨਾਹਰ ਸਿੰਘ, ਅਮਰਜੀਤ ਕਸਕ, ਡਾ. ਚਰਨਜੀਤ ਕੌਰ, ਡਾ. ਜਸਵੀਰ ਸਿੰਘ, ਡਾ. ਪਰਮਜੀਤ ਕੌਰ ਆਦਿ ਹਾਜ਼ਰ ਰਹੇ।

# ਨੌਜਵਾਨ ਨਾਲ ਕੁੱਟਮਾਰ ਕਰਨ ਦੇ ਦੋਸ਼ 'ਚ ਪਿਓ ਅਤੇ ਦੋ ਪੁੱਤਰਾਂ ਸਮੇਤ 17 ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ

ਸਮਾਣਾ, 2 ਜੁਲਾਈ (ਵਿਜੇ ਕੁਮਾਰ) : ਟਰੈਕਟਰ ਲੰਘਾਉਣ ਨੂੰ ਲੈ ਕੇ ਟਰੈਕਟਰ-ਟਰਾਲੀ ਵਿੱਚ ਸਾਮਾਨ ਲੱਦ ਰਹੇ ਇੱਕ ਨੌਜਵਾਨ ਨਾਲ ਕੁੱਟਮਾਰ ਕਰਨ ਅਤੇ ਧਮਕਾਉਣ ਦੇ ਦੋਸ਼ ਵਿੱਚ ਸਦਰ ਪੁਲਿਸ ਨੇ ਪਿੰਡ ਟੋਡਰਪੁਰ ਦੇ ਇੱਕ ਪਿਓ ਅਤੇ ਉਸਦੇ ਦੋ ਪੁੱਤਰਾਂ ਸਮੇਤ 17 ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਵਿੱਚ ਨਛੱਤਰ ਸਿੰਘ, ਉਸਦੇ ਦੋ ਪੁੱਤਰ ਹਰਦੀਪ ਸਿੰਘ ਤੇ ਗੁਰਵਿੰਦਰ ਸਿੰਘ, ਸਿਮਰਨਜੀਤ ਸਿੰਘ, ਸਤਨਾਮ ਸਿੰਘ, ਜਗਬੀਰ ਸਿੰਘ, ਮੱਖਣ ਸਿੰਘ, ਗੁਰਧਿਆਨ ਸਿੰਘ, ਜੁਗਰਾਜ ਸਿੰਘ (ਸਾਰੇ ਵਾਸੀ ਪਿੰਡ ਟੋਡਰਪੁਰ) ਅਤੇ 8 ਅਣਪਛਾਤੇ ਵਿਅਕਤੀ ਸ਼ਾਮਲ ਹਨ। ਮਾਮਲੇ ਦੇ ਜਾਂਚ ਅਧਿਕਾਰੀ, ਸਦਰ ਪੁਲਿਸ ਦੇ ਏ.ਐਸ.ਆਈ. ਨਿਰਮਲ ਸਿੰਘ ਵਿਰਕ ਨੇ ਦੱਸਿਆ ਕਿ ਹਰਮਨਪ੍ਰੀਤ ਸਿੰਘ ਪੁੱਤਰ ਸੁਖਚੈਨ ਸਿੰਘ ਵਾਸੀ ਪਿੰਡ ਟੋਡਰਪੁਰ ਨੇ ਪੁਲਿਸ ਨੂੰ ਦਰਜ ਕਰਵਾਈ ਸ਼ਿਕਾਇਤ ਵਿੱਚ ਦੱਸਿਆ ਕਿ 27 ਜੂਨ ਨੂੰ ਉਹ ਪਿੰਡ ਜਮਾਲਪੁਰ ਸਥਿਤ ਆਪਣੀ ਭੂਆ ਦੇ ਘਰ ਦੇ ਬਾਹਰ ਟਰੈਕਟਰ-ਟਰਾਲੀ ਵਿੱਚ ਸਾਮਾਨ ਲੱਦ ਰਿਹਾ ਸੀ ਕਿ ਇੱਕ ਟਰੈਕਟਰ ਚਾਲਕ ਨੇ ਆਪਣਾ ਟਰੈਕਟਰ ਲੰਘਾਉਣ ਦੀ ਜ਼ਿੱਦ ਕੀਤੀ। ਉਸਨੇ ਫ਼ੋਨ ਕਰਕੇ ਮੁਲਜ਼ਮਾਂ ਨੂੰ ਬੁਲਾ ਲਿਆ ਅਤੇ ਉਸਨੂੰ ਕੁੱਟਮਾਰ ਕਰਕੇ ਜ਼ਖਮੀ ਕਰ ਦਿੱਤਾ। ਉਸਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਕੇ ਉਹ ਫਰਾਰ ਹੋ ਗਏ। ਜ਼ਖਮੀ ਹਾਲਤ ਵਿੱਚ ਉਸਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਅਧਿਕਾਰੀ ਅਨੁਸਾਰ, ਸ਼ਿਕਾਇਤਕਰਤਾ ਦਾ ਬਿਆਨ ਦਰਜ ਕਰਕੇ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਡਾ. ਬਾਸੁਲ ਜੈਨ ਨੂੰ ਡੀ.ਐਮ. ਨਿਊਰੋਲੋਜੀ 'ਚ ਮਿਲੀ ਸੀਟ



ਸਮਾਣਾ, 2 ਜੁਲਾਈ (ਵਿਜੇ ਕੁਮਾਰ) : ਸਮਾਣਾ ਸ਼ਹਿਰ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਸ਼ਹਿਰ ਦੇ ਡਾ. ਨਰਿੰਦਰ ਜੈਨ ਦੇ ਪੁੱਤਰ ਡਾਕਟਰ ਬਾਸੁਲ ਜੈਨ ਐਮ.ਡੀ ਨੂੰ ਸੀ.ਐਮ.ਸੀ ਹਸਪਤਾਲ ਲੁਧਿਆਣਾ 'ਚ ਡੀ.ਐਮ. ਨਿਊਰੋਲੋਜੀ 'ਚ ਸੀਟ ਮਿਲ ਗਈ ਹੈ। ਜਿੱਥੋਂ ਉਹ ਇਹ ਡਿਗਰੀ ਹਾਸਲ ਕਰਨਗੇ। ਡਾਕਟਰ ਬਾਸੁਲ ਜੈਨ ਦਾ ਕਹਿਣਾ ਹੈ ਕਿ ਇਸ ਨਾਲ ਉਹ ਇਸ ਵਿਭਾਗ 'ਚ ਹੋਰ ਜ਼ਿਆਦਾ ਬਰੀਕੀ ਨਾਲ ਇਲਾਜ ਕਰਨ ਦੀ ਜਾਣਕਾਰੀ ਹਾਸਲ ਕਰਨਗੇ। ਉਹਨਾਂ ਨੇ ਐਮ.ਡੀ. ਮੈਡੀਸਨ ਵਿੱਚ ਕੀਤੀ ਹੈ।

## ਲਾਇਨਜ਼ ਕਲੱਬ ਸਮਾਣਾ ਰੋਜ਼ ਦੀ ਨਵੀਂ ਟੀਮ ਦਾ ਗਠਨ

### ਅੰਸ਼ੁਲ ਢੀਂਗੜਾ ਪ੍ਰਧਾਨ, ਵਿਕਾਸ ਸਿੰਗਲਾ ਸੈਕਟਰੀ, ਵਿਨੋਦ ਗਰਗ ਕੈਸ਼ੀਅਰ ਤੇ ਸੰਜੀਵ ਗੋਇਲ ਪੀ.ਆਰ.ਓ. ਬਣੇ



ਸਮਾਣਾ, 2 ਜੁਲਾਈ (ਜਵੰਦਾ/ਵਿਜੇ ਕੁਮਾਰ) : ਲਾਇਨਜ਼ ਕਲੱਬ ਸਮਾਣਾ ਰੋਜ਼ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਅਤੇ ਜਿਸ ਵਿੱਚ ਸਰਬਸੰਮਤੀ ਨਾਲ ਸਾਲ 2025-26 ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ। ਇਸ ਦੌਰਾਨ ਅੰਸ਼ੁਲ ਢੀਂਗੜਾ ਨੂੰ ਪ੍ਰਧਾਨ, ਵਿਕਾਸ ਸਿੰਗਲਾ ਨੂੰ ਸੈਕਟਰੀ, ਵਿਨੋਦ ਗਰਗ ਨੂੰ ਕੈਸ਼ੀਅਰ ਅਤੇ ਸੰਜੀਵ ਗੋਇਲ ਨੂੰ ਪੀ.ਆਰ.ਓ. ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਅੰਸ਼ੁਲ ਢੀਂਗੜਾ ਅਤੇ ਅਹੁਦੇਦਾਰਾਂ ਨੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ,ਲਗਨ ਅਤੇ ਮਿਹਨਤ ਨਾਲ ਨਿਭਾਉਣਗੇ ਅਤੇ ਕਲੱਬ ਦੀ ਸ਼ਾਨ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਕਾਰਜਕਾਲ 'ਚ ਆਪਣੀ ਟੀਮ ਅਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਬਹੁਤ ਸਾਰੇ ਸਮਾਜ ਸੇਵਾ ਦੇ ਪ੍ਰੋਜੈਕਟ ਲਗਾਉਣਗੇ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਤਰਫੋਂ ਨਵ-ਨਿਯੁਕਤ ਟੀਮ ਨੂੰ ਸ਼ੁੱਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਵੀ ਨਵੀਂ ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।

# ਜਥੇਦਾਰ ਹਰਿਆਊ ਨੂੰ ਸਾਥੀਆਂ ਸਮੇਤ ਪੁਲਿਸ ਨੇ ਘਰ 'ਚ ਕੀਤਾ ਨਜ਼ਰਬੰਦ



ਪਾਤੜਾਂ,2 ਜੁਲਾਈ (ਹਰਮਿੰਦਰ ਕਰਤਾਰਪੁਰ): ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੀ ਮੁਹਾਲੀ ਕੋਰਟ ਵਿੱਚ ਪੇਸ਼ੀ ਸਮੇਂ ਅਕਾਲੀ ਦਲ ਵੱਲੋਂ ਰੱਖੇ ਗਏ ਰੋਸ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਹੀ ਸੀਨੀਅਰ ਅਕਾਲੀ ਆਗੂ ਅਤੇ ਵਿਧਾਨ ਸਭਾ ਹਲਕਾ ਸਮਾਣਾ ਦੇ ਇੰਚਾਰਜ ਜਗਮੀਤ ਸਿੰਘ ਹਰਿਆਊ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਪੁਲਿਸ ਵੱਲੋਂ ਘਰਾਂ 'ਚ ਨਜ਼ਰਬੰਦ ਕਰ ਦਿੱਤਾ ਗਿਆ। ਇਸ ਸਬੰਧੀ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਸੀਨੀਅਰ ਅਕਾਲੀ ਆਗੂ ਅਤੇ ਵਿਧਾਨ ਸਭਾ ਹਲਕਾ ਸਮਾਣਾ ਦੇ ਇੰਚਾਰਜ ਜਗਮੀਤ ਸਿੰਘ ਹਰਿਆਊ ਨੇ ਦੱਸਿਆ ਕਿ ਹਲਕਾ ਸ਼ੁਤਰਾਣਾ ਦੀ ਸਮੁੱਚੀ ਅਕਾਲੀ ਲੀਡਰਸ਼ਿਪ ਨੂੰ ਮੁਹਾਲੀ ਰੋਸ ਪ੍ਰਦਰਸ਼ਨ ਵਿੱਚ ਜਾਣ ਤੋਂ ਰੋਕਣਾ ਲੋਕਤੰਤਰ ਦੀ ਹੱਤਿਆ ਦੇ ਬਰਾਬਰ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਅਜੈਬ ਸਿੰਘ ਮੱਲੀ, ਜਥੇਦਾਰ ਦਵਿੰਦਰ ਸਿੰਘ ਗੋਗੀ, ਜਥੇਦਾਰ ਜੋਗਿੰਦਰ ਸਿੰਘ ,ਵਿਜੈ ਗਰਗ,ਪਿਆਰਾ ਸਿੰਘ,ਯੂਥ ਆਗੂ ਤੇਜਵੀਰ ਸਿੰਘ ਖਾਂਗ ਸਮੇਤ ਸੈਂਕੜੇ ਅਕਾਲੀ ਆਗੂਆਂ ਅਤੇ ਵਰਕਰਾਂ ਨੂੰ ਪੁਲਸ ਵਲੋਂ ਤੜਕਸਾਰ ਛਾਪਾਮਾਰੀ ਕਰਕੇ ਘਰਾਂ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ ਤਾਂ ਜੋ ਉਹ ਮੁਹਾਲੀ ਨਾ ਪਹੁੰਚ ਸਕਣ। ਜਥੇਦਾਰ ਹਰਿਆਊ ਨੇ ਕਿਹਾ ਕਿ ਅਕਾਲੀ ਆਗੂ ਅਤੇ ਵਰਕਰ ਕਿਸੇ ਵੀ ਸਰਕਾਰੀ ਧੱਕੇ ਸ਼ਾਹੀ ਅਤੇ ਦਬਾਅ ਤੋਂ ਡਰਨ ਵਾਲੇ ਨਹੀਂ,ਹਰ ਸਰਕਾਰੀ ਧੱਕੇ ਦਾ ਜਵਾਬ ਹਰ ਹਾਲਤ ਵਿੱਚ ਦਿੱਤਾ ਜਾਵੇਗਾ।ਉਨ੍ਹਾਂ ਇਹ ਵੀ ਕਿਹਾ ਕਿ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਫੂਕ ਨਿਕਲ ਚੁੱਕੀ ਹੈ ਤੇ ਹੁਣ ਲੋਕਾਂ ਦਾ ਧਿਆਨ ਪੰਜਾਬ ਦੇ ਮੁੱਦਿਆਂ ਤੋਂ ਹਟਾਉਣ ਲਈ ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਉੱਪਰ ਆਮਦਨ ਤੋਂ ਵੱਧ ਦਾ ਝੂਠਾ ਮੁਕੱਦਮਾ ਦਰਜ ਕੀਤਾ ਗਿਆ ਹੈ।

## ਪਿੰਡ ਮੱਲੇਵਾਲ ਵਿਖੇ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਦਾ ਪੰਚਾਇਤ ਵੱਲੋਂ ਸਨਮਾਨ

ਨਾਭਾ, 2 ਜੁਲਾਈ (ਬਲਜਿੰਦਰ ਮਾਨ) : ਨਵੀਂ ਪੀੜ੍ਹੀ ਸੀਨੀਅਰ ਆਗੂਆਂ ਦੇ ਮਾਰਗਦਰਸ਼ਨ,ਅਤੇ ਆਸ਼ੀਰਵਾਦ ਸਦਕੇ ਹੀ ਅੱਗੇ ਵਧ ਸਕਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਾਬਕਾ ਐਸ.ਸੀ. ਕਮਿਸ਼ਨ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਨੇ ਪਿੰਡ ਮੱਲੇਵਾਲ ਵਿੱਚ ਸਰਪੰਚ ਗੁਰਬਚਨ ਸਿੰਘ ਬਿੱਲੂ ਮੱਲੇਵਾਲ ਅਤੇ ਸਮੁੱਚੀ ਪੰਚਾਇਤ ਵੱਲੋਂ ਪਿੰਡ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਕਰਨ ਤੋਂ ਬਾਅਦ ਕੀਤਾ। ਇਸ ਮੌਕੇ ਮੋਹੀ ਨੇ ਕਿਹਾ ਕਿ ਉਹ ਗੁਰਬਚਨ ਸਿੰਘ ਬਿੱਲੂ ਮੱਲੇਵਾਲ ਦੇ ਪਰਿਵਾਰ ਨੂੰ ਮਿਲ ਕੇ ਬਹੁਤ ਖੁਸ਼ੀ ਹੋਈ ।ਉਨ੍ਹਾਂ ਦਾ ਮੱਲੇਵਾਲ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਬਹੁਤ ਪੁਰਾਣਾ ਅਤੇ ਪਿਆਰ ਭਰਿਆ ਰਿਸ਼ਤਾ ਰਿਹਾ ਹੈ, ਖਾਸ ਕਰਕੇ ਮੇਰੇ ਪਿਤਾ ਡਾ. ਸਤਵੰਤ ਸਿੰਘ ਮੋਹੀ, ਜੋ ਕਿ ਸਾਬਕਾ ਵਿਧਾਇਕ ਸਨ, ਨਾਲ। ਮੋਹੀ ਨੇ ਕਿਹਾ ਕਿ ਇਸ ਮੌਕੇ ਜਿੱਥੇ ਪਰਿਵਾਰ ਨਾਲ ਪਰਿਵਾਰਕ ਗੱਲਬਾਤ ਹੋਈ, ਉੱਥੇ ਨਾਭਾ ਦੀ ਰਾਜਨੀਤੀ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕਰਨ ਤੋਂ ਬਾਅਦ ਉਹ ਬਹੁਤ ਖੁਸ਼ੀ ਮਿਲੀ । ਇਸ ਮੌਕੇ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਨੂੰ ਮੱਲੇਵਾਲ ਪਰਿਵਾਰ ਅਤੇ ਉੱਥੇ ਮੌਜੂਦ ਪੂਰੀ ਪੰਚਾਇਤ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਰਪੰਚ ਗੁਰਬਚਨ ਸਿੰਘ ਬਿੱਲੂ ਨੇ ਕਿਹਾ ਕਿ ਚੇਅਰਮੈਨ ਚੰਦਰੇਸ਼ਵਰ ਸਿੰਘ ਮੋਹੀ ਦੇ ਪਰਿਵਾਰ ਨਾਲ ਸਾਡੇ ਪੁਰਾਣੇ ਸਬੰਧ ਹਨ ਅਤੇ ਅੱਜ ਸਾਨੂੰ ਬਹੁਤ ਖੁਸ਼ੀ ਹੈ ਕਿ ਪੜ੍ਹੇ-ਲਿਖੇ ਨੌਜਵਾਨ ਰਾਜਨੀਤੀ ਵਿੱਚ ਬਹੁਤ ਉਤਸ਼ਾਹ ਨਾਲ ਅੱਗੇ ਆ ਰਹੇ ਹਨ, ਜਿਸ ਨਾਲ ਪੰਜਾਬ ਅਤੇ ਦੇਸ਼ ਦੀ ਹੋਰ ਤਰੱਕੀ ਹੋਵੇਗੀ। ਇਸ ਮੌਕੇ ਗੁਰਬਚਨ ਸਿੰਘ ਮੱਲੇਵਾਲ ਸਰਪੰਚ, ਹਰਜੀਤ ਸਿੰਘ ਨੰਬਰਦਾਰ, ਗੁਰਪ੍ਰੀਤ ਸਿੰਘ, ਨਾਜ਼ਰ ਸਿੰਘ, ਦਰਸ਼ਨ ਸਿੰਘ, ਪਰਮਜੀਤ ਸਿੰਘ ਪੰਮਾ, ਕਰਨੈਲ ਸਿੰਘ ਪੰਚ, ਈਸ਼ਵਰ ਕੁਮਾਰ ਪੰਚ, ਗੁਰਵਿੰਦਰ ਸਿੰਘ ਪੰਚ, ਧਰਮਿੰਦਰ ਸਿੰਘ ਯੂਥ ਕਲੱਬ ਪ੍ਰਧਾਨ, ਹਰਦੀਪ ਸਿੰਘ ਆਦਿ ਹਾਜ਼ਰ ਸਨ।

# ਟਰੱਕ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਦੀ ਮੌਤ



ਸਮਾਣਾ, 2 ਜੁਲਾਈ (ਸੁਭਾਸ਼ ਚੰਦਰ/ਪੱਤਰ ਪ੍ਰੇਰਕ) : ਮੰਗਲਵਾਰ ਦੇਰ ਸ਼ਾਮ ਪਾਤੜਾਂ-ਮੂਨਕ ਸੜਕ 'ਤੇ ਪਿੰਡ ਹਮਝੜੀ ਨੇੜੇ ਇੱਕ ਟਰੱਕ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਦੋ ਨੌਜਵਾਨ ਦੋਸਤਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਗੁਰਮੀਤ ਸਿੰਘ (32) ਪੁੱਤਰ ਕਰਨੈਲ ਸਿੰਘ ਅਤੇ ਸੁਖਵਿੰਦਰ ਸਿੰਘ (22) ਪੁੱਤਰ ਭੋਲਾ ਸਿੰਘ, ਦੋਵੇਂ ਵਾਸੀ ਪਿੰਡ ਬੰਗਾ ਵਜੋਂ ਹੋਈ ਹੈ। ਮ੍ਰਿਤਕਾਂ ਦੀਆਂ ਲਾਸ਼ਾਂ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦੀਆਂ ਗਈਆਂ।ਮਾਮਲੇ ਦੇ ਜਾਂਚ ਅਧਿਕਾਰੀ ਸਦਰ ਪੁਲਸ ਪਾਤੜਾਂ ਦੇ ਏ.ਐਸ.ਆਈ ਚਰਨਜੀਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਗੁਰਮੀਤ ਸਿੰਘ ਦੇ ਪਿਤਾ ਕਰਨੈਲ ਸਿੰਘ ਵਾਸੀ ਪਿੰਡ ਬੰਗਾ ਵੱਲੋਂ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਮੰਗਲਵਾਰ ਦੇਰ ਸ਼ਾਮ ਪਾਤੜਾਂ ਵਿੱਚ ਆਪਣਾ ਕੰਮ ਨਿਪਟਾ ਕੇ ਦੋਵੇਂ ਦੋਸਤ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਪਿੰਡ ਵਾਪਸ ਆ ਰਹੇ ਸਨ ਕਿ ਪਿੰਡ ਹਮਝੜੀ ਨੇੜੇ ਸਾਹਮਣੇ ਤੋਂ ਆ ਰਹੇ ਇੱਕ ਤੇਜ਼ ਰਫ਼ਤਾਰ ਟਰੱਕ ਦੇ ਚਾਲਕ ਨੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ। ਜਿਸ ਨਾਲ ਦੋਵੇਂ ਨੌਜਵਾਨ ਮੋਟਰਸਾਈਕਲ ਸਮੇਤ ਸੜਕ 'ਤੇ ਡਿੱਗ ਕੇ ਗੰਭੀਰ ਜ਼ਖਮੀ ਹੋ ਗਏ। ਇਲਾਜ ਲਈ ਹਸਪਤਾਲ ਲਿਜਾਣ 'ਤੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਦੁਰਘਟਨਾ ਉਪਰੰਤ ਚਾਲਕ ਟਰੱਕ ਸਮੇਤ ਫ਼ਰਾਰ ਹੋ ਗਿਆ।ਅਧਿਕਾਰੀ ਅਨੁਸਾਰ ਪੁਲਸ ਨੇ ਟਰੱਕ ਦੀ ਪਛਾਣ ਕਰਕੇ ਉਸ ਦੇ ਅਣਪਛਾਤੇ ਚਾਲਕ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ ਜਦਕਿ ਪੋਸਟਮਾਰਟਮ ਉਪਰੰਤ ਮ੍ਰਿਤਕਾਂ ਦੀਆਂ ਲਾਸ਼ਾਂ ਪਰਿਵਾਰਕ ਮੈਂਬਰਾਂ ਦੇ ਹਵਾਲੇ ਕਰ ਦਿੱਤੀਆਂ ਗਈਆਂ। ਦੋਵੇਂ ਨੌਜਵਾਨ ਆਪਣੇ ਪਰਿਵਾਰਾਂ ਵਿੱਚ ਇਕਲੌਤੇ ਪੁੱਤਰ ਸਨ। ਸੁਖਵਿੰਦਰ ਸਿੰਘ ਅਣਵਿਆਹਿਆ ਸੀ, ਜਦਕਿ ਗੁਰਮੀਤ ਸਿੰਘ ਆਪਣੇ ਪਿੱਛੇ ਪਤਨੀ ਤੇ ਇੱਕ ਬੱਚਾ ਛੱਡ ਗਿਆ।

## ਜੱਗੀ ਸਰਪੰਚ ਦੇ ਦੋਗਾਣਾ ਗੀਤ ਰਿਲੀਜ਼



ਭਾਦਸੋਂ, 2 ਜੁਲਾਈ (ਭਰਪੂਰ ਸਿੰਘ ਮੱਟਰਾਂ) : ਪੱਤਰਕਾਰ ਨਾਲ਼ ਜੱਗੀ ਸਰਪੰਚ ਦੇ ਦੋਗਾਨਾਂ ਗੀਤ ਰਿਲੀਜ਼ ਦੇ ਸੰਬੰਧ ਵਿੱਚ ਵਿਸ਼ਲੇਸਣ ਕਰਦਿਆਂ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਦੋਗਾਣੇ ਨੂੰ ਧਿਆਨ ਨਾਲ ਵਾਚੀਏ। ਆਵਾਜ਼ ਪੱਖੋਂ ਭਾਵੇਂ ਇਹ ਗੀਤ ਜ਼ਿਆਦਾ ਸੁਪਰ ਨਹੀਂ ਪਰ ਜੇਕਰ ਇਸ ਗੀਤ ਦੇ ਗੀਤਕਾਰ ਉੱਘੇ ਲੇਖਕ ਭੰਗੂ ਫਲੇਡਾ ਦੀ ਗੱਲ ਕਰੀਏ ਤਾਂ ਇਹ ਕਹਿਣਾ ਬਣਦਾ ਹੈ ਕਿ ਭੰਗੂ ਕਲਮ ਦਾ ਮਾਹਿਰ ਅਤੇ ਸਿੰਗਾਰ ਹੈ। ਇਸ ਗੀਤ ਰਾਹੀਂ ਉਸ ਨੇ ਇਕ ਜੁਝਾਰੂ, ਅਣਥਕ ਮਿਹਨਤੀ ਤੇ ਦਲੇਰ ਇਨਸਾਨ (ਜੱਗੀ ਸਰਪੰਚ) ਦੇ ਜੀਵਨ ਨੂੰ ਬਾਖੂਬੀ ਗੀਤ ਦੇ ਮਣਕਿਆਂ ਵਿਚ ਪਰੋ ਕੇ ਪੇਸ਼ ਕੀਤਾ ਹੈ। ਪੂਰੇ ਗੀਤ ਵਿੱਚ ਜੱਗੀ ਸਰਪੰਚ ਦੇ ਆਪਣੇ ਮਾਪਿਆਂ ਤੇ ਪਿੰਡ ਦੇ ਲੋਕਾਂ ਦੀ ਗੱਲ ਕਰਦਿਆਂ ਕਿਹਾ ਕਿਪੁੱਛ ਲਈਂ ਚਾਸਵਾਲ ਤੋਂ ਗੱਲਾਂ ਅੱਜ ਵੀ ਹੁੰਦੀਆਂ ਨੇ ਰਹੀ ਆਪਣੇ ਪਿੰਡ ਦੇ ਲੋਕਾਂ ਦਾ ਮਾਨ-ਸਨਮਾਨ ਬਰਕਰਾਰ ਰੱਖਿਆ। ਮਿਊਜ਼ਿਕ ਦੇ ਪੱਖ ਤੋਂ ਇਸ ਗੀਤ ਵਿੱਚ ਨਾਭੇ ਵਾਲ਼ੇ ਸੀਪੇ ਵੀਏ ਨੇ ਅੱਤ ਕਰ ਾਈ ਹੈ। ਇਸ ਮੌਕੇ 'ਤੇ ਉਹਨਾਂ ਨਾਲ ਹਾਰਵੇਲ ਸਿੰਘ, ਗਗਨਪ੍ਰੀਤ ਸਿੰਘ, ਅਨੀਫ਼ ਖਾਂ ਅਤੇ ਗੁਰਦਾਸ ਸ਼ਰਮਾ ਵੀ ਮੌਜੂਦ ਸਨ।

## ਜਾਨੋਂ ਮਾਰਨ ਦੀਆਂ ਧਮਕੀਆਂ ਦੇਣ 'ਤੇ ਮਾਮਲਾ ਦਰਜ

ਪਟਿਆਲਾ, 2 ਜੁਲਾਈ (ਗੁਰਜੀਤ ਛੋਟ) : ਥਾਣਾ ਜੁਲਕਾ ਪੁਲਿਸ ਕੋਲ ਵਕੀਲ ਸਿੰਘ ਪੁੱਤਰ ਨਰ ਸਿੰਘ ਵਾਸੀ ਪਿੰਡ ਦੁਧਨ ਗੁਜਰਾ ਨੇ ਕਥਿਤ ਦੋਸ਼ੀਆਂ ਤਰਸੇਮ ਸਿੰਘ ਵਾਸੀ ਪਿੰਡ ਖਤੋਲੀ ਥਾਣਾ ਜੁਲਕਾ, ਇੱਕ ਅਣਪਛਾਤਾ ਵਿਅਕਤੀ ਅਤੇ ਅਣਪਛਾਤੀ ਜੇ.ਸੀ.ਬੀ ਮਸ਼ੀਨ ਡਰਾਈਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਕਥਿਤ ਦੋਸ਼ੀਆਂ ਧਿਰ ਨਾਲ ਸਾਂਝੀ ਖੇਵਟ ਹੈ। ਉਸ ਨੂੰ ਪਤਾ ਲੱਗਿਆ ਕਿ ਕਥਿਤ ਦੋਸ਼ੀ ਖੇਤਾਂ ਵਿੱਚੋਂ ਮਿੱਟੀ ਪੁਟ ਕੇ ਆਪਣੇ ਨਾਲ ਲਗਦੇ ਖੇਤਾਂ ਵਿੱਚ ਪਾ ਰਹੇ ਹਨ, ਜਦੋਂ ਉਹ ਮੌਕੇ 'ਤੇ ਪਰ ਗਿਆ ਤਾਂ ਕਥਿਤ ਦੋਸ਼ੀਆਂ ਨੇ ਉਸ ਨਾਲ ਗਾਲੀ ਗਲੋਚ ਕੀਤਾ ਅਤੇ ਜਾਨੋਂ ਮਾਰਨ ਦੀਆ ਧਮਕੀਆ ਵੀ ਦਿੱਤੀਆਂ। ਪੁਲਿਸ ਨੇ ਧਾਰਾ 329(2), 351(3),62,3(5) ਬੀ.ਐਨ.ਐਸ. ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਘੱਗਰ ਦਰਿਆ 'ਚ ਪਾਣੀ ਦਾ ਪੱਧਰ ਵਧਣ ਕਾਰਨ ਕਿਸਾਨਾਂ 'ਚ ਸਹਿਮ ਦਾ ਮਾਹੌਲ

## ਸਰਕਾਰ ਤੋਂ ਪੁਖਤਾ ਪ੍ਰਬੰਧ ਦੀ ਕੀਤੀ ਮੰਗ



ਬਾਦਸ਼ਾਹਪੁਰ, 2 ਜੁਲਾਈ (ਰਿਸ਼ੀਪਾਲ ਗੁਪਤਾ) : ਹਿਮਾਚਲ 'ਚ ਪੈ ਰਹੇ ਭਾਰੀ ਮੀਂਹ ਕਾਰਨ ਸੂਬੇ ਵਿਚ ਦਰਿਆਵਾਂ 'ਚ ਪਾਣੀ ਦਾ ਪੱਧਰ ਹੌਲੀ-ਹੌਲੀ ਵੱਧ ਰਿਹਾ ਹੈ। ਇਸ ਦੇ ਮੱਦੇਨਜ਼ਰ ਜ਼ਿਲ੍ਹਾ ਪਟਿਆਲਾ ਤੇ ਸੰਗਰੂਰ ਵਾਸੀਆਂ ਲਈ ਖ਼ਤਰੇ ਦੀ ਘੰਟੀ ਹੈ। ਪਿਛਲੇ ਦਿਨਾਂ ਤੋਂ ਪਹਾੜਾਂ ਦੇ ਵਿੱਚ ਹੋਰ ਹੀ ਬਰਸਾਤ ਦੇ ਚਲਦਿਆਂ ਪਾਣੀ ਦਾ ਪੱਧਰ ਹੋਰ ਵਧਣ ਦੇ ਆਸਾਰ ਹਨ। ਪਟਿਆਲਾ ਦੇ ਡਿਪਟੀ ਕਮਿਸ਼ਨਰ ਨੇ ਪੂਰੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਘੱਗਰ ਦਰਿਆ ਦਾ ਦੌਰਾ ਕੀਤਾ ਸੀ। ਹਰਭਜਨ ਸਿੰਘ ਬੁੱਟਰ ਮੀਤ ਪ੍ਰਧਾਨ ਪੰਜਾਬ ਅਤੇ ਚਰਨਜੀਤ ਕੌਰ ਕੰਗ ਜ਼ਿਲ੍ਹਾ ਪ੍ਰਧਾਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਤੇ ਪ੍ਰਸ਼ਾਸਨਿਕ ਅਧਿਕਾਰੀ ਘੱਗਰ ਦਰਿਆ ਦਾ ਜਾਇਜਾ ਲੈਣ ਦੇ ਬਹਾਨੇ ਘੱਗਰ ਦਰਿਆ ਦੇ ਪੁਲਾਂ ਤੇ ਫੋਟੋਆਂ ਖਿਚਾਕੇ ਵਾਪਿਸ ਮੁੜ ਜਾਂਦੇ ਹਨ । 2023 ਦੇ ਵਿੱਚ ਵੀ ਇਸ ਤਰੀਕੇ ਨਾਲ ਹੀ ਬਰਸਾਤਾਂ ਹੋਣ ਦੇ ਕਾਰਨ ਘੱਗਰ ਦਰਿਆ ਦੇ ਵਿੱਚ ਪਾਣੀ ਦਾ ਪੱਧਰ ਵਧ ਗਿਆ ਸੀ ਅਤੇ ਕਰੀਬ 57 ਜਗ੍ਹਾ ਤੋਂ ਘੱਗਰ ਦੇ ਕਿਨਾਰੇ ਟੁੱਟਣ ਤੋਂ ਬਾਅਦ ਪਾਣੀ ਓਵਰਫਲੋ ਹੋ ਕੇ ਕਈ ਦਿਨ ਕਿਸਾਨਾਂ ਦੇ ਖੇਤਾਂ ਵਿੱਚ ਅਤੇ ਨਜ਼ਦੀਕੀ ਪਿੰਡਾਂ ਦੇ ਵਿੱਚ ਪਾਣੀ ਜਾਂਦਾ ਰਿਹਾ। ਇਸ ਪਾਣੀ ਨੇ ਹਜ਼ਾਰਾਂ ਏਕੜ ਫ਼ਸਲ ਤਬਾਹ ਕਰ ਦਿੱਤੀ ਸੀ । ਪ੍ਰਸ਼ਾਸਨ ਵੱਲੋਂ ਘੱਗਰ ਦਰਿਆ ਦੇ ਕਿਨਾਰੇ ਜਾ ਬੰਨ ਪੱਕੇ ਕਰਨੇ ਚਾਹੀਦੇ ਸੀ ਜੋ ਕਿ ਪ੍ਰਸ਼ਾਸਨ ਕੁੰਭਕਰਨੀ ਨੀਂਦ ਸੁੱਤਾ ਰਿਹਾ ਤੇ ਭਾਰੀ ਬਰਸਾਤਾਂ ਹੋਣ ਤੋਂ ਬਾਅਦ ਪ੍ਰਸ਼ਾਸਨ ਦੀ ਨੀਂਦ ਖੁਲਦੀ ਹੈ,ਜਦੋਂ ਇਸ ਸਬੰਧੀ ਪਿੰਡ ਵਾਸੀਆਂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬਹੁਤ ਸਾਲਾਂ ਤੋਂ ਹੀ ਅਸੀਂ ਘੱਗਰ ਦੀ ਮਾਰ ਝਲਦੇ ਆ ਰਹੇ ਹਾਂ ਸਰਕਾਰ ਦੇ ਨੁਮਾਇੰਦੇ ਤੇ ਅਧਿਕਾਰੀ ਗੋਗਲੂਆਂ ਤੋਂ ਮਿੱਟੀ ਝਾੜਕੇ ਚਲੇ ਜਾਂਦੇ ਹਨ ਹੁੰਦਾ ਕੁਝ ਵੀ ਨਹੀਂ । ਘੱਗਰ ਦਰਿਆ ਦੇ ਕਾਰਨ ਸਾਡਾ ਪੀਣ ਵਾਲਾ ਪਾਣੀ ਵੀ ਦੂਸ਼ਿਤ ਹੋ ਚੁੱਕਾ ਹੈ ਜਿਸ ਕਾਰਨ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਸਾਡੇ ਪਿੰਡਾ ਚ ਪੈਰ ਪਸਾਰ ਰਹੀਆਂ ਹਨ । ਉਨ੍ਹਾਂ ਕਿਹਾ ਕਿ ਇਸ ਵਾਰ ਫਿਰ ਪਹਾੜਾਂ ਦੇ ਵਿੱਚ ਵੱਡੇ ਪੱਧਰ ਦੇ ਵਿੱਚ ਮੀਂਹ ਪੈ ਰਿਹਾ ਹੈ ਅਤੇ ਭਾਰੀ ਤਬਾਹੀ ਹੋ ਰਹੀ ਹੈ ਉਹੀ ਪਹਾੜਾਂ ਦਾ ਪਾਣੀ ਮੈਦਾਨੀ ਇਲਾਕਿਆਂ ਵਿੱਚ ਆਉਂਦਾ ਹੈ ਤੇ ਲਗਭਗ ਹਿਮਾਚਲ ਦਾ ਕਾਫ਼ੀ ਪਾਣੀ ਘੱਗਰ ਦਰਿਆ ਵਿੱਚ ਆਉਂਦਾ ਹੈ ਜੋ ਕਿ ਲਗਾਤਾਰ ਵਧ ਰਿਹਾ ਹੈ। ਜਿਸ ਨਾਲ ਇਲਾਕੇ ਦੇ ਲੋਕਾਂ ਵਿੱਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ।

## ਲਾਇਨਜ਼ ਕਲੱਬ ਸਮਾਣਾ ਰੋਇਲ ਦੀ ਨਵੀਂ ਟੀਮ ਦਾ ਗਠਨ

### ਜੀਵਨ ਗਰਗ ਪ੍ਰਧਾਨ, ਲਲਿਤ ਸਿੰਗਲਾ ਸੈਕਟਰੀ, ਮਨੂ ਅਗਰਵਾਲ ਕੈਸ਼ੀਅਰ ਅਤੇ ਪੁਨੀਤ ਸਿੰਗਲਾ ਪੀ.ਆਰ.ਓ. ਬਣੇ



ਸਮਾਣਾ, 2 ਜੁਲਾਈ (ਜਵੰਦਾ/ਵਿਜੇ ਕੁਮਾਰ) : ਲਾਇਨਜ਼ ਕਲੱਬ ਸਮਾਣਾ ਰੋਇਲ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਅਤੇ ਜਿਸ ਵਿੱਚ ਸਰਬਸੰਮਤੀ ਨਾਲ ਸਾਲ 2025-26 ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ। ਇਸ ਦੌਰਾਨ ਜੀਵਨ ਗਰਗ ਨੂੰ ਪ੍ਰਧਾਨ, ਲਲਿਤ ਸਿੰਗਲਾ ਨੂੰ ਸੈਕਟਰੀ, ਮਨੂ ਅਗਰਵਾਲ ਨੂੰ ਕੈਸ਼ੀਅਰ ਅਤੇ ਪੁਨੀਤ ਸਿੰਗਲਾ ਨੂੰ ਪੀ ਆਰ ਓ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਜੀਵਨ ਗਰਗ ਅਤੇ ਬਾਕੀ ਅਹੁਦੇਦਾਰਾਂ ਨੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਕਲੱਬ ਦੀ ਸ਼ਾਨ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਕਾਰਜਕਾਲ 'ਚ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਬਹੁਤ ਸਾਰੇ ਸਮਾਜ ਸੇਵਾ, ਮਾਨਵਤਾ ਭਲਾਈ ਦੇ ਪ੍ਰੋਜੈਕਟ ਲਗਾਉਣਗੇ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਤਰਫੋਂ ਨਵ-ਨਿਯੁਕਤ ਟੀਮ ਨੂੰ ਸ਼ੁੱਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਵੀ ਨਵੀਂ ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।

# ਰੋਟਰੀ ਕਲੱਬ ਸਮਾਣਾ ਨੇ ਡਾਕਟਰਜ਼ ਡੇ ਅਤੇ ਚਾਰਟਰਡ ਅਕਾਊਂਟੈਂਟਸ ਦਿਵਸ ਮਨਾਇਆ




ਸਮਾਣਾ 2 ਜੁਲਾਈ (ਵਿਜੇ ਕੁਮਾਰ) ਰੋਟਰੀ ਕਲੱਬ ਦੇ ਪ੍ਰਧਾਨ ਅਰੁਣ ਬਾਂਸਲ, ਸੈਕਟਰੀ ਸੁਮਿਤ ਗੋਇਲ ਅਤੇ ਫਾਈਨਾਂਸ ਸੈਕਟਰੀ ਗੌਰਵ ਜਿੰਦਲ ਦੀ ਪ੍ਰਧਾਨਗੀ ਹੇਠ ਰੋਟਰੀ ਭਵਨ ਸਮਾਣਾ ਵਿਖੇ ਰਾਸ਼ਟਰੀ ਡਾਕਟਰਜ਼ ਡੇਅ ਅਤੇ ਚਾਰਟਰਡ ਅਕਾਊਂਟੈਂਟਸ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕਲੱਬ ਦੇ ਪ੍ਰਧਾਨ ਅਰੁਣ ਬਾਂਸਲ ਨੂੰ ਕਾਲਰ ਪਹਿਨਾ ਕੇ ਅਤੇ ਰਾਸ਼ਟਰਗਾਨ ਨਾਲ ਕੀਤੀ ਗਈ। ਕਾਲਰ ਪਹਿਨਾਉਣ ਦੀ ਰਸਮ ਰੋਟੇਰੀਅਨ ਕੇ. ਪੀ. ਗਰਗ ਦੁਆਰਾ ਨਿਭਾਈ ਗਈ। ਇਸ ਮੌਕੇ 'ਤੇ ਸਿਵਲ ਹਸਪਤਾਲ ਸਮਾਣਾ ਦੇ ਐਸ.ਐਮ.ਓ. ਡਾ. ਸੰਜੀਵ ਅਰੋੜਾ ਨੇ ਮੁੱਖ ਮਹਿਮਾਨ ਵਜੋਂ ਸਮਾਰੋਹ ਦੀ ਸ਼ੋਭਾ ਵਧਾਈ। ਰੋਟੇਰੀਅਨ ਨਰੇਸ਼ ਮਿੱਤਲ ਨੇ ਮੰਚ ਤੋਂ ਸਾਰੇ ਮਹਿਮਾਨਾਂ ਨੂੰ ਡਾ. ਸੰਜੀਵ ਅਰੋੜਾ ਦੇ ਸ਼ਖਸੀਅਤ ਅਤੇ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ। ਮੰਚ ਦਾ ਸੰਚਾਲਨ ਪ੍ਰੋਫੈਸਰ ਡਾ. ਵਿਕਰਮ ਗੁਪਤਾ ਨੇ ਬਹੁਤ ਕੁਸ਼ਲਤਾ ਨਾਲ ਕੀਤਾ। ਇਸ ਆਯੋਜਨ ਦੇ ਪ੍ਰੋਜੈਕਟ ਚੇਅਰਮੈਨ ਪ੍ਰਦੁਮਨ ਅਗਰਵਾਲ ਅਤੇ ਰਾਜੀਵ ਸਿੰਗਲਾ (ਮੋਨੂੰ) ਰਹੇ। ਪ੍ਰੋਗਰਾਮ ਵਿੱਚ ਰੋਟਰੀ ਡਿਸਟ੍ਰਿਕਟ 3090 ਦੇ ਗਵਰਨਰ ਅਮਿਤ ਸਿੰਗਲਾ, ਜੋ ਖੁਦ ਵੀ ਚਾਰਟਰਡ ਅਕਾਊਂਟੈਂਟ ਹਨ, ਨੇ ਚਾਰਟਰਡ ਅਕਾਊਂਟੈਂਟਸ ਦੀ ਭੂਮਿਕਾ ਅਤੇ ਦੇਸ਼ ਦੀ ਅਰਥਵਿਵਸਥਾ ਵਿੱਚ ਉਨ੍ਹਾਂ ਦੇ ਯੋਗਦਾਨ @ਤੇ ਚਾਨਣਾ ਪਾਇਆ। ਇਸ ਮੌਕੇ 'ਤੇ ਚਾਰਟਰਡ ਅਕਾਊਂਟੈਂਟਸ ਅਮਿਤ ਸਿੰਗਲਾ, ਲਲਿਤ ਸਿੰਗਲਾ, ਅਸ਼ੋਕ ਕੁਮਾਰ, ਰਜਤ ਗੋਇਲ, ਸੁਨੀਤ ਸਿੰਗਲਾ, ਮੋਹਿਤ ਗਰਗ, ਅਨਮੋਲ ਕਾਂਸਲ, ਵਿਕਾਸ ਗੋਇਲ, ਮੋਂਟੀ ਗਰਗ, ਰਾਜੇਸ਼ ਗੁਪਤਾ, ਈਸ਼ਾਨ ਗੁਪਤਾ, ਪੀਯੂਸ਼ ਸਿੰਗਲਾ ਆਦਿ ਨੂੰ ਰੋਟਰੀ ਕਲੱਬ ਦੁਆਰਾ ਸਰਟੀਫਿਕੇਟ ਅਤੇ ਉਪਹਾਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਸਮਾਜ ਦੇ ਪ੍ਰਮੁੱਖ ਥੰਮ੍ਹ - ਡਾਕਟਰਾਂ ਦਾ ਸਨਮਾਨ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਕਲੱਬ ਦੇ ਸਾਬਕਾ ਡਿਸਟ੍ਰਿਕਟ ਗਵਰਨਰ ਡਾ. ਕੇ. ਕੇ. ਜੌਹਰੀ ਨੇ ਡਾਕਟਰਾਂ ਦੇ ਯੋਗਦਾਨ ਅਤੇ ਸਮਾਜ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਕਿਸ ਪ੍ਰਕਾਰ ਡਾਕਟਰ ਦਿਨ-ਰਾਤ ਸਮਾਜ ਦੀ ਸੇਵਾ ਵਿੱਚ ਸਮਰਪਿਤ ਹਨ। ਡਾ. ਸੰਜੀਵ ਅਰੋੜਾ, ਡਾ. ਕੇ. ਕੇ. ਜੌਹਰੀ, ਡਾ. ਸਤੀਸ਼ ਅਰੋੜਾ, ਡਾ. ਸੁਰਿੰਦਰ ਗੋਇਲ, ਡਾ. ਅਮਨ ਜੌਹਰੀ, ਡਾ. ਅਸ਼ੋਕ ਕੁਮਾਰ, ਡਾ. ਸੁਰਿੰਦਰਾ ਜੌਹਰੀ, ਡਾ. ਅਖਿਲਾ ਸਿੰਗਲਾ, ਡਾ. ਸਾਹਿਲ ਜੈਨ, ਡਾ. ਸੌਰਵ ਬਾਂਸਲ, ਡਾ. ਸਮਨ ਗਰਗ, ਡਾ. ਪ੍ਰਾਚੀ ਗੋਇਲ, ਡਾ. ਅਮਿਤਾ ਅਰੋੜਾ ਆਦਿ ਡਾਕਟਰਾਂ ਨੂੰ ਵੀ ਸਰਟੀਫਿਕੇਟ ਅਤੇ ਉਪਹਾਰ ਦੇ ਕੇ ਸਨਮਾਨਿਤ ਕੀਤਾ ਗਿਆ।

## ਬੱਚਿਆਂ ਦੀ ਨਿਗਾਹ ਦਾ ਖ਼ਿਆਲ ਰੱਖਣਾ ਬੇਹੱਦ ਜ਼ਰੂਰੀ: ਸਿਵਲ ਸਰਜਨ



ਪਟਿਆਲਾ, 2 ਜੁਲਾਈ (ਰੁਪਾਣਾ/ਦੀਪਕ ਜੈਦਕਾ) : ਰਾਸ਼ਟਰੀ ਨੇਤਰ ਜਯੋਤੀ ਅਭਿਆਨ ਤਹਿਤ ਜ਼ਿਲ੍ਹਾ ਪਟਿਆਲਾ ਨੂੰ ਮੋਤੀਆ ਮੁਕਤ ਕਰਨ ਲਈ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਵੱਲੋਂ ਜ਼ਿਲ੍ਹੇ ਦੇ ਆਪਥੈਲਮਿਕ ਅਫਸਰਾਂ ਦੀ ਮਹੀਨਾਵਾਰ ਮੀਟਿੰਗ ਕੀਤੀ ਗਈ। ਜਿਸ ਵਿੱਚ ਵੱਖ ਵੱਖ ਸਿਹਤ ਸੰਸਥਾਵਾਂ ਤੋਂ ਆਏ ਆਪਥੈਲਮਿਕ ਅਫਸਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਮੀਟਿੰਗ ਕਰਦੇ ਹੋਏ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਕਿਹਾ ਕਿ ਰਾਸ਼ਟਰੀ ਨੇਤਰ ਜਯੋਤੀ ਅਭਿਆਨ ਤਹਿਤ ਜ਼ਿਲ੍ਹਾ ਪਟਿਆਲਾ ਨੂੰ ਮੋਤੀਆ ਮੁਕਤ ਕਰਨ ਦਾ ਜੋ ਅਭਿਆਨ ਚੱਲ ਰਿਹਾ ਹੈ, ਉਸ ਤਹਿਤ 50 ਸਾਲ ਤੋਂ ਵੱਧ ਉਮਰ ਵਾਲੇ ਸਾਰੇ ਵਿਅਕਤੀਆਂ ਦੀ ਮੋਤੀਆਬਿੰਦ ਸਬੰਧੀ ਸਕਰੀਨਿੰਗ ਕੀਤੀ ਜਾ ਰਹੀ ਹੈ ਅਤੇ ਮੋਤੀਆਬਿੰਦ ਦੇ ਆਪਰੇਸ਼ਨ ਕੈਂਪ ਲਗਾ ਕੇ ਮੁਫਤ ਕਰਵਾਏ ਜਾ ਰਹੇ ਹਨ। ਇਸ ਮੌਕੇ ਡਾ. ਜਗਪਾਲਇੰਦਰ ਸਿੰਘ ਵੱਲੋਂ ਆਪਥੈਲਮਿਕ ਅਫਸਰਾਂ ਨੂੰ ਅਪੀਲ ਕੀਤੀ ਗਈ ਕਿ ਵੱਧ ਤੋਂ ਵੱਧ ਲੋਕਾਂ ਨੂੰ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕੀਤਾ ਜਾਵੇ। ਐਨ.ਜੀ.ਓ. ਸੰਸਥਾਵਾਂ ਦੀ ਮਦਦ ਰਾਹੀਂ ਮਰੀਜ਼ਾਂ ਦੇ ਰਿਸ਼ਤੇਦਾਰਾਂ ਨਾਲ ਕਾਂਉਂਸਲਿੰਗ ਕਰਕੇ ਅੱਖਾਂ ਦਾਨ ਕਰਵਾਈਆਂ ਜਾਣ।।ਇਸ ਦੌਰਾਨ ਨੋਡਲ ਅਫਸਰ ਡਾ. ਦਿਵਜੋਤ ਸਿੰਘ ਨੇ ਬਲਾਈਂਡਨੈੱਸ ਕੰਟਰੋਲ ਪ੍ਰੋਗਰਾਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਇਸਦੇ ਟੀਚਿਆਂ ਦੀ ਮੁਕੰਮਲ ਪ੍ਰਾਪਤੀ 'ਤੇ ਜ਼ੋਰ ਦੇਣ ਲਈ ਕਿਹਾ।ਉਨ੍ਹਾਂ ਅੱਗੇ ਆਖਿਆ ਕਿ ਅੱਖਾਂ ਦੀ ਦੇਖਭਾਲ ਲਈ ਗੁਣਵੱਤਾਪੂਰਨ ਸੇਵਾਂਵਾਂ ਪ੍ਰਦਾਨ ਕਰਨੀਆਂ ਯਕੀਨੀ ਬਣਾਈਆ ਜਾਣ। ਇਸ ਮੌਕੇ ਜ਼ਿਲ੍ਹਾ ਮਾਸ ਮੀਡੀਆ ਅਫਸਰ ਕੁਲਵੀਰ ਕੌਰ, ਬੀ ਸੀ ਸੀ ਕੋਆਰਡੀਨੇਟਰ ਜਸਵੀਰ ਕੌਰ ਅਤੇ ਵੱਖ-ਵੱਖ ਬਲਾਕਾਂ ਤੋਂ ਆਏ ਆਪਥੈਲਮਿਕ ਅਫਸਰ, ਕੰਪਿਊਟਰ ਆਪਰੇਟਰ ਵੀ ਹਾਜ਼ਰ ਸਨ। ਇਸ ਦੌਰਾਨ ਟੀਚਰ ਟਰੇਨਿੰਗ ਲਈ ਵਿਜ਼ਨ ਚਾਰਟ ਵੀ ਵੰਡੇ ਗਏ।

## ਸਕੂਲ 'ਚ ਏ. ਸੀ. ਲਗਾ ਕੇ ਕਲੱਬ ਨੇ ਕੀਤੀ ਨਵੇਂ ਸੈਸ਼ਨ ਦੀ ਆਰੰਭਤਾ



ਸਮਾਣਾ, 2 ਜੁਲਾਈ (ਵਿਜੇ ਕੁਮਾਰ/ਜਵੰਦਾ) : ਰੋਟਰੀ ਕਲੱਬ ਸਮਾਣਾ ਡਾਇਨਾਮਿਕ ਵੱਲੋਂ ਨਵੇਂ ਬਣੇ ਪ੍ਰਧਾਨ ਦਰਸ਼ਨ ਮਿੱਤਲ, ਸੈਕਟਰੀ ਸੁਮੀਤ ਗਰਗ, ਕੈਸ਼ੀਅਰ ਅਸ਼ੋਕ ਗਰਗ ਨੇ ਨਵੇ ਸੈਸ਼ਨ ਦੀ ਆਰੰਭਤਾ ਸਰਕਾਰੀ ਐਲ਼ੀਮੈਂਟਰੀ ਸਕੂਲ਼ ਵਿਵੇਕ ਭਾਰਤੀ ਯੋਗ ਸੰਸਥਾਨ ਵਿਖੇ ਦੋ ਏ. ਸੀ ਲਗਵਾ ਕੇ ਕੀਤੀ ਗਈ। ਕਲੱਬ ਪ੍ਰਧਾਨ ਦਰਸ਼ਨ ਮਿੱਤਲ ਨੇ ਦੱਸਿਆ ਕਿ ਕਲੱਬ ਦਾ ਮੁੱਖ ਮੰਤਵ ਸਮਾਜ ਸੇਵਾ ਕਰਨਾ ਹੈ ।ਇਸ ਮੌਕੇ ਕਲੱਬ ਮੈਂਬਰ ਅਨੀਲ਼ ਕੁਮਾਰ ਗਰਗ, ਗੋਤਮ ਗਰਗ, ਦੀਪਕ ਗੋਇਲ ,ਸੁਰੇਸ਼ ਕੁਮਾਰ ਮਵੀ, ਰਕੇਸ਼ ਕੁਮਾਰ , ਰਿਕੀ ਗਰਗ, ਸੁਰੇਸ਼ ਗਰਗ, ਬਾਦਸ਼ਾਹਪੁਰ, ਅਸ਼ਵਨੀ ਵਰਮਾ, ਲੱਕੀ ਬਾਂਸਲ, ਸੋਰਵ ਗਰਗ, ਅਚਿਨ, ਚੇਤਨ ਗਰਗ, ਰਾਕੇਸ਼ ਕੁਮਾਰ, ਅਕੁੰਸ਼ ਗੋਇਲ, ਅਸ਼ੋਕ ਗਰਗ,ਵਿਜੇ ਗਰਗ, ਪ੍ਰਿੰਲ ਸਿੰਗਲਾ, ਸ਼ਕਤੀ ਸਿੰਗਲਾ, ਸੁਮਿਤ ਗਰਗ, ਮੁਨਿਸ਼ ਗਰਗ ਤੋਂ ਇਲਾਵਾ ਡਾ ਕੇ ਕੇ ਜੋਹਰੀ, ਸੀ.ਏ ਅਮਿਤ ਸਿੰਗਲਾ , ਮਾਸਟਰ ਜਸਵਿੰਦਰ ਸਿੰਘ ਵੀ ਸ਼ਾਮਲ ਸਨ।